**Start CDL TRAINING**

**Become Professional Truck Driver**

www.cdlstart.com

startcdl@gmail.com

**(844) 227-2162**

**We speak Hindi and English**

START CDL TRAINING

**Singh Auto Group**

3983 ST RD 38E

Lafayette, IN 47905

Ph: 765-607-1300

www.singhautosgroup.com



**University Motors**

3312 Klondike Rd, West Lafayette, IN 47906

Ph: 765-497-1100

ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:

Jaspal S. Ghotra: 765-337-5151

ੴ

Regal Jewels

2025 W. Devon Ave. Chicago

22kt Gold, & Diamonds

Best Jewelry Selection in the Midwest

SEE HOW YOU CAN SECURE YOUR FUTURE.

24KT GOLD

TALK TO OUR GOLD SPECIALIST

Rajveer Singh Gill

847-907-1525

www.RegalJewels.com

ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ



Twenty-Third Year of Publication

ਨਿਊ ਯਾਰਕ ਐਡੀਸ਼ਨ

Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 23, June 4, 2022 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਪੰਜਾਬ ਸਰਕਾਰ ਦੀਆਂ ਚੂਲਾਂ ਹਿੱਲੀਆਂ

## ਸੂਬੇ ਅੰਦਰ ਕਾਨੂੰਨ ਵਿਵਸਥਾ ਵੱਡੀ ਵੰਗਾਰ ਬਣਨ ਲੱਗੀ

**ਚੰਡੀਗੜ੍ਹ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਰਾਹ ਜਾਂਦੇ ਦਿਨ-ਦਿਹਾੜੇ ਹੱਤਿਆ ਨੇ ਜਿਥੇ ਪੰਜਾਬ ਦੀ ਕਾਨੂੰਨ ਵਿਵਸਥਾ ਉਤੇ ਸਵਾਲ ਖੜ੍ਹੇ ਕਰ ਦਿੱਤੇ ਹਨ, ਉਥੇ ਸਰਕਾਰ ਨੂੰ ਸੂਬੇ ਵਿਚ ਗੈਂਗਸਟਰ ਗਰੁੱਪਾਂ ਦੀਆਂ ਸਰਗਰਮੀਆਂ ਦਾ ਸ਼ੀਸ਼ਾ ਵੀ ਦਿਖਾ ਦਿੱਤਾ ਹੈ। ਮੂਸੇਵਾਲਾ ਨੂੰ ਮਾਰਨ ਲਈ ਰੂਸ ਵਿਚ ਬਣੇ ਜਿਸ ਆਧੁਨਿਕ ਹਥਿਆਰ ਦੀ ਵਰਤੋਂ ਕੀਤੀ ਗਈ, ਉਸ ਨੇ ਵੱਡੀ ਫਿਕਰਮੰਦੀ ਖੜ੍ਹੀ ਕੀਤੀ ਹੈ। ਪੁਲਿਸ ਦਾ ਦਾਅਵਾ ਹੈ ਕਿ ਸਾਰੇ ਹਥਿਆਰ ਸਰਹੱਦ ਪਾਰੋਂ ਆਉਂਦੇ ਹਨ।

ਦੋ ਕਾਰਾਂ ਵਿਚ ਆਏ ਸੱਤ ਬਦਮਾਸ਼ਾਂ ਨੇ 40 ਦੇ ਕਰੀਬ ਫਾਇਰ ਕਰਕੇ ਬਿਨਾਂ ਕਿਸੇ ਖ਼ੌਫ ਦੇ ਘਟਨਾ ਨੂੰ ਅੰਜਾਮ ਦਿੱਤਾ ਤੇ ਆਸਾਨੀ ਨਾ ਫਰਾਰ ਹੋ ਗਏ। ਘਟਨਾ ਦੇ ਕੁਝ ਘੰਟੇ ਪਿੱਛੋਂ ਹੀ ਲਾਰੈਂਸ ਬਿਸ਼ਨੋਈ ਗੈਂਗਸਟਰ ਗਰੁੱਪ ਨੇ ਇਸ ਦੀ ਜ਼ਿੰਮੇਵਾਰੀ ਲੈ ਲਈ। ਕੁਝ ਸ਼ੱਕੀਆਂ ਨੂੰ ਹਿਰਾਸਤ ਵੀ ਲਿਆ ਹੈ ਤੇ ਮਨਪ੍ਰੀਤ ਸਿੰਘ ਨਾਮ ਦੇ ਨੌਜਵਾਨ ਦੀ ਗ੍ਰਿਫਤਾਰੀ ਵੀ ਪਾਈ ਹੈ ਪਰ ਸੂਤਰ ਦੱਸਦੇ ਹਨ ਕਿ ਪੁਲਿਸ ਦੇ ਹੱਥ ਹਾਲੇ ਹਵਾ ਵਿਚ ਹੀ ਹਨ।

ਪੰਜਾਬ ਅਤੇ ਉੱਤਰਾਖੰਡ ਪੁਲਿਸ ਨੇ ਸਾਂਝੇ ਅਪਰੇਸ਼ਨ ਤਹਿਤ ਦੇਹਰਾਦੂਨ ਤੋਂ ਪੰਜ ਜਣਿਆਂ ਨੂੰ ਹਿਰਾਸਤ ਵਿਚ ਲਿਆ ਸੀ। ਇਨ੍ਹਾਂ ਵਿਚੋਂ ਇਕ ਮਨਪ੍ਰੀਤ ਵੀ ਸੀ। ਮਨਪ੍ਰੀਤ ਮਾਨਸਾ ਜਿਲ੍ਹੇ ਦੇ ਪਿੰਡ ਢੈਪਈ ਨਾਲ ਸਬੰਧਤ ਹੈ। ਉਧਰ, ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਪੰਜ ਦਿਨ ਦਾ ਪੁਲਿਸ ਰਿਮਾਂਡ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਦਰਅਸਲ, ਪੰਜਾਬ ਪੁਲਿਸ ਲਈ ਵਿਦੇਸ਼ਾਂ 'ਚ ਬੈਠੇ ਗੈਂਗਸਟਰਾਂ ਵੱਲੋਂ ਸੂਬੇ ਵਿਚ ਭਾੜੇ ਦੇ ਕਾਤਲਾਂ ਰਾਹੀਂ ਚਲਾਈਆਂ ਜਾ ਰਹੀਆਂ ਅਪਰਾਧਿਕ ਗਤੀਵਿਧੀਆਂ ਨੂੰ ਨੱਥ ਪਾਉਣਾ ਵੱਡੀ ਚੁਣੌਤੀ ਬਣਦਾ ਜਾ ਰਿਹਾ ਹੈ। ਪੁਲਿਸ ਨੇ ਮੂਸੇਵਾਲਾ ਦੇ ਕਤਲ ਦੀਆਂ ਤਾਰਾਂ ਲਾਰੈਂਸ ਬਿਸ਼ਨੋਈ ਗਰੁੱਪ ਨਾਲ ਤਾਂ ਜੋੜ ਦਿੱਤੀਆਂ ਹਨ ਪਰ ਅਸਲ ਕਾਤਲਾਂ ਨੂੰ ਹੱਥ ਪਾਉਣਾ ਮੁਸ਼ਕਿਲ ਹੋਇਆ ਪਿਆ ਹੈ।



ਪੰਜਾਬ ਪੁਲਿਸ ਦੀ ਮੁਹਾਲੀ ਸਥਿਤ ਇੰਟੈਲੀਜੈਂਸ ਵਿੰਗ ਦੀ ਇਮਾਰਤ 'ਤੇ ਗ੍ਰਨੇਡ ਦਾਗਣ ਤੋਂ ਬਾਅਦ ਇਹ ਦੂਜੀ ਘਟਨਾ ਹੈ ਜਿਸ ਨੇ ਪੰਜਾਬ ਵਿਚ ਕਾਨੂੰਨ ਵਿਵਸਥਾ ਦੇ ਹੱਥੋਂ ਨਿਕਲਣ ਵੱਲ ਇਸ਼ਾਰਾ ਕੀਤਾ ਹੈ। ਇਸ ਵਾਰਦਾਤ ਵਿਚ ਵੀ ਹਾਲੇ ਤੱਕ ਪੁਲਿਸ ਦੇ ਹੱਥ ਖਾਲੀ ਹਨ। ਮੂਸੇਵਾਲਾ ਦੇ ਕਤਲ ਉਤੇ ਸਰਕਾਰ ਇਸ ਗੱਲੋਂ ਵੀ ਘਿਰੀ ਹੋਈ ਹੈ ਕਿ ਹਮਲੇ ਤੋਂ ਇਕ ਦਿਨ ਪਹਿਲਾਂ ਹੀ ਇਸ ਗਾਇਕ ਦੀ ਸੁਰੱਖਿਆ ਵਾਪਸ ਲੈ ਲਈ ਗਈ ਸੀ। ਸੁਰੱਖਿਆ ਵਾਪਸ ਲੈਣ ਤੋਂ ਬਾਅਦ ਸਰਕਾਰ ਨੇ ਇਸ ਦੇ ਦਸਤਾਵੇਜ਼ ਲੀਕ ਕਰਕੇ ਆਪਣੀ ਵਾਹ-ਵਾਹ ਖੱਟਣ ਦੀ ਕੋਸ਼ਿਸ਼ ਕੀਤੀ ਸੀ। ਸਿੱਧੂ ਮੂਸੇਵਾਲਾ ਨੂੰ 4 ਪੁਲਿਸ ਸੁਰੱਖਿਆ ਕਰਮੀ ਦਿੱਤੇ ਗਏ ਸਨ ਜਿਨ੍ਹਾਂ ਵਿਚੋਂ ਦੋ ਨੂੰ ਵਾਪਸ ਬੁਲਾਇਆ ਗਿਆ ਸੀ ਪਰ ਵਾਰਦਾਤ ਸਮੇਂ ਉਸ ਨੇ ਆਪਣੇ ਨਾਲ ਬਾਕੀ ਦੋ ਪੁਲਿਸ ਗਾਰਡਾਂ ਨੂੰ ਵੀ ਨਹੀਂ ਸੀ ਰੱਖਿਆ ਹੋਇਆ। ਇਸ ਮੌਕੇ ਦਾ ਲਾਭ ਉਠਾਉਂਦੇ ਹੋਏ ਉਸ ਦੇ ਹਮਲਾਵਰਾਂ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ।

ਸਿੱਧੂ ਮੂਸੇਵਾਲਾ ਦੀ ਘਟਾਈ ਗਈ ਸੁਰੱਖਿਆ ਨੂੰ ਸਾਰੀਆਂ ਸਿਆਸੀ ਧਿਰਾਂ ਕਤਲ ਕਾਂਡ ਨਾਲ ਜੋੜ ਕੇ ਦੇਖ ਰਹੀਆਂ ਹਨ। ਸਿਆਸੀ ਆਗੂਆਂ ਵੱਲੋਂ ਇਸ ਮਾਮਲੇ ਸਬੰਧੀ ਪੰਜਾਬ ਸਰਕਾਰ ਦੀ ਨਿਖੇਧੀ ਵੀ ਕੀਤੀ ਜਾ ਰਹੀ ਹੈ, ਜਦੋਂ ਕਿ ਆਮ ਆਦਮੀ ਪਾਰਟੀ ਨੇ ਇਸ ਮੁੱਦੇ 'ਤੇ ਚੁੱਪ ਵੱਟੀ ਹੋਈ ਹੈ। ਅਸਲ ਵਿਚ, ਪੰਜਾਬ ਵਿਚ ਆਪ ਦੀ ਸਰਕਾਰ ਬਣਨ ਪਿੱਛੋਂ ਮਾੜੀ ਕਾਨੂੰਨ ਵਿਵਸਥਾ ਦਾ ਮੁੱਦਾ ਭਖਿਆ ਹੋਇਆ ਹੈ। ਵਿਰੋਧੀ ਧਿਰਾਂ ਦਾ ਦਾਅਵਾ ਹੈ ਕਿ 'ਆਪ' ਸਰਕਾਰ ਦੇ ਦੋ ਮਹੀਨਿਆਂ ਦੇ ਕਾਰਜਕਾਲ ਦੌਰਾਨ 27 ਕਤਲ ਹੋ ਚੁੱਕੇ ਹਨ, 24 ਕਿਸਾਨ ਖੁਦਕੁਸ਼ੀਆਂ ਅਤੇ 62 ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਪੰਜਾਬ ਸਰਕਾਰ ਇਸ ਮੁੱਦੇ ਉਤੇ ਕਿੰਨੀ ਕੁ ਗੰਭੀਰ ਹੈ, ਇਸ ਦਾ ਅੰਦਾਜ਼ਾ ਇਸ ਗੱਲੋਂ ਲਗਾਇਆ ਜਾ ਸਕਦਾ ਹੈ ਕਿ ਪਿਛਲੇ ਮਹੀਨੇ ਬਣਾਈ ਗੈਂਗਸਟਰ ਵਿਰੋਧੀ ਟਾਸਕ ਫੋਰਸ ਬਾਰੇ ਅਜੇ ਤੱਕ ਨੋਟੀਫਿਕੇਸ਼ਨ ਹੀ ਜਾਰੀ ਨਹੀਂ ਕੀਤਾ ਗਿਆ ਜਦੋਂ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਨੂੰ ਅਪਰਾਧੀਆਂ ਵਿਰੁੱਧ ਵੱਡੀ ਕਾਰਵਾਈ ਦੱਸਦੇ ਹੋਏ ਆਪਣੀ ਸਰਕਾਰ ਦੀ ਪਿੱਠ ਥਾਪੜੀ ਸੀ।

ਪੰਜਾਬ ਵਿਚ 'ਆਪ' ਸਰਕਾਰ ਦੇ ਗਠਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਬਣਾਉਣ ਦਾ ਐਲਾਨ ਕੀਤਾ ਸੀ। ਸੂਤਰਾਂ ਮੁਤਾਬਕ ਏ.ਜੀ.ਟੀ.ਐਫ. ਦੇ ਗਠਨ ਦਾ ਨੋਟੀਫਿਕੇਸ਼ਨ ਜਾਰੀ ਕਰਨ ਲਈ ਪੁਲਿਸ ਵੱਲੋਂ ਸਰਕਾਰ ਨੂੰ ਭੇਜਿਆ ਗਿਆ ਪ੍ਰਸਤਾਵ ਅਜੇ ਤੱਕ ਸਿਰੇ ਨਹੀਂ ਚੜ੍ਹਿਆ ਹੈ। ਪੁਲਿਸ ਅਧਿਕਾਰੀਆਂ ਮੁਤਾਬਕ ਅਜਿਹੀ ਫੋਰਸ ਦੇ ਗਠਨ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨਾ ਜ਼ਰੂਰੀ ਹੁੰਦਾ ਹੈ ਤਾਂ ਜੋ ਏ.ਜੀ.ਟੀ.ਐਫ. 'ਚ ਅਫਸਰਾਂ ਦੀ ਤਾਇਨਾਤੀ ਨੋਟੀਫਿਕੇਸ਼ਨ ਦੇ ਆਧਾਰ 'ਤੇ ਹੋਵੇ ਅਤੇ ਪੁਲਿਸ ਫੋਰਸ ਨੂੰ ਅਸਲਾ, ਗੱਡੀਆਂ ਆਦਿ ਦੀ ਅਲਾਟਮੈਂਟ ਦੇ ਨਿਯਮ ਬਣਨ। ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਮੁਤਾਬਕ ਸੂਬੇ ਵਿਚ ਪਿਛਲੇ ਦੋ ਕੁ ਸਾਲ ਤੋਂ ਗੈਂਗਵਾਰ, ਕਤਲੋਗਾਰਤ ਜਾਂ ਫਿਰੌਤੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਅਤੇ ਇਹ ਸਾਰੀਆਂ ਗਤੀਵਿਧੀਆਂ ਕੈਨੇਡਾ, ਫਿਲਪੀਨਜ, ਥਾਈਲੈਂਡ ਅਤੇ ਯੂਰਪ ਦੇ ਕੁੱਝ ਮੁਲਕਾਂ ਵਿਚ ਬੈਠੇ ਗੈਂਗਸਟਰਾਂ ਵੱਲੋਂ ਹੀ ਚਲਾਈਆਂ ਜਾ ਰਹੀਆਂ ਹਨ। ਇਸ ਸਮੇਂ ਦੋ ਦਰਜਨ ਦੇ ਕਰੀਬ ਅਜਿਹੇ ਗੈਂਗਸਟਰ ਹਨ ਜੋ ਵਿਦੇਸ਼ਾਂ 'ਚੋਂ ਹੀ ਭਾੜੇ ਦੇ ਅਪਰਾਧੀਆਂ ਰਾਹੀਂ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਹਨ। ਸੂਬੇ ਵਿਚ ਲੁਕਵੀਆਂ ਅਪਰਾਧਿਕ ਗਤੀਵਿਧੀਆਂ ਚਲਾਉਣ ਵਾਲੇ ਵਿਅਕਤੀ ਨੂੰ

*(ਬਾਕੀ ਸਫਾ 6 'ਤੇ)*

### ਕੈਨੇਡਾ ਪੁਲਿਸ ਕੋਲ ਗੋਲਡੀ ਬਰਾੜ ਦਾ ਕੋਈ ਅਪਰਾਧਕ ਰਿਕਾਰਡ ਨਹੀਂ

**ਵੈਨਕੂਵਰ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲੈਣ ਵਾਲੇ ਗੋਲਡੀ ਬਰਾੜ ਦਾ ਕੈਨੇਡਾ ਪੁਲਿਸ ਕੋਲ ਕੋਈ ਅਪਰਾਧਕ ਰਿਕਾਰਡ ਨਹੀਂ ਹੈ। ਇਸ ਨਾਮ ਵਾਲੇ ਵਿਅਕਤੀ ਬਾਰੇ ਕਿਧਰੇ ਵੀ ਕੋਈ ਜਾਣਕਾਰੀ ਜਾਂ ਹਵਾਲਾ ਨਹੀਂ ਮਿਲਦਾ। ਇਸ ਨਾਮ ਦੇ ਚਰਚਾ ਵਿਚ ਆਉਣ ਤੋਂ ਬਾਅਦ ਵੱਖ-ਵੱਖ ਸ਼ਹਿਰਾਂ ਵਿਚਲੇ ਜਾਣਕਾਰਾਂ ਤੇ ਹੋਰ ਸੂਤਰਾਂ ਕੋਲੋਂ ਉਸ ਬਾਰੇ ਕੁਝ ਪਤਾ ਨਹੀਂ ਲੱਗਾ। ਕੈਨੇਡੀਅਨ ਪੁਲਿਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਬਰਾੜ ਗੋਤ ਵਾਲੇ ਚਾਰ ਕੁ ਦਰਜਨ ਨਾਂ ਪੁਲਿਸ ਰਿਕਾਰਡ ਵਿਚ ਹਨ ਪਰ ਇਨ੍ਹਾਂ 'ਚੋਂ ਕਿਸੇ ਦਾ ਨਾਮ ਗੋਲਡੀ ਨਹੀਂ ਹੈ। ਉਸ ਦਾ ਅਸਲ ਨਾਮ ਕੁਝ ਹੋਰ ਹੋ ਸਕਦਾ ਹੈ।




M Vivek Malik

**Law Office of M Vivek Malik**

Toll free no 866-424-4000

ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰੋ

ACCOMPLISHED IMMIGRATION Attorneys Help FAMILIES REUNITE in the UNITED STATES Our Global & Nationwide Services in the field of U.S. Immigration & Nationality law

Business immigration & worksite compliance

ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ

Family & general immigration

ਫੈਮਿਲੀ ਐਂਡ ਜਨਰਲ ਇਮੀਗਰੇਸ਼ਨ

Naturalization & citizenship

ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ

Removal defense & waivers

Our offices

432 S. Emerson Ave, Suite 220, Greenwood, IN 46143

Ph: 317 560 4777

1067 N Mason Rd, Suite 4, St Louis, Missouri 63141

Ph: 314-416-8000

2440 W Shaw Ave, Suite 205, Fresno, California 93711

Ph: 559-578-4344

www.usa.immigrationlaw.com



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# XPressCargo

**Tel.: 317-426-5410**
Ext. 2001 & 2403

100% ਓਨਰ ਆਪਰੇਟਰ ਕੰਪਨੀ

**Pay Every Week**

Pay Single 60 Cent + Team 70 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤੱਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

**ਵੀਕਲੀ ਹੋਮ**

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਉਘੇ ਗਾਇਕ ਸਿੱਧੂ ਮੂਸੇਵਾਲਾ ਦੀ ਗੋਲੀਆਂ ਮਾਰ ਕੇ ਹੱਤਿਆ

**ਮਾਨਸਾ:** ਪਿੰਡ ਜਵਾਹਰਕੇ ਵਿਚ ਦੋ ਗੱਡੀਆਂ ਵਿਚ ਸਵਾਰ ਹੋ ਕੇ ਆਏ ਅਣਪਛਾਤੇ ਹਮਲਾਵਰਾਂ ਨੇ ਅੰਨ੍ਹੇਵਾਹ ਫਾਇਰਿੰਗ ਕਰਕੇ ਨੌਜਵਾਨ ਪੰਜਾਬੀ ਗਾਇਕ ਅਤੇ ਅਦਾਕਾਰ ਸ਼ੁਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਦਾ ਕਤਲ ਕਰ ਦਿੱਤਾ ਹੈ। ਇਸ ਘਟਨਾ ਵਿਚ ਸਿੱਧੂ ਮੂਸੇਵਾਲਾ ਨੂੰ ਕਰੀਬ ਸੱਤ ਗੋਲੀਆਂ ਲੱਗੀਆਂ ਤੇ ਉਸ ਦੀ ਥਾਂ 'ਤੇ ਹੀ ਮੌਤ ਗਈ।

ਹਮਲੇ ਵਿਚ ਉਸ ਦੇ ਦੋ ਹੋਰ ਸਾਥੀ ਬੁਰੀ ਤਰ੍ਹਾਂ ਜਖ਼ਮੀ ਹੋ ਗਏ ਹਨ। ਗਾਇਕ ਨੂੰ ਸੂਬਾ ਸਰਕਾਰ ਵੱਲੋਂ ਮਿਲੀ ਸੁਰੱਖਿਆ ਅਜੇ ਇਕ ਦਿਨ ਪਹਿਲਾਂ ਹੀ ਹਟਾਈ ਗਈ ਸੀ। ਹਮਲੇ ਦੀ ਖਬਰ ਸ਼ਹਿਰ ਵਿਚ ਅੱਗ ਵਾਂਗ ਫੈਲ ਗਈ ਅਤੇ ਵੱਡੀ ਗਿਣਤੀ ਵਿਚ ਲੋਕ ਮਾਨਸਾ ਦੇ ਸਿਵਲ ਹਸਪਤਾਲ ਵਿਚ ਇਕੱਠੇ ਹੋ ਗਏ। ਲੋਕਾਂ ਨੇ ਪੰਜਾਬ ਸਰਕਾਰ ਖਿਲਾਫ਼ ਮੁਰਦਾਬਾਦ ਦੇ ਨਾਅਰੇ ਲਾਏ। ਇਸ ਘਟਨਾ ਨੂੰ ਲੈ ਕੇ ਮਾਨਸਾ ਜ਼ਿਲ੍ਹੇ ਅੰਦਰ ਮਾਤਮ ਅਤੇ ਭੈਅ ਦਾ ਮਾਹੌਲ ਹੈ।

ਜਾਣਕਾਰੀ ਅਨੁਸਾਰ ਗਾਇਕ ਸਿੱਧੂ ਮੂਸੇਵਾਲਾ ਸ਼ਾਮੀਂ ਆਪਣੇ ਦੋ ਹੋਰ ਸਾਥੀਆਂ ਸਣੇ ਥਾਰ ਗੱਡੀ ਖੁਦ ਚਲਾ ਕੇ ਕਿਸੇ ਰਿਸ਼ਤੇਦਾਰੀ ਵਿਚ ਪਿੰਡ ਖਾਰਾ-ਬਰਨਾਲਾ ਵੱਲ ਜਾ ਰਿਹਾ ਸੀ। ਇਸ ਦੌਰਾਨ ਜਿਵੇਂ ਹੀ ਉਹ ਪਿੰਡ ਜਵਾਹਰਕੇ ਪੁੱਜੇ ਤਾਂ ਸਾਹਮਣਿਓਂ ਆ ਰਹੀਆਂ ਦੋ ਗੱਡੀਆਂ 'ਚੋਂ ਬਾਹਰ ਨਿਕਲ ਕੇ ਕੁਝ ਵਿਅਕਤੀਆਂ ਨੇ ਸਿੱਧੂ ਮੂਸੇਵਾਲਾ ਦੀ ਗੱਡੀ 'ਤੇ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ। ਇਸ ਦੌਰਾਨ ਕਰੀਬ 40 ਗੋਲੀਆਂ ਚੱਲੀਆਂ ਅਤੇ ਸਿੱਧੂ ਮੂਸੇਵਾਲਾ ਨੂੰ ਸੱਤ ਦੇ ਕਰੀਬ ਗੋਲੀਆਂ ਲੱਗੀਆਂ ਤੇ ਉਸ ਦੀ ਥਾਂ 'ਤੇ ਹੀ ਮੌਤ ਹੋ ਗਈ।



### ਸਿੱਧੂ ਮੂਸੇਵਾਲਾ ਨੂੰ ਮਾਰਨ ਆਏ ਸਨ ਸੱਤ ਹਮਲਾਵਰ

**ਚੰਡੀਗੜ੍ਹ:** ਸਿੱਧੂ ਮੂਸੇਵਾਲਾ ਦਾ ਕਤਲ ਕਰਨ ਲਈ ਦੋ ਕਾਰਾਂ ਵਿਚ ਸੱਤ ਜਣੇ ਆਏ ਸਨ। ਹਮਲਾਵਰਾਂ ਨੇ ਮੂਸੇਵਾਲਾ ਦੀ ਥਾਰ ਦੇ ਟਾਇਰਾਂ ਵਿਚ ਗੋਲੀਆਂ ਮਾਰੀਆਂ ਤੇ ਥਾਰ ਦਾ ਸੰਤੁਲਨ ਵਿਗੜ ਗਿਆ। ਇਸ ਤੋਂ ਬਾਅਦ ਦੋਵਾਂ ਕਾਰਾਂ ਵਿਚੋਂ ਸੱਤ ਜਣੇ ਬਾਹਰ ਆਏ ਤੇ ਇਕ ਜਣੇ ਨੇ ਤੀਹ ਦੇ ਕਰੀਬ ਫਾਇਰ ਮੂਸੇਵਾਲਾ 'ਤੇ ਕੀਤੇ ਤੇ ਬਾਕੀ ਛੇ ਜਣਿਆਂ ਨੇ ਘੇਰਾ ਪਾ ਲਿਆ। ਜਦ ਗੋਲੀਆਂ ਦੀ ਆਵਾਜ਼ ਸੁਣ ਕੇ ਲੋਕ ਬਾਹਰ ਆਏ ਤਾਂ ਹਮਲਾਵਰਾਂ ਨੇ ਲਲਕਾਰ ਕੇ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ।

ਗਾਇਕ ਅਤੇ ਉਸ ਦੇ ਜਖ਼ਮੀ ਸਾਥੀਆਂ ਨੂੰ ਸਿਵਲ ਹਸਪਤਾਲ ਮਾਨਸਾ ਲਿਆਂਦਾ ਗਿਆ, ਜਿਥੇ ਸਿੱਧੂ ਮੂਸੇਵਾਲਾ ਨੂੰ ਮ੍ਰਿਤਕ ਐਲਾਨ ਦਿੱਤਾ।

ਕਾਬਲੇਗੌਰ ਹੈ ਕਿ ਸਿੱਧੂ ਮੂਸੇਵਾਲਾ ਕੋਲ ਪਹਿਲਾਂ ਅੱਠ ਗੰਨਮੈਨ ਹੁੰਦੇ ਸਨ, ਪਰ ਪੰਜਾਬ ਸਰਕਾਰ ਵੱਲੋਂ ਘਟਨਾ ਤੋਂ ਇਕ ਦਿਨ ਪਹਿਲਾਂ ਹੀ ਸੁਰੱਖਿਆ ਵਾਪਸ ਲਏ ਜਾਣ ਕਰਕੇ ਗਾਇਕ ਕੋਲ ਦੋ ਗੰਨਮੈਨ ਰਹਿ ਗਏ ਸਨ, ਜਿਨ੍ਹਾਂ ਵਿਚੋਂ ਕੋਈ ਵੀ ਘਟਨਾ ਸਮੇਂ ਮੌਜੂਦ ਨਹੀਂ ਸੀ। ਲੋਕਾਂ ਵੱਲੋਂ ਸਿੱਧੂ ਮੂਸੇਵਾਲਾ ਤੋਂ ਸੁਰੱਖਿਆ ਕਰਮੀ ਵਾਪਸ ਲੈਣ ਦਾ ਵਿਰੋਧ ਕੀਤਾ ਜਾ ਰਿਹਾ ਸੀ।

ਗਾਇਕੀ ਦੇ ਖੇਤਰ 'ਚੋਂ ਰਾਜਨੀਤੀ ਵਿਚ ਆਏ ਸਿੱਧੂ ਮੂਸੇਵਾਲਾ ਨੂੰ ਗੈਂਗਸਟਰ ਗਰੁੱਪ ਵੱਲੋਂ ਧਮਕੀ ਦਿੱਤੀ ਹੋਈ ਦੱਸੀ ਜਾਂਦੀ ਹੈ। ਹਾਲਾਂਕਿ ਪੁਲਿਸ ਨੇ ਇਸ ਦੀ ਅਜੇ ਤੱਕ ਪੁਸ਼ਟੀ ਨਹੀਂ ਕੀਤੀ ਹੈ।

ਇਸ ਦੌਰਾਨ ਇਹ ਵੀ ਚਰਚਾ ਹੈ ਕਿ ਸਿੱਧੂ ਮੂਸੇਵਾਲਾ ਨੇ ਸੰਗਰੂਰ ਲੋਕ ਸਭਾ ਦੀ ਜ਼ਿਮਨੀ ਚੋਣ ਲਈ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਹਮਾਇਤ ਦਾ ਪਾਰਟੀ ਵਰਕਰਾਂ ਕੋਲ ਦਾਅਵਾ ਕੀਤਾ ਸੀ ਅਤੇ ਇਸ ਕਤਲ ਨੂੰ ਕੁਝ ਲੋਕ ਉਸ ਘਟਨਾ ਨਾਲ ਵੀ ਜੋੜ ਰਹੇ ਹਨ। ਚੇਤੇ ਰਹੇ ਕਿ ਸਿੱਧੂ ਮੂਸੇਵਾਲਾ ਨੇ ਐਤਕੀਂ ਪੰਜਾਬ ਵਿਧਾਨ ਸਭਾ ਚੋਣਾਂ ਵੇਲੇ ਮਾਨਸਾ ਤੋਂ ਕਾਂਗਰਸ ਦੀ ਟਿਕਟ ਉਤੇ ਚੋਣ ਲੜੀ ਸੀ, ਪਰ ਉਹ 'ਆਪ' ਉਮੀਦਵਾਰ ਡਾ. ਵਿਜੈ ਸਿੰਗਲਾ ਕੋਲੋਂ ਲਗਭਗ 63000 ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਰਾਜਨੀਤੀ 'ਚ ਆਉਣ ਤੋਂ ਪਹਿਲਾਂ ਉਨ੍ਹਾਂ ਆਪਣੀ ਮਾਤਾ ਨੂੰ ਪਿੰਡ ਮੂਸਾ ਦਾ ਸਰਪੰਚ ਬਣਾਇਆ ਸੀ।

### ਸਰਕਾਰ ਹਾਈ ਕੋਰਟ ਦੇ ਜੱਜ ਤੋਂ ਜਾਂਚ ਕਰਵਾਏਗੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਸਿੱਧੂ ਮੂਸੇਵਾਲੇ ਕਤਲ ਮਾਮਲੇ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਿਟਿੰਗ ਜੱਜ ਤੋਂ ਜਾਂਚ ਕਰਵਾਉਣ ਲਈ ਤਿਆਰ ਹੈ। ਭਗਵੰਤ ਮਾਨ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ 'ਤੇ ਦੁੱਖ ਪ੍ਰਗਟਾਉਂਦਿਆਂ ਉਸ ਦੇ ਪਰਿਵਾਰ ਅਤੇ ਪ੍ਰਸੰਸਕਾਂ ਨਾਲ ਹਮਦਰਦੀ ਜਤਾਈ ਹੈ। ਉਨ੍ਹਾਂ ਮੂਸੇਵਾਲਾ ਦੇ ਕਤਲ 'ਤੇ ਸਾਰਿਆਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਹੈ। ਸ੍ਰੀ ਮਾਨ ਨੇ ਕਿਹਾ ਕਿ ਮੂਸੇਵਾਲਾ ਦੀ ਹੱਤਿਆ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

### ਕਤਲ ਪਿੱਛੇ ਲਾਰੈਂਸ ਬਿਸ਼ਨੋਈ ਗੈਂਗ ਦਾ ਹੱਥ: ਡੀ.ਜੀ.ਪੀ.

**ਚੰਡੀਗੜ੍ਹ:** ਪੰਜਾਬ ਦੇ ਡੀ.ਜੀ.ਪੀ. ਵੀ.ਕੇ.ਭਾਵਰਾ ਨੇ ਸਿੱਧੂ ਮੂਸੇਵਾਲਾ ਦੇ ਕਤਲ ਪਿੱਛੇ ਲਾਰੈਂਸ ਬਿਸ਼ਨੋਈ ਗੈਂਗ ਦਾ ਹੱਥ ਹੋਣ ਦੀ ਪੁਸ਼ਟੀ ਕੀਤੀ ਹੈ। ਡੀ.ਜੀ.ਪੀ. ਭਾਵਰਾ ਨੇ ਦੱਸਿਆ ਕਿ ਹੁਣ ਤੱਕ ਦੀ ਤਫਤੀਸ਼ ਦੌਰਾਨ ਸਾਹਮਣੇ ਆਇਆ ਹੈ ਕਿ ਵਿੱਕੀ ਮਿੱਡੂਖੇੜਾ ਦੇ ਕਤਲ ਦਾ ਬਦਲਾ ਲੈਣ ਲਈ ਸਿੱਧੂ ਮੂਸੇਵਾਲਾ ਦਾ ਕਤਲ ਕੀਤਾ ਗਿਆ ਹੈ। ਲਾਰੈਂਸ ਬਿਸ਼ਨੋਈ ਗੈਂਗ ਦੇ ਕੈਨੇਡਾ ਆਧਾਰਿਤ ਗੋਲਡੀ ਬਰਾੜ ਨੇ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਡੀ.ਜੀ.ਪੀ. ਨੇ ਦੱਸਿਆ ਕਿ ਪਿਛਲੇ ਵਰ੍ਹੇ ਮੁਹਾਲੀ ਵਿਚ ਵਿੱਕੀ ਮਿੱਡੂਖੇੜਾ ਦੇ ਹੋਏ ਕਤਲ ਵਿਚ ਸਿੱਧੂ ਮੂਸੇਵਾਲਾ ਦੇ ਮੈਨੇਜਰ ਸ਼ਗਨਪ੍ਰੀਤ ਦਾ ਨਾਮ ਆਇਆ ਸੀ, ਜੋ ਆਸਟਰੇਲੀਆ ਚਲਾ ਗਿਆ ਸੀ। ਉਨ੍ਹਾਂ ਕਿਹਾ ਕਿ ਵਿੱਕੀ ਮਿੱਡੂਖੇੜਾ ਦੇ ਕਤਲ ਦੀ ਪ੍ਰਤੀਕਿਰਿਆ ਵਿਚ ਲਾਰੈਂਸ ਬਿਸਨੋਈ ਗੈਂਗ ਨੇ ਸਿੱਧੂ ਮੂਸੇਵਾਲਾ ਦੇ ਕਤਲ ਨੂੰ ਅੰਜਾਮ ਦਿੱਤਾ ਹੈ।

# ਅਕਸਰ ਵਿਵਾਦਾਂ ਵਿਚ ਰਹੇ ਨੇ ਸਿੱਧੂ ਮੂਸੇਵਾਲਾ ਦੇ ਗੀਤ

**ਚੰਡੀਗੜ੍ਹ:** ਸਿੱਧੂ ਮੂਸੇਵਾਲਾ ਅਕਸਰ ਆਪਣੇ ਗੀਤਾਂ 'ਚ ਭੜਕਾਊ ਸ਼ਬਦਾਂ ਦੀ ਵਰਤੋਂ ਕਾਰਨ ਵਿਵਾਦਾਂ 'ਚ ਹੀ ਘਿਰਿਆ ਰਿਹਾ। ਉਸ ਦੇ ਆਲੋਚਕਾਂ ਨੇ ਕਦੇ ਵੀ ਉਸ ਦੇ ਗੀਤਾਂ 'ਚ ਮੀਨ-ਮੇਖ ਕੱਢਣ ਦਾ ਮੌਕਾ ਨਹੀਂ ਖੁੰਝਾਇਆ। ਹਾਲਾਂਕਿ, ਉਹਦੇ ਪ੍ਰਸੰਸਕਾਂ ਦੀ ਗਿਣਤੀ ਕਦੇ ਵੀ ਘੱਟ ਨਹੀਂ ਹੋਈ।

ਸਾਲ 2018 ਵਿਚ ਆਪਣੀ ਪਹਿਲੀ ਐਲਬਮ 'ਨਿੰਜਾ' ਰਿਲੀਜ ਕਰਨ ਤੋਂ ਬਾਅਦ ਆਪਣੇ ਥੋੜ੍ਹੇ ਸਮੇਂ ਦੀ ਕਰੀਅਰ 'ਚ ਮੂਸੇਵਾਲਾ ਆਪਣੇ ਗੀਤਾਂ ਰਾਹੀਂ ਹਿੰਸਾ ਤੇ ਹਥਿਆਰ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਕਰਕੇ ਸੁਰਖੀਆਂ 'ਚ ਰਿਹਾ, ਹਾਲਾਂਕਿ, ਉਸ ਨੇ ਆਪਣੀਆਂ ਵੀਡੀਓਜ 'ਚ ਹਮੇਸ਼ਾ ਕਿਸੇ ਵੀ ਤਰ੍ਹਾਂ ਦੇ ਹਥਿਆਰ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਤੋਂ ਇਨਕਾਰ ਕੀਤਾ।

ਇਕ ਸੇਵਾਮੁਕਤ ਮੁਲਾਜ਼ਮ ਦੇ ਪੁੱਤਰ ਮੂਸੇਵਾਲਾ ਦੇ ਪ੍ਰਸੰਸਕਾਂ ਦੀ ਗਿਣਤੀ ਬਹੁਤ ਵੱਡੀ ਰਹੀ, ਜਿਨ੍ਹਾਂ 'ਚ ਖਾਸ ਤੌਰ 'ਤੇ ਨੌਜਵਾਨ ਸ਼ਾਮਲ ਹਨ। 'ਸਕੇਪਗੋਟ' ਨੂੰ ਯੂ-ਟਿਊਬ'ਤੇ 2.2 ਮਿਲੀਅਨ ਤੋਂ ਵੱਧ ਸਬਸਕ੍ਰਾਈਬਰਾਂ ਨੇ ਦੇਖਿਆ। ਉਸ ਦੇ ਆਪਣੇ ਚੈਨਲ 'ਤੇ ਉਸ ਦੇ 1 ਕਰੋੜ ਤੋਂ ਵੱਧ ਸਬਸਕ੍ਰਾਈਬਰਜ ਸਨ। ਆਪਣੇ ਗੀਤ 'ਸੰਜੂ' ਵਿਚ ਉਸ ਨੇ ਆਪਣੀ ਤੁਲਨਾ ਏਕੇ 47 ਚਲਾਉਂਦੇ ਸੰਜੈ ਦੱਤ ਨਾਲ ਕੀਤੀ ਸੀ, ਜਿਸ ਨੂੰ ਆਲੋਚਕਾਂ ਨੇ ਭਾਵੇਂ ਪਸੰਦ ਨਾ ਕੀਤਾ, ਪਰ ਇਹ ਨੌਜਵਾਨਾਂ 'ਚ ਕਾਫੀ ਮਕਬੂਲ ਹੋਇਆ। ਇਸ ਦੌਰਾਨ, ਜੁਲਾਈ 2020 ਵਿਚ ਪੁਲਿਸ ਨੇ ਉਸ ਖਿਲਾਫ 'ਸੰਜੂ' ਗੀਤ ਦੇ ਮਾਮਲੇ 'ਚ ਕੇਸ ਦਰਜ ਕਰ ਲਿਆ ਸੀ। ਉਸ 'ਤੇ ਇਸ ਗੀਤ ਰਾਹੀਂ ਹਿੰਸਾ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਾਇਆ ਗਿਆ ਸੀ।

ਜ਼ਿਕਰਯੋਗ ਹੈ ਕਿ ਗਾਇਕ ਸਿੱਧੂ ਮੂਸੇਵਾਲਾ 'ਤੇ ਇਕ ਵਾਰ ਬੰਦੂਕ ਸੱਭਿਆਚਾਰ ਤੇ ਹਿੰਸਾ ਨੂੰ ਉਤਸ਼ਾਹਿਤ ਕਰਨ ਦੇ ਦੋਸ਼ ਹੇਠ ਕੇਸ ਦਰਜ ਹੋ ਚੁੱਕਿਆ ਸੀ। ਸਾਲ 2019 ਵਿਚ ਉਸ ਦਾ ਗੀਤ 'ਜੱਟੀ ਜਿਊਣੇ ਮੌੜ ਦੀ ਬੰਦੂਕ ਵਰਗੀ' ਉਸ ਵੇਲੇ ਵਿਵਾਦਾਂ 'ਚ ਘਿਰ ਗਿਆ ਸੀ ਜਦੋਂ ਇਸ ਵਿਚ ਕਥਿਤ ਤੌਰ 'ਤੇ ਮਾਈ ਭਾਗੋ ਨੂੰ ਮਾੜੀ ਰੌਸ਼ਨੀ ਵਿਚ ਦਿਖਾਇਆ ਗਿਆ ਸੀ, ਜਿਸ ਲਈ ਸਿੱਧੂ ਨੇ ਮੁਆਫੀ ਵੀ ਮੰਗੀ ਸੀ। ਕੋਵਿਡ- 19 ਮਹਾਮਾਰੀ ਦੌਰਾਨ ਗਾਇਕ ਦੀ ਇਕ ਵੀਡੀਓ ਵੀ ਵਾਇਰਲ ਹੋਈ ਸੀ ਜਿਸ ਵਿਚ ਉਹ ਇਕ ਫਾਇਰਿੰਗ ਰੇਂਜ 'ਚ ਏਕੇ-47 ਰਾਈਫਲ 'ਚੋਂ ਗੋਲੀਆਂ ਚਲਾਉਂਦਾ ਨਜ਼ਰ ਆਇਆ ਸੀ ਜਿਸ ਨਾਲ ਕੁਝ ਪੁਲਿਸ ਅਧਿਕਾਰੀ ਵੀ ਸਨ। ਉਸ ਖਿਲਾਫ ਬਾਅਦ ਵਿਚ ਅਸਲਾ ਐਕਟ ਤਹਿਤ ਕੇਸ ਵੀ ਦਰਜ ਹੋਇਆ ਸੀ।



### ਗਾਇਕ ਤੋਂ ਸਿਆਸਤ ਤੱਕ ਦਾ ਸਫਰ




**ਮਾਨਸਾ:** ਨੇੜਲੇ ਪਿੰਡ ਮੂਸਾ ਵਿਖੇ ਬਲਕੌਰ ਸਿੰਘ ਸਿੱਧੂ ਦੇ ਘਰ ਮਾਤਾ ਚਰਨ ਕੌਰ ਦੀ ਕੁੱਖੋਂ 11 ਜੂਨ 1993 ਨੂੰ ਜੰਮੇ ਸ਼ੁਭਦੀਪ ਸਿੰਘ ਸਿੱਧੂ ਉਰਫ ਸਿੱਧੂ ਮੂਸੇਵਾਲਾ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਤੋਂ ਬੀ.ਟੈੱਕ ਮਕੈਨੀਕਲ ਦੀ ਡਿਗਰੀ ਕਰਨ ਉਪਰੰਤ ਉੱਚ-ਸਿੱਖਿਆ ਲਈ ਕੈਨੇਡਾ ਚਲਾ ਗਿਆ ਸੀ। ਉਨ੍ਹਾਂ ਆਪਣੀ ਗਾਇਕੀ ਦਾ ਸਫਰ ਵਿਦੇਸ਼ ਤੋਂ ਸ਼ੁਰੂ ਕੀਤਾ। ਕੁਝ ਵਰ੍ਹਿਆਂ ਵਿਚ ਉਹ ਸੰਗੀਤ ਜਗਤ ਵਿਚ ਵੱਖਰੀ ਪਛਾਣ ਬਣਾ ਕੇ ਦੁਨੀਆ ਭਰ ਵਿਚ ਮਸ਼ਹੂਰ ਹੋ ਗਿਆ। ਮੂਸੇਵਾਲਾ ਦੀ ਮਾਤਾ ਪਿੰਡ ਦੀ ਸਰਪੰਚ ਹੈ। ਲੰਘੀਆਂ ਵਿਧਾਨ ਸਭਾ ਚੋਣਾਂ ਵਿਚ ਸਿੱਧੂ ਮੂਸੇਵਾਲਾ ਨੇ ਮਾਨਸਾ ਹਲਕੇ ਤੋਂ ਕਾਂਗਰਸ ਪਾਰਟੀ ਦੀ ਟਿਕਟ ਉਤੇ ਚੋਣ ਲੜੀ ਸੀ, ਪਰ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਵਿਜੇ ਸਿੰਗਲਾ ਤੋਂ 63 ਹਜ਼ਾਰ ਤੋਂ ਵਧੇਰੇ ਵੋਟਾਂ ਨਾਲ ਹਾਰ ਗਏ।

# ਅਮਨ-ਕਾਨੂੰਨ ਵਿਵਸਥਾ ਉਤੇ ਚੁਫੇਰਿਉਂ ਘਿਰੀ ਆਪ ਸਰਕਾਰ

**ਚੰਡੀਗੜ੍ਹ:** ਨੌਜਵਾਨ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਗਰੋਂ ਹੁਣ 'ਆਪ' ਸਰਕਾਰ ਨਿਸ਼ਾਨੇ 'ਤੇ ਆ ਗਈ ਹੈ। ਸਿਆਸੀ ਧਿਰਾਂ ਨੇ ਪੰਜਾਬ 'ਚ ਵਿਗੜ ਰਹੀ ਅਮਨ-ਕਾਨੂੰਨ ਵਿਵਸਥਾ ਨੂੰ ਲੈ ਕੇ ਸਿਆਸੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ ਅਤੇ ਸਰਕਾਰ 'ਤੇ ਸਵਾਲ ਖੜ੍ਹੇ ਕੀਤੇ ਹਨ।

'ਆਪ' ਸਰਕਾਰ ਅੱਗੇ ਇਹ ਨਵੀਂ ਚੁਣੌਤੀ ਖੜ੍ਹੀ ਹੋ ਗਈ ਹੈ। ਸਿੱਧੂ ਮੂਸੇਵਾਲੇ ਦੇ ਕਤਲ ਨੇ ਸਾਰਿਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਅਤੇ ਗੈਂਗਸਟਰਾਂ ਦੇ ਮੁੜ ਉਭਾਰ ਤੋਂ ਹਰ ਪੰਜਾਬੀ ਫਿਕਰਮੰਦ ਹੋ ਗਿਆ ਹੈ। ਪੰਜਾਬ ਪੁਲਿਸ ਪਹਿਲੀ ਜੂਨ ਤੋਂ ਘੱਲੂਘਾਰਾ ਦਿਵਸ ਹੋਣ ਕਰਕੇ ਸੁਰੱਖਿਆ ਦੀ ਤਾਇਨਾਤੀ ਵਿਚ ਲੱਗੀ ਹੋਈ ਸੀ। ਪੁਲਿਸ ਨੇ ਇਕ ਦਿਨ ਪਹਿਲਾਂ ਹੀ ਘੱਲੂਘਾਰਾ ਦਿਵਸ ਦੇ ਮੱਦੇਨਜ਼ਰ ਆਰਜ਼ੀ ਤੌਰ 'ਤੇ 424 ਹਸਤੀਆਂ ਤੋਂ ਸੁਰੱਖਿਆ ਮੁਲਾਜ਼ਮ ਵਾਪਸ ਲਏ ਸਨ ਜਿਨ੍ਹਾਂ ਵਿਚ ਸਿੱਧੂ ਮੂਸੇਵਾਲਾ ਦਾ ਨਾਮ ਵੀ ਸ਼ਾਮਲ ਸੀ। ਮੁੱਖ ਮੰਤਰੀ ਭਗਵੰਤ ਮਾਨ ਲਈ ਇਹ ਪ੍ਰੀਖਿਆ ਦੀ ਘੜੀ ਹੈ ਅਤੇ ਇਹ ਘਟਨਾ ਸਰਕਾਰ ਲਈ ਵੱਡਾ ਸਿਆਸੀ ਝਟਕਾ ਵੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਇਹ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ ਕੀ ਸਸਤੀ ਸ਼ੋਹਰਤ ਲਈ ਮੂਸੇਵਾਲਾ ਦੀ ਸੁਰੱਖਿਆ ਵਾਪਸ ਲੈਣ ਦਾ ਫੈਸਲਾ ਉਸ ਦੀ ਹੱਤਿਆ ਲਈ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਇਹ ਸਿਆਸੀ ਲਾਹਾ ਲੈਣ ਦਾ ਸਮਾਂ ਨਹੀਂ ਹੈ ਸਗੋਂ ਸਰਕਾਰ ਨੂੰ ਮੌਜੂਦਾ ਹਾਲਾਤ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।

ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਆਗੂਆਂ ਸੁਖਦੇਵ ਸਿੰਘ ਢੀਂਡਸਾ ਅਤੇ ਪਰਮਿੰਦਰ ਸਿੰਘ ਢੀਂਡਸਾ ਨੇ ਸੂਬੇ 'ਚ ਗੈਂਗਵਾਰ ਅਤੇ ਹੋਰ ਅਪਰਾਧਕ ਘਟਨਾਵਾਂ ਦਾ ਨੋਟਿਸ ਲੈਂਦਿਆਂ ਕਿਹਾ ਕਿ ਪੰਜਾਬ 'ਚ ਅਮਨ-ਕਾਨੂੰਨ ਬਣਾਈ ਰੱਖਣ ਦੀ ਲੋੜ ਹੈ। ਭਾਜਪਾ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਲਈ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਰਾਘਵ ਚੱਢਾ ਨੂੰ ਜ਼ਿੰਮੇਵਾਰ ਦੱਸਿਆ ਹੈ। ਤਰਜਮਾਨ ਸਾਂਬਿਤ ਪਾਤਰਾ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਰਿਮੋਟ ਕੰਟਰੋਲ ਰਾਹੀਂ ਪੰਜਾਬ ਨੂੰ ਚਲਾ ਰਹੇ ਹਨ। ਪਾਤਰਾ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਦੀ ਸੁਰੱਖਿਆ ਵਾਪਸ ਲਈ ਗਈ ਹੈ, ਉਨ੍ਹਾਂ ਦੇ ਨਾਵਾਂ ਵਾਲੀ ਗੁਪਤ ਸੂਚੀ ਜਨਤਕ ਕੀਤੀ ਜਾਵੇ। ਤਰਜਮਾਨ ਨੇ ਕਿਹਾ ਕਿ ਕੇਜਰੀਵਾਲ ਤੇ ਰਾਘਵ ਚੱਢਾ 90 ਤੇ 45 ਗੰਨਮੈਨਾਂ ਨਾਲ ਸਫਰ ਕਰਦੇ ਹਨ, ਪਰ ਉਨ੍ਹਾਂ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਖੋਹ ਲਈ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਮੈਨੂੰ ਯਕੀਨ ਨਹੀਂ ਹੋ ਰਿਹਾ ਕਿ ਮੈਂ ਆਪਣੇ ਕਰੀਬੀ ਦੋਸਤ ਅਤੇ ਕਾਂਗਰਸ ਪਰਿਵਾਰ ਦੇ ਮੈਂਬਰ ਸਿੱਧੂ ਮੂਸੇਵਾਲਾ ਨੂੰ ਗੁਆ ਚੁੱਕਾ ਹਾਂ। ਨੈਤਿਕਤਾ ਦੇ ਆਧਾਰ ਉਤੇ ਆਮ ਆਦਮੀ ਪਾਰਟੀ ਨੂੰ ਸੱਤਾ ਵਿਚ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ।



### ਕਾਂਗਰਸ ਨੇ 'ਆਪ' ਸਰਕਾਰ ਤੋਂ ਅਸਤੀਫਾ ਮੰਗਿਆ

**ਨਵੀਂ ਦਿੱਲੀ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ 'ਤੇ ਅਫਸੋਸ ਜ਼ਾਹਿਰ ਕਰਦਿਆਂ ਕਾਂਗਰਸ ਨੇ ਪੰਜਾਬ ਦੀ 'ਆਪ' ਸਰਕਾਰ ਦੀ ਬਰਖ਼ਾਸਤਗੀ ਮੰਗਦਿਆਂ ਕਿਹਾ ਹੈ ਕਿ ਉਸ ਨੇ ਰਾਜ ਕਰਨ ਦਾ ਨੈਤਿਕ ਆਧਾਰ ਗੁਆ ਲਿਆ ਹੈ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਉਹ ਸਦਮੇ 'ਚ ਹਨ ਅਤੇ ਹੋਣਹਾਰ ਕਾਂਗਰਸ ਆਗੂ ਤੇ ਪ੍ਰਤਿਭਾਸ਼ਾਲੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਤੋਂ ਦੁਖੀ ਹਨ। ਉਨ੍ਹਾਂ ਮੂਸੇਵਾਲਾ ਦੇ ਪਰਿਵਾਰਕ ਮੈਂਬਰਾਂ ਅਤੇ ਦੁਨੀਆਂ ਭਰ 'ਚ ਉਸ ਦੇ ਪ੍ਰਸੰਸਕਾਂ ਨਾਲ ਅਫਸੋਸ ਪ੍ਰਗਟ ਕਰਦਿਆਂ ਹਮਦਰਦੀ ਜਤਾਈ ਹੈ। ਕਾਂਗਰਸ ਦੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਦੁਨੀਆਂ ਭਰ ਦੇ ਪੰਜਾਬੀਆਂ ਨੇ ਹੋਣਹਾਰ ਕਲਾਕਾਰ ਗੁਆ ਲਿਆ ਹੈ ਜਿਸ ਦਾ ਲੋਕਾਂ 'ਚ ਵੱਡਾ ਆਧਾਰ ਸੀ।

### ਸਰਕਾਰ ਪੂਰੀ ਤਰ੍ਹਾਂ ਨਾਕਾਮ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਕਿਹਾ ਕਿ ਇਹ ਘਾਟਾ ਕਦੇ ਨਾ ਪੂਰਾ ਹੋਣ ਵਾਲਾ ਹੈ। ਉਨ੍ਹਾਂ ਕਿਹਾ ਕਿ ਇਹ ਸਰਕਾਰ ਕਾਨੂੰਨ ਵਿਵਸਥਾ ਦੇ ਮਾਮਲੇ ਵਿਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ ਅਤੇ ਮੈਂ ਸ਼ੁਰੂ ਤੋਂ ਹੀ ਇਹ ਗੱਲ ਆਖਦਾ ਆ ਰਿਹਾ ਹਾਂ।

# ਚਿਕੋਪੀ ਸ਼ਹਿਰ ਵਲੋਂ 29 ਅਪ੍ਰੈਲ ਨੂੰ ਸਿੱਖ ਕੌਮ ਦੇ ਆਜ਼ਾਦੀ ਦਿਵਸ ਵਜੋਂ ਮਾਨਤਾ

ਚਕੋਪੀ: : ਅਮਰੀਕਾ ਦੇ ਸ਼ਹਿਰ ਚਿਕੋਪੀ ਨੇ 29 ਅਪ੍ਰੈਲ ਨੂੰ ਸਿੱਖ ਕੌਮ ਦੇ ਆਜ਼ਾਦੀ ਦਿਵਸ ਦੇ ਵਜੋਂ ਮਾਨਤਾ ਦਿੱਤੀ ਹੈ। ਇਹ ਘੋਸ਼ਣਾ ਪੱਤਰ ਚਿਕੋਪੀ ਸਿਟੀ ਦੇ ਮੇਅਰ, ਸ੍ਰੀ ਜੌਹਨ ਵਿਯੂ ਦੁਆਰਾ ਜਾਰੀ ਕੀਤਾ ਗਿਆ ਹੈ। ਚਿਕੋਪੀ ਅਮਰੀਕਾ ਦੇ ਪ੍ਰਾਂਤ ਮੈਸੇਚਿਉਸੇਟਸ ਦਾ ਵਧੀਆ ਸ਼ਹਿਰ ਹੈ। ਇਸ ਘੋਸ਼ਣਾ ਪੱਤਰ ਵਿਚ ਵਿਸ਼ੇਸ਼ ਜ਼ਿਕਰ ਹੈ ਕਿ ਭਾਰਤ ਨੇ 1984 ਤੋਂ ਲੈ ਕੇ ਹੁਣ ਤਕ ਸਿੱਖਾਂ ਦੇ ਜਾਇਜ਼ ਆਜ਼ਾਦੀ ਸੰਘਰਸ਼ ਨੂੰ ਕੁਚਲਣ ਲਈ ਸਿੱਖਾਂ ਦੀ ਨਸਲਕੁਸ਼ੀ ਕੀਤੀ ਹੈ, ਜਿਸ ਦੇ ਜਵਾਬ ਵਿਚ ਸਿੱਖਾਂ ਨੇ ਸਰਬੱਤ ਖ਼ਾਲਸੇ ਰਾਹੀਂ 26 ਜਨਵਰੀ, 1986 ਨੂੰ ਪੰਥਕ ਕਮੇਟੀ ਦਾ ਸੰਗਠਨ ਕੀਤਾ। ਭਾਰਤ ਦੇ ਕਬਜ਼ੇ ਵਾਲੇ ਪੰਜਾਬ ਵਿਚ ਪ੍ਰਭੂਸੱਤਾ ਸੰਪੰਨ ਰਾਜ ਸਿੱਖ ਕੌਮ ਦੇ ਸਵੈ-ਨਿਰਣੇ ਦੇ ਅਧਿਕਾਰ ਦੀ ਵਰਤੋਂ ਕਰਨ ਦਾ ਇਕੋ ਇਕ ਪ੍ਰਭਾਵਸ਼ਾਲੀ ਸਾਧਨ ਹੈ, ਜਿਸ ਕਾਰਨ 29 ਅਪ੍ਰੈਲ, 1986 ਨੂੰ ਨਿਯੁਕਤ ਪੰਥਕ ਕਮੇਟੀ ਦੁਆਰਾ ਸਿੱਖਾਂ ਦੀ ਆਜ਼ਾਦੀ ਦਾ ਐਲਾਨਨਾਮਾ ਕੀਤਾ ਗਿਆ ਸੀ। ਇਹ ਕਾਰਜ ਗੁਰਨਿੰਦਰ ਸਿੰਘ ਧਾਲੀਵਾਲ ਵਰਲਡ ਸਿੱਖ ਪਾਰਲੀਮੈਂਟ ਦੀ ਅਣਥੱਕ ਮਿਹਨਤ ਸਦਕਾ ਸਿਰੇ ਲੱਗਾ।

ਖ਼ਾਲਿਸਤਾਨ ਅਫੇਯਰ ਸੈਂਟਰ ਦੇ ਡਾ. ਅਮਰਜੀਤ ਸਿੰਘ ਨੇ ਵਰਲਡ ਸਿੱਖ ਪਾਰਲੀਮੈਂਟ ਦੇ ਇਸ ਉੱਦਮ ਦੀ ਤਾਰੀਫ਼ ਕਰਦਿਆਂ ਕਿਹਾ ਕਿ ਸਿੱਖਾਂ ਦੇ ਹੱਕਾਂ ਦੀ ਗੱਲ ਹਰੇਕ ਪੱਧਰ 'ਤੇ ਹੋਣੀ ਲਾਜ਼ਮੀ ਹੈ। ਦੂਸਰੇ ਦੇਸ਼ਾਂ ਵਿਚ ਵੀ ਇਸ ਤਰ੍ਹਾਂ ਦੀ ਪਹਿਲ ਕਦਮੀ ਦੀ ਲੋੜ ਹੈ ਅਤੇ ਸਿੱਖ ਸੰਸਥਾਵਾਂ ਨੂੰ ਸਾਂਝੇ ਤੌਰ 'ਤੇ ਇਸ ਤਰ੍ਹਾਂ ਦੇ ਕੰਮਾਂ ਵਿਚ ਸਹਿਯੋਗ ਕਰਨਾ ਚਾਹੀਦਾ ਹੈ।

ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਕਿਹਾ ਕਿ ਅਸੀਂ ਅਮਰੀਕਾ ਦੇ ਸੰਵਿਧਾਨ ਦੀ ਪਾਲਣਾ ਕਰਦੇ ਹੋਏ ਆਪਣੇ ਧਾਰਮਿਕ ਅਤੇ ਸਿਆਸੀ ਮਸਲਿਆਂ ਦੀ ਗੱਲ ਕਰ ਸਕਦੇ ਹਾਂ ਜੋ ਕਿ ਭਾਰਤੀ ਤੰਤਰ ਹੇਠ ਅਜਿਹਾ ਕਰਨ 'ਤੇ ਸਿੱਖਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਜਾਂਦਾ ਹੈ। ਵਰਲਡ ਸਿੱਖ ਪਾਰਲੀਮੈਂਟ ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਅਜਿਹੇ ਯਤਨਾਂ ਵਿਚ ਸਹਾਇਤਾ ਲਈ ਕੋਈ ਵੀ ਲੋੜੀਂਦਾ ਦਸਤਾਵੇਜ਼ ਪ੍ਰਦਾਨ ਕਰਨ ਲਈ ਤਿਆਰ ਹੈ। ਸ. ਹਰਜਿੰਦਰ ਸਿੰਘ (ਪਾਈਨ ਹਿੱਲ-ਨਿਊਜਰਸੀ) ਮੀਡੀਆ ਬੁਲਾਰੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ ਕਿਹਾ ਕਿ ਸਿੱਖਾਂ ਨੂੰ ਆਪਣੇ ਹੱਕਾਂ 'ਤੇ ਰਲ ਕੇ ਪਹਿਰਾ ਦਿੰਦੇ ਰਹਿਣਾ ਚਾਹੀਦਾ ਹੈ। ਅਮਰੀਕਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਡਾ. ਪ੍ਰਿਤਪਾਲ ਸਿੰਘ ਨੇ ਵੀ ਚਿਕੋਪੀ ਸ਼ਹਿਰ ਦੇ ਇਸ ਐਲਾਨ ਤੋਂ ਖੁਸ਼ੀ ਦਾ ਇਜ਼ਹਾਰ ਕਰਦਿਆਂ ਵਰਲਡ ਸਿੱਖ ਪਾਰਲੀਮੈਂਟ ਦਾ ਧੰਨਵਾਦ ਕੀਤਾ।

## ਟੈਕਸਸ ਸਕੂਲ ਹਾਦਸਾ: ਗੋਲੀਬਾਰੀ ਵਿੱਚ ਮਾਰੀ ਗਈ ਅਧਿਆਪਕਾ ਦੇ ਪਤੀ ਦੀ ਸਦਮੇ ਨਾਲ ਮੌਤ

**ਟੈਕਸਸ:** ਅਮਰੀਕਾ ਦੇ ਸੂਬੇ ਟੈਕਸਸ ਦੇ ਸ਼ਹਿਰ ਉਵਾਲਡੇ ਦੇ ਰੌਬ ਐਲਮੈਂਟਰੀ ਸਕੂਲ ਵਿਚ ਇਕ ਸਿਰਫਿਰੇ ਗੋਰੇ ਨੌਜਵਾਨ ਵਲੋਂ ਕੀਤੀ ਗੋਲੀਬਾਰੀ ਵਿਚ ਮਾਰੀ ਗਈ ਅਧਿਆਪਕਾ ਰਮਾ ਗਾਰਸੀਆ ਦਾ ਪਤੀ ਜੋਇ ਗਾਰਸੀਆ ਵੀ ਆਪਣੀ ਪਤਨੀ ਦੇ ਵਿਛੋੜੇ ਵਿਚ ਅਚਾਨਕ ਚੱਲ ਵੱਸਿਆ। ਜੋਇ ਗਾਰਸੀਆ ਲੰਘੇ ਦਿਨੀਂ ਸਕੂਲ ਵਿਚ ਘਟਨਾ ਵਾਲੀ ਥਾਂ 'ਤੇ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਘਰ ਵਾਪਿਸ ਆ ਗਿਆ। ਖਾਣੇ ਵਾਲੇ ਮੇਜ਼ 'ਤੇ ਬਾਕੀ ਪਰਿਵਾਰ ਨਾਲ ਬੈਠਾ ਸੀ ਕਿ ਅਚਾਨਕ ਢਹਿ ਢੇਰੀ ਹੋ ਗਿਆ। ਉਸ ਨੂੰ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ ਪਰ ਉਹ ਬਚ ਨਹੀਂ ਸਕਿਆ। ਇਹ ਜਾਣਕਾਰੀ ਗਾਰਸੀਆ ਦੇ ਭਤੀਜੇ ਜੌਹਨ ਮਾਰਟਿਨਜ ਨੇ ਦਿੱਤੀ ਹੈ। ਰਮਾ ਗਾਰਸੀਆ ਚੌਥੀ ਸ਼੍ਰੇਣੀ ਦੇ ਉਨ੍ਹਾਂ ਦੋ ਅਧਿਆਪਕਾਂ ਵਿਚ ਸ਼ਾਮਿਲ ਸੀ ਜੋ ਗੋਲੀਬਾਰੀ ਵਿਚ ਮਾਰੇ ਗਏ 19 ਬੱਚਿਆਂ ਨਾਲ ਮਾਰੇ ਗਏ ਸਨ। ਗਾਰਸੀਆ ਦੇ ਚਾਰ ਬੱਚੇ ਹਨ। ਮਾਰਟਿਨਜ ਨੇ ਕਿਹਾ ਹੈ ਕਿ ਦੋਨਾਂ ਦੀਆਂ ਅੰਤਿਮ ਰਸਮਾਂ ਇਕੱਠੀਆਂ ਹੀ ਕੀਤੀਆਂ ਜਾਣਗੀਆਂ।

## ਦੂਸਰੀ ਸ਼੍ਰੇਣੀ ਦੇ ਵਿਦਿਆਰਥੀ ਕੋਲੋਂ ਗੰਨ ਤੇ ਮੈਗਜ਼ੀਨ ਮਿਲਿਆ

**ਸੈਕਰਾਮੈਂਟੋ:** ਐਡਵਰਡ ਕੈਂਬਲ ਐਲੀਮੈਂਟਰੀ ਸਕੂਲ ਸੈਕਰਾਮੈਂਟੋ ਦੀ ਦੂਸਰੀ ਸ਼੍ਰੇਣੀ ਦੇ ਵਿਦਿਆਰਥੀ ਦੀ ਡੈਸਕ ਵਿਚੋਂ ਇਕ ਗੰਨ ਤੇ ਭਰਿਆ ਹੋਇਆ ਮੈਗਜ਼ੀਨ ਮਿਲਿਆ ਹੈ। ਕਲਾਸ ਦੇ ਇਕ ਹੋਰ ਬੱਚੇ ਨੇ ਸਟਾਫ ਨੂੰ ਦੱਸਿਆ ਕਿ ਉਸ ਦਾ ਸਾਥੀ ਆਪਣੇ ਨਾਲ ਗੰਨ ਲਿਆਇਆ ਹੈ। ਜਿਸ ਉਪਰੰਤ ਸਟਾਫ ਨੇ ਗੰਨ ਬਰਾਮਦ ਕਰ ਕੇ ਪੁਲਿਸ ਨੂੰ ਮੌਕੇ ਉਪਰ ਬੁਲਾਇਆ। ਪੁਲਿਸ ਨੇ ਗੰਨ ਤੇ ਮੈਗਜ਼ੀਨ ਕਬਜ਼ੇ ਵਿਚ ਲੈ ਲਿਆ ਹੈ ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਕਿਹਾ ਹੈ ਕਿ ਬੱਚੇ ਕੋਲ ਗੰਨ ਕਿਸ ਤਰ੍ਹਾਂ ਆਈ ਇਸ ਬਾਰੇ ਜਾਂਚ ਕੀਤੀ ਜਾਵੇਗੀ। ਸੈਕਰਾਮੈਂਟੋ ਸਿਟੀ ਯੂਨਾਫਾਈਡ ਸਕੂਲ ਡਿਸਟ੍ਰਿਕਟ ਨੇ ਇਹ ਜਾਣਕਾਰੀ ਦਿੱਤੀ ਹੈ। ਸਕੂਲ ਡਿਸਟ੍ਰਿਕਟ ਨੇ ਕਿਹਾ ਹੈ ਕਿ ਇਕ ਵਿਦਿਆਰਥੀ ਵਲੋਂ ਸਮੇਂ ਸਿਰ ਚੌਕਸ ਕੀਤੇ ਜਾਣ ਕਾਰਨ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ।


ਹੈਲਪਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ



ਚਾਹਵਾਨ ਸੰਪਰਕ ਕਰਨ:
608-886-2500
23-26

Chef Wanted

Wanted Chef for 300+Resturant and banquet with complete kitchen. For Indian and American food . Willing to work in partnership or lease. Experienced persons only



Call: Tony Singh
515-208-3861

ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

I-80 'ਤੇ 'ਟੂ ਵੇਅ' ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

ਚਾਹਵਾਨ ਸੰਪਰਕ ਕਰਨ

ਫੋਨ: 815-603-5877


# Matrimonials

## ਲੜਕੇ ਦੀ ਲੋੜ ਹੈ

Khatri Sikh Family looking for a USA Citizen, Green Card, H1 or Work Permit match for their 37 years, MBA, MS Finance, divorcee issue-less USA Green Card holder daughter working USA Fortune 500 Company in New York upstate. Please contact us at: ajsw399@gmail.com or +1 913 602 9071 18-21

39 ਸਾਲਾ 5'2.5" ਅੰਮ੍ਰਿਤਧਾਰੀ ਪੋਸਟ ਗ੍ਰੈਜੂਏਟ ਅਮਰੀਕਾ ਵਿਚ ਗਰੀਨ ਕਾਰਡ ਹੋਲਡਰ ਤਲਾਕਸ਼ੁਦਾ ਲੜਕੀ ਲਈ 35 ਸਾਲ ਜਾਂ ਵੱਧ ਉਮਰ ਦੇ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਅਮਰੀਕਾ/ਕੈਨੇਡਾ ਨੂੰ ਪਹਿਲ। ਆਪਣਾ ਬਾਇਓਡਾਟਾ kaurgurvinder1965@yahoo.com 'ਤੇ ਭੇਜੋ। ਚਾਹਵਾਨ 734 968 1195 'ਤੇ ਛੇ ਵਜੇ ਤੋਂ ਸ਼ਾਮ 10 ਵਜੇ (*E.T.*) ਤੱਕ ਸੰਪਰਕ ਕਰ ਸਕਦੇ ਹਨ। 18-21

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

## ਲੜਕੀ ਦੀ ਲੋੜ ਹੈ

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060 23-26

Khatri Sikh family looking for USA or Canadian citizen match for their 49, 5'10" divorced son. Now in USA, having training Hotel Management and has worked for Chef in Canada for 4 years, Family owns Hotel , Banquet, Bar & Restaurant in Wisconsin. Contact us at: 5152083861 23-26

Sikh Kamboj family, looking for a suitable match for their Oct 73, 5' 8" well educated, Electronics Engineer son working as a Director in the IT field. USA Citizen based in Bay Area, CA. Divorcee (issue less). Contact us at: +1 (510) 806-7385 21-24

**ਸੈਣੀ ਸਿੱਖ 37, 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 319-670-8892** 21-24

Jatt Sikh Canadian Parents Looking for a suitable match for their 45, 5'10" divorced son. For more information please contact us at po55ible@yahoo.com or 647-474-5473 20-23

Sikh Ramgarhia family looking for a simple Punjabi Girl in USA or Canada for their 36 years, 5' 10" son. Working as a professional CDL driver in Canada. Please contact us at: Hunjan.Inders@gmail.com

Sikh Kamboj family looking for Well educated girl for their B.Com, 29, 5'10" son, well settled (2 stores), Own home in Arkansas. Mom, dad & brother live in India. Contact us at: 417-846-3741


***ਸਿੱਖ ਕੰਬੋਜ 29 ਸਾਲਾ 5'10", ਅਮਰੀਕਾ ਵਿਚ ਵਧੀਆ ਸਥਾਪਿਤ, ਆਪਣਾ ਬਿਜ਼ਨਸ ਕਰਦੇ ਬੀ. ਕਾਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਇੰਡੀਆ ਵਿਚ ਹੈ। ਚਾਹਵਾਨ*** 417-846-3741 ***'ਤੇ ਸੰਪਰਕ ਕਰ ਸਕਦੇ ਹਨ।***
apr16- may16

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

LAW OFFICES OF
VIVEK MALIK

Follow us on :

ACCOMPLISHED
IMMIGRATION Attorneys
help FAMILIES
REUNITE in the



UNITED STATES



Our Global & Nationwide Services
in the field of
U.S. Immigration & Nationality Law

Come talk to an experienced immigration attorney

Toll Free No.
866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Business Immigration & Worksite Compliance
ਬਿੱਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ

Naturalization & Citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵੇਰਸ

Languages SPOKEN Punjabi | Hindi | Urdu | Spanish & English

ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 608-886-2500

41-48

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com

ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ




ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।

**ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:**

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

**ਸਿਖਲਾਈ ਦੀਆਂ ਸੱਤ ਸਟੇਜਾਂ:**

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

**ਲੋੜੀਂਦੇ ਦਸਤਾਵੇਜ਼:**

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

**ਤਿੰਨ ਸਿਖਲਾਈ ਪ੍ਰੋਗਰਾਮ:**

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

*ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।*

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਧੂ ਮੂਸੇਵਾਲਾ ਨੂੰ ਨਮ ਅੱਖਾਂ ਨਾਲ ਅੰਤਮ ਵਿਦਾਈ



**ਮਾਨਸਾ:** ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇਵਾਲੇ ਦਾ ਅੰਤਿਮ ਸੰਸਕਾਰ ਪਿੰਡ ਮੂਸਾ ਵਿਖੇ ਕਰ ਦਿੱਤਾ ਗਿਆ ਹੈ। ਇਸ ਵੇਲੇ ਹਜ਼ਾਰਾਂ ਸੇਜਲ ਅੱਖਾਂ ਨਾਲ ਉਨ੍ਹਾਂ ਨੂੰ ਵਿਦਾਇਗੀ ਦਿੱਤੀ ਗਈ ਹੈ। ਪੰਜਾਬ, ਹਰਿਆਣਾ, ਰਾਜਸਥਾਨ ਤੋਂ ਵੱਡੀ ਗਿਣਤੀ ਵਿਚ ਲੋਕ ਪੁੱਜੇ ਹੋਏ ਸਨ।

ਇਸ ਮੌਕੇ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਪੁੱਤ ਦੇ ਸਿਰ ਉਤੇ ਆਖਰੀ ਵਾਰ ਜੂੜਾ ਕੀਤਾ ਅਤੇ ਪਿਤਾ ਬਲਕੌਰ ਸਿੰਘ ਵੱਲੋਂ ਆਪਣੇ ਪੁੱਤਰ ਦੇ ਸਿਰ ਉਤੇ ਨਾਬੀ ਰੰਗ ਦੀ ਪੱਗ ਨੂੰ ਅੰਤਿਮ ਵਿਦਾਇਗੀ ਵੇਲੇ ਸਜਾਇਆ ਗਿਆ। ਸਿੱਧੂ ਮੂਸੇਵਾਲਾ ਦੇ ਪਿਤਾ ਨੇ ਲੋਕਾਂ ਦੀ ਜੁੜੀ ਵੱਡੀ ਭੀੜ ਦਾ ਆਪਣੇ ਸਿਰ ਤੋਂ ਪੱਗ ਲਾਹ ਕੇ ਧੰਨਵਾਦ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਰਾਜਸੀ ਨੇਤਾ ਜੁੜੇ ਹੋਏ ਸਨ। ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇ ਵਾਲੇ ਦੇ ਅੰਤਿਮ ਦਰਸ਼ਨਾਂ ਲਈ ਵੱਡੇ ਪੱਧਰ ਉਤੇ ਲੋਕਾਂ ਦਾ ਇਕੱਠ ਜੁੜਿਆ। ਲੋਕ ਅੱਧੀ ਰਾਤ ਤੋਂ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ ਤੋਂ ਪੁੱਜੇ। ਦੇਹ ਨੂੰ ਸਸਕਾਰ ਲਈ ਸਿੱਧੂ ਮੂਸੇਵਾਲਾ ਦੇ ਮਨਪਸੰਦ ਟਰੈਕਟਰ 5911 ਉਤੇ ਲਿਜਾਇਆ ਗਿਆ। ਸਸਕਾਰ ਪਿੰਡ ਮੂਸਾ ਦੀ ਸ਼ਮਸ਼ਾਨ ਭੂਮੀ ਵਿੱਚ ਕਰਨ ਦੀ ਥਾਂ, ਸਗੋਂ ਉਸ ਦੇ ਆਪਣੇ ਖੇਤਾਂ ਵਿਚ ਕੀਤਾ ਗਿਆ। ਉਸ ਦੀ ਮਾਂ ਚਰਨ ਕੌਰ ਸਮੇਤ ਹੋਰਨਾਂ ਰਿਸ਼ਤੇਦਾਰਾਂ ਦਾ ਵਿਰਲਾਪ ਝੱਲਿਆ ਨਹੀਂ ਜਾ ਰਿਹਾ ਸੀ। ਲੋਕਾਂ ਵੱਲੋਂ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

## ਸੁਰੱਖਿਆ ਵਾਪਸੀ: ਪੰਜਾਬ ਸਰਕਾਰ ਦੀ ਖਿਚਾਈ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਨੇ ਸਿੱਧੂ ਮੂਸੇਵਾਲਾ ਦੇ ਕਤਲ ਦੀ ਘਟਨਾ ਮਗਰੋਂ ਸੁਰੱਖਿਆ ਵਾਪਸ ਲੈਣ ਦੇ ਮੁੱਦੇ 'ਤੇ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਰਿਪੋਰਟ ਮੰਗੀ ਹੈ। ਕਾਂਗਰਸੀ ਸਿਆਸਤਦਾਨ ਅਤੇ ਗਾਇਕ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਘਟਾਉਣ ਅਤੇ ਹੱਤਿਆ ਦਾ ਹਾਈ ਕੋਰਟ ਨੇ ਗੰਭੀਰ ਨੋਟਿਸ ਲਿਆ ਹੈ। ਹਾਈ ਕੋਰਟ ਨੇ ਕਿਹਾ ਹੈ ਕਿ ਉਨ੍ਹਾਂ ਹਸਤੀਆਂ ਬਾਰੇ ਰਿਪੋਰਟ ਪੇਸ਼ ਕੀਤੀ ਜਾਵੇ ਜਿਨ੍ਹਾਂ ਦੀ ਸੁਰੱਖਿਆ ਘਟਾਈ ਜਾਂ ਫਿਰ ਵਾਪਸ ਲਈ ਗਈ ਹੈ। ਸੁਰੱਖਿਆ ਕਿਸ ਆਧਾਰ 'ਤੇ ਵਾਪਸ ਲਈ ਗਈ, ਉਸ ਬਾਰੇ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਹੈ। ਸਾਬਕਾ ਉਪ ਮੁੱਖ ਮੰਤਰੀ ਓਪੀ ਸੋਨੀ ਵੱਲੋਂ ਸੁਰੱਖਿਆ ਵਾਪਸੀ ਦੇ ਮੁੱਦੇ ਨੂੰ ਲੈ ਕੇ ਪਟੀਸ਼ਨ ਦਾਇਰ ਕੀਤੀ ਸੀ ਜਿਸ ਦਾ ਦਾਇਰਾ ਵਧਾ ਦਿੱਤਾ ਹੈ। ਅਦਾਲਤ ਨੇ ਕਿਹਾ ਹੈ ਕਿ ਕਿਸੇ ਦੀ ਸੁਰੱਖਿਆ ਵਧਾਉਣਾ ਜਾਂ ਘਟਾਉਣਾ ਸਰਕਾਰ ਦਾ ਵਿਸ਼ੇਸ਼ ਅਧਿਕਾਰ ਹੈ ਪਰ ਇਹ ਮਾਮਲਾ ਬਹੁਤ ਹੀ ਸੰਵੇਦਨਸ਼ੀਲ ਹੈ।

## ਦਿੱਲੀ ਦਾ ਸਿਹਤ ਮੰਤਰੀ ਗ੍ਰਿਫਤਾਰ

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਮਨੀ ਲਾਂਡਰਿੰਗ ਨਾਲ ਸਬੰਧਤ ਇਕ ਕੇਸ ਵਿਚ ਦਿੱਲੀ ਦੇ ਸਿਹਤ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਆਗੂ ਸਤੇਂਦਰ ਜੈਨ ਨੂੰ ਗ੍ਰਿਫਤਾਰ ਕੀਤਾ ਹੈ। ਉਧਰ, ਇਸ ਗ੍ਰਿਫਤਾਰੀ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਜੈਨ ਨੂੰ ਅੱਠ ਸਾਲ ਪੁਰਾਣੇ 'ਫਰਜ਼ੀ' ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਹੈ ਕਿਉਂਕਿ ਉਹ ਹਿਮਾਚਲ ਪ੍ਰਦੇਸ਼ ਵਿਚ ਵਿਧਾਨ ਸਭਾ ਚੋਣਾਂ ਲਈ 'ਆਪ' ਦੇ ਇੰਚਾਰਜ ਹਨ ਅਤੇ ਭਾਜਪਾ ਨੂੰ ਇਨ੍ਹਾਂ ਚੋਣਾਂ ਵਿਚ ਹਾਰ ਜਾਣ ਦਾ ਡਰ ਸਤਾ ਰਿਹਾ ਹੈ।

ਸਿਸੋਦੀਆ ਨੇ ਇਕ ਟਵੀਟ ਵਿਚ ਕਿਹਾ, "ਸਤੇਂਦਰ ਜੈਨ ਖਿਲਾਫ ਅੱਠ ਸਾਲ ਤੋਂ ਫਰਜ਼ੀ ਕੇਸ ਚੱਲ ਰਿਹਾ ਹੈ। ਈਡੀ ਉਸ ਨੂੰ ਹੁਣ ਤੱਕ ਕਈ ਵਾਰ ਬੁਲਾ ਚੁੱਕੀ ਹੈ। ਉਨ੍ਹਾਂ ਨੂੰ ਕੁਝ ਸਮੇਂ ਤੋਂ ਨਹੀਂ ਬੁਲਾਇਆ ਕਿਉਂਕਿ ਈਡੀ ਨੂੰ ਉਨ੍ਹਾਂ ਖਿਲਾਫ ਕੁਝ ਵੀ ਨਹੀਂ ਮਿਲਿਆ। ਹੁਣ ਇਹ ਫਿਰ ਸ਼ੁਰੂ ਹੋ ਗਿਆ ਹੈ ਕਿਉਂਕਿ ਉਹ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਇੰਚਾਰਜ ਹਨ। ਭਾਜਪਾ ਨੂੰ ਚੋਣਾਂ ਹਾਰਨ ਦਾ ਡਰ ਸਤਾ ਰਿਹਾ ਹੈ। ਇਸ ਲਈ ਹਿਮਾਚਲ ਜਾਣ ਤੋਂ ਰੋਕਣ ਲਈ ਉਨ੍ਹਾਂ ਦੀ ਗ੍ਰਿਫਤਾਰੀ ਕੀਤੀ ਗਈ ਹੈ।" ਸਿਸੋਦੀਆ ਨੇ ਕਿਹਾ, "ਉਹ ਜਲਦੀ ਹੀ ਰਿਹਾਅ ਹੋ ਜਾਣਗੇ ਕਿਉਂਕਿ ਉਨ੍ਹਾਂ ਦੀ ਫਰਜ਼ੀ ਕੇਸ ਵਿਚ ਗ੍ਰਿਫਤਾਰੀ ਹੋਈ ਹੈ। ਈਡੀ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਜੈਨ ਦੇ ਪਰਿਵਾਰ ਅਤੇ ਜੈਨ ਨਾਲ ਸਬੰਧਤ ਕੰਪਨੀਆਂ ਦੀ 4.81 ਕਰੋੜ ਰੁਪਏ ਦੀ ਜਾਇਦਾਦ ਨੂੰ ਉਨ੍ਹਾਂ ਖਿਲਾਫ ਮਨੀ ਲਾਂਡਰਿੰਗ ਕੇਸ ਦੀ ਜਾਂਚ ਤਹਿਤ ਅਸਥਾਈ ਤੌਰ 'ਤੇ ਕੁਰਕ ਕਰ ਲਿਆ ਗਿਆ ਹੈ।

## ਕਿਸਾਨ ਆਗੂ ਰਾਕੇਸ਼ ਟਿਕੈਤ 'ਤੇ ਸਿਆਹੀ ਸੁੱਟੀ

**ਬੰਗਲੂਰੂ:** ਇਥੇ ਗਾਂਧੀ ਭਵਨ ਵਿਚ ਕਿਸਾਨ ਜਥੇਬੰਦੀਆਂ ਵੱਲੋਂ ਕਰਵਾਏ ਸਮਾਗਮ ਦੌਰਾਨ ਕਿਸਾਨ ਆਗੂ ਰਾਕੇਸ਼ ਟਿਕੈਤ 'ਤੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਕਾਲੀ ਸਿਆਹੀ ਸੁੱਟੀ ਗਈ। ਇਸ ਘਟਨਾ ਤੋਂ ਫੌਰੀ ਮਗਰੋਂ ਸਮਾਗਮ ਦੇ ਪ੍ਰਬੰਧਕਾਂ ਤੇ ਸ਼ਰਾਰਤੀ ਅਨਸਰਾਂ ਵਿਚਾਲੇ ਝੜਪ ਹੋਈ। ਦੋਵਾਂ ਧਿਰਾਂ ਨੇ ਉਥੇ ਪਈਆਂ ਪਲਾਸਟਿਕ ਦੀਆਂ ਕੁਰਸੀਆਂ ਨਾਲ ਇਕ ਦੂਜੇ 'ਤੇ ਹਮਲਾ ਕੀਤਾ। ਸਥਾਨਕ ਪੁਲਿਸ ਨੇ ਤਿੰਨ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਕੇ ਪੁੱਛ-ਪੜਤਾਲ ਆਰੰਭ ਦਿੱਤੀ ਹੈ।

ਜਾਣਕਾਰੀ ਅਨੁਸਾਰ ਰਾਕੇਸ਼ ਟਿਕੈਤ 'ਕਿਸਾਨ ਅੰਦੋਲਨ, ਅੰਦਰਝਾਤ ਤੇ ਸਪੱਸ਼ਟੀਕਰਨ' ਵਿਸ਼ੇ 'ਤੇ ਰੱਖੀ ਪ੍ਰੈੱਸ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਇਥੇ ਆਏ ਸਨ। ਕਾਨਫਰੰਸ ਦਾ ਪ੍ਰਬੰਧ ਕਰਨਾਟਕ ਰਾਜ ਕਿਸਾਨ ਐਸੋਸੀਏਸ਼ਨ ਤੇ ਹਾਸੀਰੂ ਸੇਨੇ ਵੱਲੋਂ ਕੀਤਾ ਗਿਆ ਸੀ। ਕਾਨਫਰੰਸ ਦੌਰਾਨ ਰਾਕੇਸ਼ ਟਿਕੈਤ ਸਣੇ ਹੋਰ ਆਗੂ, ਕਿਸਾਨ ਆਗੂ ਕੋਡੀਹਾਲੀ ਚੰਦਰਸ਼ੇਖਰ 'ਤੇ ਲੱਗੇ ਦੋਸ਼ਾਂ ਬਾਬਤ ਸਫਾਈ ਦੇ ਰਹੇ ਸਨ। ਸਥਾਨਕ ਮੀਡੀਆ ਨੇ ਚੰਦਰਸ਼ੇਖਰ 'ਤੇ ਦੋਸ਼ ਲਾਇਆ ਸੀ ਕਿ ਕਿਸਾਨਾਂ ਵੱਲੋਂ ਕੀਤੇ ਜਾਣ ਵਾਲੇ ਧਰਨੇ ਪ੍ਰਦਰਸ਼ਨਾਂ ਨੂੰ ਰੋਕਣ ਲਈ ਉਸ ਵੱਲੋਂ ਕਥਿਤ ਵੱਢੀ ਨੂੰ ਲੈ ਕੇ ਵਿਚੋਲਗੀ ਕੀਤੀ ਜਾ ਰਹੀ ਸੀ। ਇਸ ਦੌਰਾਨ ਤਿੰਨ ਵਿਅਕਤੀ ਅਚਾਨਕ ਮੰਚ 'ਤੇ ਚੜ੍ਹੇ ਤੇ ਉਨ੍ਹਾਂ ਰਾਕੇਸ਼ ਟਿਕੈਤ 'ਤੇ ਕਾਲੀ ਸਿਆਹੀ ਸੁੱਟੀ।

## ਗੰਨ ਕਲਚਰ ਠੱਲ੍ਹਣ ਲਈ ਬਿੱਲ ਲਿਆਂਦਾ

**ਟੋਰਾਂਟੋ:** ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਨੇ ਪਿਸਤੌਲਾਂ ਦੀ ਦਰਾਮਦ, ਖਰੀਦ ਜਾਂ ਵਿਕਰੀ ਨੂੰ ਸੀਮਤ ਕਰਨ ਲਈ ਸੰਸਦ 'ਚ ਬਿੱਲ ਪੇਸ਼ ਕੀਤਾ। ਟਰੂਡੋ ਨੇ ਕਿਹਾ, 'ਅਸੀਂ ਇਸ ਦੇਸ਼ ਵਿਚ ਪਿਸਤੌਲਾਂ ਦੀ ਗਿਣਤੀ ਨੂੰ ਸੀਮਤ ਕਰ ਰਹੇ ਹਾਂ।' ਇਸ ਕਾਨੂੰਨ ਨਾਲ ਨਿੱਜੀ ਮਾਲਕੀ ਵਾਲੀਆਂ ਪਿਸਤੌਲਾਂ ਦੀ ਵਧਦੀ ਗਿਣਤੀ ਉਤੇ ਰੋਕ ਲੱਗਣ ਦੀ ਉਮੀਦ ਹੈ। ਕੈਨੇਡਾ ਵਿਚ ਕਿਤੇ ਵੀ ਪਿਸਤੌਲ ਖਰੀਦਣਾ, ਵੇਚਣਾ, ਟ੍ਰਾਂਸਫਰ ਕਰਨਾ ਜਾਂ ਆਯਾਤ ਕਰਨਾ ਗੈਰ-ਕਾਨੂੰਨੀ ਹੋਵੇਗਾ।

## ਕੈਲੰਡਰ ਵਿਵਾਦ: ਜਥਾ ਪਾਕਿਸਤਾਨ ਭੇਜਣ ਦਾ ਪ੍ਰੋਗਰਾਮ ਰੱਦ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਵਿਵਾਦ ਦੇ ਚਲਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਇਸ ਵਾਰ ਵੀ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਨਹੀਂ ਭੇਜਿਆ ਜਾ ਰਿਹਾ ਹੈ। ਨਾਨਕਸ਼ਾਹੀ ਕੈਲੰਡਰ ਵਿਵਾਦ ਕਾਰਨ ਇਹ ਸ਼ਹੀਦੀ ਪੁਰਬ ਦੋ ਵੱਖ-ਵੱਖ ਤਰੀਕਾਂ 3 ਜੂਨ ਨੂੰ ਭਾਰਤ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਅਤੇ 16 ਜੂਨ ਨੂੰ ਪਾਕਿਸਤਾਨ ਵਿਚ ਪੀ.ਐਸ.ਜੀ.ਪੀ.ਸੀ. ਵੱਲੋਂ ਮਨਾਇਆ ਜਾ ਰਿਹਾ ਹੈ। ਪੀ.ਐਸ.ਜੀ.ਪੀ.ਸੀ. ਸ਼ੁਰੂ ਤੋਂ ਹੀ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦੇ ਰਹੀ ਹੈ ਅਤੇ ਉਸ ਮੁਤਾਬਕ ਹੀ ਗੁਰਪੁਰਬ ਅਤੇ ਹੋਰ ਦਿਹਾੜੇ ਮਨਾ ਰਹੀ ਹੈ ਜਦਕਿ ਸ਼੍ਰੋਮਣੀ ਕਮੇਟੀ ਵੱਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦਿੱਤੀ ਗਈ ਹੈ।

ਪਾਕਿਸਤਾਨ ਸਥਿਤ ਔਕਾਫ ਬੋਰਡ ਵੱਲੋਂ ਪਾਕਿਸਤਾਨ ਵਿਚ ਮਨਾਏ ਜਾਂਦੇ ਸ਼ਹੀਦੀ ਸਮਾਗਮ ਦੇ ਪ੍ਰੋਗਰਾਮ ਮੁਤਾਬਕ ਹੀ ਸਿੱਖ ਸ਼ਰਧਾਲੂਆਂ ਨੂੰ 16 ਜੂਨ ਵਾਸਤੇ ਵੀਜ਼ੇ ਦਿੱਤੇ ਜਾਣਗੇ ਜਦਕਿ ਸ਼੍ਰੋਮਣੀ ਕਮੇਟੀ ਇਹ ਸ਼ਹੀਦੀ ਪੁਰਬ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 3 ਜੂਨ ਨੂੰ ਮਨਾ ਰਹੀ ਹੈ ਅਤੇ ਇਸੇ ਮੁਤਾਬਕ ਜਥਾ ਭੇਜਣਾ ਚਾਹੁੰਦੀ ਹੈ।

## ਹਵਾਈ ਹਾਦਸਾ: ਯਾਤਰੀਆਂ ਦੀਆਂ ਲਾਸ਼ਾਂ ਬਰਾਮਦ

**ਕਾਠਮੰਡੂ:** ਨੇਪਾਲ ਵਿਚ ਹਾਦਸੇ ਦਾ ਸ਼ਿਕਾਰ ਹੋਏ ਤਾਰਾ ਏਅਰ ਦੇ ਜਹਾਜ਼ ਵਿਚ ਸਵਾਰ ਸਾਰੇ 22 ਵਿਅਕਤੀਆਂ ਦੀਆਂ ਲਾਸਾਂ ਬਰਾਮਦ ਕਰ ਲਈਆਂ ਗਈਆਂ ਹਨ। ਇਸ ਜਹਾਜ਼ ਵਿਚ ਚਾਰ ਭਾਰਤੀਆਂ ਸਮੇਤ ਕੁੱਲ 22 ਲੋਕ ਸਵਾਰ ਸਨ ਅਤੇ ਇਹ ਪੋਖਰਾ ਤੋਂ ਉਡਾਣ ਭਰਨ ਤੋਂ ਕੁਝ ਹੀ ਮਿੰਟਾਂ ਬਾਅਦ ਪਹਾੜੀ ਮੁਸਤਾਂਗ ਜ਼ਿਲ੍ਹੇ ਵਿਚ ਹਾਦਸਾਗ੍ਰਸਤ ਹੋ ਗਿਆ। ਨੇਪਾਲ ਫੌਜ ਦੇ ਬੁਲਾਰੇ ਬ੍ਰਿਗੇਡੀਅਰ ਨਾਰਾਇਣ ਸਿਲਵਾਲ ਨੇ ਟਵੀਟ ਕੀਤਾ, 'ਆਖਰੀ ਲਾਸ਼ ਵੀ ਬਰਾਮਦ ਕੀਤੀ ਗਈ ਹੈ।

## ਭਾਰਤ-ਬੰਗਲਾਦੇਸ਼ ਵਿਚਾਲੇ ਰੇਲ ਸੇਵਾ ਬਹਾਲ

**ਢਾਕਾ:** ਬੰਗਲਾਦੇਸ਼ ਅਤੇ ਭਾਰਤ ਦਰਮਿਆਨ ਰੇਲ ਸੇਵਾ ਮੁੜ ਸ਼ੁਰੂ ਹੋ ਗਈ ਹੈ। ਕਰੋਨਾ ਮਹਾਮਾਰੀ ਕਾਰਨ ਇਹ ਰੇਲ ਸੇਵਾ ਦੋ ਸਾਲ ਤੋਂ ਬੰਦ ਸੀ ਅਤੇ ਹੁਣ 'ਮੈਤਰੀ ਐਕਸਪ੍ਰੈੱਸ' ਅਤੇ 'ਬੰਧਨ ਐੱਕਸਪ੍ਰੈੱਸ' ਮੁੜ ਚੱਲ ਪਈਆਂ ਹਨ। ਇਹ ਜਾਣਕਾਰੀ ਬੰਗਲਾਦੇਸ਼ ਰੇਲਵੇ ਦੇ ਅਧਿਕਾਰੀਆਂ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਢਾਕਾ ਅਤੇ ਕੋਲਕਾਤਾ ਦਰਮਿਆਨ 'ਮੈਤਰੀ ਰੇਲ ਸੇਵਾ' ਢਾਕਾ ਛਾਉਣੀ ਸਟੇਸ਼ਨ ਤੋਂ ਬਹਾਲ ਹੋ ਗਈ।

## ਪੰਜਾਬ ਸਰਕਾਰ ਦੀਆਂ ਚੂਲਾਂ ਹਿੱਲੀਆਂ

*(ਪਹਿਲੇ ਸਫੇ ਦੀ ਬਾਕੀ)*

ਵਿਦੇਸ਼ੀ ਧਰਤੀ ਤੋਂ ਵਾਪਸ ਲਿਆਉਣ ਦੀ ਪ੍ਰਕਿਰਿਆ ਬਹੁਤ ਹੀ ਜ਼ਿਆਦਾ ਗੁੰਝਲਦਾਰ ਹੈ ਅਤੇ ਸਾਲਾਂ ਦਾ ਸਮਾਂ ਲੱਗ ਜਾਂਦਾ ਹੈ।

ਪੁਲਿਸ ਸੂਤਰਾਂ ਮੁਤਾਬਕ ਪੰਜਾਬ ਦੇ ਜਿਹੜੇ ਗੈਂਗਸਟਰ ਤਿਹਾੜ ਜੇਲ੍ਹ 'ਚ ਬੰਦ ਹਨ, ਉਨ੍ਹਾਂ ਦੇ ਵੀ ਗਤੀਵਿਧੀਆਂ ਵਿਚ ਸ਼ਾਮਲ ਹੋਣ ਦੇ ਤੱਥ ਹਨ। ਪੰਜਾਬ ਵਿਚ 'ਆਪ' ਸਰਕਾਰ ਦੇ ਗਠਨ ਤੋਂ ਬਾਅਦ ਕਬੱਡੀ ਖਿਡਾਰੀਆਂ ਸਮੇਤ ਹੋਰ ਕਈ ਕਤਲਾਂ ਦੀ ਯੋਜਨਾ ਵਿਦੇਸ਼ ਤੋਂ ਹੀ ਘੜੀ ਹੋਣ ਦੇ ਤੱਥ ਸਾਹਮਣੇ ਆ ਚੁੱਕੇ ਹਨ। ਪੰਜਾਬ ਪੁਲਿਸ ਦੇ ਇੰਟੈਲੀਜੈਂਸ ਵਿੰਗ ਦੇ ਦਫਤਰ 'ਤੇ ਰਾਕੇਟ ਲਾਂਚਰ ਨਾਲ ਹੋਏ ਹਮਲੇ ਪਿੱਛੇ ਵੀ ਪੁਲਿਸ ਨੇ ਕੈਨੇਡਾ 'ਚ ਬੈਠੇ ਗੈਂਗਸਟਰਾਂ ਦਾ ਹੱਥ ਹੋਣ ਦਾ ਦਾਅਵਾ ਕੀਤਾ ਸੀ। ਪੁਲਿਸ ਅਧਿਕਾਰੀਆਂ ਮੁਤਾਬਕ ਸੂਬੇ 'ਚ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਤਾਂ ਭਾਵੇਂ ਕਾਬੂ ਆ ਜਾਂਦੇ ਹਨ ਪਰ ਸਾਰੀ ਸਾਜ਼ਿਸ਼ ਘੜਨ ਵਾਲੇ ਗ੍ਰਿਫਤ 'ਚੋਂ ਬਾਹਰ ਰਹਿੰਦੇ ਹਨ।

ਪੰਜਾਬ ਵਿਚ ਵਿਦੇਸ਼ਾਂ ਤੋਂ ਗਤੀਵਿਧੀਆਂ ਚਲਾ ਰਹੇ ਗੈਂਗਸਟਰਾਂ ਨੂੰ ਕਾਬੂ ਕਰਨ ਲਈ ਰਾਜ ਸਰਕਾਰ ਪੂਰੀ ਤਰ੍ਹਾਂ ਕੇਂਦਰ ਸਰਕਾਰ 'ਤੇ ਨਿਰਭਰ ਹੈ। ਇਸ ਮਾਮਲੇ ਵਿਚ ਕੋਈ ਵੀ ਸਫਲਤਾ ਨਹੀਂ ਮਿਲ ਰਹੀ। ਸੂਤਰਾਂ ਮੁਤਾਬਕ ਪੁਲਿਸ ਅਧਿਕਾਰੀਆਂ ਵੱਲੋਂ ਸੂਬੇ ਦੇ ਗ੍ਰਹਿ ਵਿਭਾਗ ਰਾਹੀਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪੰਜਾਬ 'ਚ ਅਪਰਾਧਿਕ ਗਤੀਵਿਧੀਆਂ ਚਲਾ ਰਹੇ ਗੈਂਗਸਟਰਾਂ ਨੂੰ ਭਾਰਤ ਲਿਆਉਣ ਲਈ ਪੱਤਰ ਵਿਹਾਰ ਕਈ ਵਾਰੀ ਕੀਤਾ ਹੈ ਪਰ ਕੁਝ ਵੀ ਹੱਥ ਪੱਲੇ ਨਹੀਂ ਪਿਆ।

ਕਤਲ ਦੀ ਸਾਜ਼ਿਸ਼ ਤਿਹਾੜ ਜੇਲ੍ਹ 'ਚ ਰਚੀ ਹੋਣ ਦਾ ਸ਼ੱਕ: ਸਿੱਧੂ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਰਚੀ ਗਈ ਹੋਣ ਦਾ ਸ਼ੱਕ ਹੈ ਕਿਉਂਕਿ ਗਾਇਕ ਦੇ ਕਤਲ ਸਬੰਧੀ ਇਕ ਫੋਨ ਨੰਬਰ ਨੂੰ ਜੇਲ੍ਹ ਤੋਂ ਟਰੈਕ ਕਰ ਲਿਆ ਗਿਆ ਹੈ। ਕੁਝ ਦਿਨ ਪਹਿਲਾਂ ਦਿੱਲੀ ਪੁਲਿਸ ਨੇ ਸ਼ਾਹਰੁਖ ਨਾਂ ਦੇ ਇਕ ਅਪਰਾਧੀ ਨੂੰ ਗ੍ਰਿਫਤਾਰ ਕੀਤਾ ਸੀ। ਉਹ ਕੈਨੇਡਾ ਸਥਿਤ ਗੈਂਗਸਟਰ ਗੋਲਡੀ ਬਰਾੜ ਨਾਲ ਜੇਲ੍ਹ ਤੋਂ ਗੱਲਬਾਤ ਕਰਨ ਲਈ ਮੈਸੇਜਿੰਗ ਐਪ ਦੀ ਵਰਤੋਂ ਕਰਦਾ ਪਾਇਆ ਗਿਆ ਹੈ ਜਿਸ ਨੇ ਗਾਇਕ ਦੀ ਮੌਤ ਦੀ ਜ਼ਿੰਮੇਵਾਰੀ ਲਈ ਹੈ। ਗੋਲਡੀ ਬਰਾੜ ਲਾਰੈਂਸ ਬਿਸ਼ਨੋਈ ਗੈਂਗ ਦਾ ਮੈਂਬਰ ਹੈ। ਬਿਸ਼ਨੋਈ ਇਸ ਸਮੇਂ ਰਾਜਸਥਾਨ ਦੀ ਜੇਲ੍ਹ ਵਿਚ ਬੰਦ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸੰਯੁਕਤ ਕਿਸਾਨ ਮੋਰਚੇ ਦੇ ਮੁੜ ਏਕੇ ਲਈ ਚਾਰਾਜੋਈ

## ਕੇਂਦਰ ਸਰਕਾਰ ਖਿਲਾਫ ਮੁੜ ਸੰਘਰਸ਼ ਖੜ੍ਹਾ ਕਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਲੜਨ ਵਾਲੇ ਸੰਯੁਕਤ ਸਮਾਜ ਮੋਰਚੇ ਵਿਚ ਸ਼ਾਮਲ ਬਲਵੀਰ ਸਿੰਘ ਰਾਜੇਵਾਲ ਦੀ ਜਥੇਬੰਦੀ ਸਮੇਤ ਪੰਜਾਬ ਦੀਆਂ ਪੰਜ ਕਿਸਾਨ ਜਥੇਬੰਦੀਆਂ ਨੂੰ ਛੱਡ ਕੇ ਸੰਯੁਕਤ ਕਿਸਾਨ ਮੋਰਚੇ ਤੋਂ ਮੁਅੱਤਲ ਕੀਤੀਆਂ ਬਾਕੀ ਗਿਆਰਾਂ ਕਿਸਾਨ ਜਥੇਬੰਦੀਆਂ ਨਾਲ ਸੰਯੁਕਤ ਕਿਸਾਨ ਮੋਰਚੇ ਦੀ ਏਕਤਾ ਦੇ ਆਸਾਰ ਬਣ ਗਏ ਹਨ।



ਸੰਯੁਕਤ ਕਿਸਾਨ ਮੋਰਚੇ ਦੀ ਕੌਮੀ ਸੰਚਾਲਨ ਕਮੇਟੀ ਦੇ ਆਗੂ ਰਾਕੇਸ਼ ਟਿਕੈਤ, ਯੋਗੇਂਦਰ ਯਾਦਵ, ਸ਼ਿਵ ਕੁਮਾਰ ਕੱਕਾ, ਡਾ. ਦਰਸ਼ਨ ਪਾਲ ਅਤੇ ਜੋਗਿੰਦਰ ਸਿੰਘ ਉਗਰਾਹਾਂ ਨੇ ਪਹਿਲਾਂ ਲੁਧਿਆਣਾ ਵਿਚ 22 ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਮੀਟਿੰਗ ਕੀਤੀ ਸੀ ਅਤੇ ਫਿਰ ਮੁੱਲਾਂਪੁਰ ਵਿਚ 11 ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਵਿਚਾਰ-ਚਰਚਾ ਕਰਨ ਮਗਰੋਂ ਜਲਦੀ ਏਕਤਾ ਦੀ ਆਸ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਬਕਾਇਆ ਮਸਲਿਆਂ ਦੇ ਪੰਜ ਨੁਕਾਤੀ ਪ੍ਰੋਗਰਾਮ ਅਨੁਸਾਰ 8 ਜੂਨ ਨੂੰ ਹੋਣ ਵਾਲੀ ਮੀਟਿੰਗ ਵਿਚ ਦੇਸ ਵਿਆਪੀ ਸੰਘਰਸ਼ ਵਿੱਢਣ ਲਈ ਰੂਪ-ਰੇਖਾ ਉਲੀਕੀ ਜਾਵੇਗੀ।

ਮੁੱਲਾਂਪੁਰ ਮੀਟਿੰਗ ਵਿਚ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ, ਮਨਜੀਤ ਸਿੰਘ ਧਨੇਰ, ਰੁਲਦੂ ਸਿੰਘ ਮਾਨਸਾ, ਹਰਮੀਤ ਸਿੰਘ ਕਾਦੀਆਂ, ਫਰਮਾਨ ਸਿੰਘ ਸੰਧੂ, ਜਮਹੂਰੀ ਕਿਸਾਨ ਸਭਾ ਦੇ ਰਘਵੀਰ ਸਿੰਘ, ਕਿਰਨਜੀਤ ਸਿੰਘ ਸੇਖੋਂ, ਕਿਰਤੀ ਕਿਸਾਨ ਯੂਨੀਅਨ ਦੇ ਨਿਰਭੈ ਸਿੰਘ ਢੁੱਡੀਕੇ, ਮਨਜੀਤ ਸਿੰਘ ਰਾਏ ਅਤੇ ਜਗਮੋਹਨ ਸਿੰਘ ਪਟਿਆਲਾ ਸਮੇਤ ਕਈ ਹੋਰ ਆਗੂ ਸ਼ਾਮਲ ਹੋਏ ਸਨ।

ਸ਼ਿਵ ਕੁਮਾਰ ਕੱਕਾ, ਰਾਕੇਸ਼ ਟਿਕੈਤ ਅਤੇ ਜੋਗਿੰਦਰ ਸਿੰਘ ਉਗਰਾਹਾਂ ਨੇ ਸਪਸ਼ਟ ਕੀਤਾ ਕਿ ਜਿਹੜੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਚੋਣਾਂ ਲੜੀਆਂ ਜਾਂ ਚੋਣਾਂ ਲੜਨ ਦੀ ਹਮਾਇਤ ਕੀਤੀ ਸੀ ਪਰ ਭਵਿੱਖ ਵਿਚ ਅਜਿਹਾ ਕਰਨ ਤੋਂ ਕਿਨਾਰਾ ਕਰ ਲਿਆ ਹੈ, ਉਨ੍ਹਾਂ ਜਥੇਬੰਦੀਆਂ ਨੂੰ ਕਿਸਾਨ ਮੋਰਚੇ ਦਾ ਹਿੱਸਾ ਬਣਾਉਣ ਲਈ ਜਲਦੀ ਫੈਸਲਾ ਲਿਆ ਜਾਵੇਗਾ। ਡਾ. ਦਰਸ਼ਨ ਪਾਲ ਅਤੇ ਯੋਗੇਂਦਰ ਯਾਦਵ ਜਰੂਰੀ ਰੁਝੇਵਿਆਂ ਕਾਰਨ ਮੀਟਿੰਗ ਖਤਮ ਹੋਣ ਤੋਂ ਪਹਿਲਾਂ ਹੀ ਚਲੇ ਗਏ ਪਰ ਇਕ ਸਵਾਲ ਦੇ ਜਵਾਬ ਵਿਚ ਯੋਗੇਂਦਰ ਨੇ ਕਿਹਾ ਕਿ ਵਿੱਛੜਿਆਂ ਪਰਿਵਾਰ ਮੁੜ ਜਲਦੀ ਇਕਜੁੱਟ ਹੋ ਕੇ ਦੇਸ਼ਵਿਆਪੀ ਸੰਘਰਸ਼ ਵਿੱਢਿਆ ਜਾਵੇਗਾ। ਟਿਕੈਤ ਅਤੇ ਉਗਰਾਹਾਂ ਨੇ ਕਿਹਾ ਕਿ 8 ਜੂਨ ਨੂੰ ਦਿੱਲੀ ਵਿਚ ਹੋਣ ਵਾਲੀ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਵਿਚ ਕੌਮੀ ਪੱਧਰ ਦੇ ਕਿਸਾਨ ਮਸਲਿਆਂ ਦੇ ਪੰਜ ਨੁਕਾਤੀ ਪ੍ਰੋਗਰਾਮ ਨੂੰ ਮੁੱਖ ਰੱਖਦਿਆਂ ਸੰਘਰਸ਼ ਦੀ ਰੂਪ-ਰੇਖਾ ਉਲੀਕੀ ਜਾਵੇਗੀ। ਉਨ੍ਹਾਂ ਕਿਹਾ ਕਿ ਮੋਰਚੇ ਵਿਚੋਂ ਮੁਅੱਤਲ ਕਿਸਾਨ ਜਥੇਬੰਦੀਆਂ ਦੇ ਆਗੂ ਵੀ ਇਸ ਮੀਟਿੰਗ ਵਿਚ ਭਾਗ ਲੈ ਸਕਦੇ ਹਨ।

ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਬਾਰੇ ਭਾਵੇਂ ਕੁਝ ਨਹੀਂ ਕਿਹਾ ਗਿਆ ਪਰ ਸੂਤਰਾਂ ਅਨੁਸਾਰ ਉਨ੍ਹਾਂ ਦੇ ਸੰਯੁਕਤ ਕਿਸਾਨ ਮੋਰਚੇ ਵਿਚ ਬਣੇ ਰਹਿਣ ਦੇ ਆਸਾਰ ਘੱਟ ਹੀ ਦਿਖਾਈ ਦੇ ਰਹੇ ਹਨ। ਇਕ ਸਵਾਲ ਦੇ ਜਵਾਬ ਵਿਚ ਉਗਰਾਹਾਂ ਨੇ ਕਿਸਾਨ ਮੋਰਚੇ ਦੌਰਾਨ ਇਕੱਤਰ ਹੋਏ ਫੰਡ ਬਾਰੇ ਸਪੱਸ਼ਟ ਕੀਤਾ ਕਿ ਸਿੰਘੂ ਬਾਰਡਰ ਉੱਪਰ ਇਕੱਤਰ ਹੋਏ ਫੰਡ ਦਾ ਹਿਸਾਬ-ਕਿਤਾਬ ਆਡਿਟ ਕਮੇਟੀ ਕੋਲ ਹੈ ਅਤੇ ਉਹ ਫੰਡ ਸੰਯੁਕਤ ਕਿਸਾਨ ਮੋਰਚੇ ਦੀ ਅਮਾਨਤ ਹੈ।

### ਗੰਨਾ ਕਾਸ਼ਤਕਾਰਾਂ ਦੇ ਮਸਲੇ ਹੱਲ ਕਰਾਂਗੇ: ਚੀਮਾ

**ਜਲੰਧਰ:** ਪੰਜਾਬ ਦੇ ਸਹਿਕਾਰਤਾ ਅਤੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਥੇ 16 ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਅਹਿਮ ਵਿਚਾਰਾਂ ਕਰਦਿਆਂ ਕਿਹਾ ਕਿ ਗੰਨਾ ਕਾਸ਼ਤਕਾਰਾਂ ਦੇ ਮਸਲਿਆਂ ਨੂੰ ਨਿਬੇੜਨ ਲਈ ਸੂਬਾ ਸਰਕਾਰ ਪੂਰੇ ਸੁਹਿਰਦ ਯਤਨ ਕਰ ਰਹੀ ਹੈ। ਸਥਾਨਕ ਸਰਕਟ ਹਾਊਸ 'ਚ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਵਿਸਥਾਰ ਵਿਚ ਗੰਨਾ ਕਾਸ਼ਤਕਾਰਾਂ ਦੇ ਮਸਲਿਆਂ ਬਾਬਤ ਗੱਲਬਾਤ ਕਰਨ ਉਪਰੰਤ ਸਹਿਕਾਰਤਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਇਨ੍ਹਾਂ ਕਾਸ਼ਤਕਾਰਾਂ ਦੇ ਸਹਿਕਾਰੀ ਅਤੇ ਨਿੱਜੀ ਖੰਡ ਮਿੱਲਾਂ ਵੱਲ ਖੜ੍ਹੇ ਬਕਾਏ ਵੀ ਜਲਦ ਤੋਂ ਜਲਦ ਦਿਵਾਉਣ ਲਈ ਉਪਰਾਲੇ ਕਰ ਰਹੀ ਹੈ।

### ਕਿਸਾਨਾਂ ਦੀ ਮਜ਼ਬੂਤੀ ਲਈ ਸਭ ਕੁਝ ਕਰਾਂਗੇ: ਮੋਦੀ

**ਰਾਜਕੋਟ:** ਗਾਂਧੀਨਗਰ ਵਿਚ ਸਹਿਕਾਰਤਾ ਬਾਰੇ ਇਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕੋਵਿਡ ਮਹਾਂਮਾਰੀ ਤੇ ਯੂਕਰੇਨ ਵਿਚ ਯੁੱਧ ਕਾਰਨ ਖਾਦਾਂ ਦੀਆਂ ਕੀਮਤਾਂ 'ਚ ਵਾਧਾ ਹੋਇਆ ਹੈ, ਪਰ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਦੇਸ 'ਚ ਕਿਸਾਨਾਂ ਨੂੰ ਯੂਰੀਆ ਤੇ ਹੋਰ ਸਮੱਗਰੀ ਦੀ ਕਮੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਅਸੀਂ ਉਹ ਸਭ ਕੁਝ ਕਰਾਂਗੇ ਜੋ ਕਿਸਾਨਾਂ ਨੂੰ ਮਜ਼ਬੂਤ ਕਰਨ ਲਈ ਕੀਤਾ ਜਾਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ 50 ਕਿੱਲੋ ਦੇ ਆਯਾਤ ਕੀਤੇ ਯੂਰੀਆ ਦੇ ਥੈਲੇ ਦੀ ਕੀਮਤ 3500 ਰੁਪਏ ਹੈ, ਇਹ ਕਿਸਾਨਾਂ ਨੂੰ 300 ਰੁਪਏ ਵਿਚ ਦਿੱਤੀ ਜਾਂਦੀ ਹੈ।

# ਓਮ ਪ੍ਰਕਾਸ਼ ਚੌਟਾਲਾ ਨੂੰ ਚਾਰ ਸਾਲ ਦੀ ਕੈਦ ਅਤੇ 50 ਲੱਖ ਜੁਰਮਾਨਾ



**ਚੰਡੀਗੜ੍ਹ:** ਦਿੱਲੀ ਦੀ ਅਦਾਲਤ ਨੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਤੇ ਇਨੈਲੋ ਮੁਖੀ ਓਮ ਪ੍ਰਕਾਸ਼ ਚੌਟਾਲਾ ਨੂੰ ਆਮਦਨ ਦੇ ਵਸੀਲਿਆਂ ਤੋਂ ਵੱਧ ਜਾਇਦਾਦ ਬਣਾਉਣ ਨਾਲ ਸਬੰਧਤ ਕੇਸ ਵਿਚ ਚਾਰ ਸਾਲ ਕੈਦ ਦੀ ਸਜਾ ਸੁਣਾਈ ਹੈ। ਵਿਸ਼ੇਸ਼ ਜੱਜ ਵਿਕਾਸ ਢੱਲ ਨੇ ਚੌਟਾਲਾ ਨੂੰ 50 ਲੱਖ ਰੁਪਏ ਦਾ ਜੁਰਮਾਨਾ ਵੀ ਕੀਤਾ ਹੈ। ਜੁਰਮਾਨਾ ਨਾ ਭਰਨ ਦੀ ਸੂਰਤ ਵਿਚ ਚੌਟਾਲਾ ਨੂੰ ਛੇ ਮਹੀਨੇ ਹੋਰ ਕੈਦ ਕੱਟਣੀ ਪਵੇਗੀ।

ਅਦਾਲਤ ਦੇ ਫੈਸਲੇ ਮਗਰੋਂ ਚੌਟਾਲਾ ਨੂੰ ਮੌਕੇ 'ਤੇ ਹੀ ਹਿਰਾਸਤ ਵਿਚ ਲੈ ਲਿਆ ਗਿਆ। ਇਸ ਤੋਂ ਪਹਿਲਾਂ ਚੌਟਾਲਾ ਜੇ.ਬੀ.ਟੀ. ਭਰਤੀ ਮਾਮਲੇ 'ਚ 10 ਸਾਲ ਕੈਦ ਦੀ ਸਜਾ ਕੱਟ ਚੁੱਕੇ ਹਨ। ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਇਹ ਸਜਾ ਸੁਣਾਈ ਸੀ। ਸਾਬਕਾ ਮੁੱਖ ਮੰਤਰੀ 2 ਜੁਲਾਈ 2021 ਨੂੰ ਹੀ 10 ਸਾਲ ਕੈਦ ਦੀ ਸਜਾ ਪੂਰੀ ਕਰਕੇ ਤਿਹਾੜ ਜੇਲ੍ਹ 'ਚੋਂ ਰਿਹਾਅ ਹੋਏ ਸਨ। ਜ਼ਿਕਰਯੋਗ ਹੈ ਕਿ ਜਜਪਾ ਮੁਖੀ ਤੇ ਸਾਬਕਾ ਸੰਸਦ ਮੈਂਬਰ ਡਾ. ਅਜੈ ਸਿੰਘ ਚੌਟਾਲਾ ਅਤੇ ਏਲਨਾਬਾਦ ਤੋਂ ਵਿਧਾਇਕ ਅਭੈ ਸਿੰਘ ਚੌਟਾਲਾ ਖਿਲਾਫ ਵੀ ਆਮਦਨ ਦੇ ਵਸੀਲਿਆਂ ਤੋਂ ਵੱਧ ਜਾਇਦਾਦ ਬਣਾਉਣ ਨਾਲ ਸਬੰਧਤ ਕੇਸ ਚੱਲ ਰਿਹਾ ਹੈ। ਅਦਾਲਤ 'ਚ ਜੱਜ ਸਾਹਮਣੇ ਚੌਟਾਲਾ ਦੇ ਵਕੀਲਾਂ ਨੇ ਉਨ੍ਹਾਂ ਦੀ ਬਿਮਾਰੀ, ਸਰੀਰਕ ਅਸਮਰੱਥਾ ਤੇ ਉਮਰ ਦਾ ਹਵਾਲਾ ਦਿੰਦਿਆਂ ਘੱਟ ਤੋਂ ਘੱਟ ਸਜਾ ਦਿੱਤੇ ਜਾਣ ਦੀ ਮੰਗ ਕੀਤੀ ਜਦਕਿ ਸੀ.ਬੀ.ਆਈ. ਦੇ ਵਕੀਲ ਨੇ ਇਸ ਦਾ ਵਿਰੋਧ ਕੀਤਾ। ਵ੍ਹੀਲ ਚੇਅਰ 'ਤੇ ਪਹੁੰਚੇ ਚੌਟਾਲਾ ਨੇ ਵੀ ਆਪਣੀ ਉਮਰ, ਸਰੀਰਕ ਹਾਲਤ ਤੇ ਜਾਂਚ 'ਚ ਕੀਤੇ ਸਹਿਯੋਗ ਦਾ ਹਵਾਲਾ ਦਿੰਦਿਆਂ ਅਦਾਲਤ ਨੂੰ ਨਰਮੀ ਵਰਤਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, 'ਜੇਲ੍ਹ 'ਚ ਰਹਿੰਦਿਆਂ ਹੀ ਮੈਂ 10ਵੀਂ ਤੇ 12ਵੀਂ ਦੀ ਪ੍ਰੀਖਿਆ ਪਾਸ ਕੀਤੀ। ਮੇਰੀ ਅਪਾਹਜਤਾ 90 ਫੀਸਦ ਤੱਕ ਪਹੁੰਚ ਗਈ ਹੈ।' ਪੁੱਛੇ ਜਾਣ 'ਤੇ ਅਦਾਲਤ ਨੂੰ ਦੱਸਿਆ ਗਿਆ ਕਿ ਚੌਟਾਲਾ ਕੋਲ 60 ਫੀਸਦ ਅਪਾਹਜ ਹੋਣ ਦਾ ਸਰਟੀਫਿਕੇਟ ਹੈ।

## 'ਆਪ' ਸਰਕਾਰ ਦਾ ਪਲੇਠਾ ਬਜਟ ਹੋਵੇਗਾ ਕਾਗਜ਼ ਰਹਿਤ

**ਚੰਡੀਗੜ੍ਹ:** ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦਾ ਪਲੇਠਾ ਬਜਟ 2022-23, ਜੋ ਅਗਲੇ ਮਹੀਨੇ ਸ਼ੁਰੂ ਹੋ ਰਿਹਾ ਹੈ, ਪੂਰੀ ਤਰ੍ਹਾਂ ਕਾਗਜ਼ ਮੁਕਤ ਹੋਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰ ਕੇ ਐਲਾਨ ਕੀਤਾ ਹੈ ਕਿ 'ਆਪ' ਸਰਕਾਰ ਵੱਲੋਂ ਇਸ ਵਾਰ ਦਾ ਬਜਟ ਕਾਗਜ਼ ਰਹਿਤ ਜਾਰੀ ਕੀਤਾ ਜਾਵੇਗਾ, ਜੋ ਈ-ਗਵਰਨੈਂਸ ਵੱਲ ਇਕ ਹੋਰ ਕਦਮ ਹੈ। ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਦੇ ਇਸ ਫੈਸਲੇ ਨਾਲ ਸਰਕਾਰੀ ਖ਼ਜ਼ਾਨੇ ਵਿਚੋਂ 21 ਲੱਖ ਰੁਪਏ ਸਾਲਾਨਾ ਬਚਣਗੇ। ਮੁੱਖ ਮੰਤਰੀ ਨੇ ਕਿਹਾ ਕਿ ਇਸ ਡਿਜ਼ੀਟਲ ਬਜਟ ਨਾਲ ਕਰੀਬ 34 ਟਨ ਕਾਗਜ਼ ਵੀ ਬਚੇਗਾ, ਜਿਸ ਦਾ ਮਤਲਬ ਹੈ ਕਿ 814 ਤੋਂ 834 ਦਰਖਤ ਬਚਣਗੇ। ਜਾਣਕਾਰੀ ਮੁਤਾਬਕ ਇਸ ਵਾਰ ਬਜਟ ਸੈਸ਼ਨ 10 ਜੂਨ ਤੋਂ ਸ਼ੁਰੂ ਹੋ ਸਕਦਾ ਹੈ, ਜਿਸ ਦੇ 21 ਜੂਨ ਤੱਕ ਚੱਲਣ ਦੀ ਸੰਭਾਵਨਾ ਹੈ। 'ਆਪ' ਸਰਕਾਰ ਬਜਟ ਸੈਸ਼ਨ ਵਿਚ ਵੀ 'ਬਦਲਾਅ' ਦਾ ਸੁਨੇਹਾ ਦੇਣਾ ਚਾਹੁੰਦੀ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਅਗਲੇ ਛੇ ਮਹੀਨਿਆਂ ਵਿਚ ਵਿਧਾਨ ਸਭਾ ਦੀ ਪੂਰੀ ਕਾਰਵਾਈ ਨੂੰ ਕਾਗਜ਼ ਮੁਕਤ ਕਰਨ ਦਾ ਟੀਚਾ ਹੈ।

# ਸਰਕਾਰ ਵੱਲੋਂ ਪੰਜਾਬ ਵਿਚ ਖਣਨ ਮਾਫੀਏ ਦੇ ਸਫਾਏ ਦਾ ਦਾਅਵਾ

ਕੀਰਤਪੁਰ ਸਾਹਿਬ: ਖਣਨ ਤੇ ਭੂ ਵਿਗਿਆਨ ਮੰਤਰੀ ਹਰਜੋਤ ਸਿੰਘ ਬੈਂਸ ਨੇ ਆਖਿਆ ਕਿ ਪੰਜਾਬ ਵਿਚ ਪਿਛਲੇ ਸਾਲਾਂ ਦੌਰਾਨ ਰੋਜ਼ਾਨਾ ਸਿਰਫ 35 ਤੋਂ 40 ਹਜ਼ਾਰ ਮੀਟਰਿਕ ਟਨ ਹੀ ਸਰਕਾਰੀ ਖਣਨ ਹੁੰਦੀ ਸੀ, ਪਰ 'ਆਪ' ਸਰਕਾਰ ਦੇ ਆਉਣ ਮਗਰੋਂ ਇਸ ਸਾਲ ਇਹ ਅੰਕੜਾ ਇਕ ਲੱਖ ਮੀਟਰਿਕ ਟਨ ਨੂੰ ਪਾਰ ਕਰ ਚੁੱਕਿਆ ਹੈ। ਇਸ ਤਰ੍ਹਾਂ ਕਾਨੂੰਨੀ ਖਣਨ ਵਿਚ ਲਗਭਗ ਤਿੰਨ ਗੁਣਾਂ ਦਾ ਵਾਧਾ ਹੋਇਆ ਹੈ।



ਉਨ੍ਹਾਂ ਕਿਹਾ ਕਿ ਪੰਜਾਬ ਵਿਚ ਭਗਵੰਤ ਮਾਨ ਦੀ ਅਗਵਾਈ ਹੇਠ ਬਣੀ ਸਰਕਾਰ ਨੇ ਗੈਰਕਾਨੂੰਨੀ ਖਣਨ ਅਤੇ ਖਣਨ ਮਾਫੀਏ ਦਾ ਲਗਭਗ ਖਾਤਮਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਸਾਲ 27 ਮਈ ਤੱਕ 1,03,000 ਮੀਟਰਿਕ ਟਨ ਜਾਇਜ਼ ਖਣਨ ਹੋਈ ਹੈ। ਪਿਛਲੇ ਸਾਲ ਕਾਂਗਰਸ ਸਰਕਾਰ ਵੇਲੇ ਮਈ ਮਹੀਨੇ ਵਿਚ ਸਿਰਫ 8 ਲੱਖ ਮੀਟਰਿਕ ਟਨ ਕਾਨੂੰਨੀ ਖਣਨ ਹੋਈ ਸੀ, ਜਦਕਿ ਇਸ ਸਾਲ ਇਹ ਅੰਕੜਾ 18.50 ਲੱਖ ਮੀਟਰਿਕ ਟਨ ਨੂੰ ਪਾਰ ਕਰ ਚੁੱਕਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਪਿਛਲੇ ਸਾਲ 7 ਵਿਚੋਂ 6 ਬਲਾਕ ਚੱਲ ਰਹੇ ਸਨ, ਜਦਕਿ ਇਸ ਸਾਲ ਸਿਰਫ ਚਾਰ ਬਲਾਕ ਹੀ ਚੱਲ ਰਹੇ ਹਨ।

ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿਚ ਅੱਜ ਕੱਲ੍ਹ ਜਿੰਨੇ ਵੀ ਖਣਨ ਸਮੱਗਰੀ ਦੇ ਭਰੇ ਹੋਏ ਵਾਹਨ ਸੜਕਾਂ 'ਤੇ ਦੌੜਦੇ ਦਿਖਾਈ ਦਿੰਦੇ ਹਨ, ਉਨ੍ਹਾਂ ਸਾਰਿਆਂ ਕੋਲ ਕਾਨੂੰਨੀ ਦਸਤਾਵੇਜ਼ ਮੌਜੂਦ ਹੁੰਦੇ ਹਨ। ਇਸੇ ਦੌਰਾਨ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ 'ਸਾਡਾ ਐਮ.ਐਲ.ਏ. ਸਾਡੇ ਵਿਚ' ਮੁਹਿੰਮ ਤਹਿਤ ਭਰਤਗੜ੍ਹ ਤੇ ਸ੍ਰੀ ਕੀਰਤਪੁਰ ਸਾਹਿਬ ਇਲਾਕੇ ਦੇ ਪਿੰਡਾਂ ਦਾ ਦੌਰਾ ਕਰਦੇ ਹੋਏ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ।

# ਰਾਜ ਸਭਾ ਚੋਣ: 'ਆਪ' ਨੇ ਸੀਚੇਵਾਲ ਤੇ ਵਿਕਰਮਜੀਤ ਸਾਹਨੀ ਦੇ ਨਾਂ 'ਤੇ ਮੋਹਰ ਲਾਈ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਪੰਜਾਬ ਦੀਆਂ ਦੋ ਰਾਜ ਸਭਾ ਸੀਟਾਂ ਲਈ ਪਦਮਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਪਦਮਸ੍ਰੀ ਵਿਕਰਮਜੀਤ ਸਿੰਘ ਸਾਹਨੀ ਦੇ ਨਾਮ 'ਤੇ ਮੋਹਰ ਲਗਾ ਦਿੱਤੀ ਹੈ। ਚੋਣ ਕਮਿਸ਼ਨ ਵੱਲੋਂ ਪੰਜਾਬ ਰਾਜ ਸਭਾ ਮੈਂਬਰਾਂ ਦੇ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ 31 ਮਈ ਆਖਰੀ ਤਰੀਕ ਰੱਖੀ ਗਈ ਸੀ, ਜਦੋਂ ਕਿ ਵੋਟਿੰਗ 10 ਜੂਨ ਨੂੰ ਹੋਵੇਗੀ। ਇਹ ਦੋਵੇਂ ਸੀਟਾਂ ਕਾਂਗਰਸ ਦੀ ਅੰਬਿਕਾ ਸੋਨੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਬਲਵਿੰਦਰ ਸਿੰਘ ਭੂੰਦੜ ਦਾ ਕਾਰਜਕਾਲ ਖਤਮ ਹੋਣ 'ਤੇ ਖਾਲੀ ਹੋਈਆਂ ਸਨ।





ਪਦਮਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਜਨਮ ਜਲੰਧਰ ਦੇ ਕਿਸਾਨ ਪਰਿਵਾਰ ਵਿਚ ਹੋਇਆ। ਉਹ ਪਿਛਲੇ ਲੰਬੇ ਸਮੇਂ ਤੋਂ ਵਾਤਾਵਰਨ ਦੀ ਸਾਂਭ-ਸੰਭਾਲ ਲਈ ਕੰਮ ਕਰਦੇ ਆ ਰਹੇ ਹਨ। ਸੰਤ ਸੀਚੇਵਾਲ ਨੇ ਦਰਿਆਵਾਂ ਵਿਚਲੇ ਪਾਣੀ ਦੇ ਪ੍ਰਦੂਸ਼ਣ ਖਿਲਾਫ ਵਿੱਢੀ ਮੁਹਿੰਮ ਤਹਿਤ ਸਾਲ 2007 ਵਿਚ ਸੁਲਤਾਨਪੁਰ ਲੋਧੀ 'ਚ 160 ਕਿਲੋਮੀਟਰ ਲੰਬੀ ਕਾਲੀ ਵੇਈਂ ਨਦੀ ਦੀ ਸਫਾਈ ਕਰਵਾਈ ਸੀ। ਵਾਤਾਵਰਨ ਸੰਭਾਲ ਲਈ ਸ਼ੁਰੂ ਕੀਤੇ ਪ੍ਰੋਜੈਕਟਾਂ ਕਰਕੇ ਸੰਤ ਸੀਚੇਵਾਲ ਨੂੰ 'ਈਕੋ ਬਾਬਾ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਸਾਲ 2017 ਵਿਚ ਉਨ੍ਹਾਂ ਨੂੰ ਪਦਮਸ੍ਰੀ ਐਵਾਰਡ ਨਾਲ ਸਨਮਾਨਿਆ ਗਿਆ।

ਪੰਜਾਬੀ ਸੱਭਿਆਚਾਰ ਅਤੇ ਸਿੱਖਿਆ ਦੇ ਖੇਤਰ ਵਿਚ ਯੋਗਦਾਨ ਪਾਉਣ ਵਾਲੇ ਪਦਮਸ੍ਰੀ ਵਿਕਰਮਜੀਤ ਸਿੰਘ ਸਾਹਨੀ ਨੂੰ ਮੌਰੀਸ਼ਸ ਦੇ ਰਾਸ਼ਟਰਪਤੀ ਨੇ ਅੰਤਰਰਾਸ਼ਟਰੀ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਆ ਗਿਆ। ਉਹ ਵਿਸ਼ਵ ਪੰਜਾਬੀ ਸੰਗਠਨ ਦੇ ਕੌਮਾਂਤਰੀ ਪ੍ਰਧਾਨ ਰਹਿੰਦਿਆਂ 22 ਤੋਂ ਵੱਧ ਦੇਸ਼ਾਂ ਵਿਚ ਪੰਜਾਬ ਦੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਰਿਸ਼ਤਿਆਂ ਦੀ ਮਜ਼ਬੂਤੀ ਲਈ ਕੰਮ ਕਰਦੇ ਆ ਰਹੇ ਹਨ। ਉਨ੍ਹਾਂ ਅਫ਼ਗਾਨਿਸਤਾਨ ਦੇ 500 ਤੋਂ ਵੱਧ ਹਿੰਦੂਆਂ ਅਤੇ ਸਿੱਖਾਂ ਨੂੰ ਮੁੜ ਵਸਾਉਣ ਤੋਂ ਇਲਾਵਾ ਕਰੋਨਾ ਮਹਾਮਾਰੀ ਦੌਰਾਨ ਕਈ ਸਮਾਜ ਸੇਵੀ ਕੰਮਾਂ ਰਾਹੀਂ ਮਨੁੱਖਤਾ ਦੀ ਸੇਵਾ ਕੀਤੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੀਆਂ ਰਾਜ ਸਭਾ ਸੀਟਾਂ ਲਈ ਦੋਵੇਂ ਪਦਮਸ੍ਰੀ ਦਾ ਐਲਾਨ ਕੀਤੇ ਜਾਣ 'ਤੇ 'ਆਪ' ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦੋਵਾਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ 'ਆਪ' ਨੇ ਵਾਤਾਵਰਨ ਪ੍ਰੇਮੀ ਅਤੇ ਪੰਜਾਬੀ ਸੱਭਿਆਚਾਰ ਲਈ ਕੰਮ ਕਰਨ ਵਾਲੀਆਂ ਦੋ ਸ਼ਖਸੀਅਤਾਂ ਨੂੰ ਰਾਜ ਸਭਾ ਮੈਂਬਰ ਵਜੋਂ ਨਾਮਜ਼ਦ ਕੀਤਾ ਹੈ। ਇਸ ਦੌਰਾਨ ਹੀ ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਡਾ. ਸੰਦੀਪ ਪਾਠਕ ਨੇ ਵੀ ਦੋਵਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ 'ਆਪ' ਦੇ ਸਾਰੇ ਸੰਸਦ ਮੈਂਬਰ ਮਿਲ ਕੇ ਸੰਸਦ ਵਿਚ ਪੰਜਾਬ ਦੇ ਲੋਕਾਂ ਦੇ ਮਸਲੇ ਉਠਾਉਣਗੇ।

ਦੱਸਣਯੋਗ ਹੈ ਕਿ ਪੰਜਾਬ ਵਿਚ ਰਾਜ ਸਭਾ ਦੀਆਂ ਕੁੱਲ ਸੱਤ ਸੀਟਾਂ ਵਿਚੋਂ ਪੰਜ ਸੀਟਾਂ ਉੱਤੇ 'ਆਪ' ਉਮੀਦਵਾਰ ਜਿੱਤ ਚੁੱਕੇ ਹਨ। ਮਾਰਚ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਾਘਵ ਚੱਢਾ, ਡਾ. ਸੰਦੀਪ ਪਾਠਕ, ਕ੍ਰਿਕਟਰ ਹਰਭਜਨ ਸਿੰਘ, ਉਦਯੋਗਿਕ ਜਗਤ ਨਾਲ ਜੁੜੇ ਅਸ਼ੋਕ ਮਿੱਤਲ ਅਤੇ ਸੰਜੀਵ ਅਰੋੜਾ ਬਿਨਾਂ ਮੁਕਾਬਲਾ ਚੋਣ ਜਿੱਤ ਗਏ ਸਨ।

### ਨਵੇਂ ਮੈਂਬਰ ਪੰਜਾਬ ਦੇ ਹੱਕ 'ਚ ਖੜ੍ਹਨਗੇ: ਕੇਜਰੀਵਾਲ

**ਦਿੱਲੀ:** 'ਆਪ' ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਤੋਂ ਰਾਜ ਸਭਾ ਲਈ ਪਾਰਟੀ ਵੱਲੋਂ ਐਲਾਨੇ ਦੋਵੇਂ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਮੈਨੂੰ ਭਰੋਸਾ ਹੈ ਕਿ 'ਆਪ' ਦੇ ਉਮੀਦਵਾਰ ਆਪਣੇ ਚੰਗੇ ਤਜਰਬੇ ਤੇ ਗਿਆਨ ਦੀ ਵਰਤੋਂ ਕਰਕੇ ਰਾਜ ਸਭਾ 'ਚ ਪੰਜਾਬ ਦੇ ਆਮ ਲੋਕਾਂ ਦੀ ਆਵਾਜ਼ ਮਜ਼ਬੂਤੀ ਨਾਲ ਉਠਾਉਣਗੇ। 'ਆਪ' ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਡਾ. ਸੰਦੀਪ ਪਾਠਕ ਨੇ ਵੀ ਦੋਵਾਂ ਆਗੂਆਂ ਨੂੰ ਵਧਾਈ ਦਿੱਤੀ। ਰਾਘਵ ਚੱਢਾ ਨੇ ਕਿਹਾ ਇਕ ਵਾਤਾਵਰਨ ਪ੍ਰੇਮੀ ਦੇ ਰੂਪ 'ਚ ਉਨ੍ਹਾਂ ਦੀ ਵਿਸ਼ੇਸ਼ਤਾ ਅਤੇ ਗਿਆਨ ਸੰਸਦ ਲਈ ਇਕ ਸੰਪਤੀ ਹੋਵੇਗੀ।

# ਸਿਆਸੀ ਆਗੂਆਂ, ਜਥੇਦਾਰਾਂ ਤੇ ਅਫਸਰਾਂ ਦੀ ਸੁਰੱਖਿਆ ਛਤਰੀ ਛਾਂਗੀ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਸੂਬੇ ਦੇ ਸਿਆਸਤਦਾਨਾਂ, ਡੇਰੇਦਾਰਾਂ, ਸੇਵਾਮੁਕਤ ਸਿਵਲ ਅਤੇ ਪੁਲਿਸ ਅਫਸਰਾਂ ਸਮੇਤ ਤਖਤਾਂ ਦੇ ਜਥੇਦਾਰਾਂ ਦੀ ਸੁਰੱਖਿਆ 'ਚ ਵੱਡੀ ਕਟੌਤੀ ਕੀਤੀ ਹੈ। ਕਈ ਹਸਤੀਆਂ ਦੀ ਸੁਰੱਖਿਆ ਵਾਪਸ ਵੀ ਲੈ ਲਈ ਗਈ ਹੈ। ਸਰਕਾਰ ਦੇ ਨਿਰਦੇਸ਼ਾਂ 'ਤੇ ਪੁਲਿਸ ਵੱਲੋਂ 424 ਵਿਅਕਤੀਆਂ ਦੀ ਸੁਰੱਖਿਆ ਘਟਾਈ ਜਾਂ ਵਾਪਸ ਲਈ ਗਈ ਹੈ।

ਸੁਰੱਖਿਆ ਲਈ ਤਾਇਨਾਤ 500 ਤੋਂ ਵੱਧ ਪੁਲਿਸ ਕਰਮਚਾਰੀਆਂ ਨੂੰ ਪੁਲਿਸ ਦੀ ਡਿਊਟੀ 'ਤੇ ਹਾਜ਼ਰ ਹੋਣ ਦੇ ਨਿਰਦੇਸ਼ ਦਿੱਤੇ ਗਏ ਹਨ। ਵਧੀਕ ਡੀ.ਜੀ.ਪੀ. (ਸੁਰੱਖਿਆ) ਵੱਲੋਂ ਜਾਰੀ ਪੱਤਰ ਮੁਤਾਬਕ ਜਿਨ੍ਹਾਂ ਵਿਸ਼ੇਸ਼ ਵਿਅਕਤੀਆਂ ਦੀ ਸੁਰੱਖਿਆ 'ਚ ਤਾਇਨਾਤ ਪੁਲਿਸ ਮੁਲਾਜ਼ਮਾਂ ਨੂੰ ਵਾਪਸ ਸੱਦਿਆ ਗਿਆ ਹੈ, ਉਨ੍ਹਾਂ ਵਿਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਹੋਰ ਆਗੂ ਸ਼ਾਮਲ ਹਨ। ਡੇਰਾ ਰਾਧਾ ਸੁਆਮੀ ਬਿਆਸ ਦੀ ਸੁਰੱਖਿਆ 'ਚ ਤਾਇਨਾਤ 10 ਪੁਲਿਸ ਕਰਮਚਾਰੀ ਵਾਪਸ ਬੁਲਾ ਲਏ ਹਨ। ਦੁਆਬੇ ਦੇ ਮਸ਼ਹੂਰ ਡੇਰਾ ਬੱਲਾਂ, ਦਿਵਿਆ ਜੋਤੀ ਜਾਗਰਣ ਸੰਸਥਾਨ ਡੇਰਾ ਨੂਰਮਹਿਲ, ਬਾਬਾ ਸੁਖਦੇਵ ਸਿੰਘ ਡੇਰਾ ਰੂਮੀ ਭੁੱਚੋ, ਡੇਰਾ ਭੈਣੀ ਸਾਹਿਬ ਨਾਲ ਸਬੰਧਤ ਨਾਮਧਾਰੀ ਆਗੂ, ਨਾਨਕਸਰ ਕਲੇਰਾਂ ਸਮੇਤ ਕਈ ਧਾਰਮਿਕ ਆਗੂਆਂ ਦੀ ਸੁਰੱਖਿਆ 'ਚ ਵੱਡੀ ਕਟੌਤੀ ਕੀਤੀ ਗਈ ਹੈ। ਜਿਨ੍ਹਾਂ ਸਿਆਸਤਦਾਨਾਂ ਦੀ ਸੁਰੱਖਿਆ ਘਟਾਈ ਗਈ ਹੈ, ਉਨ੍ਹਾਂ ਵਿਚ ਸੁਖਦੇਵ ਸਿੰਘ ਢੀਂਡਸਾ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਧੀ ਪ੍ਰਨੀਤ ਕੌਰ ਕੈਰੋਂ, ਸ਼ਮਸ਼ੇਰ ਸਿੰਘ ਦੂਲੋਂ, ਅਕਾਲੀ ਵਿਧਾਇਕਾ ਗਨੀਵ ਮਜੀਠੀਆ, ਨਵੀਂ ਦਿੱਲੀ 'ਚ ਸਰਗਰਮ ਕਾਂਗਰਸ ਆਗੂ ਰਾਜੀਵ ਸ਼ੁਕਲਾ, ਸਾਬਕਾ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ, ਭਾਜਪਾ ਆਗੂ ਫਤਿਹਜੰਗ ਸਿੰਘ ਬਾਜਵਾ, ਕਾਂਗਰਸ ਆਗੂ ਤੇ ਡੇਰਾ ਸਿਰਸਾ ਮੁਖੀ ਦੇ ਕਰੀਬੀ ਰਿਸ਼ਤੇਦਾਰ ਹਰਮਿੰਦਰ ਸਿੰਘ ਜੱਸੀ, ਸਾਬਕਾ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ, ਸਾਬਕਾ ਸਪੀਕਰ ਰਾਣਾ ਕੇ.ਪੀ. ਸਿੰਘ, ਭਾਜਪਾ ਆਗੂ ਤੀਕਸ਼ਣ ਸੂਦ, ਸਾਬਕਾ ਮੰਤਰੀ ਪਰਗਟ ਸਿੰਘ, ਬਾਬਾ ਕਸ਼ਮੀਰਾ ਸਿੰਘ ਜਲੰਧਰ, ਵਿਵਾਦਾਂ 'ਚ ਰਹਿਣ ਵਾਲੇ ਸਾਬਕਾ ਪੁਲਿਸ ਇੰਸਪੈਕਟਰ ਗੁਰਮੀਤ ਸਿੰਘ ਪਿੰਕੀ ਆਦਿ ਪ੍ਰਮੁੱਖ ਹਨ। ਕੁਝ ਮੌਜੂਦਾ ਪੁਲਿਸ ਅਧਿਕਾਰੀਆਂ ਦੀ ਸੁਰੱਖਿਆ 'ਚ ਵੀ ਕਟੌਤੀ ਕੀਤੀ ਗਈ ਹੈ। ਸੱਤਾਧਾਰੀ ਪਾਰਟੀ ਦੇ ਮੌਜੂਦਾ ਵਿਧਾਇਕਾਂ ਅਤੇ ਮੰਤਰੀਆਂ ਦੀ ਸੁਰੱਖਿਆ 'ਚ ਕਟੌਤੀ ਨਹੀਂ ਕੀਤੀ ਗਈ ਹੈ।



ਇਸ ਸੂਚੀ ਵਿਚ 'ਆਪ' ਦਾ ਇਕੋ ਵਿਧਾਇਕ ਮਦਨ ਲਾਲ ਬੱਗਾ ਸ਼ਾਮਲ ਹੈ ਜਿਸ ਨਾਲ ਤਾਇਨਾਤ ਪੁਲਿਸ ਕਰਮਚਾਰੀਆਂ ਵਿਚੋਂ ਇਕ ਦੀ ਵਾਪਸੀ ਕੀਤੀ ਗਈ ਹੈ। ਪੰਜਾਬ ਵਿਚ 'ਆਪ' ਦੀ ਸਰਕਾਰ ਦੇ ਗਠਨ ਤੋਂ ਬਾਅਦ ਸੁਰੱਖਿਆ ਵਾਪਸੀ ਦਾ ਇਹ ਤੀਜਾ ਝਟਕਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਹਰਸਿਮਰਤ ਕੌਰ ਬਾਦਲ, ਸੁਨੀਲ ਜਾਖੜ, ਰਾਜਿੰਦਰ ਕੌਰ ਭੱਠਲ ਅਤੇ ਹੋਰ ਕਈ ਆਗੂਆਂ ਦੀ ਸੁਰੱਖਿਆ 'ਚ ਕਟੌਤੀ ਕੀਤੀ ਗਈ ਸੀ। ਪੰਜਾਬ ਪੁਲਿਸ ਦੇ ਅਧਿਕਾਰੀਆਂ ਮੁਤਾਬਕ ਹੁਣ ਤੱਕ ਇਕ ਹਜ਼ਾਰ ਤੋਂ ਵੱਧ ਮੁਲਾਜ਼ਮਾਂ ਨੂੰ ਸਿਆਸਤਦਾਨਾਂ ਦੀ ਸੁਰੱਖਿਆ ਤੋਂ ਵਾਪਸ ਬੁਲਾ ਕੇ ਪੁਲਿਸ ਦੀ ਡਿਊਟੀ 'ਤੇ ਤਾਇਨਾਤ ਕੀਤਾ ਜਾ ਚੁੱਕਾ ਹੈ। ਪੰਜਾਬ ਵਿਚ ਪੁਲਿਸ ਦੀ ਕੁੱਲ ਨਫਰੀ 80 ਹਜ਼ਾਰ ਦੇ ਕਰੀਬ ਹੈ। 10 ਹਜ਼ਾਰ ਦੇ ਕਰੀਬ ਮੁਲਾਜ਼ਮ ਸਿਰਫ਼ ਸੁਰੱਖਿਆ ਲਈ ਹੀ ਤਾਇਨਾਤ ਕੀਤੇ ਹੋਏ ਹਨ।

## ਅਕਾਲ ਤਖਤ ਦੇ ਜਥੇਦਾਰ ਵੱਲੋਂ ਸੁਰੱਖਿਆ ਲੈਣ ਤੋਂ ਨਾਂਹ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਦਿੱਤੀ ਸੁਰੱਖਿਆ ਛਤਰੀ ਵਿਚੋਂ ਕੁਝ ਸੁਰੱਖਿਆ ਕਰਮਚਾਰੀ ਵਾਪਸ ਲੈਣ ਮਗਰੋਂ ਪੰਜਾਬ ਸਰਕਾਰ ਨੇ ਉਨ੍ਹਾਂ ਦੀ ਸੁਰੱਖਿਆ ਬਹਾਲ ਕਰਨ ਦੇ ਹੁਕਮ ਦਿੱਤੇ ਪਰ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਰਕਾਰੀ ਸੁਰੱਖਿਆ ਲੈਣ ਤੋਂ ਨਾਂਹ ਕਰ ਦਿੱਤੀ ਹੈ। ਉਨ੍ਹਾਂ ਸਾਰੇ ਸੁਰੱਖਿਆ ਕਰਮਚਾਰੀ ਅਤੇ ਵਾਹਨ ਵਾਪਸ ਕਰ ਦਿੱਤੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੀ ਸੁਰੱਖਿਆ ਲਈ ਟਾਸਕ ਫੋਰਸ ਦੇ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਗੁਰਤਾਗੱਦੀ ਦਿਵਸ ਮੌਕੇ ਜਥੇਦਾਰ ਵਲੋਂ ਕੌਮ ਦੇ ਨਾਂ ਵਧਾਈ ਸੰਦੇਸ਼ ਦੌਰਾਨ ਸਿੱਖਾਂ ਨੂੰ ਲਾਇਸੈਂਸੀ ਹਥਿਆਰ ਰੱਖਣ ਦੀ ਸਲਾਹ ਦਿੱਤੀ ਗਈ ਸੀ।

## ਗਿਆਨੀ ਰਘਬੀਰ ਸਿੰਘ ਨੇ ਵੀ ਸੁਰੱਖਿਆ ਵਾਪਸ ਕੀਤੀ

**ਸ੍ਰੀ ਅਨੰਦਪੁਰ ਸਾਹਿਬ:** ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੋਂ ਬਾਅਦ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਸਰਕਾਰੀ ਸੁਰੱਖਿਆ ਵਾਪਸ ਕਰਨ ਦਾ ਐਲਾਨ ਕਰ ਦਿੱਤਾ ਹੈ। ਗਿਆਨੀ ਰਘਬੀਰ ਸਿੰਘ ਨੇ ਆਪਣੀ ਸੁਰੱਖਿਆ ਵਿਚ ਤਾਇਨਾਤ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੂੰ ਆਪੋ-ਆਪਣੇ ਹੈੱਡ ਕੁਆਰਟਰਾਂ 'ਤੇ ਜਾਣ ਲਈ ਕਹਿ ਦਿੱਤਾ ਹੈ। ਇਸ ਸਬੰਧੀ ਗਿਆਨੀ ਰਘਬੀਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਰਕਾਰੀ ਸੁਰੱਖਿਆ ਦੀ ਕੋਈ ਲੋੜ ਨਹੀਂ ਹੈ। ਉਹ ਸਵੈ-ਰੱਖਿਆ ਕਰਨ ਦੇ ਸਮਰੱਥ ਹਨ।

# ਸਾਬਕਾ ਵਿਧਾਇਕਾਂ ਨੂੰ ਅਜੇ ਮਿਲਦੇ ਰਹਿਣਗੇ ਗੱਫੇ

**ਚੰਡੀਗੜ੍ਹ:** ਪੰਜਾਬ ਦੇ ਦਰਜਨਾਂ ਸਾਬਕਾ ਵਿਧਾਇਕਾਂ ਨੂੰ ਪੈਨਸ਼ਨਾਂ ਦੇ ਗੱਫੇ ਲੈਣ ਦੀ ਫਿਲਹਾਲ ਕੁਝ ਹੋਰ ਸਮੇਂ ਲਈ ਮੋਹਲਤ ਮਿਲ ਗਈ ਹੈ। ਪੰਜਾਬ ਸਰਕਾਰ ਵੱਲੋਂ 'ਇਕ ਵਿਧਾਇਕ-ਇਕ ਪੈਨਸ਼ਨ' ਲਾਗੂ ਕਰਨ ਵਾਸਤੇ ਆਰਡੀਨੈਂਸ ਪਾਸ ਕੀਤਾ ਗਿਆ ਸੀ ਜਿਸ 'ਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮੋਹਰ ਨਹੀਂ ਲਾਈ ਹੈ। ਇਸ ਆਰਡੀਨੈਂਸ ਨੂੰ ਰਾਜਪਾਲ ਨੇ ਵਾਪਸ ਪੰਜਾਬ ਸਰਕਾਰ ਕੋਲ ਭੇਜ ਦਿੱਤਾ ਹੈ ਅਤੇ ਸੂਬਾ ਸਰਕਾਰ ਨੂੰ ਮਸ਼ਵਰਾ ਦਿੱਤਾ ਹੈ ਕਿ ਜੂਨ ਮਹੀਨੇ ਦੇ ਬਜਟ ਸੈਸ਼ਨ ਵਿਚ ਇਸ ਬਾਰੇ ਬਿੱਲ ਲਿਆਂਦਾ ਜਾਵੇ।



ਰਾਜਪਾਲ ਵੱਲੋਂ ਪ੍ਰਵਾਨਗੀ ਨਾ ਦਿੱਤੇ ਜਾਣ ਕਾਰਨ ਹੁਣ ਉਨ੍ਹਾਂ ਸਾਬਕਾ ਵਿਧਾਇਕਾਂ ਨੂੰ ਹੋਰ ਦੋ ਮਹੀਨੇ ਲਈ ਪੈਨਸ਼ਨਾਂ ਦਾ ਗੱਫਾ ਮਿਲ ਸਕੇਗਾ ਜਿਨ੍ਹਾਂ ਨੂੰ ਇਕ ਟਰਮ ਤੋਂ ਜ਼ਿਆਦਾ ਟਰਮਾਂ ਦੀ ਪੈਨਸ਼ਨ ਮਿਲ ਰਹੀ ਹੈ। ਰਾਜਪਾਲ ਇਸ ਆਰਡੀਨੈਂਸ 'ਤੇ ਮੋਹਰ ਲਗਾ ਦਿੰਦੇ ਤਾਂ ਮਈ ਮਹੀਨੇ ਮਗਰੋਂ ਕਈ-ਕਈ ਟਰਮਾਂ ਦੀ ਪੈਨਸ਼ਨ ਲੈਣ ਵਾਲੇ ਸਾਬਕਾ ਵਿਧਾਇਕਾਂ ਨੂੰ ਸਿਰਫ ਇਕ ਟਰਮ ਦੀ ਪੈਨਸ਼ਨ ਮਿਲਣੀ ਸ਼ੁਰੂ ਹੋ ਜਾਣੀ ਸੀ। ਹੁਣ ਜੂਨ ਮਹੀਨੇ ਦੇ ਬਜਟ ਸੈਸ਼ਨ ਵਿਚ 'ਇਕ ਵਿਧਾਇਕ-ਇਕ ਪੈਨਸ਼ਨ' ਬਿੱਲ ਲਿਆਂਦਾ ਜਾਵੇਗਾ। ਪੰਜਾਬ ਵਜ਼ਾਰਤ ਨੇ 2 ਮਈ ਦੀ ਮੀਟਿੰਗ ਵਿਚ ਇਸ ਬਾਰੇ ਆਰਡੀਨੈਂਸ ਨੂੰ ਹਰੀ ਝੰਡੀ ਦਿੱਤੀ ਸੀ। ਮਾਹਿਰ ਆਖਦੇ ਹਨ ਕਿ ਰਾਜਪਾਲ ਨੇ ਇਸ ਕਰਕੇ ਆਰਡੀਨੈਂਸ 'ਤੇ ਮੋਹਰ ਨਹੀਂ ਲਾਈ ਹੈ ਕਿਉਂਕਿ ਸੈਸ਼ਨ ਵਿਚ ਜ਼ਿਆਦਾ ਸਮਾਂ ਬਾਕੀ ਨਹੀਂ ਰਹਿ ਗਿਆ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰਕੇ ਪਹਿਲਾਂ 'ਇਕ ਵਿਧਾਇਕ ਇਕ ਪੈਨਸ਼ਨ' ਦਾ ਐਲਾਨ ਕੀਤਾ ਸੀ। ਮੁੱਖ ਮੰਤਰੀ ਦਾ ਦਾਅਵਾ ਸੀ ਕਿ ਇਸ ਫੈਸਲੇ ਨਾਲ ਸਰਕਾਰੀ ਖ਼ਜ਼ਾਨੇ ਤੋਂ 19.53 ਕਰੋੜ ਦਾ ਸਾਲਾਨਾ ਵਿੱਤੀ ਬੋਝ ਘਟੇਗਾ।

ਇਸ ਵਾਰ ਵਿਧਾਨ ਸਭਾ ਚੋਣਾਂ 'ਚ ਬਹੁਤੇ ਪੁਰਾਣੇ ਖਿਡਾਰੀ ਹਾਰ ਗਏ ਹਨ ਜਿਸ ਕਰਕੇ ਸਾਬਕਾ ਵਿਧਾਇਕਾਂ ਦੀ ਗਿਣਤੀ ਵਿਚ ਕਾਫੀ ਵਾਧਾ ਹੋ ਗਿਆ ਹੈ। 17ਵੀਂ ਵਿਧਾਨ ਸਭਾ ਦੇ ਗਠਨ ਤੋਂ ਪਹਿਲਾਂ 245 ਸਾਬਕਾ ਵਿਧਾਇਕਾਂ ਨੂੰ ਪੈਨਸ਼ਨ ਮਿਲਦੀ ਸੀ ਜਦਕਿ ਹੁਣ ਨਵੇਂ 80 ਹੋਰ ਸਾਬਕਾ ਵਿਧਾਇਕ ਇਸ 'ਚ ਜੁੜ ਗਏ ਹਨ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਕਿ ਉਹ ਸਾਬਕਾ ਵਿਧਾਇਕ ਵਾਲੀ ਪੈਨਸ਼ਨ ਨਹੀਂ ਲੈਣਗੇ। ਸਭ ਤੋਂ ਵੱਧ ਪੈਨਸ਼ਨ ਲੈਣ ਵਾਲਿਆਂ ਵਿਚ ਬੀਬੀ ਰਜਿੰਦਰ ਕੌਰ ਭੱਠਲ, ਮੰਡੀ ਬੋਰਡ ਦੇ ਸਾਬਕਾ ਚੇਅਰਮੈਨ ਲਾਲ ਸਿੰਘ, ਸਾਬਕਾ ਅਕਾਲੀ ਮੰਤਰੀ ਸਰਵਨ ਸਿੰਘ ਫਿਲੌਰ, ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ, ਸਾਬਕਾ ਮੰਤਰੀ ਗੁਲਜਾਰ ਸਿੰਘ ਰਣੀਕੇ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਆਦਿ ਦੇ ਨਾਮ ਸ਼ਾਮਲ ਹਨ। ਦੱਸਣਯੋਗ ਹੈ ਕਿ ਇਕ ਵਾਰੀ ਵਿਧਾਇਕ ਬਣਨ ਮਗਰੋਂ ਸਾਬਕਾ ਵਿਧਾਇਕ ਸਭ ਭੱਤਿਆਂ ਸਮੇਤ 75,150 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਾ ਹੱਕਦਾਰ ਬਣ ਜਾਂਦਾ ਹੈ। ਇਨ੍ਹਾਂ ਨੂੰ ਦੋ ਮਹੀਨੇ ਹੋਰ ਵੱਖ-ਵੱਖ ਟਰਮਾਂ ਦੀ ਪੈਨਸ਼ਨ ਦਾ ਲਾਹਾ ਮਿਲੇਗਾ।

# ਜਰਮਨੀ ਦੇ ਨਿਵੇਸ਼ਕਾਂ ਨੂੰ ਪੰਜਾਬ ਵਿਚ ਨਿਵੇਸ਼ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਨੂੰ ਵਿਕਾਸ ਲਈ ਭਰਵੇਂ ਮੌਕਿਆਂ ਵਾਲੀ ਧਰਤੀ ਦੱਸਦਿਆਂ ਜਰਮਨੀ ਦੇ ਨਿਵੇਸ਼ਕਾਂ ਨੂੰ ਸੂਬੇ ਵਿਚ ਨਿਵੇਸ਼ ਕਰਨ ਦਾ ਸੱਦਾ ਦਿੱਤਾ ਹੈ। ਚੰਡੀਗੜ੍ਹ ਸਥਿਤ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਜਰਮਨ ਸਫ਼ਾਰਤਖ਼ਾਨੇ ਦੇ ਇਕਨਾਮਿਕ ਐਂਡ ਗਲੋਬਲ ਅਫੇਅਰਜ਼ ਬਾਰੇ ਮੰਤਰੀ ਡਾ. ਸਟੀਫਨ ਕੌਚ ਤੇ ਐਨਰਜੀ ਇੰਡੀਆ ਦੇ ਮੁੱਖੀ ਡਾ. ਵਿਨਫਰਾਈਡ ਡੈਮ ਨੇ ਸ੍ਰੀ ਮਾਨ ਨਾਲ ਮੁਲਾਕਾਤ ਕੀਤੀ।

ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਇੰਜੀਨੀਅਰਿੰਗ, ਊਰਜਾ ਤੇ ਬਾਇਓਮਾਸ ਵਰਗੇ ਖੇਤਰਾਂ ਵਿਚ ਨਿਵੇਸ਼ ਲਈ ਜਰਮਨੀ ਨਾਲ ਸਹਿਯੋਗ ਕਰਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸਨਅਤੀ ਵਿਕਾਸ ਵਿਚ ਪੰਜਾਬ ਨੂੰ ਮੋਹਰੀ ਸੂਬੇ ਵਜੋਂ ਉਭਾਰਨ ਲਈ ਵਚਨਬੱਧ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਇਕ ਅਜਿਹਾ ਢਾਂਚਾ ਬਣਾ ਲਿਆ ਹੈ, ਜਿਸ ਤਹਿਤ ਸੂਬੇ ਵਿਚ ਸਨਅਤ ਲਾਉਣ ਲਈ ਸਿੰਗਲ ਵਿੰਡੋ ਰਾਹੀਂ ਸਾਰੀਆਂ ਮਨਜ਼ੂਰੀਆਂ ਦਿੱਤੀਆਂ ਜਾਣਗੀਆਂ। ਇਸ ਪ੍ਰਕਿਰਿਆ ਨੂੰ ਤੇਜ ਕਰਨ ਲਈ ਵਿਸ਼ੇਸ਼ ਨੋਡਲ ਅਫਸਰ ਵੀ ਨਿਯੁਕਤ ਕੀਤਾ ਗਿਆ ਹੈ। ਸ੍ਰੀ ਮਾਨ ਨੇ ਕਿਹਾ ਕਿ ਸੂਬੇ ਵਿਚ ਖਾਸ ਤੌਰ 'ਤੇ ਜਰਮਨ ਸਨਅਤ ਸਥਾਪਤ ਕਰਨ ਲਈ ਕਲੱਸਟਰ ਬਣਾਉਣ ਵਾਸਤੇ ਸਰਕਾਰ ਤਿਆਰ ਹੈ ਅਤੇ ਪੰਜਾਬ ਨੂੰ ਵਿਕਾਸ ਦੀਆਂ ਨਵੀਆਂ ਲੀਹਾਂ 'ਤੇ ਤੋਰਨ ਲਈ ਨਿਵੇਸ਼ਕਾਂ ਦਾ ਪੂਰਾ ਸਹਿਯੋਗ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਜਰਮਨ ਨਿਵੇਸ਼ਕਾਂ ਦੇ ਕਈ ਪ੍ਰੋਜੈਕਟ ਪਹਿਲਾਂ ਹੀ ਵਿਚਾਰ-ਅਧੀਨ ਹਨ। ਇਸ ਦੌਰਾਨ ਮੁੱਖ ਮੰਤਰੀ ਦੇ ਸਹਿਯੋਗ ਅਤੇ ਤਾਲਮੇਲ ਦੇ ਭਰੋਸੇ ਮਗਰੋਂ ਡਾ. ਸਟੀਫਨ ਕੌਚ ਅਤੇ ਡਾ. ਵਿਨਫਰਾਈਡ ਡੈਮ ਨੇ ਕਿਹਾ ਕਿ ਪੰਜਾਬ 'ਚ ਸਨਅਤੀ ਵਿਕਾਸ ਦੀਆਂ ਵੱਡੀਆਂ ਸੰਭਾਵਨਾਵਾਂ ਹਨ।

## ਬਰਤਾਨੀਆ ਦੇ ਹਾਈ ਕਮਿਸ਼ਨਰ ਨਾਲ ਮੁਲਾਕਾਤ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਬਰਤਾਨੀਆ ਦੇ ਹਾਈ ਕਮਿਸ਼ਨਰ ਐਲਕਸ ਐਲਿਸ ਨਾਲ ਮੁਲਾਕਾਤ ਕੀਤੀ। ਇਸ ਮੌਕੇ ਪੰਜਾਬ ਤੇ ਬਰਤਾਨੀਆ ਨੇ ਖੇਤੀਬਾੜੀ, ਸੂਚਨਾ ਤੇ ਤਕਨਾਲੋਜੀ (ਆਈ.ਟੀ.), ਫੂਡ ਪ੍ਰਾਸੈਸਿੰਗ, ਉਚੇਰੀ ਸਿੱਖਿਆ, ਖੇਡਾਂ, ਇਲੈਕਟ੍ਰਿਕ ਬੱਸਾਂ ਅਤੇ ਬਾਇਓਮਾਸ ਵਰਗੇ ਖੇਤਰਾਂ 'ਚ ਹੋਰ ਸਹਿਯੋਗ ਵਧਾਉਣ ਲਈ ਸਹਿਮਤੀ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬਰਤਾਨੀਆ ਕੋਲ ਮੌਜੂਦ ਆਧੁਨਿਕ ਤਕਨੀਕ ਰਾਹੀਂ ਪੰਜਾਬ 'ਚ ਲੁਕਿਆ ਹੋਇਆ ਹੁਨਰ ਹੋਰ ਉਜਾਗਰ ਹੋ ਸਕੇਗਾ। ਸ੍ਰੀ ਮਾਨ ਨੇ ਕਿਹਾ ਕਿ ਉਹ ਪਹਿਲਾਂ ਹੀ ਵੱਡੀ ਗਿਣਤੀ ਬਰਤਾਨਵੀ ਨਿਵੇਸ਼ਕਾਂ ਦੇ ਸੰਪਰਕ ਵਿਚ ਹਨ, ਜੋ ਸੂਬੇ ਵਿਚ ਨਿਵੇਸ਼ ਕਰਨ ਦੇ ਇੱਛੁਕ ਹਨ।

# ਸਿੱਖੀ ਲਿਬਾਸ 'ਚ ਇਸਾਈਅਤ ਦੇ ਪ੍ਰਚਾਰ ਦਾ ਮਾਮਲਾ ਜਥੇਦਾਰ ਕੋਲ ਪੁੱਜਿਆ

**ਤਲਵੰਡੀ ਸਾਬੋ:** ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕੋਲ ਸਿੱਖੀ ਸਰੂਪ ਧਾਰਨ ਕਰਕੇ ਅਤੇ ਆਪਣੇ ਨਾਂ ਨਾਲ ਸਿੰਘ ਜਾਂ ਕੌਰ ਲਾ ਕੇ ਕੁਝ ਲੋਕਾਂ ਵੱਲੋਂ ਇਸਾਈ ਧਰਮ ਦਾ ਪ੍ਰਚਾਰ ਕਰਨ ਅਤੇ ਲੋਕਾਂ ਦਾ ਧਰਮ ਪਰਿਵਰਤਨ ਕਰਵਾਉਣ ਦਾ ਮਾਮਲਾ ਪੁੱਜਿਆ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਇਸ ਮਾਮਲੇ ਦਾ ਨੋਟਿਸ ਲੈਂਦਿਆਂ ਇਸ ਨੂੰ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ ਹੈ। ਦੱਸਣਯੋਗ ਹੈ ਕਿ ਮੁੰਬਈ ਵਾਸੀ ਵਿੱਕੀ ਥੌਮਸ ਨੇ ਕੁਝ ਸਿੱਖਾਂ ਸਮੇਤ ਦਮਦਮਾ ਸਾਹਿਬ ਵਿੱਚ ਗਿਆਨੀ ਹਰਪ੍ਰੀਤ ਸਿੰਘ ਦੀ ਰਿਹਾਇਸ਼ 'ਤੇ ਉਨ੍ਹਾਂ ਕੋਲ ਸ਼ਿਕਾਇਤ ਕੀਤੀ ਕਿ ਪੰਜਾਬ ਵਿਚ ਕੁਝ ਲੋਕ ਸਿੱਖੀ ਨਾਮ ਨਾਲ ਪਾਸਟਰ ਲਾ ਕੇ ਅਤੇ ਸਿੱਖੀ ਪਹਿਰਾਵੇ ਵਿਚ ਇਸਾਈ ਧਰਮ ਦਾ ਪ੍ਰਚਾਰ ਕਰਦੇ ਹੋਏ ਲੋਕਾਂ ਦਾ ਧਰਮ ਪਰਿਵਰਤਨ ਕਰਵਾ ਰਹੇ ਹਨ। ਸ਼ਿਕਾਇਤਕਰਤਾ ਨੇ ਅਜਿਹੇ ਅਨਸਰਾਂ ਖਿਲਾਫ ਸਖ਼ਤ ਕਾਰਵਾਈ ਦੀ ਮੰਗ ਕੀਤੀ।

# ਪੰਜਾਬ ਸਰਕਾਰ ਵੱਲੋਂ ਈ-ਆਫਿਸ ਨੂੰ ਉਤਸ਼ਾਹਿਤ ਕਰਨ ਲਈ ਹੰਭਲਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਨਤਕ ਸੇਵਾਵਾਂ ਪ੍ਰਣਾਲੀ ਵਿਚ ਪਾਰਦਰਸ਼ਤਾ ਲਿਆਉਣ ਲਈ ਇਕ ਹੋਰ ਵੱਡਾ ਕਦਮ ਪੁੱਟਦੇ ਹੋਏ ਸਰਕਾਰੀ ਕੰਮਕਾਜ ਵਿਚ ਈ-ਆਫਿਸ ਰਾਹੀਂ ਡਿਜੀਟਲਾਈਜੇਸ਼ਨ ਦੀ ਵਰਤੋਂ ਨੂੰ ਵੱਡੇ ਪੱਧਰ 'ਤੇ ਉਤਸ਼ਾਹਿਤ ਕਰਨ ਅਤੇ ਦਸਤਾਵੇਜ਼ਾਂ ਦੀ ਸਾਂਭ-ਸੰਭਾਲ ਦੇ ਬੋਝ ਨੂੰ ਘਟਾਉਣ ਦੇ ਨਿਰਦੇਸ਼ ਦਿੱਤੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਸੇਵਾ ਕੇਂਦਰਾਂ ਵਿਚ ਮਿਲਣ ਵਾਲੀਆਂ ਸੇਵਾਵਾਂ ਦੇ ਨਾਲ 122 ਹੋਰ ਆਨਲਾਈਨ ਸੇਵਾਵਾਂ ਦੀ ਸ਼ੁਰੂਆਤ ਕਰ ਦਿੱਤੀ ਹੈ। ਇਸ ਨਾਲ ਹੁਣ ਪੰਜਾਬ ਦੇ ਲੋਕ ਸੂਬੇ ਵਿਚ ਸਥਿਤ 526 ਸੇਵਾ ਕੇਂਦਰਾਂ 'ਤੇ ਲਗਭਗ 500 ਸੇਵਾਵਾਂ ਦਾ ਲਾਭ ਲੈ ਸਕਣਗੇ।

ਸ੍ਰੀ ਮਾਨ ਨੇ ਕਿਹਾ ਕਿ ਸੇਵਾ ਕੇਂਦਰਾਂ ਤੋਂ ਖੇਤੀਬਾੜੀ ਵਿਭਾਗ, ਸਥਾਨਕ ਸਰਕਾਰਾਂ, ਤਕਨੀਕੀ ਸਿੱਖਿਆ ਅਤੇ ਮੈਡੀਕਲ ਸਿੱਖਿਆ ਤੇ ਖੋਜ, ਖੇਤੀਬਾੜੀ ਵਿਭਾਗ ਦੇ ਖਾਦ ਅਤੇ ਕੀੜੇਮਾਰ ਦਵਾਈਆਂ ਦੇ ਲਾਇਸੈਂਸ ਵਰਗੀਆਂ ਸੇਵਾਵਾਂ, ਤਕਨੀਕੀ ਸਿੱਖਿਆ ਬੋਰਡ/ਪੀ.ਟੀ.ਯੂ. ਤੋਂ ਡੁਪਲੀਕੇਟ ਸਰਟੀਫਿਕੇਟ, ਫਾਰਮ ਟੂਰਿਜ਼ਮ ਸਕੀਮ, ਆਰਜ਼ੀ ਰਜਿਸਟ੍ਰੇਸ਼ਨ, ਸਥਾਈ ਰਜਿਸਟ੍ਰੇਸ਼ਨ, ਡੁਪਲੀਕੇਟ ਰਜਿਸਟ੍ਰੇਸ਼ਨ ਸਰਟੀਫਿਕੇਟ, ਪੰਜਾਬ ਮੈਡੀਕਲ ਕੌਂਸਲ ਨਾਲ ਸਬੰਧਤ ਵਿਦੇਸ਼ੀ ਰਜਿਸਟ੍ਰੇਸ਼ਨ ਤਬਾਦਲਾ, ਫਾਇਰ ਬ੍ਰਿਗੇਡ ਤੋਂ ਮਿਲਣ ਵਾਲੀ ਐਨ.ਓ.ਸੀ., ਸੀਵਰੇਜ ਕੁਨੈਕਸ਼ਨ ਵਿਚ ਨਾਂ ਤਬਦੀਲੀ ਜਾਂ ਸਥਾਨਕ ਸਰਕਾਰਾਂ ਨਾਲ ਸਬੰਧਤ ਪਾਣੀ ਦੇ ਕੁਨੈਕਸ਼ਨ ਨਾਲ ਸਬੰਧਤ ਸੇਵਾਵਾਂ ਸਿੱਧੇ ਤੌਰ 'ਤੇ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਸੇਵਾਵਾਂ ਲਈ ਲੋਕਾਂ ਨੂੰ ਦਫਤਰਾਂ ਵਿਚ ਧੱਕੇ ਖਾਣੇ ਪੈਂਦੇ ਸਨ ਜਿਸ ਨਾਲ ਸਮੇਂ ਦੀ ਬਰਬਾਦੀ ਹੁੰਦੀ ਸੀ ਅਤੇ ਹੁਣ ਇਹ ਸੇਵਾਵਾਂ ਆਨਲਾਈਨ ਕੰਪਿਊਟਰਾਈਜ਼ਡ ਵਰਕਫਲੋਅ ਰਾਹੀਂ ਪੂਰੀ ਤਰ੍ਹਾਂ ਸਵੈ-ਚਲਿਤ ਹੋ ਗਈਆਂ ਹਨ। ਇਨ੍ਹਾਂ ਦੀ ਮੌਜੂਦਾ ਸਥਿਤੀ ਦਾ ਵੀ ਆਨਲਾਈਨ ਹੀ ਪਤਾ ਲੱਗਦਾ ਰਹੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਸਰਕਾਰੀ ਸਹੂਲਤ ਨੂੰ ਲੋਕਾਂ ਦੇ ਦਰ ਤੱਕ ਪਹੁੰਚਾਉਣ ਅਤੇ ਰਵਾਇਤੀ ਫਾਈਲ ਸਿਸਟਮ ਨੂੰ ਘਟਾਉਣ ਦੇ ਉਦੇਸ਼ ਨਾਲ ਡਿਜੀਟਲਾਈਜੇਸ਼ਨ ਨੂੰ ਉਤਸ਼ਾਹਿਤ ਕਰ ਰਹੀ ਹੈ। ਇਸ ਨਾਲ ਕੰਮ ਸਮੇਂ ਸਿਰ ਹੋਵੇਗਾ ਅਤੇ ਦਫਤਰੀ ਕੰਮਕਾਜ ਵਿਚ ਹੋਰ ਪਾਰਦਰਸ਼ਤਾ ਆਵੇਗੀ।

## ਸਿਮਰਜੀਤ ਸਿੰਘ ਬੈਂਸ ਦੇ ਗ੍ਰਿਫਤਾਰੀ ਵਾਰੰਟ ਜਾਰੀ

**ਪਟਿਆਲਾ:** ਸਾਬਕਾ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਵੱਲੋਂ ਦੋ ਸਾਲ ਪਹਿਲਾਂ ਦਰਜ ਕਰਵਾਏ ਮਾਣਹਾਨੀ ਦੇ ਕੇਸ ਦੀ ਸੁਣਵਾਈ ਲਈ ਸਥਾਨਕ ਅਦਾਲਤ 'ਚ ਪੇਸ਼ ਨਾ ਹੋਣ ਕਾਰਨ ਲੁਧਿਆਣਾ ਦੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਖਿਲਾਫ ਪਟਿਆਲਾ ਦੀ ਇਕ ਅਦਾਲਤ ਵੱਲੋਂ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਹਨ। ਇਸ ਦੇ ਨਾਲ ਹੀ ਸ੍ਰੀ ਬੈਂਸ ਦੇ ਜ਼ਮਾਨਤੀਆਂ ਨੂੰ ਵੀ ਅਜਿਹੇ ਹੀ ਵਾਰੰਟ ਜਾਰੀ ਹੋਏ ਹਨ। ਇਸ ਮਾਮਲੇ 'ਤੇ ਅਗਲੀ ਸੁਣਵਾਈ 8 ਜੂਨ ਨੂੰ ਹੋਣੀ ਹੈ। ਬ੍ਰਹਮ ਮਹਿੰਦਰਾ ਦੇ ਵਕੀਲ ਗੁਰਪ੍ਰੀਤ ਸਿੰਘ ਭਸੀਨ ਨੇ ਵਾਰੰਟ ਜਾਰੀ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ।

## ਮੋਬਾਈਲ 'ਤੇ ਮਿਲੇਗੀ ਬੱਚਿਆਂ ਦੇ ਟੀਕਾਕਰਨ ਦੀ ਜਾਣਕਾਰੀ

**ਚੰਡੀਗੜ੍ਹ:** ਪੰਜਾਬ ਵਿਚ ਨਵਜੰਮੇ ਬੱਚਿਆਂ ਦਾ ਲਾਜ਼ਮੀ ਟੀਕਾਕਰਨ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਆਟੋਮੈਟਿਕ ਸਹੂਲਤ ਦੀ ਸ਼ੁਰੂਆਤ ਕੀਤੀ ਹੈ। ਇਸ ਤਹਿਤ 0 ਤੋਂ 5 ਸਾਲ ਦੀ ਉਮਰ ਦੇ ਨਵਜੰਮੇ ਬੱਚਿਆਂ ਦੇ ਮਾਪਿਆਂ ਨੂੰ ਮੋਬਾਈਲ 'ਤੇ ਐਸ.ਐਮ.ਐਸ. ਰਾਹੀਂ ਟੀਕਾਕਰਨ ਦੀ ਸਮਾਂ ਸਾਰਨੀ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਇਸ ਮੁਹਿੰਮ ਨੂੰ ਨੇਪਰੇ ਚਾੜ੍ਹਨ ਲਈ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੂੰ ਨਵਜੰਮੇ ਬੱਚਿਆਂ ਦੇ ਮਾਪਿਆਂ ਦਾ ਮੋਬਾਈਲ ਨੰਬਰ ਅਤੇ ਹੋਰ ਜਾਣਕਾਰੀ ਸਹੀ ਢੰਗ ਨਾਲ ਦਰਜ ਕਰਨ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਨੇ ਇਸ ਸਹੂਲਤ ਨੂੰ ਈ-ਸੇਵਾ ਨਾਲ ਲਿੰਕ ਕਰ ਦਿੱਤਾ ਹੈ।

## ਸੇਵਾ ਕੇਂਦਰਾਂ 'ਚ 122 ਹੋਰ ਸੇਵਾਵਾਂ ਦੀ ਸ਼ੁਰੂਆਤ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਸੇਵਾ ਕੇਂਦਰਾਂ ਵਿਚ ਮਿਲਣ ਵਾਲੀਆਂ ਸੇਵਾਵਾਂ ਦੇ ਨਾਲ 122 ਹੋਰ ਆਨਲਾਈਨ ਸੇਵਾਵਾਂ ਦੀ ਸ਼ੁਰੂਆਤ ਕੀਤੀ ਹੈ। ਨਵੀਂਆਂ ਸੇਵਾਵਾਂ ਦੀ ਸ਼ੁਰੂਆਤ ਹੋਣ ਨਾਲ ਹੁਣ ਪੰਜਾਬ ਦੇ ਲੋਕ ਸੂਬੇ ਵਿਚ ਸਥਿਤ 526 ਸੇਵਾ ਕੇਂਦਰਾਂ 'ਤੇ ਲਗਭਗ 500 ਸੇਵਾਵਾਂ ਦਾ ਲਾਭ ਲੈ ਸਕਣਗੇ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਸਰਕਾਰੀ ਸਹੂਲਤ ਨੂੰ ਲੋਕਾਂ ਦੇ ਦਰ ਤੱਕ ਪਹੁੰਚਾਉਣ ਤੇ ਰਵਾਇਤੀ ਫਾਈਲ ਸਿਸਟਮ ਨੂੰ ਘਟਾਉਣ ਦੇ ਉਦੇਸ਼ ਨਾਲ ਡਿਜੀਟਲਾਈਜੇਸ਼ਨ ਨੂੰ ਉਤਸ਼ਾਹਿਤ ਕਰ ਰਹੀ ਹੈ।

# ਹਜ਼ੂਰੀ ਰਾਗੀਆਂ ਨੇ ਹਾਰਮੋਨੀਅਮ ਵਾਲਾ ਮੁੱਦਾ ਸ਼੍ਰੋਮਣੀ ਕਮੇਟੀ ਕੋਲ ਉਠਾਇਆ

## ਦਰਬਾਰ ਸਾਹਿਬ 'ਚ ਤੰਤੀ ਸਾਜ਼ ਆਉਣ ਨਾਲ ਹਾਰਮੋਨੀਅਮ ਮਨਫੀ ਹੋਣ ਦਾ ਖਦਸ਼ਾ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਚ ਤੰਤੀ ਸਾਜ਼ਾਂ ਨਾਲ ਕੀਰਤਨ ਸ਼ੁਰੂ ਕਰਨ ਦੇ ਹੁਕਮ ਮਗਰੋਂ ਗੁਰਦੁਆਰਿਆਂ ਦੇ ਹਜ਼ੂਰੀ ਰਾਗੀਆਂ ਨੇ ਖਦਸ਼ਾ ਜਤਾਇਆ ਹੈ ਕਿ ਤੰਤੀ ਸਾਜ਼ਾਂ ਦੇ ਆਉਣ ਨਾਲ ਹਰਮੋਨੀਅਮ ਨਾਲ ਕੀਰਤਨ ਨਹੀਂ ਹੋਵੇਗਾ ਅਤੇ ਇਸ ਨਾਲ ਉਨ੍ਹਾਂ ਲਈ ਸੰਕਟ ਪੈਦਾ ਹੋ ਸਕਦਾ ਹੈ।

ਦੂਜੇ ਪਾਸੇ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਗੁਰਬਾਣੀ ਕੀਰਤਨ ਦੇ ਖੇਤਰ ਵਿਚੋਂ ਹਰਮੋਨੀਅਮ ਕਦੇ ਵੀ ਬਾਹਰ ਨਹੀਂ ਹੋ ਸਕਦਾ। 3 ਮਈ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਮਗਰੋਂ ਇਕ ਮਤੇ ਰਾਹੀਂ ਸ੍ਰੀ ਅਕਾਲ ਤਖ਼ਤ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤਾ ਗਿਆ ਸੀ ਕਿ ਸ੍ਰੀ ਦਰਬਾਰ ਸਾਹਿਬ ਵਿਚ ਰਾਗਾਂ ਅਨੁਸਾਰ ਤੰਤੀ ਸਾਜਾਂ ਰਾਹੀਂ ਕੀਰਤਨ ਗਾਇਨ ਆਰੰਭਿਆ ਜਾਵੇ।



ਸ਼੍ਰੋਮਣੀ ਕਮੇਟੀ ਨੂੰ ਤਿੰਨ ਸਾਲ ਦਾ ਸਮਾਂ ਦਿੰਦੇ ਹੋਏ ਕਿਹਾ ਗਿਆ ਹੈ ਕਿ ਇਸ ਸਮੇਂ ਅੰਦਰ ਤੰਤੀ ਸਾਜਾਂ ਨਾਲ ਕੀਰਤਨ ਕਰਵਾਉਣ ਦਾ ਆਦੇਸ਼ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ। ਇਸ ਦੇ ਨਾਲ ਹੀ ਸੰਗੀਤ ਵਿਦਿਆਲੇ ਵਿਚ ਵੀ ਯੋਗ ਅਧਿਆਪਕਾਂ ਦੀ ਭਰਤੀ ਕੀਤੀ ਜਾਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸੋਸ਼ਲ ਮੀਡੀਆ 'ਤੇ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ ਤੇ ਕੀਰਤਨ ਦੇ ਖੇਤਰ ਵਿਚੋਂ ਕਦੇ ਵੀ ਹਰਮੋਨੀਅਮ ਮਨਫੀ ਨਹੀਂ ਹੋ ਸਕਦਾ।

ਉਧਰ, ਸ਼੍ਰੋਮਣੀ ਰਾਗੀ ਸਭਾ ਸ੍ਰੀ ਦਰਬਾਰ ਸਾਹਿਬ ਦੇ ਮੁਖੀ ਭਾਈ ਉਂਕਾਰ ਸਿੰਘ ਨੇ ਆਖਿਆ ਕਿ ਉਹ ਇਸ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਮਿਲਣਗੇ। ਉਨ੍ਹਾਂ ਕਿਹਾ ਕਿ ਅਜਿਹਾ ਫੈਸਲਾ ਲੈਣ ਤੋਂ ਪਹਿਲਾਂ ਰਾਗੀ ਭਾਈਚਾਰੇ ਨਾਲ ਵੀ ਸਲਾਹ-ਮਸ਼ਵਰਾ ਕਰਨਾ ਚਾਹੀਦਾ ਸੀ, ਪਰ ਅਜਿਹਾ ਨਹੀਂ ਹੋਇਆ। ਜ਼ਿਕਰਯੋਗ ਹੈ ਕਿ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਤੋਂ ਬਾਅਦ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਿੰਨ ਮਈ ਨੂੰ ਸ਼੍ਰੋਮਣੀ ਕਮੇਟੀ ਨੂੰ ਹੁਕਮ ਦਿੱਤਾ ਸੀ ਕਿ ਦਰਬਾਰ ਸਾਹਿਬ ਵਿਖੇ ਪੁਰਾਤਨ ਸ਼ੈਲੀ ਅਨੁਸਾਰ ਤੰਤੀ ਸਾਜ਼ਾਂ ਨਾਲ ਗੁਰਬਾਣੀ ਦਾ ਕੀਰਤਨ ਕਰਨ ਦੇ ਯਤਨ ਕੀਤੇ ਜਾਣ। ਇਸ ਸਬੰਧੀ ਤਿੰਨ ਸਾਲ ਦਾ ਸਮਾਂ ਦਿੱਤਾ ਗਿਆ ਸੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਤੰਤੀ ਸਾਜ਼ਾਂ ਨਾਲ ਕੀਰਤਨ ਤੁਰਤ ਸ਼ੁਰੂ ਕਰਨ ਦੀ ਯੋਜਨਾ ਸੀ ਕਿਉਂਕਿ ਸ਼੍ਰੋਮਣੀ ਕਮੇਟੀ ਕੋਲ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਵਾਲੇ ਚਾਰ ਜਥੇ ਹਨ। ਉਨ੍ਹਾਂ ਦੱਸਿਆ ਕਿ ਇਸ ਵੇਲੇ ਤਿੰਨ ਜਥੇ ਵਿਦੇਸ਼ ਗਏ ਹੋਏ ਹਨ, ਜਿਨ੍ਹਾਂ ਦੀ ਵਾਪਸੀ ਮਗਰੋਂ ਹੀ ਇਹ ਯੋਜਨਾ ਆਰੰਭ ਹੋ ਸਕੇਗੀ। ਉਨ੍ਹਾਂ ਕਿਹਾ ਕਿ ਰਾਗੀ ਜਥਿਆਂ ਨੂੰ ਵੀ ਆਖਿਆ ਗਿਆ ਹੈ ਕਿ ਉਹ ਤੰਤੀ ਸਾਜ਼ਾਂ ਦੀ ਸਿਖਲਾਈ ਲੈਣ। ਇਸ ਸਬੰਧੀ ਇਕ ਸਬ ਕਮੇਟੀ ਵੀ ਬਣਾਈ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਤੰਤੀ ਸਾਜ਼ਾਂ ਨਾਲ ਕੀਰਤਨ ਨੂੰ ਸ਼ੁਰੂ ਕਰਨ ਦੇ ਆਦੇਸ਼ ਨੂੰ ਪੂਰਾ ਕੀਤਾ ਜਾਵੇਗਾ।

### ਹਾਰਮੋਨੀਅਮ ਨਾਲ ਕੀਰਤਨ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਨਹੀਂ: ਹਵਾਰਾ ਕਮੇਟੀ

**ਅੰਮ੍ਰਿਤਸਰ:** ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਗਠਿਤ ਹਵਾਰਾ ਕਮੇਟੀ ਨੇ ਕਿਹਾ ਕਿ ਸਿੱਖ ਰਹਿਤ ਮਰਿਆਦਾ ਦੀ ਕਸਵੱਟੀ ਉਤੇ ਪਰਖਦਿਆਂ ਹਾਰਮੋਨੀਅਮ ਨਾਲ ਕੀਰਤਨ ਕਰਨਾ ਕਿਸੇ ਵੀ ਤਰ੍ਹਾਂ ਮਰਿਆਦਾ ਦੀ ਉਲੰਘਣਾ ਨਹੀਂ ਹੈ। ਕਮੇਟੀ ਦੇ ਬੁਲਾਰੇ ਪ੍ਰੋ. ਬਲਜਿੰਦਰ ਸਿੰਘ ਤੇ ਹੋਰ ਮੈਂਬਰਾਂ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ 'ਚ ਹਾਰਮੋਨੀਅਮ ਦੀ ਵਰਤੋਂ ਬੰਦ ਕਰਨ ਸਬੰਧੀ ਪਾਸ ਕੀਤਾ ਗਿਆ ਗੁਰਮਤਾ ਦੂਰ-ਦ੍ਰਿਸ਼ਟੀ ਤੋਂ ਵਿਹੂਣਾ ਹੈ। ਉਨ੍ਹਾਂ ਕਿਹਾ ਕਿ ਪਿਛਲੇ 12 ਦਹਾਕਿਆਂ ਤੋਂ ਵੱਧ ਸਮੇਂ ਤੋਂ ਰਾਗੀ ਸਿੰਘਾਂ ਨੇ ਹਾਰਮੋਨੀਅਮ ਰਾਹੀਂ ਕੀਰਤਨ ਕਰਕੇ ਬੇਅੰਤ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਹੈ।

# ਧਾਮੀ ਵੱਲੋਂ ਹਥਿਆਰਾਂ ਦੇ ਮਾਮਲੇ ਵਿਚ ਜਥੇਦਾਰ ਦੇ ਸੁਝਾਅ ਦੀ ਹਮਾਇਤ




**ਪਟਿਆਲਾ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸਿੱਖ ਪਰਿਵਾਰਾਂ ਨੂੰ ਕਾਨੂੰਨੀ ਪ੍ਰਕਿਰਿਆ 'ਚ ਆਉਂਦੇ ਲਾਇਸੈਂਸੀ ਹਥਿਆਰ ਰੱਖਣ ਦੇ ਦਿੱਤੇ ਗਏ ਮਸ਼ਵਰੇ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਹਮਾਇਤ ਕੀਤੀ ਹੈ। ਉਨ੍ਹਾਂ ਦਾ ਤਰਕ ਸੀ ਕਿ ਸਿੰਘ ਸਾਹਿਬ ਵੱਲੋਂ ਸਿੱਖ ਪਰਿਵਾਰਾਂ ਨੂੰ ਲਾਇਸੈਂਸੀ ਹਥਿਆਰ ਰੱਖਣ ਦਾ ਸੁਝਾਇਆ ਗਿਆ ਨੁਕਤਾ ਕਿਸੇ ਤਰ੍ਹਾਂ ਵੀ ਗ਼ੈਰਵਾਜ਼ਬ ਨਹੀਂ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਸ੍ਰੀ ਧਾਮੀ ਇਥੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਚ 14 ਲੱਖ ਦੀ ਲਾਗਤ ਨਾਲ ਗੁਰੂ ਸ਼ਬਦ ਪ੍ਰਚਾਰ ਸਭਾ ਵੱਲੋਂ ਲਵਾਏ ਗਏ 30 ਕਿੱਲੋਵਾਟ ਦੇ ਸੋਲਰ ਪਲਾਂਟ ਦਾ ਉਦਘਾਟਨ ਕਰਨ ਆਏ ਸਨ। ਇਸ ਮੌਕੇ ਉਨ੍ਹਾਂ ਦੱਸਿਆ ਕਿ ਪਾਵਰਕੌਮ ਨਾਲ ਹੋਏ ਸਮਝੌਤੇ ਤਹਿਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਵੀ ਜਲਦ ਹੀ ਸੋਲਰ ਪਲਾਂਟ ਲੱਗਣ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਇਹ ਵੀ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਕਮੇਟੀ ਦਾ ਵਫਦ ਜਲਦੀ ਹੀ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰਾਲੇ ਸਮੇਤ ਦਿੱਲੀ ਅਤੇ ਕਰਨਾਟਕ ਦੇ ਮੁੱਖ ਮੰਤਰੀਆਂ ਨਾਲ ਮੁਲਾਕਾਤ ਕਰੇਗਾ।

# ਸਿੱਖਾਂ ਦੀ ਹੱਤਿਆ ਦੇ ਦੋਸ਼ੀ ਪੁਲਿਸ ਕਰਮੀਆਂ ਨੂੰ ਜ਼ਮਾਨਤ ਤੋਂ ਨਾਂਹ

**ਪ੍ਰਯਾਗਰਾਜ:** ਅਲਾਹਾਬਾਦ ਹਾਈ ਕੋਰਟ ਨੇ ਇਕ ਅਹਿਮ ਫੈਸਲੇ ਵਿਚ ਪੀ.ਏ.ਸੀ. ਦੇ ਉਨ੍ਹਾਂ 34 ਕਾਂਸਟੇਬਲਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਜਿਨ੍ਹਾਂ ਨੂੰ 1991 ਦੇ ਇਕ ਫਰਜ਼ੀ ਮੁਕਾਬਲੇ 'ਚ 10 ਸਿੱਖਾਂ ਦੀ ਹੱਤਿਆ ਦਾ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ। ਜਸਟਿਸ ਰਮੇਸ਼ ਸਿਨਹਾ ਤੇ ਬ੍ਰਿਜ ਰਾਜ ਸਿੰਘ ਦੇ ਬੈਂਚ ਨੇ ਕਿਹਾ ਕਿ ਦੋਸ਼ੀ ਪੁਲਿਸ ਕਰਮੀਆਂ ਨੇ ਇਨ੍ਹਾਂ ਸਿੱਖਾਂ ਨਾਲ ਅਤਿਵਾਦੀਆਂ ਵਰਗਾ ਵਿਹਾਰ ਕਰਦਿਆਂ ਇਨ੍ਹਾਂ ਦੀ ਅਣਮਨੁੱਖੀ ਤੇ ਵਹਿਸ਼ੀ ਢੰਗ ਨਾਲ ਹੱਤਿਆ ਕਰ ਦਿੱਤੀ ਸੀ।

ਉਨ੍ਹਾਂ ਕਿਹਾ ਕਿ ਜੇਕਰ ਕੁਝ ਵਿਅਕਤੀ ਸਮਾਜ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਵੀ ਸਨ ਤਾਂ ਵੀ ਢੁੱਕਵੀਆਂ ਕਾਨੂੰਨੀ ਧਾਰਾਵਾਂ ਹੇਠ ਅਪਰਾਧਕ ਕੇਸ ਹੀ ਦਰਜ ਕੀਤੇ ਜਾਣੇ ਚਾਹੀਦੇ ਸਨ, ਪਰ ਇਸ ਤਰ੍ਹਾਂ ਵਹਿਸ਼ੀ ਢੰਗ ਨਾਲ ਬੇਕਸੂਰਾਂ ਦੀ ਹੱਤਿਆ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਕਾਂਸਟੇਬਲਾਂ ਨੇ ਆਪਣੀ ਸਜਾ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਸੀ। ਮਾਮਲੇ 'ਤੇ ਆਖਰੀ ਸੁਣਵਾਈ 25 ਜੁਲਾਈ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ 12 ਜੁਲਾਈ, 1991 ਨੂੰ ਯਾਤਰੀਆਂ/ਸ਼ਰਧਾਲੂਆਂ ਨਾਲ ਭਰੀ ਇਕ ਬੱਸ ਨੂੰ ਪੀਲੀਭੀਤ (ਯੂਪੀ) ਪੁਲਿਸ ਨੇ ਰੋਕਿਆ ਸੀ।



ਪੁਲਿਸ 10-11 ਸਿੱਖ ਨੌਜਵਾਨਾਂ ਨੂੰ ਬੱਸ ਵਿਚੋਂ ਲਾਹ ਕੇ ਆਪਣੀ ਨੀਲੀ ਬੱਸ ਵਿਚ ਕਿਤੇ ਲੈ ਗਈ। ਇਸ ਤੋਂ ਬਾਅਦ ਪੂਰਾ ਦਿਨ ਯਾਤਰੀਆਂ ਵਾਲੀ ਬੱਸ ਪੁਲਿਸ ਕਰਮੀਆਂ ਨਾਲ ਇਧਰ-ਉਧਰ ਘੁੰਮਦੀ ਰਹੀ ਤੇ ਰਾਤ ਨੂੰ ਜਦ ਇਹ ਪੀਲੀਭੀਤ ਦੇ ਇਕ ਗੁਰਦੁਆਰੇ ਨੇੜੇ ਪਹੁੰਚੀ ਤਾਂ ਉਥੇ ਉਨ੍ਹਾਂ 10 ਨੌਜਵਾਨਾਂ ਦੀਆਂ ਲਾਸ਼ਾਂ ਮਿਲੀਆਂ ਜਿਨ੍ਹਾਂ ਨੂੰ ਬੱਸ ਵਿਚੋਂ ਲਾਹ ਕੇ ਪੁਲਿਸ ਨਾਲ ਲੈ ਗਈ ਸੀ। ਗਿਆਰਵਾਂ ਵਿਅਕਤੀ ਇਕ ਬੱਚਾ ਸੀ ਜਿਸ ਦਾ ਮਗਰੋਂ ਕਈ ਥਹੁ-ਪਤਾ ਨਹੀਂ ਲੱਗ ਸਕਿਆ ਸੀ।

# ਪਾਕਿ ਜਾਣ ਵਾਲਿਆਂ ਨੂੰ ਮਹਿਮਾਨਨਿਵਾਜ਼ੀ ਤੋਂ ਗੁਰੇਜ਼ ਦੀ ਹਦਾਇਤ

**ਅੰਮ੍ਰਿਤਸਰ:** ਕੇਂਦਰ ਸਰਕਾਰ ਨੇ ਪਾਕਿਸਤਾਨ ਜਾਂਦੇ ਜਥੇ ਵਿਚ ਸ਼ਾਮਲ ਲੋਕਾਂ ਲਈ ਚਿਤਾਵਨੀ ਜਾਰੀ ਕੀਤੀ ਹੈ ਕਿ ਉਥੇ ਜਾ ਕੇ ਲੋਕ ਪਾਕਿਸਤਾਨੀ ਲੋਕਾਂ ਨਾਲ ਵਧੇਰੇ ਘੁਲਣ ਮਿਲਣ ਦਾ ਯਤਨ ਨਾ ਕਰਨ ਅਤੇ ਉਨ੍ਹਾਂ ਦੀ ਕਿਸੇ ਵੀ ਤਰ੍ਹਾਂ ਦੀ ਮਹਿਮਾਨਨਿਵਾਜ਼ੀ ਨੂੰ ਕਬੂਲ ਨਾ ਕਰਨ। ਇਸ ਸਬੰਧੀ ਇਕ ਪੱਤਰ ਸ਼੍ਰੋਮਣੀ ਕਮੇਟੀ ਨੂੰ ਵੀ ਭੇਜਿਆ ਗਿਆ ਹੈ। ਇਸ ਸਬੰਧੀ ਪੱਤਰ ਕੇਂਦਰ ਸਰਕਾਰ ਵੱਲੋਂ ਸੂਬੇ ਦੇ ਮੁੱਖ ਸਕੱਤਰ ਨੂੰ ਭੇਜਿਆ ਗਿਆ ਹੈ, ਜਿਨ੍ਹਾਂ ਨੇ ਅਗਾਂਹ ਸ਼੍ਰੋਮਣੀ ਕਮੇਟੀ ਨੂੰ ਸੂਚਿਤ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਪਰਮਜੀਤ ਸਿੰਘ ਸਰੋਆ ਨੇ ਕਿਹਾ ਕਿ ਪੱਤਰ ਵਿਚ ਸ਼ਾਮਲ ਨਸੀਹਤਾਂ ਨਵੀਆਂ ਨਹੀਂ, ਸਗੋਂ ਹਰ ਵਰ੍ਹੇ ਜਥਿਆਂ ਦੇ ਜਾਣ ਤੋਂ ਪਹਿਲਾਂ ਕੇਂਦਰ ਵੱਲੋਂ ਇਹ ਜਾਰੀ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਪਾਕਿਸਤਾਨੀ ਖੁਫੀਆ ਤੇ ਹੋਰ ਅਧਿਕਾਰੀਆਂ ਨਾਲ ਵੀ ਤਾਲਮੇਲ ਕਰਨ ਤੋਂ ਗੁਰੇਜ਼ ਕਰਨ ਦੀ ਹਦਾਇਤ ਕੀਤੀ ਗਈ ਹੈ।

# ਕਾਂਗਰਸੀ ਆਗੂ ਖਿਲਾਫ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਹੇਠ ਕੇਸ

**ਲੁਧਿਆਣਾ:** ਥਾਣਾ ਸਲੇਮ ਟਾਬਰੀ ਦੀ ਪੁਲਿਸ ਨੇ ਆਲ ਇੰਡੀਆ ਕਾਂਗਰਸ ਕਿਸਾਨ ਮੋਰਚਾ ਦੇ ਸਾਬਕਾ ਕੌਮੀ ਜੁਆਇੰਟ ਕਨਵੀਨਰ ਗੁਰਸਿਮਰਨ ਸਿੰਘ ਮੰਡ ਖਿਲਾਫ ਸਿੱਖ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ 25 ਦਸੰਬਰ 2018 ਨੂੰ ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨਾਂ ਗੁਰਦੀਪ ਸਿੰਘ ਗੋਸ਼ਾ ਅਤੇ ਮੀਤਪਾਲ ਸਿੰਘ ਦੁੱਗਰੀ ਨੇ ਸਲੇਮ ਟਾਬਰੀ ਦੇ ਇਕ ਪਾਰਕ ਵਿਚ ਲੱਗੇ ਰਾਜੀਵ ਗਾਂਧੀ ਦੇ ਬੁੱਤ 'ਤੇ ਕਾਲੀ ਸਿਆਹੀ ਪਾ ਦਿੱਤੀ ਸੀ। ਇਸ ਮਗਰੋਂ ਗੁਰਸਿਮਰਨ ਸਿੰਘ ਮੰਡ ਨੇ ਆਪਣੀ ਦਸਤਾਰ ਲਾਹ ਕੇ ਬੁੱਤ ਸਾਫ ਕੀਤਾ ਸੀ।

ਇਸ ਸਬੰਧੀ ਅਰਬਨ ਸਟੇਟ ਦੁੱਗਰੀ ਵਾਸੀ ਮਨਮੀਤ ਸਿੰਘ ਅਤੇ ਕਰਵਰਪਾਲ ਸਿੰਘ ਨੇ 12 ਜੁਲਾਈ 2021 ਨੂੰ ਪੁਲਿਸ ਕਮਿਸ਼ਨਰ ਕੋਲ ਗੁਰਸਿਮਰਨ ਸਿੰਘ ਮੰਡ ਖਿਲਾਫ ਸਿੱਖ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਕਾਰਵਾਈ ਕਰਨ ਲਈ ਇਕ ਦਰਖਾਸਤ ਦਿੱਤੀ ਸੀ ਤੇ ਇਹ ਵੀ ਦੋਸ਼ ਲਾਇਆ ਸੀ ਕਿ ਮੰਡ ਨੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਰਾਜੀਵ ਗਾਂਧੀ ਦਾ ਦਰਜਾ ਗੁਰੂ ਨਾਨਕ ਦੇਵ ਤੋਂ ਉੱਪਰ ਦੱਸਿਆ ਸੀ।

ਪੁਲਿਸ ਵੱਲੋਂ ਦਸ ਮਹੀਨਿਆਂ ਦੀ ਤਫਤੀਸ਼ ਮਗਰੋਂ ਥਾਣਾ ਸਲੇਮ ਟਾਬਰੀ ਵਿਚ ਮੰਡ ਖ਼ਿਲਾਫ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ। ਹੁਣ ਇਸ ਸਬੰਧੀ ਅਗਲੀ ਕਾਰਵਾਈ ਕੀਤੀ ਜਾਵੇਗੀ

# ਪੰਜਾਬ 'ਵਰਸਿਟੀ ਦੇ ਕੇਂਦਰੀਕਰਨ ਖਿਲਾਫ ਡਟੀਆਂ ਵਿਦਿਆਰਥੀ ਜਥੇਬੰਦੀਆਂ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕੇਂਦਰੀਕਰਨ ਖਿਲਾਫ ਅਤੇ ਇਸ ਉਤੇ ਪੰਜਾਬ ਦਾ ਪੂਰਨ ਹੱਕ ਬਹਾਲ ਕਰਵਾਉਣ ਲਈ ਪੰਜਾਬ ਦੀਆਂ 9 ਵਿਦਿਆਰਥੀ ਜਥੇਬੰਦੀਆਂ ਵੱਲੋਂ ਰੋਸ ਮੁਜ਼ਾਹਰੇ ਦਾ ਐਲਾਨ ਕਰ ਦਿੱਤਾ ਗਿਆ ਹੈ ਜਿਸ ਤਹਿਤ ਕੇਂਦਰ ਸਰਕਾਰ ਦਾ ਵਿਰੋਧ ਕੀਤਾ ਜਾਵੇਗਾ ਅਤੇ ਪੰਜਾਬ ਸਰਕਾਰ ਨੂੰ ਇਸ ਵਿਰਾਸਤੀ ਯੂਨੀਵਰਸਿਟੀ 'ਤੇ ਆਪਣਾ ਹੱਕ ਬਹਾਲ ਕਰਵਾਉਣ ਲਈ ਹਲੂਣਿਆ ਜਾਵੇਗਾ। ਜਥੇਬੰਦੀਆਂ ਨੇ ਮੰਗ ਕੀਤੀ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਕੇਂਦਰੀਕਰਨ ਤੁਰਤ ਬੰਦ ਕੀਤਾ ਜਾਵੇ ਅਤੇ ਇਹ ਪੰਜਾਬ ਨੂੰ ਹੀ ਸੌਂਪੀ ਜਾਵੇ। ਨਵੀਂ ਸਿੱਖਿਆ ਨੀਤੀ ਰਾਹੀਂ ਸਿੱਖਿਆ ਦੇ ਨਿੱਜੀਕਰਨ, ਭਗਵੇਂਕਰਨ ਅਤੇ ਕੇਂਦਰੀਕਰਨ ਦੀ ਨੀਤੀ ਰੱਦ ਕੀਤੀ ਜਾਵੇ। ਵਿਦਿਆਰਥੀ ਆਗੂ ਅਮਨਦੀਪ ਸਿੰਘ ਨੇ ਦੱਸਿਆ ਕਿ ਪੀ.ਐਸ.ਯੂ. (ਲਲਕਾਰ), ਪੀ.ਐਸ.ਯੂ. (ਸ਼ਹੀਦ ਰੰਧਾਵਾ), ਪੀ.ਐਸ.ਯੂ., ਪੀ.ਆਰ.ਐਸ.ਯੂ, ਐਸ.ਐਫ.ਐਸ, ਡੀ.ਐਸ.ਓ, ਪੀ.ਐਸ.ਐਫ, ਏ.ਆਈ.ਐਸ.ਐਫ. ਅਤੇ ਐਸ.ਐਫ.ਆਈ. ਵੱਲੋਂ 8 ਜੂਨ ਨੂੰ ਮੁਹਾਲੀ ਦੇ ਫੇਜ਼-8 ਦੇ ਗੁਰਦੁਆਰਾ ਅੰਬ ਸਾਹਿਬ ਨੇੜੇ ਇਕੱਠ ਕੀਤਾ ਜਾਵੇਗਾ ਜਿਸ ਉਪਰੰਤ ਚੰਡੀਗੜ੍ਹ ਵੱਲ ਪੈਦਲ ਰੋਸ ਮਾਰਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕੇਂਦਰੀਕਰਨ ਦੇ ਏਜੰਡੇ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹਰੀ ਝੰਡੀ ਦੇ ਦਿੱਤੀ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਪੰਜਾਬ ਯੂਨੀਵਰਸਿਟੀ ਕੇਂਦਰ ਸਰਕਾਰ ਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸਿੱਧੇ ਕੰਟਰੋਲ ਹੇਠ ਆ ਜਾਵੇਗੀ। ਇਸ ਤੋਂ ਬਾਅਦ ਪੰਜਾਬੀ ਬੋਲੀ ਤੇ ਸੱਭਿਆਚਾਰ ਲਈ ਕੰਮ ਕਰਨ ਵਾਲੀ ਇਹ ਯੂਨੀਵਰਸਿਟੀ ਕੇਂਦਰ ਸਰਕਾਰ ਮੁਤਾਬਕ ਚੱਲੇਗੀ ਜੋ 'ਹਿੰਦੂ, ਹਿੰਦੀ ਤੇ ਹਿੰਦੁਸਤਾਨ' ਦੀ ਮੁਦੱਈ ਹੈ ਅਤੇ ਕੌਮੀ ਤੇ ਖੇਤਰੀ ਭਾਸ਼ਾਵਾਂ ਨੂੰ ਦਰੜਨ ਦੀ ਨੀਤੀ ਉੱਪਰ ਚਲਦੀ ਹੈ। ਇਸ ਫੈਸਲੇ ਨਾਲ ਪੰਜਾਬ ਯੂਨੀਵਰਸਿਟੀ ਨਾਲ ਜੁੜੇ ਪੰਜਾਬ ਦੇ ਕਰੀਬ 200 ਕਾਲਜ ਬੇਸਹਾਰਾ ਹੋ ਜਾਣਗੇ।




### ਕੇਂਦਰੀਕਰਨ ਖਿਲਾਫ ਸੰਜੀਦਾ ਯਤਨ ਹੋਣ: ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਕੇਂਦਰੀ ਯੂਨੀਵਰਸਿਟੀ 'ਚ ਤਬਦੀਲ ਕਰਨ ਤੋਂ ਰੋਕਣ ਲਈ ਸਰਕਾਰ ਗੰਭੀਰਤਾ ਨਾਲ ਯਤਨ ਕਰੇ। ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਬਾਰੇ ਹਾਈ ਕੋਰਟ ਵਿਚ ਪੰਜਾਬ ਦੇ ਹਿੱਤਾਂ ਨੂੰ ਸਾਹਮਣੇ ਰੱਖ ਕੇ ਪੱਖ ਰੱਖਿਆ ਜਾਣਾ ਚਾਹੀਦਾ ਸੀ, ਜਿਸ ਵਿਚ ਪੰਜਾਬ ਸਰਕਾਰ ਨਾਕਾਮ ਨਜ਼ਰ ਆ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਪੰਜਾਬ ਸਰਕਾਰ ਨੂੰ ਸੰਜੀਦਾ ਹੋਣ ਦੀ ਲੋੜ ਹੈ। ਸਰਕਾਰ ਇਸ ਮਾਮਲੇ 'ਚ ਕਾਨੂੰਨੀ ਮਾਹਿਰਾਂ ਨਾਲ ਮਸ਼ਵਰਾ ਕਰ ਕੇ ਚਾਰਾਜੋਈ ਕਰੇ।

# ਸਿੱਖਿਆ ਸਰਵੇਖਣ: ਪੰਜਾਬ ਨੇ ਕੇਜਰੀਵਾਲ ਦੇ ਦਿੱਲੀ ਮਾਡਲ ਨੂੰ ਵੰਗਾਰਿਆ




**ਚੰਡੀਗੜ੍ਹ:** ਭਾਰਤ ਸਰਕਾਰ ਵੱਲੋਂ ਐਨ.ਸੀ.ਈ.ਆਰ.ਟੀ. ਦੇ ਮਾਧਿਅਮ ਨਾਲ ਕਰਵਾਏ ਨੈਸ਼ਨਲ ਅਚੀਵਮੈਂਟ ਸਰਵੇ - 2021 ਦੀ ਰਿਪੋਰਟ ਵਿਚ ਪੰਜਾਬ ਨੇ ਸਿੱਖਿਆ ਦੀ ਗੁਣਵੱਤਾ ਦੇ ਮਾਮਲੇ ਵਿਚ ਦੇਸ ਭਰ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਤੀਜੀ, ਪੰਜਵੀਂ, ਅੱਠਵੀਂ ਅਤੇ ਦਸਵੀਂ ਜਮਾਤ ਦੇ 34 ਲੱਖ ਵਿਦਿਆਰਥੀਆਂ ਦੇ ਕਰਵਾਏ ਇਮਤਿਹਾਨ ਵਿਚ ਪੰਜਾਬ ਨੇ ਦਿੱਲੀ ਹੀ ਨਹੀਂ, ਦੇਸ਼ ਨੂੰ ਵੀ ਸ਼ੀਸ਼ਾ ਵਿਖਾਇਆ ਹੈ ਕਿ ਪੰਜਾਬ ਸਿੱਖਿਆ ਵਿਚ ਨੰਬਰ ਇਕ ਸੀ ਤੇ ਨੰਬਰ ਇਕ ਹੈ। ਰਿਪੋਰਟ ਜਾਰੀ ਹੋਣ ਪਿੱਛੋਂ ਦਿੱਲੀ ਮਾਡਲ ਦੇ ਸੋਹਲੇ ਗਾ ਰਹੀ ਭਗਵੰਤ ਮਾਨ ਸਰਕਾਰ ਵਿਰੋਧੀ ਧਿਰਾਂ ਦੇ ਨਿਸ਼ਾਨੇ ਉਤੇ ਹੈ। ਤੱਥ ਬੋਲਦੇ ਹਨ ਕਿ ਇਹ ਸਰਵੇਖਣ ਪੰਜਾਬ ਦੇ 23 ਜ਼ਿਲ੍ਹਿਆਂ ਦਾ ਨਹੀਂ ਹੈ, ਦੇਸ਼ ਭਰ ਦੇ ਸਾਰੇ ਪ੍ਰਾਂਤਾਂ ਦੇ 720 ਜ਼ਿਲ੍ਹਿਆਂ ਦਾ ਸਰਵੇਖਣ ਹੈ। ਦੇਸ ਦੇ ਵੱਖ-ਵੱਖ ਪ੍ਰਾਂਤਾਂ ਦੇ ਇਕ ਲੱਖ 18 ਹਜ਼ਾਰ 234 ਸਕੂਲ ਇਸ ਵਿਚ ਸ਼ਾਮਲ ਹਨ। 21 ਨਵੰਬਰ 2021 ਨੂੰ ਹੋਈ ਇਸ ਪ੍ਰੀਖਿਆ ਵਿਚ ਇਕ ਲੱਖ 24 ਹਜ਼ਾਰ ਆਬਜ਼ਰਵਰ ਲੱਗੇ ਸਨ, 36 ਸਟੇਟ ਨੋਡਲ ਅਫਸਰ ਸਨ, 733 ਜ਼ਿਲ੍ਹਾ ਕੋਆਰਡੀਨੇਟਰ ਅਤੇ ਦੋ ਲੱਖ ਅਧਿਆਪਕ ਇਮਤਿਹਾਨ ਲੈਣ ਲਈ ਡਿਊਟੀ ਉਤੇ ਲੱਗੇ ਸਨ। ਪੰਜਾਬ ਦੇ 3656 ਸਰਕਾਰੀ, ਏਡਿਡ, ਮਾਨਤਾ ਪ੍ਰਾਪਤ, ਪ੍ਰਾਈਵੇਟ ਅਤੇ ਕੇਂਦਰੀ ਵਿਦਿਆਲਿਆ ਵਿਚ ਇਹ ਪ੍ਰੀਖਿਆ ਹੋਈ ਸੀ। ਇਸ ਪ੍ਰੀਖਿਆ ਵਿਚ ਇਕ ਲੱਖ 17 ਹਜ਼ਾਰ 601 ਵਿਦਿਆਰਥੀ ਅਤੇ 16972 ਅਧਿਆਪਕ ਬੈਠੇ ਸਨ। ਤੀਜੀ, ਪੰਜਵੀਂ, ਅੱਠਵੀਂ ਅਤੇ ਦਸਵੀਂ ਦੇ ਸਾਰੇ ਵਿਸ਼ਿਆਂ ਦਾ ਮੁਕਾਬਲਾ ਕੇਵਲ ਰਾਜਸਥਾਨ ਨਾਲ ਸੀ, ਦਿੱਲੀ ਤਾਂ ਕਿਤੇ ਨੇੜੇ-ਤੇੜੇ ਨਹੀਂ ਸੀ। ਦਸਵੀਂ ਜਮਾਤ ਦੇ ਗਣਿਤ ਦੀ ਗੱਲ ਕਰੀਏ ਤਾਂ ਪੰਜਾਬ ਨੇ 273 ਅਤੇ ਦਿੱਲੀ ਨੇ 230 ਅੰਕ ਪ੍ਰਾਪਤ ਕੀਤੇ, ਅੰਗਰੇਜ਼ੀ ਵਿਚ ਪੰਜਾਬ ਨੇ 330 ਅਤੇ ਦਿੱਲੀ ਨੇ 321 ਅੰਕ ਪ੍ਰਾਪਤ ਕੀਤੇ। ਇਸ ਸਾਰਾ ਸਰਵੇਖਣ ਸਾਰੇ ਰਾਜ ਦੇ ਵਿਦਿਆਰਥੀਆਂ ਦੀ ਸਮੁੱਚੀ ਕਾਰਗੁਜ਼ਾਰੀ ਦੀ ਔਸਤ ਹੈ।

## ਪੰਜਾਬ ਦਾ ਪੈਸਾ ਦਿੱਲੀ ਮਾਡਲ ਦੇ ਪ੍ਰਚਾਰ 'ਤੇ ਨਾ ਖਰਚਿਆ ਜਾਵੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਖਿਆ ਹੈ ਕਿ ਉਹ ਆਪਣੇ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਪ੍ਰਾਪਤੀ ਦਾ ਜਸ਼ਨ ਮਨਾਉਣ ਪਰ ਪੰਜਾਬ ਦੇ ਪੈਸੇ ਨੂੰ ਅਰਵਿੰਦ ਕੇਜਰੀਵਾਲ ਤੇ ਦਿੱਲੀ ਮਾਡਲ ਦੇ ਪ੍ਰਚਾਰ 'ਤੇ ਬਰਬਾਦ ਨਾ ਕਰਨ। ਸ੍ਰੀ ਬਾਦਲ ਨੇ ਕਿਹਾ ਕਿ ਉਹ ਹੈਰਾਨ ਹਨ ਕਿ ਭਗਵੰਤ ਮਾਨ ਸ੍ਰੀ ਕੇਜਰੀਵਾਲ ਦੇ ਦਿੱਲੀ ਮਾਡਲ ਦੇ ਪ੍ਰਚਾਰ ਲਈ ਪਹਿਲਾਂ ਹੀ ਕਰਜ਼ਈ ਪੰਜਾਬ ਦੇ ਪੈਸੇ ਨੂੰ ਖੁਸ਼ੀ ਨਾਲ ਬਰਬਾਦ ਕਰਨ ਅਤੇ ਲੁਟਾਉਣ ਦਾ ਕੋਈ ਮੌਕਾ ਨਹੀਂ ਗੁਆਉਂਦੇ ਪਰ ਉਹ ਦਿੱਲੀ ਦੇ ਮੁਕਾਬਲੇ ਆਪਣੇ ਰਾਜ ਦੀਆਂ ਪ੍ਰਾਪਤੀਆਂ ਦੀ ਗੱਲ ਕਰਨ ਲਈ ਤਿਆਰ ਨਹੀਂ ਹਨ।

# ਭਗਵੰਤ ਮਾਨ ਵੱਲੋਂ ਧਰਤੀ ਹੇਠਲਾ ਪਾਣੀ ਬਚਾਉਣ ਲਈ ਸਾਂਝੇ ਯਤਨਾਂ ਦਾ ਸੱਦਾ



**ਜਲੰਧਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਪਾਣੀ ਦੇ ਤੇਜ਼ੀ ਨਾਲ ਘਟਦੇ ਪੱਧਰ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਇਹ ਜਾਣ ਕੇ ਬੇਹੱਦ ਦੁੱਖ ਹੋਇਆ ਹੈ ਕਿ ਦੁਬਈ ਤੇ ਹੋਰ ਅਰਬ ਮੁਲਕਾਂ ਵਿਚ ਜਿਹੜੀਆਂ ਮੋਟਰਾਂ ਨਾਲ ਤੇਲ ਕੱਢਿਆ ਜਾਂਦਾ ਹੈ, ਉਨ੍ਹਾਂ ਮੋਟਰਾਂ ਦੀ ਵਰਤੋਂ ਹੁਣ ਪੰਜਾਬ ਵਿਚ ਧਰਤੀ ਹੇਠੋਂ ਪਾਣੀ ਕੱਢਣ ਲਈ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਇਸ ਲਾਪਰਵਾਹੀ ਵਾਲੇ ਰੁਝਾਨ ਨੂੰ ਫੌਰੀ ਰੋਕਣ ਦੀ ਲੋੜ ਹੈ ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਪਾਣੀ ਵਾਸਤੇ ਤਰਸਣ ਲਈ ਮਜਬੂਰ ਨਾ ਹੋਣ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਿੰਡ ਸੀਚੇਵਾਲ ਨਿਰਮਲ ਕੁਟੀਆ 'ਚ ਸੰਤ ਅਵਤਾਰ ਸਿੰਘ ਦੀ ਬਰਸੀ ਮੌਕੇ ਕਰਵਾਏ ਸਮਾਗਮ ਵਿਚ ਪੁੱਜੇ ਸਨ। ਮੁੱਖ ਮੰਤਰੀ ਨੇ ਸੂਬੇ ਦੀ ਧਰਤੀ ਹੇਠਲੇ ਪਾਣੀ ਦੇ ਤੇਜ਼ੀ ਨਾਲ ਡਿੱਗ ਰਹੇ ਪੱਧਰ ਨੂੰ ਸੁਧਾਰਨ ਲਈ ਅਤੇ ਵਾਤਾਵਰਨ ਦੇ ਪ੍ਰਦੂਸ਼ਣ ਵਿਰੁੱਧ ਜੰਗ ਛੇੜਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਧਰਤੀ ਹੇਠਲਾ ਪਾਣੀ ਨਾ ਬਚਾ ਸਕੇ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਮੁਆਫ ਨਹੀਂ ਕਰਨਗੀਆਂ। ਮੁੱਖ ਮੰਤਰੀ ਨੇ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਕਿ ਪੰਜਾਬ ਦੇ ਲਗਭਗ ਸਾਰੇ ਬਲਾਕ 'ਡਾਰਕ ਜ਼ੋਨ' ਵਿਚ ਆ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਧਰਤੀ ਹੇਠਲੇ ਪਾਣੀ ਨੂੰ ਇਕੱਲਾ ਸਰਕਾਰ ਦੇ ਯਤਨ ਨਹੀਂ ਬਚਾ ਸਕਦੇ, ਇਸ ਕੰਮ ਲਈ ਲੋਕਾਂ ਦਾ ਸਹਿਯੋਗ ਜ਼ਰੂਰੀ ਹੈ। ਪੰਜਾਬ ਸਰਕਾਰ ਦੇ ਯਤਨਾਂ ਨੂੰ ਕਿਸਾਨਾਂ ਨੇ ਭਰਵਾਂ ਹੁੰਗਾਰਾ ਦਿੱਤਾ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਚੁੱਕੇ ਮੁੱਦੇ ਉਤੇ ਭਗਵੰਤ ਮਾਨ ਨੇ ਕਿਹਾ ਕਿ ਗਿੱਦੜਪਿੰਡੀ ਰੇਲਵੇ ਪੁਲ ਹੇਠਾਂ ਤੋਂ ਗਾਦ ਹਟਾਉਣ ਦਾ ਮਸਲਾ ਉਹ ਕੇਂਦਰੀ ਰੇਲਵੇ ਮੰਤਰੀ ਕੋਲ ਉਠਾਉਣਗੇ। ਸੰਤ ਅਵਤਾਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮੁੱਖ ਮੰਤਰੀ ਨੇ ਵਾਤਾਵਰਨ ਬਚਾਉਣ ਲਈ ਲੋਕਾਂ ਨੂੰ ਜਾਗਰੂਕ ਕਰਨ ਵਾਸਤੇ ਪਾਏ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਨਿਰਮਲ ਕੁਟੀਆ ਵਿੱਚ ਪੌਦਾ ਵੀ ਲਾਇਆ।

ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਕਿਸਾਨਾਂ ਦਾ ਧਿਆਨ ਕਣਕ ਤੇ ਝੋਨੇ ਦੇ ਫਸਲੀ ਚੱਕਰ ਤੋਂ ਹਟਾਉਣ ਲਈ ਮੂੰਗੀ ਉਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਪਹਿਲਕਦਮੀ ਕੀਤੀ ਹੈ ਤਾਂ ਕਿ ਫਸਲੀ ਵਿਭਿੰਨਤਾ ਰਾਹੀਂ ਪਾਣੀ ਦੀ ਬੱਚਤ ਹੋਵੇ। ਮੁੱਖ ਮੰਤਰੀ ਨੇ ਕਿਸਾਨਾਂ ਨੂੰ ਕਣਕ ਤੇ ਝੋਨੇ ਦੇ ਫਸਲੀ ਚੱਕਰ ਤੋਂ ਨਿਕਲਣ ਲਈ ਬਦਲਵੀਆਂ ਫਸਲਾਂ ਦਾ ਪ੍ਰਬੰਧ ਦੇਣ ਦਾ ਵਾਅਦਾ ਕਰਦਿਆਂ ਕਿਹਾ ਕਿ ਭਵਿੱਖ ਵਿਚ ਸੂਬਾ ਸਰਕਾਰ ਸੂਰਜਮੁਖੀ, ਸਰ੍ਹੋਂ, ਮੱਕੀ ਤੇ ਦਾਲਾਂ ਬੀਜਣ ਲਈ ਵੀ ਕਿਸਾਨਾਂ ਨੂੰ ਅਪੀਲ ਕਰੇਗੀ ਤੇ ਇਨ੍ਹਾਂ ਦੀ ਖਰੀਦ ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਜਾਵੇਗਾ।

# ਭੋਲਾ ਨੂੰ ਗੁਰਦਾਸਪੁਰ ਜੇਲ੍ਹ ਭੇਜਿਆ

**ਪਟਿਆਲਾ:** ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਸਾਬਕਾ ਕੌਮਾਂਤਰੀ ਭਲਵਾਨ ਜਗਦੀਸ਼ ਭੋਲਾ ਨੂੰ ਇਥੋਂ ਗੁਰਦਾਸਪੁਰ ਜੇਲ੍ਹ 'ਚ ਤਬਦੀਲ ਕਰ ਦਿੱਤਾ ਗਿਆ ਹੈ। ਇਹ ਤਬਦੀਲੀ ਭੋਲੇ ਦੇ ਕਬਜ਼ੇ ਵਿਚੋਂ ਮੋਬਾਈਲ ਫੋਨ ਤੇ ਸਿੰਮ ਕਾਰਡ ਬਰਾਮਦ ਹੋਣ ਮਗਰੋਂ ਕੀਤੀ ਗਈ ਹੈ। ਰੁਸਤਮ-ਏ-ਹਿੰਦ ਅਤੇ ਡੀ.ਐਸ.ਪੀ. ਰਹੇ ਜਗਦੀਸ਼ ਭੋਲਾ ਦੇ ਦੇਸ਼ ਅਤੇ ਵਿਦੇਸ਼ ਵਿਚ ਰਹਿੰਦੇ ਖਤਰਨਾਕ ਗੈਂਗਸਟਰਾਂ ਅਤੇ ਹੋਰ ਨਾਮੀ ਅਪਰਾਧੀਆਂ ਨਾਲ ਸਬੰਧ ਹੋਣ ਕਾਰਨ ਜੇਲ੍ਹ ਵਿਚ ਪਹਿਲਾਂ ਹੀ ਉਸ ਪ੍ਰਤੀ ਚੌਕਸੀ ਵਰਤੀ ਜਾ ਰਹੀ ਸੀ।

ਜਾਣਕਾਰੀ ਅਨੁਸਾਰ ਇਥੇ ਕੁਝ ਹੀ ਦਿਨ ਪਹਿਲਾਂ ਤਾਇਨਾਤ ਕੀਤੇ ਗਏ ਨਵੇਂ ਜੇਲ੍ਹ ਸੁਪਰਡੈਂਟ ਮਨਜੀਤ ਸਿੰਘ ਟਿਵਾਣਾ ਦੀ ਅਗਵਾਈ ਹੇਠ ਵਿੱਢੀ ਗਈ ਤਲਾਸ਼ੀ ਮੁਹਿੰਮ ਦੌਰਾਨ ਜਗਦੀਸ਼ ਭੋਲਾ ਕੋਲੋਂ ਮੋਬਾਈਲ ਫੋਨ ਤੇ ਸਿੰਮ ਕਾਰਡ ਬਰਾਮਦ ਕੀਤਾ ਗਿਆ ਸੀ।

## ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ

**ਪਾਇਲ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਦੇ ਇਕ ਪੁਰਾਣੇ ਮਾਮਲੇ ਵਿਚ ਪੁਲਿਸ ਵੱਲੋਂ ਗ੍ਰਿਫਤਾਰ ਨਾ ਕਰਨ ਦੇ ਮਾਮਲੇ 'ਚ ਪੰਜਾਬ ਪੁਲਿਸ ਦੇ ਹੀ ਇਕ ਇੰਸਪੈਕਟਰ ਕਰਨੈਲ ਸਿੰਘ ਦੀ ਅਪੀਲ 'ਤੇ ਸੂਬਾ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਰਿਪੋਰਟ ਮੰਗੀ ਹੈ।

ਹਲਕਾ ਵਿਧਾਇਕ ਜਦੋਂ ਲੋਕ ਇਨਸਾਫ ਪਾਰਟੀ ਦੇ ਆਗੂ ਸਨ ਤਾਂ ਪਿੰਡ ਮਕਸੂਦੜਾ ਦੇ ਇਕ ਮਾਮਲੇ ਸਬੰਧੀ ਉਨ੍ਹਾਂ ਥਾਣਾ ਪਾਇਲ ਦੀ ਹਦੂਦ ਅੰਦਰ ਧਰਨਾ ਲਾਇਆ ਸੀ, ਉਸ ਸਮੇਂ ਹੋਈ ਹੱਥੋਪਾਈ ਅਤੇ ਪੁਲਿਸ ਉੱਪਰ ਹਮਲਾ ਕਰਨ ਸਬੰਧੀ ਵਿਧਾਇਕ ਗਿਆਸਪੁਰਾ ਖਿਲਾਫ ਥਾਣਾ ਪਾਇਲ ਅੰਦਰ ਕੇਸ ਦਰਜ ਕੀਤਾ ਗਿਆ ਸੀ। ਪੁਲਿਸ ਸਟੇਸ਼ਨ ਪਾਇਲ ਵਿਚ ਵਿਸ਼ੇਸ਼ ਜਾਂਚ ਟੀਮ ਦਾ ਗਠਨ ਵੀ ਕੀਤਾ ਗਿਆ ਸੀ, ਪਰ ਅਜੇ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਕਾਰਵਾਈ ਨਾ ਹੋਣ ਕਰਕੇ ਐਸ.ਐਚ.ਓ. ਵੱਲੋਂ ਹਾਈ ਕੋਰਟ ਵਿਚ ਰਿੱਟ ਦਾਇਰ ਕੀਤੀ ਗਈ ਸੀ। ਇਸ ਬਾਰੇ ਮਨਵਿੰਦਰ ਸਿੰਘ ਦੇ ਗਿਆਸਪੁਰਾ ਨੇ ਕਿਹਾ ਕਿ ਥਾਣਾ ਪਾਇਲ ਅੰਦਰ ਕੋਈ ਹਮਲਾ ਨਹੀਂ ਕੀਤਾ ਗਿਆ, ਉਹ ਤਾਂ ਲੋਕ ਹਿੱਤਾਂ ਨੂੰ ਮੁੱਖ ਰੱਖਦਿਆਂ ਰੋਸ ਪ੍ਰਦਰਸ਼ਨ ਕਰ ਰਹੇ ਸਨ।

# ਸਕੂਲ ਬੱਸਾਂ ਦਾ ਬਕਾਇਆ ਟੈਕਸ 5 ਅਗਸਤ ਤੱਕ ਭਰਨ ਦੀ ਹਦਾਇਤ



**ਚੰਡੀਗੜ੍ਹ:** ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸੂਬੇ ਦੇ ਸਮੂਹ ਸਕੂਲ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਕਿ ਉਹ 5 ਅਗਸਤ ਤੱਕ ਬੱਸਾਂ ਦੇ ਪੁਰਾਣੇ ਬਕਾਇਆ ਟੈਕਸ ਭਰ ਦੇਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਿਰਧਾਰਤ ਮਿਤੀ ਪਿੱਛੋਂ ਡਿਫਾਲਟਰਾਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਸਕੂਲ ਮੁਖੀਆਂ ਤੇ ਪ੍ਰਬੰਧਕਾਂ ਨਾਲ ਮੀਟਿੰਗ ਦੌਰਾਨ ਟਰਾਂਸਪੋਰਟ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਟੈਕਸ ਡਿਫਾਲਟਰਾਂ ਲਈ ਐਮਨੈਸਟੀ ਸਕੀਮ ਚਲਾਈ ਜਾ ਰਹੀ ਹੈ ਜਿਸ ਤਹਿਤ ਟੈਕਸ ਡਿਫਾਲਟਰਾਂ ਨੂੰ 5 ਅਗਸਤ ਤੱਕ ਟੈਕਸ ਭਰਨ ਦਾ ਸਮਾਂ ਦਿੱਤਾ ਗਿਆ ਹੈ। ਲਾਲਜੀਤ ਸਿੰਘ ਭੁੱਲਰ ਨੇ ਸਪਸ਼ਟ ਕੀਤਾ ਕਿ ਸਕੂਲ ਵਾਹਨਾਂ 'ਤੇ ਆਉਣ-ਜਾਣ ਵਾਲੇ ਵਿਦਿਆਰਥੀਆਂ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਮੱਦੇਨਜ਼ਰ ਸਕੂਲ ਬੱਸਾਂ ਵਿਚ ਨਿਯਮਾਂ ਮੁਤਾਬਕ ਰਹਿੰਦੀਆਂ ਕਮੀਆਂ ਨੂੰ 31 ਅਗਸਤ ਤੱਕ ਹਰ ਹੀਲੇ ਪੂਰਾ ਕੀਤਾ ਜਾਵੇ। ਮੰਤਰੀ ਨੇ ਸਮੂਹ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਹਦਾਇਤ ਕੀਤੀ ਕਿ ਉਹ ਸਮੇਂ-ਸਮੇਂ 'ਤੇ ਸਕੂਲ ਵਾਹਨਾਂ ਦੀ ਚੈਕਿੰਗ ਕਰਨ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਕੂਲ ਵਾਹਨਾਂ ਨੂੰ ਜ਼ਬਤ ਕਰਨ। ਸ੍ਰੀ ਭੁੱਲਰ ਨੇ ਕਿਹਾ ਕਿ ਬੱਸਾਂ ਵਿਚ ਨਿਯਮਾਂ ਮੁਤਾਬਕ ਲੋੜੀਂਦੇ ਸਾਮਾਨ ਦੀ ਘਾਟ ਕਾਰਨ ਵਾਪਰੀ ਅਣਸੁਖਾਵੀਂ ਘਟਨਾ ਦੀ ਮੁਕੰਮਲ ਜ਼ਿੰਮੇਵਾਰੀ ਸਕੂਲ ਪ੍ਰਬੰਧਕਾਂ ਦੀ ਹੋਵੇਗੀ।

## ਪੰਜਾਬ ਵਿੱਚ ਹੁਣ ਫ਼ਰਦਾਂ ਦੀ ਹੋਵੇਗੀ ਹੋਮ ਡਲਿਵਰੀ

**ਚੰਡੀਗੜ੍ਹ:** ਪੰਜਾਬ ਵਿਚ ਹੁਣ ਫਰਦਾਂ ਦੀ ਹੋਮ ਡਲਿਵਰੀ ਹੋਵੇਗੀ। 'ਆਪ' ਸਰਕਾਰ ਵੱਲੋਂ ਮਾਲ ਵਿਭਾਗ 'ਚ ਸੁਧਾਰਾਂ ਦੇ ਮੱਦੇਨਜ਼ਰ ਆਨਲਾਈਨ ਸੇਵਾਵਾਂ ਦੀ ਸ਼ੁਰੂਆਤ ਕੀਤੀ ਜਾਵੇਗੀ। ਮੁੱਖ ਮੰਤਰੀ ਭਗਵੰਤ ਮਾਨ ਨੇ ਇਨ੍ਹਾਂ ਸੁਧਾਰਾਂ ਨੂੰ ਫੌਰੀ ਲਾਗੂ ਕਰਨ ਦੀ ਹਦਾਇਤ ਕੀਤੀ ਹੈ। ਮਾਲ ਵਿਭਾਗ ਵੱਲੋਂ ਫਰਦਾਂ ਦੀ ਹੋਮ ਡਲਿਵਰੀ ਸ਼ੁਰੂ ਕੀਤੀ ਜਾ ਰਹੀ ਹੈ। ਪੰਜਾਬ ਵਿਚ ਇਸ ਵੇਲੇ 172 ਫਰਦ ਕੇਂਦਰ ਅਤੇ 516 ਸੇਵਾ ਕੇਂਦਰ ਹਨ, ਜਿਨ੍ਹਾਂ ਜ਼ਰੀਏ ਜਮ੍ਹਾਬੰਦੀਆਂ ਦੀਆਂ ਪ੍ਰਮਾਣਿਤ ਕਾਪੀਆਂ ਦੀ ਸਹੂਲਤ ਦਿੱਤੀ ਗਈ ਹੈ। ਪੰਜਾਬ ਦੇ ਲੋਕਾਂ ਨੂੰ ਹੋਮ ਡਲਿਵਰੀ ਦੀ ਸਹੂਲਤ ਦੇਣ ਦਾ ਮੁੱਖ ਮੰਤਵ ਭ੍ਰਿਸ਼ਟਾਚਾਰ ਨੂੰ ਠੱਲ੍ਹਣਾ ਹੈ। ਪਤਾ ਲੱਗਾ ਹੈ ਕਿ ਹੋਮ ਡਲਿਵਰੀ ਲਈ ਡਾਕ ਵਿਭਾਗ ਨਾਲ ਗੱਲਬਾਤ ਨੇਪਰੇ ਚਾੜ੍ਹ ਲਈ ਗਈ ਹੈ।

## ਗੈਰਕਾਨੂੰਨੀ ਕਲੋਨੀਆਂ ਦੀਆਂ ਰਜਿਸਟਰੀਆਂ 'ਤੇ ਪਾਬੰਦੀ

**ਚੰਡੀਗੜ੍ਹ:** 'ਆਪ' ਸਰਕਾਰ ਨੇ ਪੰਜਾਬ ਵਿਚ ਗੈਰਕਾਨੂੰਨੀ ਤੇ ਅਣ-ਅਧਿਕਾਰਤ ਕਲੋਨੀਆਂ ਦੀ ਰਜਿਸਟਰੀ 'ਤੇ ਪਾਬੰਦੀ ਲਗਾ ਦਿੱਤੀ ਹੈ। ਮਾਲ ਵਿਭਾਗ ਨੇ ਡਿਵੀਜ਼ਨਲ ਕਮਿਸ਼ਨਰਾਂ ਤੇ ਤਹਿਸੀਲਦਾਰਾਂ ਨੂੰ ਪੱਤਰ ਜਾਰੀ ਕਰ ਦਿੱਤਾ ਹੈ ਕਿ ਕਿਸੇ ਵੀ ਅਣ-ਅਧਿਕਾਰਤ ਕਲੋਨੀ ਦੇ ਪਲਾਟਾਂ ਦੀ ਮਾਲਕੀ ਵਿਚ ਕੋਈ ਤਬਦੀਲੀ ਨਾ ਕੀਤੀ ਜਾਵੇ ਅਤੇ ਨਾ ਰਜਿਸਟਰੀ ਕੀਤੀ ਜਾਵੇ। ਪੱਤਰ ਵਿਚ ਕਿਹਾ ਗਿਆ ਹੈ ਕਿ ਪੰਜਾਬ ਵਿਚ ਗੈਰਕਾਨੂੰਨੀ ਅਤੇ ਅਣ-ਅਧਿਕਾਰਤ ਕਲੋਨੀਆਂ ਖੁੰਬਾਂ ਵਾਂਗ ਉੱਗ ਰਹੀਆਂ ਹਨ, ਜੋ ਸ਼ਹਿਰੀਕਰਨ ਦੇ ਰਸਤੇ ਵਿਚ ਮੁਸ਼ਕਲਾਂ ਵੀ ਪੈਦਾ ਕਰ ਰਹੀਆਂ ਹਨ।

# ਦਿੱਲੀ ਹਵਾਈ ਅੱਡੇ ਤੱਕ ਦੌੜੇਗੀ ਪੀ.ਆਰ.ਟੀ.ਸੀ. ਦੀ ਲਾਰੀ




**ਪਟਿਆਲਾ:** ਪੀ.ਆਰ.ਟੀ.ਸੀ. ਦੀਆਂ ਬੱਸਾਂ ਉਤੇ ਦਿੱਲੀ ਸਥਿਤ ਕੌਮਾਂਤਰੀ ਏਅਰਪੋਰਟ ਤੱਕ ਜਾਣ 'ਤੇ ਪੌਣੇ ਚਾਰ ਸਾਲ ਪਹਿਲਾਂ ਲੱਗੀ ਪਾਬੰਦੀ ਖੁੱਲ੍ਹਣ ਜਾ ਰਹੀ ਹੈ। ਇਸ ਸਮੇਂ ਦੌਰਾਨ ਪੀ.ਆਰ.ਟੀ.ਸੀ. ਨੂੰ 50 ਕਰੋੜ ਤੋਂ ਵੱਧ ਦਾ ਵਿੱਤੀ ਨੁਕਸਾਨ ਹੋਇਆ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਪੀ.ਆਰ.ਟੀ.ਸੀ., ਪਨਬਸ ਅਤੇ ਪੰਜਾਬ ਰੋਡਵੇਜ਼ ਦੀਆਂ ਸਰਕਾਰੀ ਬੱਸਾਂ ਪੰਜਾਬ ਦੇ ਅੱਧੀ ਦਰਜਨ ਸ਼ਹਿਰਾਂ ਤੋਂ ਦਿੱਲੀ ਏਅਰਪੋਰਟ ਤੱਕ ਜਾਂਦੀਆਂ ਸਨ, ਪਰ ਸਤੰਬਰ 2018 'ਚ ਏਅਰਪੋਰਟ ਜਾਣ ਵਾਲੀਆਂ ਸਰਕਾਰੀ ਬੱਸਾਂ 'ਤੇ ਰੋਕ ਲਾ ਦਿੱਤੀ ਗਈ ਸੀ। ਦਿੱਲੀ ਸਰਕਾਰ ਦਾ ਤਰਕ ਸੀ ਕਿ ਪੰਜਾਬ ਦੀਆਂ ਇਨ੍ਹਾਂ ਸਰਕਾਰੀ ਬੱਸਾਂ ਕੋਲ ਦਿੱਲੀ ਦੇ ਮੁੱਖ ਬੱਸ ਅੱਡੇ ਤੱਕ ਦਾ ਹੀ ਪਰਮਿਟ ਹੈ। ਇਸ ਤਰ੍ਹਾਂ ਸਤੰਬਰ 2018 ਤੋਂ ਇਹ ਬੱਸਾਂ ਏਅਰਪੋਰਟ 'ਤੇ ਨਹੀਂ ਜਾ ਰਹੀਆਂ ਸਨ। ਉਪਰੰਤ ਪ੍ਰਾਈਵੇਟ ਬੱਸ ਕੰਪਨੀਆਂ ਦੇ ਮਾਲਕਾਂ ਨੇ ਇਨ੍ਹਾਂ ਪੌਣੇ ਚਾਰ ਸਾਲਾਂ ਦੌਰਾਨ ਖੂਬ ਹੱਥ ਰੰਗੇ।

ਪੰਜਾਬ ਸਰਕਾਰ ਦੇ ਮੈਨੇਜਿੰਗ ਡਾਇਰੈਕਟਰ ਪਨਬੱਸ ਚੰਡੀਗੜ੍ਹ ਵੱਲੋਂ ਵੱਖ-ਵੱਖ ਡਿੱਪੂ ਮੈਨੇਜਰਾਂ ਨੂੰ ਦਿੱਲੀ ਹਵਾਈ ਅੱਡੇ ਲਈ ਬੱਸਾਂ ਚਲਾਉਣ ਸਬੰਧੀ ਵਿਸ਼ੇਸ਼ ਸਰਟੀਫਿਕੇਟ ਭੇਜਣ ਦੀ ਹਦਾਇਤ ਕੀਤੀ ਗਈ ਹੈ। ਇਹ ਹਦਾਇਤ ਚੰਡੀਗੜ੍ਹ, ਰੂਪ ਨਗਰ, ਜਲੰਧਰ-1, ਲੁਧਿਆਣਾ, ਅੰਮ੍ਰਿਤਸਰ-1, ਅੰਮ੍ਰਿਤਸਰ-2, ਪਠਾਨਕੋਟ, ਮੋਗਾ, ਸ੍ਰੀ ਮੁਕਤਸਰ ਸਾਹਿਬ ਅਤੇ ਸ਼ਹੀਦ ਭਗਤ ਸਿੰਘ ਨਗਰ ਦੇ ਡਿੱਪੂ ਮੈਨੇਜਰਾਂ ਨੂੰ ਪੱਤਰ ਲਿਖ ਕੇ ਕੀਤੀ ਗਈ ਹੈ। ਪੱਤਰ ਵਿਚ ਆਦੇਸ਼ ਦਿੱਤੇ ਗਏ ਹਨ ਕਿ ਭਵਿੱਖ ਵਿਚ ਪੰਜਾਬ ਤੋਂ ਦਿੱਲੀ ਹਵਾਈ ਅੱਡੇ ਲਈ ਵੋਲਵੋ ਬੱਸ ਸਰਵਿਸ ਸ਼ੁਰੂ ਕੀਤੀ ਜਾਵੇ। ਪੱਤਰ ਵਿਚ ਇਹ ਯਕੀਨੀ ਬਣਾਉਣ ਲਈ ਵੀ ਲਿਖਿਆ ਹੈ ਕਿ ਜਿਹੜੀ ਵੀ ਬੱਸ ਦਿੱਲੀ ਹਵਾਈ ਅੱਡੇ 'ਤੇ ਭੇਜੀ ਜਾਵੇ, ਉਸ ਦਾ ਟਾਈਮ ਉਡਾਣਾਂ ਨਾਲ ਮੇਲ ਖਾਂਦਾ ਹੋਵੇ ਅਤੇ ਬੱਸ ਤਕਨੀਕੀ ਪੱਖੋਂ ਠੀਕ ਹੋਵੇ; ਬੱਸ ਦਾ ਰੋਡ ਟੈਸਟ ਵੀ ਲਿਆ ਜਾਵੇ ਅਤੇ ਬੱਸਾਂ ਦੀ ਦਿੱਖ ਅੰਦਰੋਂ ਤੇ ਬਾਹਰੋਂ ਠੀਕ ਹੋਵੇ, ਜਦੋਂਕਿ ਬੱਸਾਂ ਦੀ ਸਾਫ-ਸਫਾਈ ਵਧੀਆ ਤਰੀਕੇ ਨਾਲ ਹੋਵੇ।

# ਅਕਾਲੀ ਦਲ ਨੇ ਲੀਡਰਸ਼ਿਪ ਤਬਦੀਲੀ ਦਾ ਮੁੱਦਾ ਫਿਲਹਾਲ ਟਾਲਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵਿਚ ਲੀਡਰਸ਼ਿਪ ਤਬਦੀਲੀ ਨੂੰ ਲੈ ਕੇ ਸ਼ੁਰੂ ਹੋਈ ਮੁਹਿੰਮ ਹਾਲ ਦੀ ਘੜੀ ਮੱਠੀ ਪੈ ਗਈ ਹੈ। ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਇਸ ਭਖਵੇਂ ਮੁੱਦੇ ਬਾਰੇ ਵਿਚਾਰ ਚਰਚਾ ਸੰਗਰੂਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਤੱਕ ਟਾਲਣ ਦਾ ਫੈਸਲਾ ਕੀਤਾ ਗਿਆ ਹੈ।

ਕੋਰ ਕਮੇਟੀ ਦੀ ਮੀਟਿੰਗ ਦੌਰਾਨ ਜ਼ਿਮਨੀ ਚੋਣ ਲਈ ਸੰਗਰੂਰ ਤੋਂ ਸਾਂਝਾ ਪੰਥਕ ਉਮੀਦਵਾਰ ਖੜ੍ਹਾ ਕਰਨ 'ਤੇ ਵੀ ਵਿਚਾਰ ਕੀਤਾ ਗਿਆ ਤੇ ਪੰਥਕ ਧਿਰਾਂ ਨਾਲ ਇਸ ਮੁੱਦੇ 'ਤੇ ਗੱਲਬਾਤ ਕਰਨ ਲਈ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਪਾਰਟੀ ਦੇ ਬੁਲਾਰੇ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਲਈ ਇਹ ਚੋਣ ਪੰਜਾਬ ਬਨਾਮ ਦਿੱਲੀ ਦਾ ਮੁਕਾਬਲਾ ਹੈ। ਪੰਜ ਮੈਂਬਰੀ ਕਮੇਟੀ ਵਿਚ ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ, ਸਿਕੰਦਰ ਸਿੰਘ ਮਲੂਕਾ, ਇਕਬਾਲ ਸਿੰਘ ਝੂੰਦਾਂ ਤੇ ਵਿਰਸਾ ਸਿੰਘ ਵਲਟੋਹਾ ਨੂੰ ਸ਼ਾਮਲ ਕੀਤਾ ਗਿਆ ਹੈ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਭਾਵੇਂ ਸੰਗਰੂਰ ਹਲਕੇ ਤੋਂ ਖੁਦ ਨੂੰ ਉਮੀਦਵਾਰ ਐਲਾਨ ਦਿੱਤਾ ਹੈ ਪਰ ਅਕਾਲੀ ਦਲ ਸ੍ਰੀ ਮਾਨ ਨੂੰ ਵੀ ਸਾਂਝਾ ਪੰਥਕ ਉਮੀਦਵਾਰ ਹੋਣ ਦੀ ਸੂਰਤ ਵਿਚ ਹਮਾਇਤ ਦੀ ਮੰਗ ਨਹੀਂ ਕਰੇਗਾ।



ਇਕ ਅਕਾਲੀ ਆਗੂ ਦਾ ਇਹ ਵੀ ਕਹਿਣਾ ਹੈ ਕਿ ਸ੍ਰੀ ਮਾਨ ਨੂੰ ਅਕਾਲੀ ਦਲ ਵੱਲੋਂ ਹਮਾਇਤ ਦਿੱਤੇ ਜਾਣ ਦੀਆਂ ਸੰਭਾਵਨਾਵਾਂ ਘੱਟ ਹੀ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਕੋਰ ਕਮੇਟੀ ਦੀ ਮੀਟਿੰਗ ਤਿੰਨ ਘੰਟੇ ਤੋਂ ਜ਼ਿਆਦਾ ਸਮਾਂ ਚੱਲੀ। ਮੀਟਿੰਗ ਦਾ ਮਹੱਤਵਪੂਰਨ ਪਹਿਲੂ ਇਹ ਰਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨ ਤੋਂ ਬਾਅਦ ਪਾਰਟੀ ਅੰਦਰ ਉਠ ਰਹੀ ਲੀਡਰਸ਼ਿਪ ਤਬਦੀਲੀ 'ਤੇ ਵਿਚਾਰ ਦਾ ਮਾਮਲਾ ਲਟਕ ਗਿਆ ਹੈ। ਵਿਧਾਨ ਸਭਾ ਚੋਣਾਂ 'ਚ ਹਾਰ ਦੇ ਕਾਰਨ ਦੀ ਸਮੀਖਿਆ ਕਰਨ ਅਤੇ ਜ਼ਮੀਨੀ ਪੱਧਰ 'ਤੇ ਵਰਕਰਾਂ ਦੀ ਰਾਏ ਜਾਣਨ ਲਈ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ 13 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ ਤੇ ਸ੍ਰੀ ਝੂੰਦਾਂ ਨੂੰ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਵਿਸ਼ੇਸ਼ ਤੌਰ 'ਤੇ ਸੱਦਿਆ ਗਿਆ ਸੀ। ਕਮੇਟੀ ਦੀ ਰਿਪੋਰਟ ਦੇ ਤੱਥ ਭਾਵੇਂ ਜਨਤਕ ਹੋ ਚੁੱਕੇ ਹਨ ਕਿ ਅਕਾਲੀ ਦਲ ਦੇ ਵਰਕਰ ਪਾਰਟੀ ਲੀਡਰਸ਼ਿਪ ਦੀ ਕਾਰਜਪ੍ਰਣਾਲੀ ਅਤੇ ਫੈਸਲੇ ਲੈਣ ਦੀ ਪ੍ਰਕਿਰਿਆ ਤੋਂ ਔਖੇ ਹਨ। ਇਸ ਕਰਕੇ ਲੀਡਰਸ਼ਿਪ ਵਿਚ ਤਬਦੀਲੀ ਦੀ ਮੰਗ ਉੱਠ ਰਹੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਕਿਹਾ ਕਿ ਜੇ ਕਮੇਟੀ ਦੀ ਰਿਪੋਰਟ ਨੂੰ ਕੋਰ ਕਮੇਟੀ ਦੀ ਮੀਟਿੰਗ ਵਿਚ ਵਿਚਾਰ ਕੇ ਲੀਡਰਸ਼ਿਪ ਤਬਦੀਲੀ ਸਬੰਧੀ ਕੋਈ ਫੈਸਲਾ ਲਿਆ ਜਾਂਦਾ ਹੈ ਤਾਂ ਇਸ ਦਾ ਸਿੱਧਾ ਅਸਰ ਸੰਗਰੂਰ ਦੀ ਜ਼ਿਮਨੀ ਚੋਣ 'ਤੇ ਪਵੇਗਾ। ਕੋਰ ਕਮੇਟੀ ਦੇ ਇੱਕ ਸੀਨੀਅਰ ਮੈਂਬਰ ਨੇ ਦਾਅਵਾ ਕੀਤਾ ਕਿ ਜ਼ਿਮਨੀ ਚੋਣ ਨੂੰ ਮੁੱਖ ਰਖਦਿਆਂ ਝੂੰਦਾਂ ਕਮੇਟੀ ਦੀ ਰਿਪੋਰਟ 'ਤੇ ਚਰਚਾ ਕਰਨ ਤੋਂ ਗੁਰੇਜ਼ ਕੀਤਾ ਗਿਆ ਹੈ।

## ਅਕਾਲੀ ਦਲ ਨੂੰ ਬਾਦਲ ਮੁਕਤ ਕਰਨਾ ਜ਼ਰੂਰੀ: ਢੀਂਡਸਾ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਕਨਸੋਆਂ ਮਿਲ ਰਹੀਆਂ ਹਨ ਕਿ ਸ਼੍ਰੋਮਣੀ ਅਕਾਲੀ ਦਲ (ਬ) ਦਾ ਕੇਡਰ ਪਾਰਟੀ ਲੀਡਰਸ਼ਿਪ ਵਿਚ ਬਦਲਾਅ ਚਾਹੁੰਦਾ ਹੈ। ਇਸ ਸਬੰਧੀ ਪਾਰਟੀ ਵੱਲੋਂ ਬਣਾਈ ਪੜਚੋਲ ਕਮੇਟੀ ਕੋਲ ਵੀ ਸਰਕਲ ਜਾਂ ਜ਼ਿਲ੍ਹਾ ਪੱਧਰ ਦੇ ਅਹੁਦੇਦਾਰਾਂ ਨੇ ਸਪੱਸ਼ਟ ਕੀਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਪਰਿਵਾਰ ਤੋਂ ਮੁਕਤ ਹੋਣਾ ਚਾਹੀਦਾ ਹੈ। ਜੇ ਅਜਿਹਾ ਹੋ ਜਾਂਦਾ ਹੈ ਤਾਂ ਉਹ ਆਪਣੇ ਸਾਥੀਆਂ ਸਮੇਤ ਦੋਵਾਂ ਅਕਾਲੀ ਦਲਾਂ ਨੂੰ ਇਕਮੁੱਠ ਕਰਨ ਲਈ ਸੋਚ ਸਕਦੇ ਹਨ।

## ਪੰਥਕ ਧਿਰਾਂ ਦੇ ਇਕ ਮੰਚ 'ਤੇ ਆਉਣ: ਚੰਦੂਮਾਜਰਾ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਹੈ ਕਿ ਉਨ੍ਹਾਂ ਦੀ ਦਿਲੀ ਇੱਛਾ ਇਹ ਹੈ ਕਿ ਸਾਰੀਆਂ ਪੰਥਕ ਧਿਰਾਂ ਅਤੇ ਪੰਜਾਬ ਹਿਤੈਸ਼ੀ ਪਾਰਟੀਆਂ ਇਕ ਮੰਚ ਉਤੇ ਇਕੱਠੀਆਂ ਹੋਣ ਤਾਂ ਜੋ ਪੰਜਾਬ ਨਾਲ ਹੋ ਰਹੀ ਧੱਕੇਸ਼ਾਹੀ ਵਿਰੁੱਧ ਆਵਾਜ਼ ਉਠਾਈ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਉਤੇ ਹੋ ਰਹੇ ਹਮਲਿਆਂ ਦਾ ਟਾਕਰਾ ਕਰਨ ਲਈ ਸਾਨੂੰ ਪੰਜਾਬ ਬਨਾਮ ਦਿੱਲੀ ਲੜਾਈ ਵਿੱਢਣ ਦੀ ਲੋੜ ਹੈ ਅਤੇ ਇਹ ਲੜਾਈ ਲੋਕ ਸਭਾ ਹਲਕਾ ਸੰਗਰੂਰ ਦੀ ਹੋ ਰਹੀ ਉਪ ਚੋਣ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਭਾਜਪਾ ਵਾਂਗ ਕੇਜਰੀਵਾਲ ਦੀ ਸੋਚ ਵੀ ਪੰਜਾਬ ਵਿਰੋਧੀ ਹੈ। ਇਸ ਚੋਣ ਦੌਰਾਨ ਕੇਜਰੀਵਾਲ ਨੂੰ ਟੱਕਰ ਦੇਣ ਲਈ ਸਾਰੀਆਂ ਪੰਥਕ ਧਿਰਾਂ ਨੂੰ ਇਕੱਠੀਆਂ ਹੋਣ ਦੀ ਲੋੜ ਹੈ।

# ਚੰਨੀ ਨੇ ਸਰਗਰਮ ਸਿਆਸਤ ਤੋਂ ਬਣਾਈ ਦੂਰੀ

**ਚੰਡੀਗੜ੍ਹ:** ਪੰਜਾਬ ਦੇ ਸਿਆਸੀ ਨਕਸ਼ੇ ਤੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਗਾਇਬ ਹਨ। ਬਤੌਰ ਮੁੱਖ ਮੰਤਰੀ ਦਿਨ ਰਾਤ ਕੰਮ ਕਰਨ ਵਾਲੇ ਚਰਨਜੀਤ ਚੰਨੀ ਕਾਂਗਰਸ ਪਾਰਟੀ ਦੇ ਪ੍ਰੋਗਰਾਮਾਂ ਤੋਂ ਦੂਰ ਹਨ। ਹੁਣ ਜਦੋਂ ਚੋਣ ਕਮਿਸ਼ਨ ਵੱਲੋਂ ਸੰਗਰੂਰ ਦੀ ਜ਼ਿਮਨੀ ਚੋਣ ਦੀ ਤਰੀਕ ਐਲਾਨ ਦਿੱਤੀ ਗਈ ਹੈ ਤਾਂ ਉਸ ਮਗਰੋਂ ਵੀ ਸਾਬਕਾ ਮੁੱਖ ਮੰਤਰੀ ਚੰਨੀ ਦੀ ਕੋਈ ਸਰਗਰਮੀ ਨਹੀਂ ਦਿੱਸੀ।

ਆਖਰੀ ਵਾਰ ਸਾਬਕਾ ਮੁੱਖ ਮੰਤਰੀ ਚੰਨੀ 22 ਅਪਰੈਲ ਨੂੰ ਕਾਂਗਰਸ ਦੇ ਨਵੇਂ ਪ੍ਰਧਾਨ ਰਾਜਾ ਵੜਿੰਗ ਦੇ ਅਹੁਦਾ ਸੰਭਾਲ ਸਮਾਗਮ ਵਿਚ ਨਜ਼ਰ ਆਏ ਸਨ। ਟਵਿੱਟਰ 'ਤੇ ਚਰਨਜੀਤ ਚੰਨੀ ਨੇ 22 ਅਪਰੈਲ ਨੂੰ ਰਾਜਾ ਵੜਿੰਗ ਨੂੰ ਵਧਾਈ ਦਿੱਤੀ ਸੀ। ਉਸ ਮਗਰੋਂ ਪਾਰਟੀ ਦੇ ਕਿਸੇ ਪ੍ਰੋਗਰਾਮ ਵਿਚ ਚਰਨਜੀਤ ਚੰਨੀ ਨਜ਼ਰ ਨਹੀਂ ਆਏ। ਟਵਿੱਟਰ 'ਤੇ ਵੀ ਉਨ੍ਹਾਂ ਦੀ ਸਰਗਰਮੀ ਨਾਮਾਤਰ ਰਹਿ ਗਈ ਹੈ। ਆਖਰੀ ਵਾਰ ਚੰਨੀ ਨੇ 3 ਮਈ ਨੂੰ ਈਦ ਮੁਬਾਰਕ ਦਾ ਟਵੀਟ ਕੀਤਾ ਸੀ। ਪੰਜਾਬ ਦੀ ਸਿਆਸਤ ਵਿਚ



ਹਾਕਮ ਧਿਰ ਦੇ ਫੈਸਲਿਆਂ ਅਤੇ ਹੋਰਨਾਂ ਮਾਮਲਿਆਂ 'ਤੇ ਬਾਕੀ ਕਾਂਗਰਸ ਆਗੂ ਤਾਂ ਟਿੱਪਣੀਆਂ ਕਰ ਰਹੇ ਹਨ ਪਰ ਚੰਨੀ ਨੇ 'ਆਪ' ਸਰਕਾਰ ਦੇ ਕਿਸੇ ਫੈਸਲੇ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਜਦੋਂ ਪੰਜਾਬ ਚੋਣਾਂ ਸਿਰ 'ਤੇ ਸਨ ਤਾਂ ਉਦੋਂ ਚੰਨੀ ਨੂੰ ਕਾਂਗਰਸ ਨੇ ਮੁੜ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਸੀ।

ਇਸੇ ਦੌਰਾਨ ਉਨ੍ਹਾਂ ਦੇ ਭਾਣਜੇ 'ਤੇ ਇਨਫੋਰਸਮੈਂਟ ਡਾਇਰੈਕਟੋਰੇਟ 'ਤੇ ਛਾਪਾ ਮਾਰਿਆ ਸੀ, ਜਿਸ ਮਗਰੋਂ ਹਾਲੇ ਤੱਕ ਚੰਨੀ ਦਾ ਭਾਣਜਾ ਨਿਆਇਕ ਹਿਰਾਸਤ ਵਿਚ ਹੈ। ਈਡੀ ਵੱਲੋਂ ਚੰਨੀ ਨੂੰ ਵੀ ਤਲਬ ਕੀਤਾ ਗਿਆ ਸੀ। ਸੂਤਰ ਆਖਦੇ ਹਨ ਕਿ ਚੋਣ ਨਤੀਜੇ ਆਉਣ ਮਗਰੋਂ ਚੰਨੀ ਨੇ ਸਿਆਸੀ ਸਰਗਰਮੀ ਘਟਾ ਦਿੱਤੀ ਹੈ।

## ਆਪ ਵਿਧਾਇਕਾ ਜੀਵਨਜੋਤ ਕੌਰ ਨੂੰ ਮਿਲੀ ਧਮਕੀ



**ਅੰਮ੍ਰਿਤਸਰ:** 'ਆਪ' ਵਿਧਾਇਕਾ ਜੀਵਨਜੋਤ ਕੌਰ ਨੂੰ ਸੋਸ਼ਲ ਮੀਡੀਆ 'ਤੇ ਕਿਸੇ ਵਿਅਕਤੀ ਵੱਲੋਂ ਧਮਕੀ ਦਿੱਤੀ ਗਈ ਹੈ ਤੇ ਉਸ ਖਿਲਾਫ ਇਤਰਾਜ਼ਯੋਗ ਸ਼ਬਦਾਵਲੀ ਵਰਤੀ ਗਈ ਹੈ। ਜੀਵਨਜੋਤ ਕੌਰ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਹੈ। ਉਨ੍ਹਾਂ ਨੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਹਰਾਇਆ ਸੀ। ਉਨ੍ਹਾਂ ਵੱਲੋਂ ਕੀਤੀ ਗਈ ਸ਼ਿਕਾਇਤ 'ਤੇ ਪੁਲਿਸ ਨੇ ਸਿਕੰਦਰ ਸਿੰਘ ਸੰਧੂ ਵਾਸੀ ਨਾਰਾਇਣਗੜ੍ਹ, ਛੇਹਰਟਾ ਖਿਲਾਫ ਕੇਸ ਦਰਜ ਕੀਤਾ ਹੈ। ਇਸ ਦੀ ਪੁਸ਼ਟੀ ਕਰਦਿਆਂ ਵਿਧਾਇਕਾ ਜੀਵਨਜੋਤ ਕੌਰ ਨੇ ਦੱਸਿਆ ਕਿ ਇਸ ਵਿਅਕਤੀ ਨੇ ਆਪਣੇ ਫੇਸਬੁੱਕ ਖਾਤੇ ਰਾਹੀਂ ਉਸ ਨੂੰ ਧਮਕੀ ਦਿੱਤੀ ਹੈ ਤੇ ਗੰਭੀਰ ਨਤੀਜੇ ਭੁਗਤਣ ਲਈ ਆਖਿਆ ਹੈ। ਉਸ ਨੇ ਇਤਰਾਜ਼ਯੋਗ ਸ਼ਬਦਾਵਲੀ ਵੀ ਵਰਤੀ ਹੈ। ਉਨ੍ਹਾਂ ਦੱਸਿਆ ਕਿ ਇਸ ਵਿਅਕਤੀ ਨੇ ਪੋਸਟ ਵਿਚ ਲਿਖਿਆ ਸੀ,"ਇੰਦਰਾ ਗਾਂਧੀ ਨਹੀਂ ਬਚ ਸਕੀ ਤਾਂ ਤੂੰ ਕੀ ਚੀਜ਼ ਹੈ।"

# ਸੰਗਰੂਰ ਜ਼ਿਮਨੀ ਚੋਣ: ਡੇਰਾ ਸਿਰਸਾ ਪ੍ਰੇਮੀਆਂ ਨੇ ਕੀਤਾ ਸ਼ਕਤੀ ਪ੍ਰਦਰਸ਼ਨ



**ਸੰਗਰੂਰ:** ਡੇਰਾ ਸਿਰਸਾ ਦੇ ਰਾਜਨੀਤਕ ਵਿੰਗ ਦੀ ਅਗਵਾਈ ਹੇਠ ਹਜ਼ਾਰਾਂ ਦੀ ਗਿਣਤੀ 'ਚ ਜੁੜੇ ਡੇਰਾ ਪ੍ਰੇਮੀਆਂ ਵੱਲੋਂ ਹੱਥ ਖੜ੍ਹੇ ਕਰ ਕੇ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਗਿਆ। ਡੇਰਾ ਸਿਰਸਾ ਦੇ ਪ੍ਰਬੰਧਕਾਂ ਵੱਲੋਂ ਇਕੱਠ ਨੂੰ ਜ਼ਿਲ੍ਹਾ ਪੱਧਰੀ ਨਾਮ ਚਰਚਾ ਦਾ ਨਾਂ ਦਿੱਤਾ ਗਿਆ ਪਰ ਸਿਆਸੀ ਮਾਹਿਰ ਇਸ ਨੂੰ ਡੇਰਾ ਪ੍ਰੇਮੀਆਂ ਦੇ ਸ਼ਕਤੀ ਪ੍ਰਦਰਸ਼ਨ ਵਜੋਂ ਦੇਖ ਰਹੇ ਹਨ। ਸਿਆਸੀ ਹਲਕਿਆਂ ਵਿਚ ਡੇਰਾ ਪ੍ਰੇਮੀਆਂ ਦੇ ਸ਼ਕਤੀ ਪ੍ਰਦਰਸ਼ਨ ਨੂੰ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਡੇਰਾ ਸਿਰਸਾ ਦੇ ਰਾਜਨੀਤਕ ਵਿੰਗ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਚਿੰਤਾ ਪ੍ਰਗਟ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਡੇਰਾ ਸਿਰਸਾ ਦੇ ਰਾਜਨੀਤਕ ਵਿੰਗ ਦੇ ਮੈਂਬਰ ਰਾਮ ਸਿੰਘ ਅਸਪਾਲ ਕਲਾਂ ਨੇ ਪੰਜਾਬ ਸਰਕਾਰ ਨੂੰ ਪੇਸ਼ਕਸ਼ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਨਸ਼ਿਆਂ ਨੂੰ ਜੜ੍ਹੋਂ ਪੁੱਟਣਾ ਚਾਹੁੰਦੀ ਹੈ ਤਾਂ ਡੇਰਾ ਸੱਚਾ ਸੌਦਾ ਸਿਰਸਾ ਹਰ ਪੱਧਰ 'ਤੇ ਸਰਕਾਰ ਦੀ ਮਦਦ ਲਈ ਤਿਆਰ ਹੈ। ਲੋਕ ਸਭਾ ਜ਼ਿਮਨੀ ਚੋਣ 'ਚ ਡੇਰਾ ਪ੍ਰੇਮੀਆਂ ਦੀ ਭੂਮਿਕਾ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਰਾਮ ਸਿੰਘ ਨੇ ਕਿਹਾ ਕਿ ਰਾਜਨੀਤਕ ਵਿੰਗ ਵੱਲੋਂ ਮੀਟਿੰਗਾਂ ਕਰ ਕੇ ਸੰਗਤ ਦੀ ਰਾਇ ਲਈ ਜਾ ਰਹੀ ਹੈ। ਸੰਗਤ ਦੀ ਰਾਇ ਅਤੇ ਇਕਜੁੱਟਤਾ ਨਾਲ ਹੀ ਫੈਸਲਾ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਾਲਾਤ ਜਿਸ ਤਰ੍ਹਾਂ ਦੇ ਬਣੇ ਹੋਏ ਹਨ, ਉਸ ਤੋਂ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਉਪਰ ਸਵਾਲ ਖੜ੍ਹਾ ਹੁੰਦਾ ਹੈ। ਪੰਜਾਬ ਵਿਚ ਨਸ਼ਿਆਂ ਨੇ ਘਰਾਂ ਦੇ ਘਰ ਤਬਾਹ ਕਰ ਦਿੱਤੇ ਹਨ। ਜੇਕਰ ਚਿੱਟਾ, ਨਸ਼ੀਲੀਆਂ ਗੋਲੀਆਂ, ਸ਼ਰਾਬ ਆਦਿ ਨਸ਼ੇ ਉਪਰ ਕੰਟਰੋਲ ਨਾ ਹੋਇਆ ਤਾਂ ਪੰਜਾਬ ਦੇ ਹਾਲਾਤ ਆਉਣ ਵਾਲੇ ਸਮੇਂ ਵਿਚ ਹੋਰ ਵੀ ਬਦਤਰ ਹੋ ਸਕਦੇ ਹਨ।

## ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਲਹਿਰ ਪ੍ਰਚੰਡ ਕਰਨ ਦੀ ਤਾਕੀਦ

**ਪਟਿਆਲਾ:** ਇਥੋਂ ਦੇ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ 'ਚ ਮਾਲਵਾ ਜ਼ੋਨ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਪ੍ਰਚਾਰਕਾਂ ਦੀ ਇਕੱਤਰਤਾ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਨ ਦੀ ਤਾਕੀਦ ਕੀਤੀ। ਉਨ੍ਹਾਂ ਕਿਹਾ ਕਿ ਅਜੋਕੇ ਦੌਰ ਵਿਚ ਬਹੁਤ ਸਾਰੀਆਂ ਪੰਥ ਵਿਰੋਧੀ ਤਾਕਤਾਂ ਖਾਲਸਾ ਪੰਥ ਦੇ ਸਿਧਾਂਤ ਅਤੇ ਗੁਰਬਾਣੀ 'ਤੇ ਹਮਲੇ ਕਰ ਰਹੀਆਂ ਹਨ, ਜਿਸ ਪ੍ਰਤੀ ਕਮੇਟੀ ਮੈਂਬਰਾਂ ਅਤੇ ਪ੍ਰਚਾਰਕਾਂ ਨੂੰ ਵਧੇਰੇ ਸੁਚੇਤ ਰਹਿਣ ਦੀ ਲੋੜ ਹੈ।

ਉਨ੍ਹਾਂ ਦੱਸਿਆ ਕਿ ਪਹਿਲੀ ਜੂਨ ਤੋਂ 10 ਜੁਲਾਈ ਤੱਕ ਗੁਰਮਤਿ ਕੈਂਪਾਂ ਦੀ ਸ਼ੁਰੂਆਤ ਕੀਤੀ ਗਈ ਹੈ। ਸਕੂਲੀ ਬੱਚਿਆਂ ਨੂੰ ਵੀ ਕੈਂਪਾਂ ਦਾ ਹਿੱਸਾ ਬਣਾਇਆ ਜਾਵੇਗਾ। ਮੁਹਿੰਮ ਨੂੰ ਪ੍ਰਚੰਡ ਰੂਪ 'ਚ ਜਾਰੀ ਰੱਖਣ ਲਈ ਪ੍ਰਚਾਰਕ ਗੁਰਮਤਿ ਕਲਾਸਾਂ ਦੀਆਂ ਤਸਵੀਰਾਂ ਅਤੇ ਵੀਡੀਓਜ਼ ਨੂੰ ਆਈ.ਟੀ ਵਿੰਗ ਕੋਲ ਭੇਜਣ ਤਾਂ ਜੋ ਸੋਸ਼ਲ ਮੀਡੀਆ ਰਾਹੀਂ ਸੰਗਤ ਤੱਕ ਪਹੁੰਚ ਬਣਾਈ ਜਾ ਸਕੇ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਜਨਰਲ ਸਕੱਤਰ ਕਰਨੈਲ ਪੰਜੋਲੀ ਨੇ ਵੀ ਪ੍ਰਚਾਰਕਾਂ ਨੂੰ ਸੰਸਥਾ ਵੱਲੋਂ ਗੁਰਬਾਣੀ ਦੇ ਪ੍ਰਚਾਰ ਪਸਾਰ ਲਈ ਕੀਤੇ ਜਾ ਰਹੇ ਕਾਰਜਾਂ ਨੂੰ ਸੰਗਤ ਤੱਕ ਪਹੁੰਚਾਉਣ ਲਈ ਪ੍ਰੇਰਿਆ।

# ਸੁਰੱਖਿਆ ਦੀ ਅਣਗਹਿਲੀ ਦੇ ਮਾਮਲੇ ਨੇ ਖੜ੍ਹੇ ਕੀਤੇ ਸ਼ੱਕ

**ਚੰਡੀਗੜ੍ਹ:** ਨੌਜਵਾਨ ਗਾਇਕ ਸਿੱਧੂ ਮੂਸੇਵਾਲਾ ਵੱਲੋਂ ਆਪਣੀ ਸੁਰੱਖਿਆ ਦੀ ਅਣਗਹਿਲੀ ਕੀਤੇ ਜਾਣ ਦਾ ਭੇਤ ਬਣ ਗਿਆ ਹੈ ਜਿਸ ਤੋਂ ਕਈ ਸ਼ੰਕੇ ਖੜ੍ਹੇ ਹੋ ਰਹੇ ਹਨ। ਬੇਸ਼ੱਕ ਪੰਜਾਬ ਪੁਲਿਸ ਵੱਲੋਂ ਉਨ੍ਹਾਂ ਨੂੰ ਦਿੱਤੇ ਚਾਰ ਸੁਰੱਖਿਆ ਕਮਾਂਡੋ 'ਚੋਂ ਦੋ ਵਾਪਸ ਲੈ ਲਏ ਸਨ ਪਰ ਉਹ ਆਪਣੇ ਨਾਲ ਤਾਇਨਾਤ ਦੋ ਸੁਰੱਖਿਆ ਕਮਾਂਡੋ ਨੂੰ ਵੀ ਨਾਲ ਨਹੀਂ ਲੈ ਕੇ ਗਿਆ ਸੀ। ਪਹਿਲਾਂ ਇਹ ਸੁਰੱਖਿਆ ਕਮਾਂਡੋ ਉਸ ਦੇ ਅੰਗ ਸੰਗ ਰਹਿੰਦੇ ਸਨ। ਜਦੋਂ ਸਿੱਧੂ ਮੂਸੇਵਾਲਾ ਘਰੋਂ ਰਵਾਨਾ ਹੋਇਆ ਤਾਂ ਉਸ ਨੇ ਕਮਾਂਡੋਜ਼ ਨੂੰ ਘਰ ਹੀ ਰਹਿਣ ਦੀ ਹਦਾਇਤ ਕਰ ਦਿੱਤੀ।

ਸਿੱਧੂ ਮੂਸੇਵਾਲਾ 'ਤੇ ਜਦੋਂ ਹਮਲਾ ਹੋਇਆ ਤਾਂ ਉਦੋਂ ਉਸ ਨਾਲ ਤਿੰਨ ਦੋਸਤ ਸਵਾਰ ਸਨ। ਉਹ ਆਪਣੀ ਕਾਲੀ ਥਾਰ ਗੱਡੀ ਵਿਚ ਘਰੋਂ ਨਿਕਲਿਆ ਸੀ, ਹਾਲਾਂਕਿ ਉਨ੍ਹਾਂ ਕੋਲ ਬੁਲਟ ਪਰੂਫ ਫਾਰਚੂਨਰ ਗੱਡੀ ਹੈ ਜਿਸ ਦੀ ਅਕਸਰ ਉਹ ਵਰਤੋਂ ਕਰਦਾ ਸੀ। ਉਨ੍ਹਾਂ ਵੱਲੋਂ ਬੁਲਟ ਪਰੂਫ ਗੱਡੀ ਦੀ ਥਾਂ ਥਾਰ ਗੱਡੀ ਵਿਚ ਜਾਣਾ ਵੀ ਭੇਤ ਡੂੰਘੇ ਕਰ ਰਿਹਾ ਹੈ। ਲੋਕ ਦੱਸਦੇ ਹਨ ਕਿ ਪਹਿਲਾਂ ਜਦੋਂ ਵੀ ਸਿੱਧੂ ਮੂਸੇਵਾਲਾ ਘਰੋਂ ਬਾਹਰ ਜਾਂਦਾ ਸੀ



ਤਾਂ ਉਸ ਨਾਲ ਦੋ ਗੱਡੀਆਂ ਹੋਰ ਵੀ ਚੱਲਦੀਆਂ ਸਨ ਜਿਨ੍ਹਾਂ 'ਚ ਪ੍ਰਾਈਵੇਟ ਆਦਮੀ ਹੁੰਦੇ ਸਨ। ਇੰਟੈਲੀਜੈਂਸ ਬਿਊਰੋ ਵੱਲੋਂ ਗਾਇਕਾਂ ਅਤੇ ਅਦਾਕਾਰਾਂ 'ਚੋਂ ਸਿੱਧੂ ਮੂਸੇਵਾਲਾ ਨੂੰ ਸਭ ਤੋਂ ਵੱਧ ਖਤਰਾ ਦੱਸਿਆ ਗਿਆ ਸੀ, ਹਾਲ ਹੀ ਵਿਚ ਹੋਰ ਵੀ ਬਹੁਤ ਸਾਰੇ ਗਾਇਕਾਂ ਅਤੇ ਅਦਾਕਾਰਾਂ ਨੂੰ ਫਿਰੌਤੀ ਲਈ ਕਾਲਾਂ ਵੀ ਆ ਰਹੀਆਂ ਸਨ। ਦੱਸ ਦਈਏ ਕਿ ਸਿੱਧੂ ਮੂਸੇਵਾਲਾ ਆਪਣੇ ਕੋਲ ਹਮੇਸ਼ਾ ਹਥਿਆਰ ਰੱਖਦਾ ਸੀ ਪਰ ਉਸ ਨੂੰ ਚਲਾਉਣ ਦਾ ਮੌਕਾ ਹੀ ਨਹੀਂ ਮਿਲ ਸਕਿਆ, ਜਦੋਂ ਹਮਲਾ ਹੋਇਆ, ਉਦੋਂ ਉਹ ਖੁਦ ਗੱਡੀ ਚਲਾ ਰਿਹਾ ਸੀ।

## ਹਾਲ ਹੀ ਵਿਚ ਆਏ ਗੀਤ 'ਚ ਹੈ ਮੌਤ ਦਾ ਜ਼ਿਕਰ

**ਪਟਿਆਲਾ:** ਸਿੱਧੂ ਮੂਸੇਵਾਲਾ ਨੇ ਹਾਲ ਹੀ ਵਿਚ ਆਏ ਆਪਣੇ ਇਕ ਗੀਤ 'ਚ ਆਪਣੀ ਮੌਤ ਦਾ ਜ਼ਿਕਰ ਕੀਤਾ ਸੀ। ਗੀਤ ਵਿਚ ਉਸ ਨੇ ਲਿਖਿਆ ਸੀ ਕਿ 'ਉਹ ਜੋਬਨ ਰੁੱਤੇ ਹੀ ਤੁਰ ਜਾਵੇਗਾ'। 'ਦਿ ਲਾਸਟ ਰਾਈਡ' ਨਾਂ ਦੇ ਆਪਣੇ ਗੀਤ ਵਿਚ ਮੂਸੇਵਾਲਾ ਨੇ ਲਿਖਿਆ ਹੈ ਕਿ ਉਸ ਦਾ 'ਜਨਾਜ਼ਾ' ਜਵਾਨੀ ਵਿਚ ਹੀ ਨਿਕਲੇਗਾ। ਗੀਤ ਦੇ ਬੋਲ ਸਨ 'ਚੋਬਰ ਦੇ ਚਿਹਰੇ ਉਤੇ ਨੂਰ ਦੱਸਦਾ ਨੀ ਇਹਦਾ ਉੱਠੂਗਾ ਜਵਾਨੀ 'ਚ ਜਨਾਜ਼ਾ ਮਿੱਠੀਏ'। ਉਸ ਦੀ ਮੌਤ ਦੇ ਕੁਝ ਮਿੰਟਾਂ ਬਾਅਦ ਹੀ ਗੀਤ 'ਦਿ ਲਾਸਟ ਰਾਈਡ' ਸੋਸ਼ਲ ਮੀਡੀਆ ਉਤੇ ਵੱਡੇ ਪੱਧਰ 'ਤੇ ਸ਼ੇਅਰ ਕੀਤਾ ਗਿਆ। ਲੱਖਾਂ ਦੀ ਗਿਣਤੀ ਵਿਚ ਲੋਕਾਂ ਨੇ ਉਸ ਦੀ ਮੌਤ ਉਤੇ ਸੋਸ਼ਲ ਮੀਡੀਆ ਉਤੇ ਡੂੰਘਾ ਅਫਸੋਸ ਜ਼ਾਹਿਰ ਕੀਤਾ ਹੈ।

## ਮੂਸੇਵਾਲਾ ਦੀ ਨਿੱਜੀ ਸੁਰੱਖਿਆ ਦੀ ਜਾਂਚ ਕਰਵਾਈ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਦੀ ਘਟਨਾ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ ਤੇ ਹੱਤਿਆ ਵਿਚ ਸ਼ਾਮਲ ਵਿਅਕਤੀਆਂ ਖ਼ਿਲਾਫ਼ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਸ੍ਰੀ ਕੰਗ ਨੇ ਕਿਹਾ ਕਿ ਘਟਨਾ ਵਾਲੇ ਸਮੇਂ ਗਾਇਕ ਮੂਸੇਵਾਲਾ ਦੇ ਨਾਲ ਬੁਲੇਟ ਪਰੂਫ ਗੱਡੀ ਅਤੇ ਉਸ ਦੇ ਨਿੱਜੀ ਸੁਰੱਖਿਆ ਕਰਮੀਆਂ ਦੇ ਨਾ ਹੋਣ ਸਬੰਧੀ ਵੀ ਜਾਂਚ ਕਰਵਾਈ ਜਾਵੇਗੀ।

ਪੰਜਾਬ ਟਾਈਮਜ਼

*ਸਨਿਚਰਵਾਰ, 4 ਜੂਨ 2022*

## ਪੰਜਾਬ ਦੀ ਹੋਣੀ

ਨੌਜਵਾਨ ਗਾਇਕ ਸਿੱਧੂ ਮੂਸੇਵਾਲਾ (ਸ਼ੁਭਦੀਪ ਸਿੰਘ) ਦੇ ਦਿਨ-ਦਿਹਾੜੇ ਕਤਲ ਨੇ ਪੰਜਾਬ ਨੂੰ ਦਰਪੇਸ਼ ਕਈ ਤਰ੍ਹਾਂ ਦੇ ਸੰਕਟ ਇਕ ਵਾਰ ਫਿਰ ਉਘਾੜ ਦਿੱਤੇ ਹਨ। ਪੰਜਾਬ ਕਈ ਦਹਾਕਿਆਂ ਤੋਂ ਸੰਕਟ-ਦਰ-ਸੰਕਟ ਦੀ ਮਾਰ ਹੇਠ ਹੈ। ਸਿਤਮਜ਼ਰੀਫੀ ਇਹ ਹੈ ਕਿ ਪੰਜਾਬ ਦੀਆਂ ਸਿਆਸੀ ਜਮਾਤਾਂ ਨੇ ਇਸ ਨੂੰ ਸੰਕਟ ਵਿਚੋਂ ਕੱਢਣ ਦੀ ਬਜਾਇ ਇਸ ਨੂੰ ਹੋਰ ਅਗਾਂਹ ਦਲਦਲ ਵੱਲ ਧੱਕਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਜਮਾਤਾਂ ਨੇ ਚੋਣਾਂ ਜਿੱਤਣ ਲਈ ਪਤਾ ਨਹੀਂ ਕੀ-ਕੀ ਪਾਪੜ ਵੇਲੇ ਅਤੇ ਵਧੀਕੀਆਂ ਕੀਤੀਆਂ। ਇਨ੍ਹਾਂ ਵਿਚੋਂ ਇਕ ਵਧੀਕੀ ਇਹ ਸੀ ਕਿ ਪੰਜਾਬ ਹਿੰਸਾ ਦੇ ਹਵਾਲੇ ਕਰ ਦਿੱਤਾ ਗਿਆ। ਚੋਣ ਸਿਆਸਤ ਵਿਚ ਆਪਣੀ ਪੈਂਠ ਬਣਾਉਣ ਲਈ ਸਭ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੇ ਗੁੰਡਾ ਗਰੋਹਾਂ ਦੀ ਪੁਸ਼ਤਪਨਾਹੀ ਆਰੰਭ ਕੀਤੀ ਸੀ। ਹੌਲੀ-ਹੌਲੀ ਇਨ੍ਹਾਂ ਗਰੋਹਾਂ ਨੇ ਸੰਗੀਤ ਅਤੇ ਖੇਡ ਦੇ ਖੇਤਰਾਂ ਉਤੇ ਇਕ ਤਰ੍ਹਾਂ ਨਾਲ ਕਬਜ਼ਾ ਕਰ ਲਿਆ। ਇਸ ਕਰਕੇ ਅੱਜ ਜਦੋਂ ਸਿੱਧੂ ਮੂਸੇਵਾਲਾ ਦਾ ਕਤਲ ਹੋਇਆ ਹੈ ਤਾਂ ਇਸ ਨੂੰ ਕਿਸੇ ਇਕ ਵਿਅਕਤੀ ਦੇ ਕਤਲ ਵਜੋਂ ਨਹੀਂ ਸਗੋਂ ਵਰਤਾਰੇ ਵਜੋਂ ਵਿਚਾਰਨਾ ਚਾਹੀਦਾ ਹੈ। ਇਹ ਵਰਤਾਰਾ ਪੰਜਾਬ ਦੇ ਹਾਲਾਤ ਨਾਲ ਜੁੜਿਆ ਹੋਇਆ ਹੈ।

ਇਸ ਵਕਤ ਪੰਜਾਬ ਦੇ ਹਾਲਾਤ ਇਹ ਹਨ ਕਿ ਨਵੀਂ ਪੀੜ੍ਹੀ ਨਸ਼ਿਆਂ ਦੀ ਮਾਰ ਹੇਠ ਹੈ। ਬੇਰੁਜ਼ਗਾਰੀ ਇੰਨੀ ਜ਼ਿਆਦਾ ਹੈ ਕਿ ਨੌਜਵਾਨਾਂ ਲਈ ਗੁੰਡਾ ਗਰੋਹ ਖਿੱਚ ਦਾ ਕੇਂਦਰ ਬਣ ਰਹੇ ਹਨ। ਇਨ੍ਹਾਂ ਗਰੋਹਾਂ ਦੀ ਖਿੱਚ ਦਾ ਇਕ ਕਾਰਨ ਸੌਖਿਆਂ ਅਤੇ ਛੇਤੀ ਪੈਸੇ ਇਕੱਠੇ ਕਰਨਾ ਵੀ ਹੈ। ਬੇਰੁਜ਼ਗਾਰੀ ਦੀ ਇਸੇ ਮਾਰ ਦਾ ਦੂਜਾ ਪਾਸਾ ਨਵੀਂ ਪੀੜ੍ਹੀ ਦਾ ਪਰਦੇਸਾਂ ਵਿਚ ਹੋ ਰਿਹਾ ਪਰਵਾਸ ਹੈ। ਪਿਛਲੇ ਕੁਝ ਸਾਲਾਂ ਦੌਰਾਨ ਇਸ ਪਰਵਾਸ ਵਿਚ ਤੇਜ਼ੀ ਆਈ ਹੈ। ਕਰੋਨਾ ਵਾਲੇ ਸਮੇਂ ਦੌਰਾਨ ਸੰਸਾਰ ਪੱਧਰ ਉਤੇ ਸਭ ਕੁਝ ਠੱਪ ਹੋਣ ਕਾਰਨ ਪਰਵਾਸ ਨੂੰ ਠੱਲ੍ਹ ਪਈ ਸੀ ਪਰ ਕਰੋਨਾ ਕਾਲ ਤੋਂ ਬਾਅਦ ਹਾਲਾਤ ਆਮ ਹੁੰਦਿਆਂ ਹੀ ਇਹ ਪਰਵਾਸ ਪਹਿਲਾਂ ਨਾਲੋਂ ਵੀ ਵੱਧ ਤੇਜ਼ੀ ਫੜ ਗਿਆ ਹੈ ਅਤੇ ਨੌਜਵਾਨ ਧੜਾਧੜ ਵਿਦੇਸ਼ ਜਾ ਰਹੇ ਹਨ। ਇਸ ਨਾਲ ਪੰਜਾਬ ਬਹੁਤ ਤੇਜ਼ੀ ਨਾਲ ਉਸ ਆਰਥਿਕ ਸੰਕਟ ਵੱਲ ਵੀ ਵਧ ਰਿਹਾ ਹੈ ਜਿਸ ਨੇ ਆਉਣ ਵਾਲੇ ਸਮੇਂ ਵਿਚ ਇਸ ਦੀਆਂ ਚੂਲਾਂ ਬੁਰੀ ਤਰ੍ਹਾਂ ਹਿਲਾ ਕੇ ਰੱਖ ਦੇਣੀਆਂ ਹਨ। ਅਸਲ ਵਿਚ, ਪਰਦੇਸ ਜਾ ਰਹੇ ਨੌਜਵਾਨਾਂ ਦੇ ਨਾਲ-ਨਾਲ ਲੱਖਾਂ-ਕਰੋੜਾਂ ਦੇ ਹਿਸਾਬ ਨਾਲ ਪੰਜਾਬ ਦਾ ਸਰਮਾਇਆ ਵੀ ਵਿਦੇਸ਼ ਜਾ ਰਿਹਾ ਹੈ। ਆਰਥਿਕ ਮਾਹਿਰ ਦੱਸਦੇ ਹਨ ਕਿ ਫਿਲਹਾਲ ਵਿਦੇਸ਼ਾਂ ਤੋਂ ਪੰਜਾਬ ਆ ਰਿਹਾ ਸਰਮਾਇਆ, ਬਾਹਰ ਜਾ ਰਹੇ ਸਰਮਾਏ ਨਾਲੋਂ ਵਧੇਰੇ ਹੈ। ਜਿਸ ਦਿਨ ਪੰਜਾਬ ਤੋਂ ਬਾਹਰ ਜਾ ਰਿਹਾ ਸਰਮਾਇਆ, ਪੰਜਾਬ ਅੰਦਰ ਆ ਰਹੇ ਸਰਮਾਏ ਨਾਲੋਂ ਵਧੇਰੇ ਹੋ ਗਿਆ, ਉਸ ਦਿਨ ਪੰਜਾਬ ਨੂੰ ਲੈਣੇ ਦੇ ਦੇਣੇ ਪੈ ਜਾਣਗੇ। ਫਿਰ ਆਰਥਿਕ ਪੱਖ ਤੋਂ ਪੈਰ ਬੰਨ੍ਹਣੇ ਮੁਸ਼ਕਿਲ ਹੋਣਗੇ।

ਇਸ ਵਕਤ ਪੰਜਾਬ ਵਿਚ ਜਿਹੜੀ ਸਿਆਸੀ ਜਮਾਤ ਸੱਤਾ ਵਿਚ ਹੈ, ਉਹ ਬਹੁਤ ਵੱਡੇ-ਵੱਡੇ ਦਾਅਵੇ ਅਤੇ ਵਾਅਦੇ ਕਰਕੇ ਇਸ ਮੁਕਾਮ ਤੱਕ ਅੱਪੜੀ ਹੈ। ਉਂਞ, ਇਸ ਸਰਕਾਰ ਨੇ ਪਿਛਲੇ ਦੋ ਮਹੀਨਿਆਂ ਦੌਰਾਨ ਅਜਿਹਾ ਕੋਈ ਕੰਮ ਨਹੀਂ ਕੀਤਾ ਜਿਸ ਤੋਂ ਇਹ ਸੰਕੇਤ ਮਿਲਦਾ ਹੋਵੇ ਕਿ ਇਹ ਸਰਕਾਰ ਪੰਜਾਬ ਦੇ ਸੰਕਟ ਨੂੰ ਗਹਿਰਾਈ ਨਾਲ ਸਮਝ ਕੇ ਇਸ ਨੂੰ ਸੁਲਝਾਉਣ ਲਈ ਸੰਜੀਦਾ ਹੈ। ਸਰਕਾਰ ਦਾ ਸਾਰਾ ਜ਼ੋਰ ਲੋਕਾਂ ਨੂੰ ਇਹ ਜਚਾਉਣ 'ਤੇ ਲੱਗਿਆ ਹੋਇਆ ਹੈ ਕਿ ਸਰਕਾਰ ਕੰਮ ਕਰ ਰਹੀ ਹੈ। ਇਸ ਪ੍ਰਸੰਗ ਵਿਚ ਲਗਾਤਾਰ ਇਸ਼ਤਿਹਾਰ ਛਪਵਾਏ ਜਾ ਰਹੇ ਹਨ। ਕੁਝ ਇਸ਼ਤਿਹਾਰ ਤਾਂ ਉਨ੍ਹਾਂ ਸੂਬਿਆਂ ਅੰਦਰ ਵੀ ਛਪਵਾਏ ਜਾ ਗਏ ਹਨ ਜਿੱਥੇ 'ਆਪ' ਸਰਕਾਰ ਦੀ ਮਸ਼ਹੂਰੀ ਕਰਨ ਦੀ ਕੋਈ ਤੁਕ ਨਹੀਂ। ਪੰਜਾਬ ਤਾਂ ਪਹਿਲਾਂ ਹੀ ਕਰੋੜਾਂ ਅਰਬਾਂ ਰੁਪਏ ਦੇ ਕਰਜ਼ੇ ਹੇਠ ਹੈ। ਹਾਂ, ਇਕ ਗੱਲ ਜ਼ਰੂਰ ਹੈ ਕਿ ਆਮ ਆਦਮੀ ਪਾਰਟੀ ਉਨ੍ਹਾਂ ਸੂਬਿਆਂ ਵਿਚ ਆਪਣੀ ਪਾਰਟੀ ਦੀ ਠੁੱਕ ਬਣਾਉਣ ਲਈ ਇਹ ਇਸ਼ਤਿਹਾਰ ਛਪਵਾ ਰਹੀ ਹੈ।

ਹੁਣ ਸਿੱਧੂ ਮੂਸੇਵਾਲਾ ਦੇ ਕਤਲ ਦੇ ਮਾਮਲੇ 'ਤੇ ਸਰਕਾਰ ਦੀ ਹਾਲਤ ਬੜੀ ਕਸੂਤੀ ਬਣੀ ਹੋਈ ਹੈ। ਕਤਲ ਤੋਂ ਇਕ ਦਿਨ ਪਹਿਲਾਂ ਕੁਝ ਹੋਰ ਲੋਕਾਂ ਸਮੇਤ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਵਾਪਸ ਲੈ ਲਈ ਗਈ ਸੀ। ਸਰਕਾਰ ਨੇ ਇਹ ਸੁਰੱਖਿਆ ਵਾਪਸ ਤਾਂ ਲਈ ਹੀ, ਨਾਲ ਇਸ ਬਾਰੇ ਸੂਚਨਾ ਵੀ ਨਸ਼ਰ ਕੀਤੀ ਜਿਸ ਕਾਰਨ ਹੁਣ ਇਸ ਦੀ ਤਿੱਖੀ ਨੁਕਤਾਚੀਨੀ ਹੋ ਰਹੀ ਹੈ। ਅਸਲ ਵਿਚ, ਸਰਕਾਰ ਚਲਾ ਰਹੇ ਆਮ ਆਦਮੀ ਪਾਰਟੀ ਦੇ ਆਗੂ ਅਜਿਹੇ ਫੈਸਲੇ ਨਸ਼ਰ ਕਰਕੇ ਇਹੀ ਜਚਾਉਣਾ ਚਾਹੁੰਦੇ ਹਨ ਕਿ ਸਰਕਾਰ ਕੰਮ ਕਰ ਰਹੀ ਹੈ। ਹੋਰ ਤਾਂ ਹੋਰ, ਸੁਰੱਖਿਆ ਵਾਪਸ ਲੈਂਦੇ ਸਮੇਂ ਸਬੰਧਤ ਵਿਅਕਤੀਆਂ ਨੂੰ ਲਗਾਤਾਰ ਮਿਲ ਰਹੀਆਂ ਧਮਕੀਆਂ ਨੂੰ ਵੀ ਸੰਜੀਦਗੀ ਨਾਲ ਵਿਚਾਰਿਆ ਨਹੀਂ ਗਿਆ। ਸਿਆਸੀ ਆਗੂਆਂ ਤੋਂ ਸਰਕਾਰੀ ਮਕਾਨ ਕਾਲੀ ਕਰਵਾਉਣ ਤੋਂ ਬਾਅਦ ਵੀ ਅਜਿਹਾ ਹੋਛਾਪਣ ਦਿਖਾਇਆ ਗਿਆ ਸੀ। ਆਰਥਿਕ ਫਰੰਟ 'ਤੇ ਸਰਕਾਰ ਨੇ ਅਜੇ ਤੱਕ ਇਕ ਵੀ ਪੂਣੀ ਨਹੀਂ ਕੱਤੀ ਹੈ। ਸਿੱਖਿਆ ਅਤੇ ਸਿਹਤ ਦੇ ਖੇਤਰ ਵਿਚ ਵੱਡੇ ਪੱਧਰ 'ਤੇ ਤਬਦੀਲੀਆਂ ਲੋੜੀਂਦੀਆਂ ਹਨ। ਸੂਬੇ ਦਾ ਖੇਤੀ ਸੰਕਟ ਅਤੇ ਇਸ ਜੁੜਿਆ ਪਾਣੀ ਦਾ ਮਸਲਾ ਉਚੇਚਾ ਧਿਆਨ ਮੰਗਦਾ ਹੈ ਪਰ ਸਰਕਾਰ ਨੇ ਅਜੇ ਤੱਕ ਖੇਤੀ ਅਤੇ ਪਾਣੀ ਬਾਰੇ ਕੋਈ ਨੀਤੀਗਤ ਫੈਸਲਾ ਨਹੀਂ ਕੀਤਾ ਹੈ। ਪੰਜਾਬ ਸਰਕਾਰ 'ਤੇ ਸਗੋਂ ਇਹ ਦੋਸ਼ ਮੁਢਲੇ ਦਿਨਾਂ ਤੋਂ ਹੀ ਲੱਗ ਰਹੇ ਹਨ ਕਿ ਇਹ ਦਿੱਲੀ ਸਰਕਾਰ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਦੇ ਪ੍ਰਭਾਵ ਹੇਠ ਹੈ। ਸਾਰੇ ਫੈਸਲੇ ਦਿੱਲੀ ਤੋਂ ਕੀਤੇ ਜਾ ਰਹੇ ਹਨ। ਇਸ ਸਬੰਧੀ ਕੁਝ ਪੁਖਤਾ ਸਬੂਤ ਵੀ ਸਾਹਮਣੇ ਆ ਚੁੱਕੇ ਹਨ ਅਤੇ ਦਿੱਲੀ ਦਾ ਪੰਜਾਬ ਸਰਕਾਰ ਦੇ ਰੋਜ਼ਮੱਰਾ ਕੰਮਾਂ ਵਿਚ ਦਖਲ ਦਿਸ ਵੀ ਰਿਹਾ ਹੈ। ਇਸ ਸੂਰਤ ਵਿਚ ਪੰਜਾਬ ਸਰਕਾਰ ਇਨ੍ਹਾਂ ਸਮੁੱਚੇ ਹਾਲਾਤ ਨਾਲ ਕਿੰਝ ਨਜਿੱਠੇਗੀ, ਇਹ ਬਹੁਤ ਵੱਡਾ ਸਵਾਲ ਹੈ। ਵਿਰੋਧੀ ਧਿਰ ਦੀ ਹਾਲਤ ਇੰਨੀ ਮਾੜੀ ਹੈ ਕਿ ਵੱਖ-ਵੱਖ ਆਗੂ ਸਿਰਫ ਹਾਜ਼ਰੀ ਲੁਆਉਣ ਖਾਤਰ ਬਿਆਨ ਦਾਗ ਰਹੇ ਹਨ। ਇਹ ਪੰਜਾਬ ਲਈ ਸੱਚਮੁੱਚ ਔਖੀ ਘੜੀ ਹੈ। ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਇਸ ਸੰਕਟ ਵਿਚੋਂ ਨਿੱਕਲਿਆ ਜਾ ਸਕੇਗਾ ਜਾਂ ਸੰਕਟ ਹੋਰ ਗਹਿਰਾ ਹੋਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗਿਰਝਾਂ ਤੋਂ ਬਚੋ!*

ਆਉਣੀ ਸ਼ਾਂਤੀ ਨਹੀਂ ਪੰਜਾਬ ਅੰਦਰ, ਨਸ਼ਾ-ਖੋਰੀ ਨੂੰ ਜਦ ਤਕ ਨ੍ਹੀਂ ਠੱਲ੍ਹ ਹੁੰਦਾ।
ਕਰ ਕੇ ਕੰਮ ਫਿਰ ਆਪੇ ਪ੍ਰਚਾਰ ਕਰਨਾ, ਏਦਾਂ ਮਨ ਨਹੀਂ ਲੋਕਾਂ ਦਾ ਮੱਲ ਹੁੰਦਾ।
ਪੰਜ ਸਾਲ ਦਾ ਦਿੰਦੇ ਨੇ ਲੋਕ ਫਤਵਾ, ਮਿਲਦਾ ਦਿਨਾਂ ਵਿਚ ਕਦੇ ਨ੍ਹੀਂ ਫਲ ਹੁੰਦਾ।
ਕੰਡੇ ਮਿੱਧ ਖਿਲਾਰੇ ਹੋਏ ਬੁਰਛਿਆਂ ਦੇ, ਨਵੇਂ ਰਾਹਾਂ 'ਤੇ ਸੌਖਾ ਨਹੀਂ ਚੱਲ ਹੁੰਦਾ।
ਉਹ ਫਿਰ ਕਿਸੇ ਵੀ ਹੱਦ ਤਕ ਚਲੇ ਜਾਂਦੇ, ਸੱਤਾ ਖੁੱਸਣ ਦਾ ਜਿਨ੍ਹਾਂ ਨੂੰ 'ਸੱਲ' ਹੁੰਦਾ।
ਗਿਰਝਾਂ ਕਹਿੰਦੀਆਂ ਗੱਦੀ 'ਤੇ ਹੱਕ ਸਾਡਾ, ਕੋਈ 'ਦੂਜਾ' ਨਹੀਂ ਉਨ੍ਹਾਂ ਤੋਂ ਝੱਲ ਹੁੰਦਾ।

# ਖੇਤਰੀ ਪਾਰਟੀਆਂ ਅਤੇ ਸੱਤਾ ਦੀ ਸਿਆਸਤ

***ਖੇਤਰੀ ਪਾਰਟੀਆਂ ਦੀ ਆਪੋ-ਆਪਣੀ ਚਾਰਾਜੋਈ ਦਾ ਲੱਬੋ-ਲਬਾਬ ਇਹ ਹੈ ਕਿ ਜਦੋਂ ਭਾਜਪਾ ਨਵੇਂ ਖਿੱਤਿਆਂ ਅੰਦਰ ਆਪਣੇ ਪੈਰ ਪਸਾਰਨ ਦੀ ਕੋਸ਼ਿਸ਼ ਕਰਦੀ ਨਜ਼ਰ ਆਉਂਦੀ ਹੈ ਤਾਂ ਇਨ੍ਹਾਂ ਪਾਰਟੀਆਂ ਨੂੰ ਆਪੋ-ਆਪਣੇ ਪ੍ਰਭਾਵ ਵਾਲੇ ਖੇਤਰ ਬਚਾਉਣ ਲਈ ਹੱਥ ਪੈਰ ਮਾਰਨੇ ਪੈਂਦੇ ਹਨ। ਪੱਛਮੀ ਬੰਗਾਲ ਵਿਚ ਭਾਵੇਂ ਭਾਜਪਾ ਕਮਜ਼ੋਰ ਪੈ ਗਈ ਹੈ ਪਰ ਮਮਤਾ ਬੈਨਰਜੀ ਲਈ ਇਹ ਅਜੇ ਵੀ ਮੁੱਖ ਚੁਣੌਤੀ ਹੈ। ਮਹਾਰਾਸ਼ਟਰ ਵਿਚ ਵੀ ਇਵੇਂ ਹੀ ਹੈ। ਕੇਜਰੀਵਾਲ ਦੀ ਪਾਰਟੀ ਪੰਜਾਬ ਵਿਚ ਡਟਵੀਂ ਲੜਾਈ ਦੇ ਰਹੀ ਹੈ ਤੇ ਨਾਲ ਹੀ ਉਨ੍ਹਾਂ ਨੂੰ ਦਿੱਲੀ ਨੂੰ ਵੀ ਬਚਾ ਕੇ ਰੱਖਣਾ ਪੈਣਾ ਹੈ ਪਰ ਵੱਡਾ ਸਵਾਲ ਇਹ ਹੈ: ਕੀ ਕੇਜਰੀਵਾਲ ਕੋਲ ਇੰਨਾ ਸਮਾਂ ਹੈ ਕਿ ਉਹ ਹਿਮਾਚਲ ਪ੍ਰਦੇਸ਼ ਵਿਚ ਡੇਰਾ ਜਮਾ ਕੇ ਬੈਠ ਜਾਣ।***

ਕਾਂਗਰਸ ਪਾਰਟੀ ਆਪਣੇ ਅੰਦਰੂਨੀ ਮੁੱਦਿਆਂ ਨਾਲ ਗੁੱਥਮ-ਗੁੱਥਾ ਹੋ ਰਹੀ ਹੈ ਤਾਂ ਇਸ ਦੌਰਾਨ, ਖੇਤਰੀ ਪਾਰਟੀਆਂ ਬਿਨਾਂ ਕੋਈ ਸਮਾਂ ਗੁਆਇਆਂ ਸਿਰ ਸੁੱਟ ਕੇ ਜੁਟੀਆਂ ਹੋਈਆਂ ਹਨ ਤਾਂ ਕਿ 2024 ਦੀਆਂ ਚੋਣਾਂ ਤੋਂ ਪਹਿਲਾਂ ਭਾਜਪਾ ਲਈ ਚੁਣੌਤੀ ਪੇਸ਼ ਕੀਤੀ ਜਾ ਸਕੇ। ਇਸ ਪ੍ਰਸੰਗ ਵਿਚ ਕਰਨਾਟਕ ਤੇ ਪੁਡੂਚੇਰੀ ਨੂੰ ਛੱਡ ਕੇ ਦੱਖਣ ਦੇ ਚਾਰ ਸੂਬਿਆਂ ਦੀਆਂ ਸਾਰੀਆਂ ਅਹਿਮ ਤਾਕਤਾਂ ਬਹੁਤ ਸਰਗਰਮ ਹਨ ਕਿਉਂਕਿ ਇਨ੍ਹਾਂ ਰਾਜਾਂ ਅੰਦਰ ਅਜੇ ਤੱਕ ਭਾਜਪਾ ਦੇ ਪੈਰ ਨਹੀਂ ਲੱਗ ਸਕੇ। ਫਿਰ ਵੀ ਸਭ ਔਕੜਾਂ ਦੇ ਬਾਵਜੂਦ ਇਹ ਉਨ੍ਹਾਂ ਨਾਲ ਲੋਹਾ ਲੈ ਰਹੀ ਹੈ। ਜੇ

ਰਾਧਿਕਾ ਰਾਮਾਸੇਸ਼ਨ

ਅਪਰੈਲ ਦੇ ਸ਼ੁਰੂ ਵਿਚ ਤਾਮਿਲ ਨਾਡੂ ਦੇ ਮੁੱਖ ਮੰਤਰੀ ਅਤੇ ਡੀ.ਐੱਮ.ਕੇ. ਦੇ ਪ੍ਰਧਾਨ ਐੱਮ.ਕੇ. ਸਟਾਲਿਨ ਨੇ ਦਿੱਲੀ ਵਿਚ ਆਪਣੀ ਹਾਜ਼ਰੀ ਲੁਆਈ ਸੀ ਤਾਂ ਪਿਛਲੇ ਹਫ਼ਤੇ ਤਿਲੰਗਾਨਾ ਦੇ ਮੁੱਖ ਮੰਤਰੀ ਅਤੇ ਟੀ.ਆਰ.ਐੱਸ. ਦੇ ਮੁਖੀ ਕੇ ਚੰਦਰਸ਼ੇਖਰ ਰਾਓ ਨੇ ਦਿੱਲੀ ਤੇ ਚੰਡੀਗੜ੍ਹ ਦਾ ਰੁਖ਼ ਕੀਤਾ।

ਸਟਾਲਿਨ ਵਾਂਗ ਹੀ ਰਾਓ ਨੇ ਅਰਵਿੰਦ ਕੇਜਰੀਵਾਲ ਦੇ ਖੋਲ੍ਹੇ ਮੁਹੱਲਾ ਕਲੀਨਿਕਾਂ ਤੇ ਸਕੂਲਾਂ ਦਾ ਮੁਆਇਨਾ ਕੀਤਾ। ਫਰਵਰੀ-ਮਾਰਚ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਮਾਜਵਾਦੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਜਿਹੀਆਂ ਪਾਰਟੀਆਂ ਦੀ ਹਾਰ ਹੋਣ ਅਤੇ ਕਾਂਗਰਸ ਦੇ ਪੈਰ ਉਖੜਨ ਤੋਂ ਬਾਅਦ ਇਸ ਸਮੇਂ ਦਿੱਲੀ ਤੇ ਪੰਜਾਬ ਦੀ ਸੱਤਾ 'ਚ ਬੈਠੀ ਆਮ ਆਦਮੀ ਪਾਰਟੀ ਭਾਰਤੀ ਜਨਤਾ ਪਾਰਟੀ ਲਈ ਮੁੱਖ ਚੁਣੌਤੀ ਨਜ਼ਰ ਆ ਰਹੀ ਹੈ। ਸੁਭਾਵਿਕ ਹੈ ਕਿ ਦੱਖਣੀ ਰਾਜਾਂ ਦੇ ਆਗੂ ਆਪਣੇ ਏਜੰਡੇ ਅਤੇ ਨੀਤੀਆਂ ਮੁਲਕ ਭਰ ਵਿਚ ਫੈਲਾਉਣ ਲਈ ਉਤਸੁਕ ਹਨ ਤੇ ਇਕ ਸੰਘੀ ਸਮੀਕਰਨ ਰਾਹੀਂ ਭਾਜਪਾ ਨੂੰ ਸੱਤਾ ਤੋਂ ਹਟਾਉਣ ਦੇ ਆਪਣੇ ਵਡੇਰੇ ਟੀਚੇ ਨੂੰ ਸਾਕਾਰ ਕਰਨ ਲਈ 'ਆਪ' ਹੀ ਉਨ੍ਹਾਂ ਦਾ ਇਕਮਾਤਰ ਸਹਾਰਾ ਬਚੀ ਹੈ।

ਸਟਾਲਿਨ ਨੇ ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਸ਼ਲਾਘਾ ਕਰਨ ਦੇ ਮਾਮਲੇ ਵਿਚ ਜਿੱਥੇ ਸੰਜਮ ਤੋਂ ਕੰਮ ਲਿਆ, ਉੱਥੇ ਰਾਓ ਕਾਫ਼ੀ ਉਤਸ਼ਾਹ ਵਿਚ ਆ ਗਏ ਤੇ ਕਈ ਵਾਰ ਉਨ੍ਹਾਂ ਬੇਸਬਰੀ ਦਾ ਵੀ ਮੁਜ਼ਾਹਰਾ ਕੀਤਾ ਹੈ। ਉਨ੍ਹਾਂ ਆਖਿਆ ਕਿ ਅੱਜ ਮੁਲਕ ਨੂੰ ਦਿੱਲੀ ਮਾਡਲ 'ਤੇ ਚੱਲਣ ਦੀ ਲੋੜ ਹੈ ਅਤੇ ਤਿਲੰਗਾਨਾ ਨੇ ਦਿੱਲੀ ਤੋਂ ਸਿੱਖ ਕੇ ਹੀ ਮੁਹੱਲਾ ਕਲੀਨਿਕਾਂ ਦਾ ਵਿਚਾਰ ਅਮਲ ਵਿਚ ਲਿਆਂਦਾ ਹੈ। ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਮਹਾਤਮਾ ਗਾਂਧੀ ਦਿਹਾਤੀ ਰੁਜ਼ਗਾਰ ਕਾਨੂੰਨ (ਮਗਨਰੇਗਾ) ਅਤੇ ਖੁਰਾਕ ਸੁਰੱਖਿਆ ਜਿਹੇ ਪ੍ਰੋਗਰਾਮਾਂ ਦੀ ਟੀ.ਆਰ.ਐੱਸ. ਲਈ ਕੋਈ ਅਹਿਮੀਅਤ ਨਹੀਂ? ਇਸ ਦਾ ਜਵਾਬ ਇਸ ਗੱਲ ਵਿਚ ਪਿਆ ਹੈ ਕਿ ਰਾਓ ਕਾਂਗਰਸ ਨੂੰ ਬਿਲਕੁੱਲ ਪਸੰਦ ਨਹੀਂ ਕਰਦੇ ਜਿਸ ਨੇ ਕੁਝ ਸਾਲ ਪਹਿਲਾਂ ਭਾਜਪਾ ਨਾਲ ਸਾਂਝੀ ਲੜਾਈ ਲੜਨ ਦੀ ਉਨ੍ਹਾਂ ਦੀ ਪੇਸ਼ਕਸ਼ ਨੂੰ ਨਕਾਰ ਦਿੱਤਾ ਸੀ। ਰਾਓ ਨੇ ਇਹ ਸਪੱਸ਼ਟ ਕੀਤਾ ਹੈ ਕਿ ਇਸ ਸਾਲ ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਵਿਚ ਭਾਜਪਾ/ਐੱਨ.ਡੀ.ਏ. ਦੇ ਉਮੀਦਵਾਰ ਖ਼ਿਲਾਫ਼ ਵਿਰੋਧੀ ਪਾਰਟੀਆਂ ਵਲੋਂ ਸਾਂਝਾ ਉਮੀਦਵਾਰ ਉਤਾਰਨ ਦੇ ਉਦਮ ਵਿਚ ਕਾਂਗਰਸ ਲਈ ਕੋਈ ਥਾਂ ਨਹੀਂ ਹੋਵੇਗੀ। ਇਸ ਮਾਮਲੇ ਵਿਚ ਸਟਾਲਿਨ ਉਨ੍ਹਾਂ ਦੇ ਨਾਲ ਨਹੀਂ ਖੜ੍ਹ ਸਕਣਗੇ ਕਿਉਂਕਿ ਉਨ੍ਹਾਂ ਦੀ ਪਾਰਟੀ ਦਾ ਕਾਂਗਰਸ ਨਾਲ ਲੰਮੇ ਸਮੇਂ ਤੋਂ ਗੱਠਜੋੜ ਹੈ। ਵਾਹ ਲਗਦੀ ਰਾਓ, ਵਿਰੋਧੀ ਪਾਰਟੀਆਂ ਦੇ ਸਾਂਝੇ ਉਮੀਦਵਾਰ ਦੀ ਹਮਾਇਤ ਲਈ ਇਸ ਜੋੜ-ਤੋੜ ਤਹਿਤ ਕਾਂਗਰਸ ਦੀ ਬਾਂਹ ਮਰੋੜਨ ਵਿਚ ਸਫ਼ਲ ਹੋ ਜਾਣ ਕਿ ਪਾਟੋਧਾੜ ਹੋ ਕੇ ਚੋਣ ਲੜਨ ਦੀ ਸੂਰਤ ਵਿਚ ਕਾਂਗਰਸ ਆਪਣੇ ਤੌਰ 'ਤੇ ਚੋਣ



ਲੜਨ ਤੇ ਸ਼ਰਮਨਾਕ ਹਾਰ ਖਾਣ ਦੇ ਵਿਚਾਰ ਨੂੰ ਸ਼ਾਇਦ ਤਰਜੀਹ ਨਾ ਦੇਵੇ।

ਉਂਝ ਅਜਿਹੀਆਂ ਕਈ ਤਰ੍ਹਾਂ ਦੀਆਂ ਕਿਆਸਰਾਈਆਂ ਹਨ ਜੋ ਸ਼ਾਇਦ ਸਿਰੇ ਨਾ ਚੜ੍ਹ ਸਕਣ। ਹਾਲੀਆ ਸਮਿਆਂ ਵਿਚ ਗ਼ੈਰ-ਭਾਜਪਾ ਪਾਰਟੀਆਂ ਮਿਲ ਕੇ ਦੋ ਵਾਰ ਸਰਕਾਰ ਬਣਾਉਣ ਵਿਚ ਕਾਮਯਾਬ ਰਹੀਆਂ ਸਨ; ਪਹਿਲੀ ਵਾਰ 1996 ਵਿਚ ਜਦੋਂ ਸਾਂਝੇ ਮੋਰਚੇ (ਯੂ.ਐੱਫ.) ਦੀ ਸਰਕਾਰ ਬਣੀ ਸੀ ਅਤੇ ਫਿਰ 2004 ਵਿਚ ਸਾਂਝੇ ਪ੍ਰਗਤੀਸ਼ੀਲ ਮੋਰਚੇ (ਯੂ.ਪੀ.ਏ.) ਦੀ ਸਰਕਾਰ ਬਣੀ ਜਦੋਂ ਕਾਂਗਰਸ ਇਸ ਦਾ ਅਹਿਮ ਅੰਗ ਬਣ ਕੇ ਸਾਹਮਣੇ ਆਈ ਸੀ। ਪਹਿਲੀ ਵਾਰ ਕਾਂਗਰਸ ਨੇ ਅੱਧੇ ਮਨ ਨਾਲ ਸਾਂਝੇ ਮੋਰਚੇ ਦੀ ਸਰਕਾਰ ਨੂੰ ਬਾਹਰੋਂ ਹਮਾਇਤ ਦਿੱਤੀ ਸੀ ਤੇ ਦੂਜੀ ਵਾਰ ਇਸ ਨੇ ਆਪ ਸਰਕਾਰ ਦੀ ਵਾਗਡੋਰ ਸੰਭਾਲੀ ਸੀ। ਦੋਵੇਂ ਵਾਰ 'ਧਰਮ ਨਿਰਪੱਖਤਾ' ਹੀ ਉਹ ਗੂੰਦ ਸੀ ਜਿਸ ਨੇ ਵੱਖੋ ਵੱਖਰੀਆਂ ਸ਼ਕਤੀਆਂ ਨੂੰ ਇਕ ਦੂਜੀ ਨਾਲ ਬੰਨ੍ਹ ਕੇ ਰੱਖਿਆ ਸੀ। ਦੋਵੇਂ ਸੂਰਤਾਂ ਵਿਚ ਖੱਬੀਆਂ ਪਾਰਟੀਆਂ ਨੇ ਕੇਂਦਰੀ ਭੂਮਿਕਾ ਨਿਭਾਈ ਸੀ। ਇਹ ਜ਼ਰੂਰੀ ਨਹੀਂ ਕਿ ਵਿਰੋਧੀ ਪਾਰਟੀਆਂ ਦੀ ਸੰਭਾਵੀ ਏਕਤਾ ਲਈ ਇਹ ਦੋਵੇਂ ਸ਼ਰਤਾਂ ਅੱਜ ਵੀ ਮੌਜੂਦ ਹੋਣ। ਤ੍ਰਿਣਮੂਲ ਕਾਂਗਰਸ ਇਸ ਦੀ ਕੇਂਦਰੀ ਕੜੀ ਬਣੇਗੀ ਪਰ ਮਮਤਾ ਬੈਨਰਜੀ ਦੀ ਅਗਵਾਈ ਖੱਬੀਆਂ ਪਾਰਟੀਆਂ ਲਈ ਪ੍ਰਵਾਨ ਕਰਨੀ ਬਹੁਤ ਔਖੀ ਹੈ। ਧਰਮ ਨਿਰਪੱਖਤਾ ਦੀ ਉਪਯੋਗਤਾ ਵੀ ਵੇਲਾ ਵਿਹਾਅ ਚੁੱਕੀ ਹੈ ਅਤੇ ਹੁਣ ਹਰ ਪਾਰਟੀ ਭਾਜਪਾ ਦੇ ਬ੍ਰਾਂਡ ਵਾਲੇ ਸਿਆਸੀ ਹਿੰਦੁਤਵ ਨੂੰ ਵਿੰਗੇ ਟੇਢੇ ਢੰਗ ਨਾਲ ਆਪਣੇ ਚੋਣ ਮਨੋਰਥ ਪੱਤਰ ਵਿਚ ਜਗ੍ਹਾ ਦੇ ਚੁੱਕੀ ਹੈ।

ਇਸ ਲਈ ਹੁਣ ਵਿਰੋਧੀ ਪਾਰਟੀਆਂ ਨੂੰ ਆਪਣੀ ਏਕਤਾ ਦਾ ਹੋਰ ਕੋਈ ਕਾਰਨ ਲੱਭਣਾ ਪੈਣਾ ਹੈ। ਪਾਰਟੀਆਂ ਵਾਰ-ਵਾਰ ਥਿੜਕ ਰਹੀਆਂ ਹਨ। ਸਹਿਕਾਰੀ ਸੰਘਵਾਦ (ਜਿਸ ਨੂੰ ਕਿਸੇ ਵੇਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੇਟੈਂਟ ਕਰਨ ਦਾ ਯਤਨ ਕੀਤਾ ਸੀ) ਇਕ ਕਾਰਨ ਬਣ ਸਕਦਾ ਹੈ ਪਰ ਇਹ ਵੀ ਉਦੋਂ ਖੋਖਲਾ ਸਾਬਿਤ ਹੋ ਜਾਂਦਾ ਹੈ ਜਦੋਂ ਉੜੀਸਾ ਅਤੇ ਆਂਧਰਾ ਪ੍ਰਦੇਸ਼ ਵਿਚ ਸੱਤਾਧਾਰੀ ਬੀਜੂ ਜਨਤਾ ਦਲ ਅਤੇ ਵਾਈ.ਐੱਸ.ਆਰ. ਕਾਂਗਰਸ, ਪਾਰਲੀਮੈਂਟ ਵਿਚ

***ਵਿਰੋਧੀ ਪਾਰਟੀਆਂ ਨੂੰ ਆਪਣੀ ਏਕਤਾ ਦਾ ਹੋਰ ਕੋਈ ਕਾਰਨ ਲੱਭਣਾ ਪੈਣਾ ਹੈ। ਇਹ ਵਾਰ-ਵਾਰ ਥਿੜਕ ਰਹੀਆਂ ਹਨ।***

ਕੋਈ ਫਸਿਆ ਬਿੱਲ ਪਾਸ ਕਰਾਉਣ ਵੇਲੇ ਆਪਣੇ ਸੂਬੇ ਦੇ ਹੱਕ ਵਿਚ ਕੋਈ ਮਦਦ ਲੈ ਕੇ ਭਾਜਪਾ ਸਰਕਾਰ ਦੀ ਮਦਦ ਕਰਨ ਲਈ ਤਿਆਰ ਹੋ ਜਾਂਦੀਆਂ ਹਨ। ਇਸ ਲਈ ਵਿਰੋਧੀ ਪਾਰਟੀਆਂ ਸਾਹਮਣੇ ਹੋਰ ਕਿਹੜੇ ਮੁੱਦੇ ਹਨ?

ਕੇ. ਚੰਦਰਸ਼ੇਖਰ ਰਾਓ ਨੇ ਦਿੱਲੀ ਤੇ ਚੰਡੀਗੜ੍ਹ ਦੀ ਆਪਣੀ ਫੇਰੀ ਸਮੇਂ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਭਰ ਚੱਲੇ ਕਿਸਾਨ ਅੰਦੋਲਨ ਦਾ ਹਵਾਲਾ ਦਿੱਤਾ ਅਤੇ ਆਪਣੇ ਸ਼ਬਦਾਂ ਤੇ ਰੁਖ਼ ਰਾਹੀਂ ਸਿਆਸੀ ਸੰਦੇਸ਼ ਵੀ ਦਿੱਤਾ। ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਮੌਜੂਦਗੀ ਵਿਚ ਉਨ੍ਹਾਂ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਣ ਵਾਲਿਆਂ ਦੇ ਵਾਰਸਾਂ ਨੂੰ ਤਿੰਨ ਤਿੰਨ ਲੱਖ ਰੁਪਏ ਦੇ ਚੈੱਕ ਸੌਂਪੇ। ਇਸ ਮੌਕੇ ਉਨ੍ਹਾਂ ਕਿਸਾਨ ਸ਼ਕਤੀ ਦਾ ਜ਼ਿਕਰ ਕਰਦਿਆਂ ਆਖਿਆ, "ਜੇ ਕਿਸਾਨ ਚਾਹੁਣ ਤਾਂ ਉਹ ਸਰਕਾਰ ਬਦਲ ਸਕਦੇ ਹਨ। ਇਹ (ਉਨ੍ਹਾਂ ਲਈ) ਕੋਈ ਵੱਡੀ ਗੱਲ ਨਹੀਂ ਹੈ।" ਉਨ੍ਹਾਂ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਉਹ ਮੁੜ ਅੰਦੋਲਨ ਸ਼ੁਰੂ ਕਰਨ ਅਤੇ ਜਿੰਨੀ ਦੇਰ ਸਰਕਾਰ ਉਨ੍ਹਾਂ ਦੀਆਂ ਫ਼ਸਲਾਂ ਦੇ ਲਾਹੇਵੰਦ ਭਾਅ ਦੇਣ ਲਈ ਕਾਨੂੰਨੀ ਗਾਰੰਟੀ ਨਹੀਂ ਦਿੰਦੀ, ਓਨੀ ਦੇਰ ਤੱਕ ਅੰਦੋਲਨ ਵਾਪਸ ਨਾ ਲੈਣ।

ਕੀ ਰਾਓ ਦੀ ਅਪੀਲ ਮੁੜ ਅਸਰ ਦਿਖਾਵੇਗੀ? ਪਹਿਲੀ ਗੱਲ ਤਾਂ ਇਹ ਕਿ ਉੱਤਰ ਪ੍ਰਦੇਸ਼ ਦੀਆਂ ਚੋਣਾਂ ਵਿਚ ਕਿਸਾਨ ਅੰਦੋਲਨ ਦਾ ਉਹ ਅਸਰ ਨਜ਼ਰ ਨਹੀਂ ਆਇਆ ਜਿਸ ਦੀ ਉਮੀਦ ਕੀਤੀ ਜਾਂਦੀ ਸੀ, ਖ਼ਾਸਕਰ ਪੱਛਮੀ ਉੱਤਰ ਪ੍ਰਦੇਸ਼ ਵਿਚ ਵੀ ਨਹੀਂ ਜੋ ਕਿਸਾਨ ਅੰਦੋਲਨ ਦਾ ਗੜ੍ਹ ਰਿਹਾ ਹੈ। ਜਦੋਂ ਵੋਟਾਂ ਦਾ ਸਵਾਲ ਆਇਆ ਤਾਂ ਕਿਸਾਨ ਪਾਟੋਧਾੜ ਹੋ ਗਏ। ਪੀੜਤ ਕਿਸਾਨ ਵਿਚੋਂ ਖਾਂਦੇ ਪੀਂਦੇ ਜਾਟਾਂ ਦਾ ਵੱਡਾ ਤਬਕਾ ਸੀ ਜੋ ਭਾਜਪਾ ਤੋਂ ਨਾਰਾਜ਼ ਦਿਸ ਰਿਹਾ ਸੀ ਪਰ ਹਿੰਦੂਤਵ ਦੇ ਨਾਂ 'ਤੇ ਇਹ ਅਖ਼ੀਰ ਭਾਜਪਾ ਦੇ ਹੱਕ ਵਿਚ ਭੁਗਤ ਗਿਆ।

ਇਕ ਹੋਰ ਕਾਰਨ ਹੈ। ਦੋ ਚੁਣਾਵੀ ਜਿੱਤਾਂ ਤੋਂ ਬਾਅਦ ਭਾਜਪਾ ਤਿਲੰਗਾਨਾ ਵਿਚ ਆਪਣੇ ਪੈਰ ਪਸਾਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਉਸ ਨੇ ਰਾਓ ਦੇ ਐਲਾਨ ਤੋਂ ਬਾਅਦ ਆਪਣੇ ਹਥਿਆਰ ਤੇਜ਼ ਕਰ ਲਏ ਹਨ। ਤਿਲੰਗਾਨਾ ਵਿਚ ਭਾਜਪਾ ਦੇ ਪ੍ਰਧਾਨ ਬਾਂਦੀ ਸੰਜੇ ਕੁਮਾਰ ਨੇ ਮੁੱਖ ਮੰਤਰੀ ਰਾਓ ਨੂੰ ਸਵਾਲ ਕੀਤਾ ਕਿ ਜਦੋਂ ਰਾਜ ਵਿਚ ਲੱਖਾਂ ਕਿਸਾਨਾਂ ਨੇ ਆਪਣੀ ਝੋਨੇ ਦੀ ਫ਼ਸਲ ਨਾ ਵਿਕਣ ਕਰ ਕੇ ਕਥਿਤ ਤੌਰ 'ਤੇ ਖ਼ੁਦਕੁਸ਼ੀ ਕਰ ਲਈ ਸੀ ਤਾਂ ਉਦੋਂ ਉਹ ਕਿੱਥੇ ਸਨ?"

ਟੀ.ਐਮ.ਸੀ., ਟੀ.ਆਰ.ਐਸ., ਸ਼ਿਵ ਸੈਨਾ, ਡੀ.ਐਮ.ਕੇ. ਹੋਵੇ ਜਾਂ ਆਪ, ਸਾਰੀਆਂ ਖੇਤਰੀ ਪਾਰਟੀਆਂ ਦੀ ਆਪੋ-ਆਪਣੀ ਚਾਰਾਜੋਈ ਦਾ ਲੱਬੋ-ਲਬਾਬ ਇਹ ਹੈ ਕਿ ਜਦੋਂ ਭਾਜਪਾ ਨਵੇਂ ਖਿੱਤਿਆਂ ਅੰਦਰ ਆਪਣੇ ਪੈਰ ਪਸਾਰਨ ਦੀ ਕੋਸ਼ਿਸ਼ ਕਰਦੀ ਨਜ਼ਰ ਆਉਂਦੀ ਹੈ ਤਾਂ ਇਨ੍ਹਾਂ ਪਾਰਟੀਆਂ ਨੂੰ ਆਪੋ-ਆਪਣੇ ਪ੍ਰਭਾਵ ਵਾਲੇ ਖੇਤਰ ਬਚਾਉਣ ਲਈ ਹੱਥ ਪੈਰ ਮਾਰਨੇ ਪੈਂਦੇ ਹਨ। ਪੱਛਮੀ ਬੰਗਾਲ ਵਿਚ ਭਾਵੇਂ ਭਾਜਪਾ ਕਮਜ਼ੋਰ ਪੈ ਗਈ ਹੈ ਪਰ ਮਮਤਾ ਬੈਨਰਜੀ ਲਈ ਇਹ ਅਜੇ ਵੀ ਮੁੱਖ ਚੁਣੌਤੀ ਹੈ। ਮਹਾਰਾਸ਼ਟਰ ਵਿਚ ਵੀ ਇਵੇਂ ਹੀ ਹੈ। ਕੇਜਰੀਵਾਲ ਦੀ ਪਾਰਟੀ ਪੰਜਾਬ ਵਿਚ ਡਟਵੀਂ ਲੜਾਈ ਦੇ ਰਹੀ ਹੈ ਤੇ ਨਾਲ ਹੀ ਉਨ੍ਹਾਂ ਨੂੰ ਦਿੱਲੀ ਨੂੰ ਵੀ ਬਚਾ ਕੇ ਰੱਖਣਾ ਪੈਣਾ ਹੈ ਪਰ ਵੱਡਾ ਸਵਾਲ ਇਹ ਹੈ: ਕੀ ਕੇਜਰੀਵਾਲ ਕੋਲ ਇੰਨਾ ਸਮਾਂ ਹੈ ਕਿ ਉਹ ਹਿਮਾਚਲ ਪ੍ਰਦੇਸ਼ ਵਿਚ ਡੇਰਾ ਜਮਾ ਕੇ ਬੈਠ ਜਾਣ।

# 'ਅਪਰੇਸ਼ਨ ਮੱਛਰਦਾਨੀ' ਅਤੇ ਜੇਲ੍ਹ ਵਿਚ ਮਨੁੱਖੀ ਹੱਕਾਂ ਲਈ ਸੰਘਰਸ਼


ਖੱਬਿਓਂ: ਸਾਗਰ ਗੋਰਖੇ, ਜਯੋਤੀ ਜਗਤਾਪ ਤੇ ਰਾਮੇਸ਼ ਗਾਏਚੋਰ ਅਤੇ (ਐਨ ਸੱਜੇ) ਕਬੀਰ ਕਲਾ ਮੰਚ ਦੇ ਕਲਾਕਾਰ ਪ੍ਰੋਗਰਾਮ ਪੇਸ਼ ਕਰਦੇ ਹੋਏ।

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

'ਅੱਜ ਵੀ ਜੇਲ੍ਹ ਵਿਚ ਸਾਡੇ ਬੁਨਿਆਦੀ ਮਨੁੱਖੀ ਹੱਕਾਂ ਨੂੰ ਹਰ ਰੋਜ਼ ਲਤਾੜਿਆ ਜਾ ਰਿਹਾ ਹੈ, ਇਹ ਹਾਲਤ ਐਨੀ ਅਸਹਿ ਹੋ ਗਈ ਹੈ ਕਿ ਮੈਨੂੰ ਇਸ ਦੇ ਵਿਰੋਧ ਵਿਚ ਭੁੱਖ ਹੜਤਾਲ ਦੇ ਸੰਤਾਪ ਦਾ ਸਹਾਰਾ ਲੈਣਾ ਪਿਆ ਹੈ।' ਇਹ ਸ਼ਬਦ ਜੇਲ੍ਹ ਅਧਿਕਾਰੀਆਂ ਦੇ ਅਣਮਨੁੱਖੀ ਵਤੀਰੇ ਵਿਰੁੱਧ ਮਰਨ ਵਰਤ ਰੱਖਣ ਵਾਲੇ ਕਲਾਕਾਰ ਸਾਗਰ ਗੋਰਖੇ ਦੇ ਹਨ। ਸਾਗਰ ਗੋਰਖੇ ਭੀਮਾ-ਕੋਰੇਗਾਓਂ-ਐਲਗਾਰ ਪ੍ਰੀਸ਼ਦ ਸਾਜ਼ਿਸ਼ ਕੇਸ ਤਹਿਤ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਡੱਕੇ ਉੱਘੇ ਬੁੱਧੀਜੀਵੀਆਂ ਅਤੇ ਹੱਕਾਂ ਦੇ ਕਾਰਕੁਨਾਂ ਵਿੱਚੋਂ ਇਕ ਹੈ।

ਸਾਗਰ, ਜਯੋਤੀ ਜਗਤਾਪ ਅਤੇ ਰਾਮੇਸ਼ ਗਾਏਚੋਰ ਕਬੀਰ ਕਲਾ ਮੰਚ ਦੇ ਉਹ ਕਲਾਕਾਰ ਹਨ ਜਿਨ੍ਹਾਂ ਉੱਪਰ ਭੀਮਾ-ਕੋਰੇਗਾਓਂ ਯੁੱਧ ਦੀ 200ਵੀਂ ਬਰਸੀ ਮੌਕੇ ਹੋਏ ਇਕੱਠ ਨੂੰ ਭੜਕਾਊ ਗੀਤਾਂ ਰਾਹੀਂ ਹਿੰਸਾ ਲਈ ਉਕਸਾਉਣ ਦਾ ਇਲਜ਼ਾਮ ਲਗਾਇਆ ਗਿਆ ਹੈ ਅਤੇ ਉਨ੍ਹਾਂ ਨੂੰ ਹੋਰ ਬੁੱਧੀਜੀਵੀਆਂ ਸਮੇਤ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿਚ ਡੱਕਿਆ ਹੋਇਆ ਹੈ। ਸਾਗਰ ਨੇ 20 ਮਈ ਨੂੰ ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਨੂੰ ਚਿੱਠੀ ਲਿਖ ਕੇ ਜੇਲ੍ਹ ਨੂੰ 'ਤਸੀਹਾ ਕੈਂਪ' ਦਾ ਨਾਮ ਦਿੱਤਾ ਹੈ। ਉਸ ਨੇ ਇਹ ਵੀ ਕਿਹਾ ਕਿ ਉਸ ਦੇ ਜੇਲ੍ਹ ਸਾਥੀ ਗੰਭੀਰ ਬਿਮਾਰੀਆਂ ਤੋਂ ਪੀੜਤ ਹਨ ਪਰ ਜੇਲ੍ਹ ਅਧਿਕਾਰੀ ਉਨ੍ਹਾਂ ਦੇ ਇਲਾਜ ਵਿਚ ਜਾਣ-ਬੁੱਝ ਕੇ ਅੜਿੱਕੇ ਡਾਹ ਰਹੇ ਹਨ। ਉਸ ਨੇ ਪੰਜ ਮੰਗਾਂ ਰੱਖੀਆਂ ਹਨ: ਭੀਮਾ-ਕੋਰੇਗਾਓਂ ਕੇਸ ਦੇ ਮੁਲਜ਼ਮਾਂ ਨੂੰ ਤੁਰੰਤ ਮੱਛਰਦਾਨੀਆਂ ਅਤੇ ਢੁੱਕਵੀਆਂ ਇਲਾਜ ਸਹੂਲਤਾਂ ਮੁਹੱਈਆ ਕਰਾਈਆਂ ਜਾਣ ਅਤੇ ਕੋਤਾਹੀ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ।

ਜੇਲ੍ਹ ਅਧਿਕਾਰੀਆਂ ਵੱਲੋਂ ਕੈਦੀਆਂ ਦੀਆਂ ਚਿੱਠੀਆਂ ਨੂੰ ਸਕੈਨ ਕਰਕੇ ਕੌਮੀ ਜਾਂਚ ਏਜੰਸੀ ਨੂੰ ਭੇਜਣਾ ਅਤੇ ਉਨ੍ਹਾਂ ਦੇ ਨਿੱਜਤਾ ਦੇ ਹੱਕ ਦਾ ਘਾਣ ਕਰਨਾ ਬੰਦ ਕੀਤਾ ਜਾਵੇ। ਜੇਲ੍ਹ ਵਿਚ ਪਾਣੀ ਦੀ ਬਨਾਉਟੀ ਕਿੱਲਤ ਦੇ ਬਹਾਨੇ ਕੈਦੀਆਂ ਨੂੰ ਪਾਣੀ ਵੇਚਣ ਦਾ ਅਣਮਨੁੱਖੀ ਦਸਤੂਰ ਬੰਦ ਕੀਤਾ ਜਾਵੇ। ਕੈਦੀਆਂ ਨੂੰ ਪੀਣ, ਨਹਾਉਣ ਅਤੇ ਪਖਾਨਾ ਜਾਣ ਲਈ ਸਿਰਫ਼ 15 ਲੀਟਰ ਰੋਜ਼ਾਨਾ ਦਿੱਤਾ ਜਾਂਦਾ ਹੈ, ਇਸ ਦੀ ਬਜਾਇ ਹਰ ਕੈਦੀ ਨੂੰ 135 ਲੀਟਰ ਪਾਣੀ ਦਿੱਤਾ ਜਾਵੇ। ਮੁਲਾਕਾਤੀਆਂ ਲਈ ਪੱਕੇ ਸ਼ੈੱਡ, ਪੀਣ ਵਾਲੇ ਪਾਣੀ, ਪੱਖੇ, ਵਾਸ਼ਰੂਮ ਅਤੇ ਟੋਕਨ ਪ੍ਰਣਾਲੀ ਦੀਆਂ ਸਹੂਲਤਾਂ ਮੁਹੱਈਆ ਕਰਾਈਆਂ ਜਾਣ ਅਤੇ ਗੁਜਰਾਤ ਤੇ ਤੇਲੰਗਾਨਾ ਦੀ ਤਰਜ਼ 'ਤੇ ਕੈਦੀਆਂ ਲਈ ਆਪਣੇ ਪਰਿਵਾਰਾਂ ਨੂੰ ਜੇਲ੍ਹ 'ਚੋਂ ਫ਼ੋਨ ਕਰਨ ਦੀ ਸਹੂਲਤ ਮੁੜ ਸ਼ੁਰੂ ਕੀਤੀ ਜਾਵੇ।

ਸਾਗਰ ਦੱਸਦੇ ਹਨ ਕਿ 20 ਮਈ ਦੀ ਰਾਤ ਨੂੰ ਅਚਾਨਕ 10-12 ਜੇਲ੍ਹ ਅਧਿਕਾਰੀਆਂ ਦੀ ਟੋਲੀ ਪੁਲਿਸ ਗਾਰਦ ਨੂੰ ਨਾਲ ਲੈ ਕੇ ਉਸ ਦੀ ਜੇਲ੍ਹ ਕੋਠੜੀ ਅੱਗੇ ਆ ਪਹੁੰਚੀ। ਜੇਲ੍ਹ ਵਿਚ ਇੰਵ ਅਚਾਨਕ ਛਾਪੇਮਾਰੀ ਦਾ ਉਦੇਸ਼ ਦਹਿਸ਼ਤ ਪਾਉਣਾ ਹੁੰਦਾ ਹੈ ਅਤੇ ਕੈਦੀ ਸਮਝ ਜਾਂਦਾ ਹੈ ਕਿ ਹੁਣ ਜੇਲ੍ਹ ਅਧਿਕਾਰੀ ਕੋਈ ਨਵੀਂ ਸਾਜ਼ਿਸ਼ ਘੜ ਕੇ ਉਸ ਨੂੰ ਤੰਗ-ਪ੍ਰੇਸ਼ਾਨ ਕਰਨ ਜਾਂ ਕਿਸੇ ਬਹਾਨੇ ਉਸ ਉੱਪਰ ਤਸ਼ੱਦਦ ਕਰਨ ਲਈ ਆਏ ਹਨ। ਬਾਦ 'ਚ ਪਤਾ ਲੱਗਾ ਕਿ ਇਹ ਤਾਂ 'ਅਪਰੇਸ਼ਨ ਮੱਛਰਦਾਨੀ' ਸੀ! ਸਾਗਰ ਵੱਲੋਂ ਦੱਸੀ ਕਹਾਣੀ ਕੁਝ ਇਸ ਤਰ੍ਹਾਂ ਹੈ: ਉਨ੍ਹਾਂ ਦਾ ਸਿੱਧਾ ਸਵਾਲ ਸੀ, 'ਤੂੰ ਮੱਛਰਦਾਨੀ ਰੱਖੀ ਏ?' ਜਦੋਂ ਮੈਂ ਹਾਂ 'ਚ ਜਵਾਬ ਦਿੱਤਾ ਤਾਂ ਉਨ੍ਹਾਂ ਦਾ ਅਗਲਾ ਸਵਾਲ ਸੀ, 'ਤੇਰੇ ਕੋਲ ਇਸ ਨੂੰ ਰੱਖਣ ਦੇ ਹੁਕਮ ਹਨ?' ਜਦੋਂ ਮੈਂ ਪੁੱਛਿਆ ਕਿ 'ਕਿਹੜੇ ਹੁਕਮ?' ਤਾਂ ਉਨ੍ਹਾਂ ਦਾ ਜਵਾਬ ਸੀ, 'ਮੱਛਰਦਾਨੀ ਰੱਖਣ ਦੇ ਹੁਕਮ।' ਮੈਂ ਹੈਰਾਨੀ ਨਾਲ ਪੁੱਛਿਆ, 'ਕੀ ਮੱਛਰਦਾਨੀ ਰੱਖਣ ਲਈ ਹੁਕਮ ਚਾਹੀਦੇ ਹਨ?' ਉਨ੍ਹਾਂ ਦਾ ਜਵਾਬ ਸੀ, 'ਹਾਂ!' ਜਦੋਂ ਮੈਂ ਕਿਹਾ ਕਿ ਮੇਰੇ ਕੋਲ ਮੱਛਰਦਾਨੀ ਰੱਖਣ ਦੇ ਹੁਕਮ ਨਹੀਂ ਹਨ ਤਾਂ ਉਨ੍ਹਾਂ ਦਾ ਜਵਾਬ ਸੀ, 'ਤਾਂ ਫਿਰ ਮੱਛਰਦਾਨੀ ਜਮ੍ਹਾਂ ਕਰਵਾ ਦੇ।' ਜਦੋਂ ਮੈਂ ਆਪਣੀ ਚਿੰਤਾ ਦੱਸੀ ਕਿ 'ਪਰ ਮੈਂ ਰਾਤ ਨੂੰ ਮੱਛਰਾਂ ਦਾ ਕੀ ਕਰਾਂਗਾ?' ਤਾਂ ਉਨ੍ਹਾਂ ਦਾ ਜਵਾਬ ਸੀ, 'ਇਹ ਤੂੰ ਦੇਖਣਾ ਏ?' ਜਦੋਂ ਮੈਂ ਪੁੱਛਿਆ ਕਿ ਮੈਂ ਤਾਂ ਇਸ ਨੂੰ ਪਿਛਲੇ ਸਾਲ ਤੋਂ ਵਰਤ ਰਿਹਾ ਹਾਂ, ਇਹ ਅਚਾਨਕ ਗ਼ੈਰ-ਕਾਨੂੰਨੀ ਕਿਵੇਂ ਹੋ ਗਈ? ਤਾਂ ਉਨ੍ਹਾਂ ਦਾ ਫ਼ਰਮਾਨ ਸੀ ਕਿ ਇਹ 'ਸੁਰੱਖਿਆ' ਦਾ ਮਾਮਲਾ ਹੈ, ਤੁਸੀਂ ਇਸ ਨੂੰ ਫਾਹਾ ਲੈਣ ਲਈ ਵਰਤ ਸਕਦੇ ਹੋ! ਜਦੋਂ ਮੈਂ ਕਿਹਾ ਕਿ ਤੁਸੀਂ ਜੇਲ੍ਹ ਵਿਚ ਆਉਣ 'ਤੇ ਸਾਨੂੰ ਕੰਬਲ ਅਤੇ ਚਾਦਰਾਂ ਦਿੰਦੇ ਹੋ; ਸਾਡੇ ਕੋਲ ਤੌਲੀਆ ਹੁੰਦਾ ਹੈ। ਐਨੀਆਂ ਮਜ਼ਬੂਤ ਚੀਜ਼ਾਂ ਦੇ ਹੁੰਦਿਆਂ ਕੋਈ ਮੱਛਰਦਾਨੀ ਵਰਗੀ ਕਮਜ਼ੋਰ ਚੀਜ਼ ਨਾਲ ਖੁਦਕੁਸ਼ੀ ਕਰਨ ਦਾ ਤਜ਼ਰਬਾ ਕਿਉਂ ਕਰੇਗਾ? ਖੁਦਕੁਸ਼ੀ ਕਰਨ ਵਾਲਾ ਲੋਹੇ ਦੇ ਮਜ਼ਬੂਤ ਦਰਵਾਜ਼ੇ ਨਾਲ ਟੱਕਰ ਮਾਰ ਕੇ ਵੀ ਤਾਂ ਆਪਣੀ ਜਾਨ ਲੈ ਸਕਦਾ ਹੈ! ਅਸੀਂ ਮੱਛਰਦਾਨੀ ਜ਼ਿੰਦਾ ਰਹਿਣ ਲਈ ਰੱਖਦੇ ਹਾਂ ਨਾ ਕਿ ਮਰਨ ਲਈ। ਇਹ ਸੁਣ ਕੇ ਇਕ ਅਧਿਕਾਰੀ ਉੱਚੀ ਆਵਾਜ਼ 'ਚ ਚੀਕਿਆ, 'ਇਸ ਨਾਲ ਬਹਿਸ ਕਿਉਂ ਕਰ ਰਹੇ ਹੋ? ਜੋ ਚਾਹੀਦਾ ਹੈ ਜ਼ਬਤ ਕਰੋ ਅਤੇ ਅੱਗੇ ਤੁਰੋ।' ਉਸ ਦੀਆਂ ਸਾਰੀਆਂ ਦਲੀਲਾਂ, ਸਵਾਲ, ਸਮੱਸਿਆਵਾਂ ਅਤੇ ਗੁਜ਼ਾਰਿਸ਼ਾਂ ਅਣਸੁਣੀਆਂ ਕਰ ਦਿੱਤੀਆਂ ਗਈਆਂ ਅਤੇ ਜੇਲ੍ਹ ਅਧਿਕਾਰੀ ਮੱਛਰਦਾਨੀ ਜ਼ੋਰ ਜ਼ਬਰਦਸਤੀ ਇੰਵ ਖੋਹ ਕੇ ਲੈ ਗਏ ਜਿਵੇਂ ਉਨ੍ਹਾਂ ਨੇ ਕੋਈ ਖਤਰਨਾਕ ਬੰਬ ਜ਼ਬਤ ਕਰ ਲਿਆ ਹੋਵੇ! ਸਾਗਰ ਅਤੇ ਉਸ ਦੇ ਸਾਥੀ ਵਿਚਾਰ-ਅਧੀਨ ਕੈਦੀਆਂ ਨੂੰ ਇਕ ਵਾਰ ਫਿਰ ਆਪਣੇ ਹੱਕਾਂ ਲਈ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਪਿਆ।

> ***ਜੇਲ੍ਹ ਨੇਮਾਵਲੀ ਅਨੁਸਾਰ ਵਿਚਾਰ-ਅਧੀਨ ਕੈਦੀ ਬੇਕਸੂਰ ਹੁੰਦਾ ਹੈ ਅਤੇ ਉਹ ਅਤਿਅੰਤ ਮਾਨਵੀ ਵਿਹਾਰ ਦਾ ਹੱਕਦਾਰ ਹੈ ਪਰ ਜੇਲ੍ਹ ਅਧਿਕਾਰੀਆਂ ਨੂੰ ਸੱਤਾਧਾਰੀ ਰਾਜਨੀਤਕ ਆਕਾਵਾਂ ਦਾ ਆਦੇਸ਼ ਹੈ ਕਿ ਸੱਤਾ ਉੱਪਰ ਸਵਾਲ ਕਰਨ ਵਾਲਿਆਂ ਅਤੇ ਨਿਆਂ ਲਈ ਜੂਝਣ ਵਾਲਿਆਂ ਨੂੰ ਡਾਕਟਰੀ ਇਲਾਜ ਸਮੇਤ ਹਰ ਹੱਕ ਤੋਂ ਵਾਂਝੇ ਰੱਖਣਾ ਹੈ ਅਤੇ ਤਿਲ ਤਿਲ ਕਰਕੇ ਮਾਰਨਾ ਹੈ। ਜੇਲ੍ਹ ਅਧਿਕਾਰੀਆਂ ਦੇ ਬੇਕਿਰਕ ਵਤੀਰੇ ਨੂੰ ਦੇਖਦਿਆਂ ਉਨ੍ਹਾਂ ਦਾ ਖਦਸ਼ਾ ਨਿਰਾਧਾਰ ਨਹੀਂ ਹੈ।... ਇਹ ਭਾਰਤੀ ਜੇਲ੍ਹਾਂ ਦੇ ਅੰਗਰੇਜ਼ੀ ਰਾਜ ਦੀਆਂ ਕਾਲੇਪਾਣੀ ਪਾਣੀ ਵਰਗੀਆਂ ਜੇਲ੍ਹਾਂ ਤੋਂ ਵੀ ਭਿਆਨਕ ਹਾਲਾਤ ਹਨ। ਜੇਲ੍ਹਾਂ ਨੂੰ 'ਸੁਧਾਰ ਘਰ' ਦਾ ਨਾਂ ਦਿੱਤਾ ਗਿਆ ਹੈ ਦਰ ਹਕੀਕਤ ਇਹ ਮਨੁੱਖੀ ਮਾਣ-ਸਨਮਾਨ ਨੂੰ ਕੁਚਲਣ ਅਤੇ ਇਨਸਾਨ ਨੂੰ ਇਨਸਾਨ ਦੇ ਤੌਰ 'ਤੇ ਖਤਮ ਕਰਨ ਵਾਲੇ ਤਸੀਹਾ ਕੇਂਦਰ ਹਨ।***

ਮੱਛਰਦਾਨੀ ਬਾਰੇ ਮੀਡੀਆ ਦੇ ਸਵਾਲਾਂ ਦੇ ਅਧਿਕਾਰੀਆਂ ਵੱਲੋਂ ਦਿੱਤੇ ਜਵਾਬ ਵੀ ਅਜੀਬ ਹਨ। ਉਹ ਕਹਿੰਦੇ ਹਨ ਕਿ ਜੇਲ੍ਹ ਵਿਚ ਮੱਛਰਦਾਨੀ ਵਰਤਣ ਦੀ ਮਨਾਹੀ ਇਸ ਕਰਕੇ ਹੈ ਕਿ ਇਸ ਨਾਲ ਲੰਮੀਆਂ ਰੱਸੀਆਂ ਲੱਗੀਆਂ ਹੁੰਦੀਆਂ ਹਨ ਅਤੇ ਇਸ ਨੂੰ ਕੰਧਾਂ ਵਿਚ ਕਿੱਲਾਂ ਗੱਡ ਕੇ ਬੰਨ੍ਹਿਆ ਜਾਂਦਾ ਹੈ। ਰੱਸੀਆਂ ਅਤੇ ਕਿੱਲ ਸੁਰੱਖਿਆ ਲਈ ਖਤਰਾ ਹਨ! ਕੈਦੀ ਇਨ੍ਹਾਂ ਨਾਲ ਖੁਦਕੁਸ਼ੀ ਕਰ ਸਕਦੇ ਹਨ ਅਤੇ ਕਿੱਲਾਂ ਨਾਲ ਹੋਰ ਕੈਦੀਆਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਮੱਛਰਦਾਨੀ ਵਰਤਣ ਲਈ ਅਦਾਲਤ ਦੇ ਆਦੇਸ਼ ਨਹੀਂ ਹਨ। ਕੈਦੀਆਂ ਚਾਹੁਣ ਤਾਂ ਕੰਟੀਨ ਤੋਂ ਲੈ ਕੇ ਮੱਛਰ ਭਜਾਊ ਮੱਲਮ ਜਾਂ ਕਛੂਆ ਛਾਪ ਵਰਤ ਸਕਦੇ ਹਨ।

ਕੀ ਮੱਛਰਾਂ ਦੀ ਭਰਮਾਰ ਵਾਲੇ ਮੁਲਕ 'ਚ ਮੱਛਰਦਾਨੀ ਐਨੀ ਹੀ ਖਤਰਨਾਕ ਚੀਜ਼ ਹੈ ਕਿ ਵਿਚਾਰ-ਅਧੀਨ ਨਜ਼ਰਬੰਦਾਂ ਕੋਲ ਮੱਛਰਦਾਨੀ ਹੋਣ ਨਾਲ 'ਸੁਰੱਖਿਆ' ਨੂੰ ਖਤਰਾ ਪੈਦਾ ਹੋ ਗਿਆ? ਜਦਕਿ ਮਲੇਰੀਆ, ਡੇਂਗੂ ਅਤੇ ਮੱਛਰਾਂ ਦੇ ਕੱਟਣ ਨਾਲ ਫੈਲਣ ਵਾਲੀਆਂ ਹੋਰ ਜਾਨਲੇਵਾ ਬਿਮਾਰੀਆਂ ਤੋਂ ਬਚਣ ਲਈ ਮੱਛਰਦਾਨੀ ਆਮ ਵਰਤੀ ਜਾਂਦੀ ਹੈ। ਜੀ ਹਾਂ, ਦੁਨੀਆ ਦਾ 'ਸਭ ਤੋਂ ਵੱਡਾ ਲੋਕਤੰਤਰ' ਕਹਾਉਣ ਵਾਲੇ ਮੁਲਕ ਵਿਚ ਸਭ ਇਹ ਸੰਭਵ ਹੈ। ਮੁੰਬਈ ਦੀ ਤਲੋਜਾ ਜੇਲ੍ਹ ਵਿਚ ਬੰਦ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਦੇ ਸਾਰੇ ਹੀ ਮੁਲਜ਼ਮਾਂ ਕੋਲੋਂ ਜੇਲ੍ਹ ਅਧਿਕਾਰੀਆਂ ਨੇ ਵਿਸ਼ੇਸ਼ ਮੁਹਿੰਮ ਚਲਾ ਕੇ ਮੱਛਰਦਾਨੀਆਂ ਖੋਹ ਲਈਆਂ।

ਜੇਲ੍ਹ ਨੇਮਾਵਲੀ ਅਨੁਸਾਰ ਵਿਚਾਰ-ਅਧੀਨ ਕੈਦੀ ਬੇਕਸੂਰ ਹੁੰਦਾ ਹੈ ਅਤੇ ਉਹ ਅਤਿਅੰਤ ਮਾਨਵੀ ਵਿਹਾਰ ਦਾ ਹੱਕਦਾਰ ਹੈ ਪਰ ਜੇਲ੍ਹ ਅਧਿਕਾਰੀਆਂ ਨੂੰ ਸੱਤਾਧਾਰੀ ਰਾਜਨੀਤਕ ਆਕਾਵਾਂ ਦਾ ਆਦੇਸ਼ ਹੈ ਕਿ ਸੱਤਾ ਉੱਪਰ ਸਵਾਲ ਕਰਨ ਵਾਲਿਆਂ ਅਤੇ ਨਿਆਂ ਲਈ ਜੂਝਣ ਵਾਲਿਆਂ ਨੂੰ ਡਾਕਟਰੀ ਇਲਾਜ ਸਮੇਤ ਹਰ ਹੱਕ ਤੋਂ ਵਾਂਝੇ ਰੱਖਣਾ ਹੈ ਅਤੇ ਤਿਲ ਤਿਲ ਕਰਕੇ ਮਾਰਨਾ ਹੈ। ਜੇਲ੍ਹ ਅਧਿਕਾਰੀਆਂ ਦੇ ਬੇਕਿਰਕ ਵਤੀਰੇ ਨੂੰ ਦੇਖਦਿਆਂ ਉਨ੍ਹਾਂ ਦਾ ਖਦਸ਼ਾ ਨਿਰਾਧਾਰ ਨਹੀਂ ਹੈ। ਵਕਤ ਸਿਰ ਡਾਕਟਰੀ ਸਹਾਇਤਾ ਨਾ ਦਿੱਤੇ ਜਾਣ ਕਾਰਨ ਪਿਛਲੇ ਸਾਲ 5 ਜੂਨ ਸਟੇਨ ਸਵਾਮੀ ਜੇਲ੍ਹ ਹਿਰਾਸਤ ਵਿਚ ਦਮ ਤੋੜ ਗਏ। ਜੇਲ੍ਹ ਅਧਿਕਾਰੀਆਂ ਨੇ ਉਨ੍ਹਾਂ ਨੂੰ ਤੜਫਾ ਤੜਫਾ ਕੇ ਮਾਰਿਆ। ਕਮਜ਼ੋਰ ਸਿਹਤ ਅਤੇ ਪਾਰਕਿਨਸਨ ਦੀ ਬਿਮਾਰੀ ਕਾਰਨ ਉਨ੍ਹਾਂ ਦੇ ਹੱਥ ਐਨੇ ਕੰਬਦੇ ਸਨ ਕਿ ਉਹ ਚਾਹ ਜਾਂ ਪਾਣੀ ਦਾ ਕੱਪ ਫੜ ਕੇ ਨਹੀਂ ਸੀ ਪੀ ਸਕਦੇ। ਉਨ੍ਹਾਂ ਨੇ ਸਿੱਪਰ ਦੀ ਮੰਗ ਕੀਤੀ ਤਾਂ ਉਹ ਵੀ ਨਹੀਂ ਦਿੱਤਾ ਗਿਆ।

> ***ਗੌਤਮ ਨਵਲੱਖਾ ਦੀ ਐਨਕ ਟੁੱਟ ਗਈ ਸੀ, ਉਸ ਨੂੰ ਐਨਕ ਲੈਣ ਲਈ ਸੰਘਰਸ਼ ਕਰਨਾ ਪਿਆ। ਹੁਣ ਉਸ ਨੂੰ ਮੱਛਰਦਾਨੀ ਲੈਣ ਲਈ ਅਦਾਲਤ ਤੱਕ ਪਹੁੰਚ ਕਰਨੀ ਪਈ।***

ਬਹੁਤ ਹਾਹਾਕਾਰ ਮੱਚਣ ਤੋਂ ਬਾਅਦ ਹੀ ਪ੍ਰੋਫੈਸਰ ਵਰਾਵਰਾ ਰਾਓ ਨੂੰ ਇਲਾਜ ਲਈ ਜੇਲ੍ਹ ਤੋਂ ਬਾਹਰ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਾਇਆ ਗਿਆ। ਇਸੇ ਕਰਕੇ ਸਾਗਰ ਗੋਰਖੇ ਨੂੰ ਮੱਛਰਦਾਨੀ, ਡਾਕਟਰੀ ਇਲਾਜ, ਪਾਣੀ ਵਰਗੇ ਬੁਨਿਆਦੀ ਮਨੁੱਖੀ ਹੱਕ ਲੈਣ ਲਈ ਮਰਨ ਵਰਤ ਰੱਖਣਾ ਪਿਆ। ਪਹਿਲਾਂ ਜਦੋਂ ਗੌਤਮ ਨਵਲੱਖਾ ਦੀ ਐਨਕ ਟੁੱਟ ਗਈ ਸੀ, ਉਸ ਨੂੰ ਐਨਕ ਲੈਣ ਲਈ ਸੰਘਰਸ਼ ਕਰਨਾ ਪਿਆ। ਹੁਣ ਉਸ ਨੂੰ ਮੱਛਰਦਾਨੀ ਲੈਣ ਲਈ ਅਦਾਲਤ ਤੱਕ ਪਹੁੰਚ ਕਰਨੀ ਪਈ। ਕਿਉਂਕਿ ਡਾਕਟਰਾਂ ਨੇ ਉਸ ਨੂੰ ਉਸ ਦੀ ਕਮਜ਼ੋਰ ਸਿਹਤ ਦੇ ਮੱਦੇਨਜ਼ਰ ਮਲੇਰੀਆ, ਡੇਂਗੂ ਆਦਿ ਤੋਂ ਬਚਣ ਲਈ ਮੱਛਰਦਾਨੀ ਵਰਤਣ ਦਾ ਮਸ਼ਵਰਾ ਦਿੱਤਾ ਸੀ। ਰਿਪੋਰਟਾਂ ਅਨੁਸਾਰ 'ਅਪਰੇਸ਼ਨ ਮੱਛਰਦਾਨੀ' ਰਾਹੀਂ ਮੱਛਰਦਾਨੀਆਂ ਜ਼ਬਤ ਕਰਨ ਵਿਰੁੱਧ ਵਿਚਾਰ-ਅਧੀਨ ਕੈਦੀਆਂ ਨੇ 21 ਮਈ ਸਮੂਹਿਕ ਭੁੱਖ ਹੜਤਾਲ ਕੀਤੀ। ਭਾਵੇਂ ਮੁੰਬਈ ਦੇ ਮੈਂਬਰ ਆਫ ਲੈਜਿਸਲੇਟਿਵ ਕੌਂਸਲ ਵੱਲੋਂ ਭਰੋਸਾ ਦੇਣ ਤੋਂ ਬਾਦ ਸਾਗਰ ਨੇ ਮਰਨ ਵਰਤ ਵਾਪਸ ਲੈ ਲਿਆ ਹੈ ਪਰ ਮਨੁੱਖੀ ਹੱਕਾਂ ਲਈ ਸੰਘਰਸ਼ ਮੁੱਕਿਆ ਨਹੀਂ ਹੈ।

ਇਸੇ ਤਰ੍ਹਾਂ ਨਾਗਪੁਰ ਕੇਂਦਰੀ ਜੇਲ੍ਹ ਵਿਚ ਪ੍ਰੋਫੈਸਰ ਸਾਈਬਾਬਾ 21 ਮਈ ਤੋਂ ਭੁੱਖ ਹੜਤਾਲ 'ਤੇ ਹਨ। ਜੇਲ੍ਹ ਵਿਚ ਇਹ ਉਨ੍ਹਾਂ ਦੀ ਦੂਜੀ ਭੁੱਖ ਹੜਤਾਲ ਹੈ। ਉਹ ਜੇਲ੍ਹ ਦੇ ਅੰਡਾ ਸੈੱਲ (ਜੇਲ੍ਹ ਦੇ ਅੰਦਰ ਖਤਰਨਾਕ ਕੈਦੀਆਂ ਨੂੰ ਬੰਦ ਰੱਖਣ ਲਈ ਉੱਚ ਸੁਰੱਖਿਆ ਵਾਲੀ ਚਾਨਣ ਵਿਹੂਣੀ ਬੰਦ ਕੋਠੜੀ) ਵਿਚ ਬੰਦ ਹਨ। ਡੇਢ ਸਾਲ ਪਹਿਲਾਂ ਉਨ੍ਹਾਂ ਨੇ ਕੋਵਿਡ ਸਬੰਧੀ ਲੌਕਡਾਊਨ ਦੌਰਾਨ ਭੁੱਖ ਹੜਤਾਲ ਕੀਤੀ ਸੀ। ਉਨ੍ਹਾਂ ਦੀ ਮੁੱਖ ਮੰਗ ਇਹ ਸੀ ਕਿ ਪਰਿਵਾਰ ਵੱਲੋਂ ਉਸ ਲਈ ਭੇਜੀਆਂ ਜਾਂਦੀਆਂ ਜੀਵਨ-ਬਚਾਊ ਦਵਾਈਆਂ, ਕਿਤਾਬਾਂ ਅਤੇ ਚਿੱਠੀਆਂ ਉਸ ਨੂੰ ਤੁਰੰਤ ਪਹੁੰਚਾਈਆਂ ਜਾਣ। ਕੁਝ ਮੰਗਾਂ ਮੰਨ ਲਈਆਂ ਗਈਆਂ ਅਤੇ ਕੁਝ ਅਜੇ ਵੀ ਬਾਕੀ ਹਨ। ਗਰਮੀ ਦੇ ਮੌਸਮ ਵਿਚ ਉਹ ਉੱਠ ਕੇ ਪਾਣੀ ਨਹੀਂ ਪੀ ਸਕਦੇ ਇਸ ਲਈ ਉਨ੍ਹਾਂ ਨੇ ਆਪਣੀ ਵਕੀਲ ਰਾਹੀਂ ਪਾਣੀ ਦੀ ਬੋਤਲ ਭੇਜੇ ਜਾਣ ਦੀ ਗੁਜ਼ਾਰਿਸ਼ ਕੀਤੀ ਸੀ। ਬੋਤਲ ਨੂੰ ਆਪਣੇ ਲਾਗੇ ਰੱਖ ਕੇ ਉਹ ਰਾਤ ਨੂੰ ਪਿਆਸ ਲੱਗਣ 'ਤੇ ਪਾਣੀ ਪੀ ਸਕਦੇ ਸਨ। ਵਕੀਲ ਨੇ ਪਾਣੀ ਦੀ ਬੋਤਲ ਭੇਜੀ ਤਾਂ ਅਧਿਕਾਰੀਆਂ ਨੇ ਬਹਾਨੇ ਬਣਾ ਕੇ ਬੋਤਲ ਰੋਕ ਲਈ। ਬੋਤਲ ਲੈਣ ਲਈ ਵੀ ਸਾਈਬਾਬਾ ਨੂੰ ਸੰਘਰਸ਼ ਕਰਨਾ ਪਿਆ। ਪ੍ਰੋਫੈਸਰ ਸਾਈਬਾਬਾ ਦੀ ਮੰਗ ਹੈ ਕਿ ਅਤਿਅੰਤ ਗਰਮੀ ਦੇ ਮੱਦੇਨਜ਼ਰ ਉਸ ਨੂੰ ਅੰਡਾ ਸੈੱਲ ਦੀ ਬਜਾਏ ਆਮ ਬੈਰਕ ਵਿਚ ਭੇਜਿਆ ਜਾਵੇ। ਪਰਿਵਾਰ ਮੰਗ ਕਰ ਰਿਹਾ ਹੈ ਕਿ 90% ਅਪਾਹਜ ਹੋਣ ਕਾਰਨ ਨਾਗਪੁਰ ਜੇਲ੍ਹ ਦੀ ਬਜਾਏ ਉਸ ਦਾ ਤਬਾਦਲਾ ਹੈਦਰਾਬਾਦ ਦੀ ਚੇਰਲਾਪਲੀ ਜੇਲ੍ਹ ਵਿਚ ਕੀਤਾ ਜਾਵੇ ਜਿੱਥੇ ਉਹ ਉਸ ਦੀ ਸਿਹਤ ਦੀ ਖਬਰਸਾਰ ਲੈ ਸਕਣ ਅਤੇ ਇਲਾਜ ਸਬੰਧੀ ਸੰਪਰਕ ਰੱਖ ਸਕਣ। ਇਹ ਵਾਜਬ ਮੰਗਾਂ ਮੰਨਣ ਦੀ ਬਜਾਏ ਸਗੋਂ ਉਸ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਘਟੀਆ ਤਰੀਕੇ ਅਖਤਿਆਰ ਕੀਤੇ ਜਾ ਰਹੇ ਹਨ। ਥੋੜ੍ਹੇ ਦਿਨ ਪਹਿਲਾਂ ਉਸ ਦੀ ਕੋਠੜੀ ਦੇ ਬਾਹਰ ਉਸ ਨੂੰ ਦੱਸੇ ਬਿਨਾਂ ਸੀ.ਸੀ.ਟੀ.ਵੀ. ਕੈਮਰਾ ਲਗਾ ਦਿੱਤਾ ਗਿਆ ਜਿਸ ਨਾਲ ਉਸ ਉੱਪਰ ਚੌਵੀ ਘੰਟੇ ਨਜ਼ਰ ਰੱਖੀ ਜਾ ਰਹੀ ਸੀ। ਇਹ ਮਨੁੱਖ ਦੀ ਨਿੱਜਤਾ ਦਾ ਘੋਰ ਉਲੰਘਣ ਹੈ। ਪ੍ਰੋਫੈਸਰ ਸਾਈਬਾਬਾ ਉੱਚ ਜੇਲ੍ਹ ਅਧਿਕਾਰੀਆਂ, ਰਾਜ ਦੇ ਗ੍ਰਹਿ ਮੰਤਰੀ ਆਦਿ ਨੂੰ ਚਿੱਠੀਆਂ ਲਿਖ ਕੇ ਆਪਣੀਆਂ ਮੰਗਾਂ ਲਗਾਤਾਰ ਰੱਖ ਰਹੇ ਹਨ। ਫਿਲਹਾਲ ਭੁੱਖ ਹੜਤਾਲ ਦੇ ਦਬਾਓ ਹੇਠ ਜੇਲ੍ਹ ਅਧਿਕਾਰੀਆਂ ਨੇ ਸੀ.ਸੀ.ਟੀ.ਵੀ. ਕੈਮਰੇ ਦਾ ਮੂੰਹ ਉਸ ਦੀ ਬੈਰਕ ਤੋਂ ਪਾਸੇ ਕਰਨ ਦੀ ਮੰਗ ਮੰਨ ਲਈ ਹੈ ਪਰ ਸਾਈਬਾਬਾ ਨੂੰ ਇਸ ਦਾ ਭਾਰੀ ਮੁੱਲ ਚੁਕਾਉਣਾ ਪਿਆ ਹੈ। ਉਨ੍ਹਾਂ ਦੀ ਸਿਹਤ ਐਨੀ ਵਿਗੜ ਗਈ ਉਸ ਦੇ ਅੰਦਰੋਂ ਬਹੁਤ ਜ਼ਿਆਦਾ ਖੂਨ ਆਉਣਾ ਸ਼ੁਰੂ ਹੋ ਗਿਆ ਅਤੇ ਉਸ ਨੂੰ ਜੇਲ੍ਹ ਦੇ ਹਸਪਤਾਲ 'ਚ ਦਾਖਲ ਕਰਾਉਣਾ ਪੈ ਗਿਆ।

ਇਹ ਭਾਰਤੀ ਜੇਲ੍ਹਾਂ ਦੇ ਅੰਗਰੇਜ਼ੀ ਰਾਜ ਦੀਆਂ ਕਾਲੇਪਾਣੀ ਪਾਣੀ ਵਰਗੀਆਂ ਜੇਲ੍ਹਾਂ ਤੋਂ ਵੀ ਭਿਆਨਕ ਹਾਲਾਤ ਹਨ। ਜੇਲ੍ਹਾਂ ਨੂੰ 'ਸੁਧਾਰ ਘਰ' ਦਾ ਨਾਂ ਦਿੱਤਾ ਗਿਆ ਹੈ ਦਰ ਹਕੀਕਤ ਇਹ ਮਨੁੱਖੀ ਮਾਣ-ਸਨਮਾਨ ਨੂੰ ਕੁਚਲਣ ਅਤੇ ਇਨਸਾਨ ਨੂੰ ਇਨਸਾਨ ਦੇ ਤੌਰ 'ਤੇ ਖਤਮ ਕਰਨ ਵਾਲੇ ਤਸੀਹਾ ਕੇਂਦਰ ਹਨ। ਇਸ ਆਦਮਖੋਰ ਪ੍ਰਬੰਧ ਨੂੰ ਬਦਲਣ ਲਈ ਸੰਘਰਸ਼ ਜ਼ਰੂਰੀ ਹੈ। ਜੇਲ੍ਹਾਂ ਦੇ ਅੰਦਰ ਇਨਸਾਨ ਦੇ ਇਨਸਾਨ ਵਜੋਂ ਜ਼ਿੰਦਾ ਰਹਿਣ ਲਈ ਸੰਘਰਸ਼ ਹੋਰ ਵੀ ਜ਼ਰੂਰੀ ਹੈ। ਮੁਲਕ ਦੇ ਨਾਗਰਿਕਾਂ ਨੂੰ ਜੇਲ੍ਹਾਂ ਵਿਚ ਸੜ ਰਹੇ ਆਪਣੇ ਹਮ-ਵਤਨੀਆਂ ਦੇ ਮਨੁੱਖੀ ਹੱਕਾਂ ਨੂੰ ਆਪਣੀ ਸੋਚ ਦਾ ਹਿੱਸਾ ਬਣਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਸੰਘਰਸ਼ਾਂ ਦੇ ਹੱਕ ਵਿਚ ਬਾਹਰੋਂ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਤਾਂ ਜੁ ਬੇਕਿਰਕ ਜੇਲ੍ਹ ਪ੍ਰਬੰਧ ਵਿਚਾਰ-ਅਧੀਨ ਨਜ਼ਰਬੰਦਾਂ ਅਤੇ ਕੈਦੀਆਂ ਦੀਆਂ ਜਾਨਾਂ ਨਾ ਲੈ ਸਕੇ।

## ਫਿਰਕੂ ਦੰਗੇ ਅਤੇ ਭਾਰਤੀ ਪੁਲਿਸ-5

# ਫਿਰਕੂ ਦੰਗਿਆਂ ਦੀ ਮਾਨਸਿਕਤਾ

*ਵਿਭੂਤੀ ਨਰਾਇਣ ਰਾਏ ਪੁਲਿਸ ਅਫਸਰ ਰਹੇ ਹਨ। ਇਸ ਦੇ ਨਾਲ-ਨਾਲ ਉਹ ਲਿਖਾਰੀ ਵੀ ਹਨ। ਉਨ੍ਹਾਂ 5 ਨਾਵਲਾਂ ਤੋਂ ਇਲਾਵਾ ਭਾਰਤ ਵਿਚ ਫਿਰਕੂ ਸਿਆਸਤ ਨਾਲ ਸਬੰਧਤ ਦੋ ਪੁਸਤਕਾਂ ਲਿਖੀਆਂ ਹਨ। 'ਫਿਰਕੂ ਦੰਗੇ ਅਤੇ ਭਾਰਤੀ ਪੁਲਿਸ' ਨਾਂ ਦੀ ਪੁਸਤਕ ਵਿਚ ਉਨ੍ਹਾਂ ਫਿਰਕੂ ਦੰਗਿਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਛਾਣ-ਬੀਣ ਕੀਤੀ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਾਰਤ ਵਰਗੇ ਮੁਲਕ ਨੂੰ ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜ੍ਹੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਲਿਖਤ ਦੀ ਪੰਜਵੀਂ ਕਿਸ਼ਤ ਹਾਜ਼ਰ ਹੈ। ਇਸ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਤਰਸੇਮ ਲਾਲ ਨੇ ਕੀਤਾ ਹੈ।*

ਫਿਰਕੂ ਦੰਗਿਆਂ ਨੂੰ ਸਹੀ ਠਹਿਰਾਉਣ ਲਈ ਹਰ ਫਿਰਕਾ ਆਪੋ-ਆਪਣੇ ਤਰਕ ਘੜਦਾ ਹੈ। ਇਹ ਤਰਕ ਉਨ੍ਹਾਂ ਦੀ ਮਾਨਸਿਕਤਾ ਵਿਚ ਇੰਨਾ ਡੂੰਘੇ ਬੈਠ ਜਾਂਦੇ ਹਨ ਕਿ ਇਹ ਉਸ ਨੂੰ ਸਭਿਆਚਾਰਕ ਪਛਾਣ ਦਾ ਅੰਗ ਮੰਨਣ ਲੱਗ ਪੈਂਦੇ ਹਨ। ਇਨ੍ਹਾਂ ਤਰਕਾਂ ਦੇ ਆਸਰੇ ਹੀ ਉਹ ਦੂਜੇ ਫਿਰਕਿਆਂ ਬਾਰੇ ਆਪਣੇ ਮਨ ਵਿਚ ਧਾਰਨਾਵਾਂ ਬਣਾ ਲੈਂਦੇ ਹਨ। ਆਪਣੇ ਫਿਰਕੇ ਦੇ ਲੋਕਾਂ ਨੂੰ ਅਹਿੰਸਕ,



ਉਦਾਰ, ਸ਼ਹਿਣਸ਼ੀਲ, ਧਰਮ ਤੋਂ ਡਰ ਕੇ ਚੱਲਣ ਵਾਲੇ ਅਤੇ ਦੂਜੇ ਫਿਰਕੇ ਦੇ ਲੋਕਾਂ ਨੂੰ ਝਗੜਾਲੂ, ਈਰਖਾਲੂ, ਜ਼ਾਲਮ, ਕੱਟੜ ਅਤੇ ਗੈਰ-ਭਰੋਸੇਯੋਗ ਮੰਨਣ

**ਵਿਭੂਤੀ ਨਰਾਇਣ ਰਾਏ**
**ਅਨੁਵਾਦ: ਤਰਸੇਮ ਲਾਲ**

ਲੱਗ ਪੈਂਦੇ ਹਨ। ਅਜਿਹੀਆਂ ਧਾਰਨਾਵਾਂ ਕਾਰਨ ਹੀ ਜੋ ਸਾਰੇ ਫਿਰਕਿਆਂ ਦੀ ਸੋਚ ਦਾ ਅਨਿੱਖੜਵਾਂ ਅੰਗ ਬਣ ਜਾਂਦੀਆਂ ਹਨ ਅਤੇ ਜਿਨ੍ਹਾਂ 'ਤੇ ਉਹ ਬਹਿਸ ਕਰਨਾ ਵੀ ਫਜ਼ੂਲ ਸਮਝਦੇ ਹਨ, ਅਕਸਰ ਦੰਗਿਆਂ ਦਾ ਕਾਰਨ ਬਣਦੀਆਂ ਹਨ। ਕਈ ਵਾਰ ਕਿਸੇ ਫਿਰਕੇ ਦਾ ਆਚਰਨ ਅਜਿਹਾ ਹੋ ਜਾਂਦਾ ਹੈ ਕਿ ਉਸ ਬਾਰੇ ਕੋਈ ਸਫਾਈ ਨਹੀਂ ਦਿੱਤੀ ਜਾ ਸਕਦੀ। ਆਪਣੀ ਕਰਤੂਤ ਨੂੰ ਜਾਇਜ਼ ਠਹਿਰਾਉਣ ਲਈ ਉਹ ਦੂਜੇ ਫਿਰਕੇ ਦੇ ਵਰਤਾਓ ਵਿਚ ਅਜਿਹੇ ਕਾਰਨ ਤਲਾਸ਼ਣ ਲੱਗ ਪੈਂਦੇ ਹਨ ਤਾਂ ਜੋ ਉਨ੍ਹਾਂ ਦੇ ਆਚਰਨ ਦੀ ਆਲੋਚਨਾ ਨਾ ਹੋ ਸਕੇ। ਮਸਲਨ, ਕੱਟੜ ਫਿਰਕੂ ਸ਼ਕਤੀਆਂ ਹੀ ਆਪਣੇ ਫਿਰਕੇ ਵਲੋਂ ਕੀਤੀ ਹਿੰਸਾ ਨੂੰ ਜਾਇਜ਼ ਨਹੀਂ ਠਹਿਰਾਉਂਦੀਆਂ, ਉਸ ਫਿਰਕੇ ਦਾ ਉਦਾਰਵਾਦੀ ਤਬਕਾ ਵੀ ਆਪਣੇ ਫਿਰਕੇ ਦੀ ਹਿੰਸਾ ਨੂੰ ਵਾਜਬ ਠਹਿਰਾਉਣ ਲਈ ਅਜਿਹੇ ਤਰਕ ਘੜਦਾ ਹੈ, ਜਿਵੇਂ ਇੰਦਰਾ ਗਾਂਧੀ ਦੀ ਹੱਤਿਆ ਵੇਲੇ ਸਿੱਖਾਂ ਨੇ ਲੱਡੂ ਵੰਡੇ, ਦੀ ਅਫਵਾਹ ਦੀ ਕਿਤੇ ਵੀ ਪੁਸ਼ਟੀ ਨਹੀਂ ਹੋਈ ਪਰ ਸਿੱਖਾਂ ਦੇ ਕਤਲੇਆਮ ਵੇਲੇ ਇਹ ਤਰਕ ਖੂਬ ਫੈਲਾਇਆ ਗਿਆ।

ਕਈ ਵਾਰ ਤਾਂ ਆਪਣੇ ਫਿਰਕੇ ਦੇ ਭੋਲੇਪਣ ਅਤੇ ਅਹਿੰਸਕ ਹੋਣ ਦੇ ਤਰਕ ਇੰਨੇ ਹਾਸੋਹੀਣੇ ਹੁੰਦੇ ਹਨ ਪਰ ਪੇਸ਼ ਇੰਨੀ ਗੰਭੀਰਤਾ ਨਾਲ ਕੀਤੇ ਜਾਂਦੇ ਹਨ ਕਿ ਉਨ੍ਹਾਂ ਨੂੰ ਸਵੀਕਾਰ ਕਰਨ ਦਾ ਮਤਲਬ ਸਾਰੀਆਂ ਮਨੁੱਖੀ ਕਮਜ਼ੋਰੀਆਂ ਅਤੇ ਤਰਕ ਭਰਪੂਰ ਵਿਹਾਰ ਨੂੰ ਰੱਦ ਕਰ ਰਹੇ ਹੋਣਾ ਹੁੰਦਾ ਹੈ। ਇਸ ਤਰਕ ਦੁਆਰਾ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸਾਡਾ ਫਿਰਕਾ ਤਾਂ ਪੂਰੀ ਤਰ੍ਹਾਂ ਅਹਿੰਸਕ ਅਤੇ ਨਿਆਂ ਦਾ ਸਨਮਾਨ ਕਰਨ ਵਾਲਾ ਸੀ ਪਰ ਆਤਮ-ਰੱਖਿਆ ਲਈ ਦੂਜੇ ਫਿਰਕੇ ਵਲੋਂ ਕੀਤੀ ਹਿੰਸਾ ਦਾ ਜਵਾਬ ਤਾਂ ਦੇਣਾ ਹੀ ਪਿਆ। ਜਿਵੇਂ 1946 ਵਿਚ ਬਿਹਾਰ ਵਿਚ ਨੋਆਖਲੀ ਵਿਚ 30,000 ਮੁਸਲਮਾਨ (ਗੈਰ-ਸਰਕਾਰੀ ਅਨੁਮਾਨ 40-50,000) ਦੀ ਹੱਤਿਆ ਦੀ ਪ੍ਰਤੀਕਿਰਿਆ ਵਜੋਂ 139 ਹਿੰਦੂ (ਗੈਰ-ਸਰਕਾਰੀ ਅਨੁਮਾਨ 200) ਮਾਰੇ ਗਏ।

ਫਿਰਕੂ ਦੰਗੇ ਸੜਕਾਂ 'ਤੇ ਹੋਣ ਤੋਂ ਪਹਿਲਾਂ ਲੋਕਾਂ ਦੇ ਦਿਲਾਂ ਅਤੇ ਦਿਮਾਗਾਂ ਵਿਚ ਵਾਪਰਦੇ ਹਨ। ਫਿਰਕੇ ਨੂੰ ਹਿੰਸਾ ਲਈ ਤਿਆਰ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਉਨ੍ਹਾਂ ਅੱਗੇ ਕੁਝ ਅਜਿਹੇ ਕਾਰਨ ਰੱਖੇ ਜਾਣ ਜੋ ਸਿਰਫ ਹਿੰਸਾ ਨੂੰ ਜਾਇਜ਼ ਹੀ ਨਾ ਠਹਿਰਾਉਣ ਸਗੋਂ ਫਿਰਕੇ ਦੀ ਮਾਨਸਿਕਤਾ ਦੇ ਉਨ੍ਹਾਂ ਨੁਕਤਿਆਂ ਨੂੰ ਟੁੰਬਣ ਜਿਥੇ ਹਿੰਸਾ ਵਿਚ ਭਾਗ ਨਾ ਲੈਣਾ ਕਾਇਰਤਾ ਤੋਂ ਵੀ ਵਧ ਕੇ ਆਪਣੇ ਫਿਰਕੇ ਦਾ ਵਿਰੋਧ ਕਰਨ ਦੇ ਬਰਾਬਰ ਜਾਪੇ। ਇਹ ਸਮਝ ਕਈ ਪੱਧਰਾਂ 'ਤੇ ਵਿਕਸਤ ਹੁੰਦੀ ਹੈ। ਪਾਕਿਸਤਾਨ ਹਿਸਟਾਰੀਕਲ ਸੁਸਾਇਟੀ ਦੁਆਰਾ ਪ੍ਰਕਾਸ਼ਿਤ 'ਏ ਹਿਸਟਰੀ ਆਫ ਫਰੀਡਮ ਮੂਵਮੈਂਟ: ਭਾਗ-2' ਵਿਚ ਸਫੀਰ ਅਲ ਮੁਜਾਹਿਦ ਦੇ ਲੇਖ 'ਫਿਰਕੂ ਦੰਗੇ' ਮੁਤਾਬਿਕ, ਭਾਰਤ ਦੇ ਫਿਰਕੂ ਦੰਗੇ ਹਿੰਦੂਆਂ ਦੀ ਕਰੂਰਤਾ ਅਤੇ ਮੁਸਲਮਾਨਾਂ ਦੀ ਸ਼ਾਂਤੀ ਦੀ ਉਦਾਹਰਨ ਹਨ। ਇਸ ਤੋਂ ਪਹਿਲਾਂ ਦੇ ਭਾਗ ਵਿਚ ਫਿਰਕਾਪ੍ਰਸਤੀ ਦੀ ਪਰਿਭਾਸ਼ਾ ਦੇ ਵਿਸ਼ਲੇਸ਼ਣ ਸਮੇਂ ਅਸੀਂ ਦੇਖ ਚੁੱਕੇ ਹਾਂ ਕਿ ਇਸ ਦਾ ਮਹੱਤਵਪੂਰਨ ਪੱਖ ਸਾਰੇ ਫਿਰਕਿਆਂ ਦੀ ਧਰਮ ਆਧਾਰਿਤ ਧਾਰਨਾ ਹੈ। ਆਰਥਕ, ਭਾਸ਼ਾਈ, ਸਭਿਆਚਾਰਕ ਅਤੇ ਭੂਗੋਲਿਕ ਭਿੰਨਤਾਵਾਂ ਨੂੰ ਨਕਾਰਦੇ ਹੋਏ ਇਕਸਾਰਤਾ, ਇਕੋ ਧਰਮ, ਇਕ ਕੌਮ ਦੀ ਕਲਪਨਾ ਅਤੇ ਉਸ ਦੇ ਨਾਗਰਿਕਾਂ ਨੂੰ ਇਹ ਵਿਸ਼ਵਾਸ ਦਿਵਾਉਣਾ ਕਿ ਸਾਰੇ ਨਾਗਰਿਕ ਮੂਲ ਰੂਪ ਵਿਚ ਇਕੋ ਧਰਮ ਦੇ ਪੈਰੋਕਾਰ ਹਨ। ਇਸ ਲਈ ਇਹ ਵਿਚਾਰ ਸਾਰਿਆਂ ਦੇ ਹਿਤ ਇਕ ਹਨ, ਫਿਰਕਾਪ੍ਰਸਤੀ ਲਈ ਖਾਦ ਦਾ ਕੰਮ ਕਰਦਾ ਹੈ। ਇਕ ਫਿਰਕੇ ਦੇ ਹਿਤ ਲਾਜ਼ਮੀ ਤੌਰ 'ਤੇ ਦੂਜੇ ਫਿਰਕੇ ਦੇ ਹਿਤਾਂ ਨਾਲ ਟਕਰਾਉਂਦੇ ਹਨ। ਇਹ ਵਿਸ਼ਵਾਸ ਵੀ ਸਾਰੇ ਨਾਗਰਿਕਾਂ ਦੇ ਮਨ ਵਿਚ ਬਿਠਾਉਣਾ ਜ਼ਰੂਰੀ ਹੁੰਦਾ ਹੈ।

ਭਾਰਤੀ ਪ੍ਰਸੰਗ 'ਚ ਇਸ ਕੋਸ਼ਿਸ਼ ਨੂੰ ਮੁਸਲਿਮ ਤੇ ਹਿੰਦੂ ਫਿਰਕਾਪ੍ਰਸਤਾਂ ਦੇ ਵੱਡੇ ਪ੍ਰੋਗਰਾਮਾਂ ਵਿਚ ਦੇਖਿਆ ਜਾ ਸਕਦਾ ਹੈ। ਮੁਸਲਿਮ ਲੀਗ ਮੁਸਲਮਾਨਾਂ ਦੇ ਵਿਸ਼ਾਲ ਜਨ ਸਮੂਹਾਂ ਤੱਕ ਇਹ ਸੰਦੇਸ਼ ਪਹੁੰਚਾਉਣ ਵਿਚ ਸਫਲ ਹੋ ਗਈ ਸੀ ਕਿ ਹਿੰਦੂ ਅਤੇ ਮੁਸਲਿਮ ਦੋ ਅਲੱਗ ਫਿਰਕੇ ਹਨ। ਭਾਰਤੀ ਰਾਸ਼ਟਰ ਦੇ ਮੁਸਲਮਾਨ ਆਪਣੀ ਅਲੱਗ ਸਭਿਆਚਾਰਕ ਪਛਾਣ, ਭਾਸ਼ਾ, ਖਾਣ-ਪੀਣ ਜਾਂ ਪਹਿਰਾਵੇ ਸਬੰਧੀ ਵੱਖਰੇਪਣ ਅਤੇ ਭੂਗੋਲਿਕ ਦੂਰੀਆਂ ਦੇ ਬਾਵਜੂਦ ਸਿਰਫ ਇਸ ਲਈ ਇਕ ਰਾਸ਼ਟਰ ਹਨ ਕਿਉਂਕਿ ਉਹ ਇਕ ਧਰਮ ਇਸਲਾਮ ਵਿਚ ਵਿਸ਼ਵਾਸ ਰੱਖਦੇ ਹਨ। ਮੁਸਲਿਮ ਲੀਗ ਦੀ ਇਸ ਧਾਰਨਾ ਉਪਰ ਬਹੁਸੰਮਤੀ ਮੁਸਲਮਾਨਾਂ ਨੇ ਯਕੀਨ ਹੀ ਨਹੀਂ ਕੀਤਾ ਸਗੋਂ ਮੁਸਲਿਮ ਰਾਸ਼ਟਰ ਹਾਸਲ ਕਰਨ ਲਈ ਸੰਘਰਸ਼ ਵੀ ਕੀਤਾ। ਧਰਮ ਆਧਾਰਿਤ ਰਾਸ਼ਟਰ ਦੀ ਧਾਰਨਾ ਕਿੰਨੀ ਖੋਖਲੀ ਸੀ, ਇਸ ਦਾ ਪਤਾ 1971 ਦੇ ਬੰਗਲਾਦੇਸ਼ ਦੇ ਅਲੱਗ ਦੇਸ਼ ਬਣ ਜਾਣ ਤੋਂ ਲੱਗ ਗਿਆ।

ਇਸੇ ਤਰ੍ਹਾਂ ਹਿੰਦੂਤਵਵਾਦੀ ਸ਼ਕਤੀਆਂ ਨੇ ਪਿਛਲੇ ਕੁਝ ਦਹਾਕਿਆਂ ਤੋਂ ਭਾਰਤ ਦੀ ਮੁੱਖ ਧਾਰਾ ਦਾ ਸਵਾਲ ਖੜ੍ਹਾ ਕੀਤਾ ਹੈ। ਇਹ ਸ਼ਕਤੀਆਂ ਚਾਹੁੰਦੀਆਂ ਹਨ ਕਿ ਮੁਸਲਮਾਨ ਰਾਸ਼ਟਰ ਦੀ ਇਸ ਮੁੱਖ ਧਾਰਾ ਵਿਚ ਸ਼ਾਮਲ ਹੋ ਜਾਣ ਪਰ ਰਾਸ਼ਟਰ ਦੀ ਇਹ ਮੁੱਖ ਧਾਰਾ ਹੈ ਕੀ? ਇਸ ਪ੍ਰਸ਼ਨ ਦਾ ਕੋਈ ਠੋਸ ਉਤਰ ਇਨ੍ਹਾਂ ਸ਼ਕਤੀਆਂ ਕੋਲ ਨਹੀਂ। ਜੇ ਰਾਸ਼ਟਰ ਦੀ ਮੁੱਖ ਧਾਰਾ ਹਿੰਦੂ ਧਾਰਾ ਹੈ ਤਾਂ ਕਿਹੜੀ ਹਿੰਦੂ ਧਾਰਾ ਮੁੱਖ ਧਾਰਾ ਬਣੇਗੀ? ਬ੍ਰਾਹਮਣ ਹਿੰਦੂ ਧਾਰਾ ਜਾਂ ਸ਼ੂਦਰ ਹਿੰਦੂ ਧਾਰਾ? ਮਲਿਆਲੀ ਹਿੰਦੂ ਧਾਰਾ ਜਾਂ ਪੰਜਾਬੀ ਹਿੰਦੂ ਧਾਰਾ। ਕਿਸੇ ਬਹੁਲਵਾਦੀ ਸਮਾਜ ਅੰਦਰ ਕਿੰਨੇ ਅੰਤਰ-ਵਿਰੋਧ ਹੋ ਸਕਦੇ ਹਨ, ਉਹ ਸਾਰੇ ਹਿੰਦੂ ਅਤੇ ਭਾਰਤੀ ਸਮਾਜ ਵਿਚ ਮੌਜੂਦ ਹਨ। ਇਹ ਅੰਤਰ-ਵਿਰੋਧ ਅਕਸਰ ਨਾ ਕੇਵਲ ਅਸਹਿਮਤੀ ਦੇ ਰੂਪ ਵਿਚ ਬਲਕਿ ਸੰਘਰਸ਼ ਦੇ ਰੂਪ ਵਿਚ ਸਾਹਮਣੇ ਆਉਂਦੇ ਰਹਿੰਦੇ ਹਨ। ਹਿੰਦੂਤਵਵਾਦੀ ਸ਼ਕਤੀਆਂ ਦਾ ਇਹ ਨਾਅਰਾ ਕਿ 'ਜੋ ਹਿੰਦੂ-ਹਿਤ ਕੀ ਬਾਤ ਕਰੇਗਾ, ਵਹੀ ਦੇਸ਼ ਪਰ ਰਾਜ ਕਰੇਗਾ', ਇਸ ਧਾਰਨਾ ਨੂੰ ਹਿੰਦੂਆਂ ਦੇ ਮਨਾਂ ਅੰਦਰ ਬਿਠਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਹਿੰਦੂ ਹੋਣ ਕਾਰਨ ਉਨ੍ਹਾਂ ਦੇ ਹਿਤ ਵੀ ਇਕ ਹਨ। ਇਸ ਲਈ ਉਨ੍ਹਾਂ ਨੂੰ ਚੋਣਾਂ ਵਿਚ ਇਕ ਸਾਥ ਵੋਟ ਦੇਣ ਦੀ ਲੋੜ ਹੈ।



*1946 ਵਿਚ ਨੋਆਖਲੀ (ਬਿਹਾਰ) ਵਿਚ ਹੋਏ ਦੰਗਿਆਂ ਦੀ ਤਸਵੀਰ।*

ਹਿੰਦੂਆਂ ਦੇ ਮਨੋਵਿਗਿਆਨ ਦਾ ਆਪਣਾ ਸੰਪੂਰਨ ਤਰਕ ਹੁੰਦਾ ਹੈ। ਇਹ ਤਰਕ ਸਮੇਂ ਨਾਲ ਬਦਲਦਾ ਰਹਿੰਦਾ ਹੈ। ਮੱਧ ਯੁੱਧ ਵਿਚ ਧਰਮ ਜੀਵਨ ਵਿਚ ਫੈਸਲਾਕੁਨ ਰੋਲ ਅਦਾ ਕਰਦਾ ਸੀ, ਇਸ ਲਈ ਇਸ ਦੌਰ ਦੀ ਹਿੰਸਾ ਵੀ ਧਾਰਮਿਕ ਪ੍ਰਤੀਕਾਂ ਰਾਹੀਂ ਨਜ਼ਰ ਆਉਂਦੀ ਹੈ। ਇਸਾਈ ਅਤੇ ਮੁਸਲਿਮ ਸੰਸਾਰ ਵਿਚ ਚੱਲਣ ਵਾਲੇ ਵੱਡੇ ਧਰਮ ਯੁੱਧ ਅਤੇ ਜਹਾਦ ਭਾਰਤੀ ਪ੍ਰਸੰਗ ਵਿਚ ਬ੍ਰਾਹਮਣ-ਬੋਧੀ ਹਿੰਸਾ ਅਤੇ ਸ਼ੈਵ-ਵੈਸ਼ਨਵ ਧਾਰਮਿਕ ਹਿੰਸਾ ਦੇ ਉਦਾਹਰਨ ਹਨ। ਇਸ ਹਿੰਸਾ ਵਿਚ ਦੂਜੇ ਧਰਮ ਦੇ ਪੂਜਾ ਸਥਾਨਾਂ ਨੂੰ ਤੋੜਨਾ ਅਤੇ ਧਰਮ ਬਦਲੀ ਕਰਵਾਉਣਾ ਸ਼ਾਮਲ ਹੁੰਦਾ ਸੀ। ਇਸ ਹਿੰਸਾ ਪਿਛੇ ਧਾਰਮਿਕ ਕਾਰਜ ਪੂਰਾ ਕਰਨ ਦੀ ਭਾਵਨਾ ਛੁਪੀ ਰਹਿੰਦੀ ਸੀ। ਇਸ ਕਾਰਜ ਨੂੰ ਪੂਰਾ ਕਰਦੇ ਹੋਏ ਮਰ ਜਾਣ ਤੇ ਭਾਗ ਲੈਣ ਵਾਲੇ ਨੂੰ ਸਵਰਗ ਪ੍ਰਾਪਤੀ ਦਾ ਪੂਰਾ ਯਕੀਨ ਹੁੰਦਾ ਸੀ। ਕਬੀਲਾ ਯੁੱਗ ਅਤੇ ਜਾਗੀਰਦਾਰੀ ਯੁੱਗ ਵਿਚ ਪਛਾਣ ਅਤੇ ਸੁਰੱਖਿਆ ਦਾ ਸੰਕਟ ਇੰਨਾ ਜ਼ਬਰਦਸਤ ਨਹੀਂ ਸੀ ਜਿੰਨਾ ਪੂੰਜੀਵਾਦੀ ਦੌਰ ਵਿਚ ਬਣ ਗਿਆ। ਪੈਦਾਵਾਰੀ ਸਬੰਧਾਂ ਵਿਚ ਆਈ ਤਬਦੀਲੀ ਨੇ ਅੰਦਰੂਨੀ ਸੰਤੁਲਨ ਨੂੰ ਇਸ ਹੱਦ ਤੱਕ ਪ੍ਰਭਾਵਿਤ ਕੀਤਾ ਹੈ ਕਿ ਧਰਮ ਹੁਣ ਮਨੁੱਖੀ ਸਮੱਸਿਆਵਾਂ ਦਾ ਹੱਲ ਪੇਸ਼ ਨਹੀਂ ਕਰ ਸਕਦਾ। ਵਿਗਿਆਨ ਅਤੇ ਵੱਖੋ-ਵੱਖਰੇ ਵਿਚਾਰਾਂ ਵਿਚ ਹੋਣ ਵਾਲੇ ਆਦਾਨ-ਪ੍ਰਦਾਨ ਤੋਂ ਵਿਕਸਤ ਹੋਣ ਵਾਲੀ ਚੇਤਨਾ ਦੇ ਫਲਸਰੂਪ ਧਰਮ ਯੁੱਧ ਵਰਗੀ ਮੱਧ ਯੁੱਗੀ ਹਿੰਸਾ ਨੂੰ ਅੱਜ ਕੱਲ੍ਹ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇਹੀ ਕਾਰਨ ਹੈ ਕਿ ਅੱਜ ਦੇ ਸੰਸਾਰ ਵਿਚ ਧਰਮ ਦੇ ਨਾਮ 'ਤੇ ਸੰਗਠਿਤ ਅਤੇ ਸ਼ਕਤੀਸ਼ਾਲੀ ਪ੍ਰਵਿਰਤੀ ਪੂਰੇ ਇਸਲਾਮ ਅੰਦਰ ਵੀ ਆਪਣੇ ਪਿੱਛਲੱਗਾਂ ਦੀ ਵੱਡੀ ਸੰਖਿਆ ਨੂੰ ਜਹਾਦ ਦੇ ਨਾਮ 'ਤੇ ਨਹੀਂ ਭੜਕਾ ਸਕਦੀ। ਅਫਗਾਨਿਸਤਾਨ ਜਾਂ ਬੋਸਨੀਆ ਹਰਜ਼ੇਗੋਵੀਨਾ ਵਿਚ 'ਇਸਲਾਮ ਖਤਰੇ ਵਿਚ' ਦਾ ਨਾਅਰਾ ਮੁਸਲਿਮ ਰਾਜਾਂ ਅਤੇ ਉਥੋਂ ਦੀ ਜਨਤਾ ਨੂੰ ਉਸ ਹੱਦ ਤੱਕ ਨਹੀਂ ਭੜਕਾ ਸਕਿਆ ਜਿਸ ਹੱਦ ਤੱਕ ਮੱਧ ਯੁੱਗ ਵਿਚ ਕੋਈ ਮੁੱਦਾ ਕਰ ਸਕਦਾ।

ਅੱਜ ਦੇ ਸੰਸਾਰ ਅੰਦਰ ਹਿੰਸਾ ਲਈ ਸ਼ੁੱਧ ਧਾਰਮਿਕ ਵਿਆਖਿਆ ਜ਼ਰੂਰੀ ਹੈ ਪਰ ਹੈ ਇਹ ਦੁਨਿਆਵੀ ਕਾਰਕ ਹੀ। ਸਮਾਜ ਅੰਦਰ ਸੈਂਕੜੇ ਸਾਲਾਂ ਤੋਂ ਚੱਲੇ ਆ ਰਹੇ ਸਮਾਜਕ ਸਬੰਧਾਂ ਵਿਚ ਮੌਜੂਦ ਸੰਤੁਲਨ ਨੂੰ ਵਿਗਾੜਨ ਵਿਚ ਵੱਡਾ ਹੱਥ ਦੋ ਸ਼ਕਤੀਆਂ ਦਾ ਹੈ। ਇਹ ਹਨ ਪੈਦਾਵਾਰੀ ਸ਼ਕਤੀਆਂ ਵਿਚ ਆਈ ਤਬਦੀਲੀ ਅਤੇ ਲੋਕਤੰਤਰ। ਪੈਦਾਵਾਰ ਦੇ ਪੂੰਜੀਵਾਦੀ ਤਰੀਕਿਆਂ ਨੇ ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਦਾ ਵਿਕਾਸ, ਸਿੱਖਿਆ ਦਾ ਸੰਸਾਰੀਕਰਨ, ਇਸਤਰੀ ਪੁਰਸ਼ ਸਮਾਨਤਾ ਵਰਗੀਆਂ ਸੰਸਥਾਵਾਂ ਦਾ ਵਿਕਾਸ ਕੀਤਾ ਪਰ ਨਾਲ ਦੀ ਨਾਲ ਬਸਤੀਵਾਦ ਯੁੱਧ ਤੇ ਲੁੱਟ, ਨਾ-ਬਰਾਬਰੀ ਆਧਾਰਿਤ ਸਮਾਜਕ ਵਿਵਸਥਾ ਆਦਿ ਮਾੜੇ ਪੱਖ ਵੀ ਨਾਲ ਲੈ ਕੇ ਆਇਆ। ਇਨ੍ਹਾਂ ਤਬਦੀਲੀਆਂ ਨੇ ਇਸ ਤਰ੍ਹਾਂ ਦੇ ਤਣਾਓ ਨੂੰ ਜਨਮ ਦਿੱਤਾ ਜਿਨ੍ਹਾਂ ਤੋਂ ਸੰਸਾਰ ਪਹਿਲਾਂ ਜਾਣੂ ਨਹੀਂ ਸੀ। ਸਮਾਜ ਦੇ ਕੁਲੀਨ ਤਬਕਿਆਂ ਦੇ ਲਈ ਹੁਣ ਵਿਸ਼ਾਲ ਵਾਂਝੀ ਲੁਟੀਂਦੀ ਅਤੇ ਪੀੜਤ ਜਨਸੰਖਿਆ ਨੂੰ ਇਹ ਸਮਝਾਉਣਾ ਮੁਸ਼ਕਿਲ ਹੋ ਗਿਆ ਕਿ ਉਨ੍ਹਾਂ ਦੇ ਦੁੱਖਾਂ ਦਾ ਕਾਰਨ, ਉਨ੍ਹਾਂ ਦੀ ਕਿਸਮਤ ਦੀ ਦੇਣ ਹੈ। ਈਸ਼ਵਰ, ਭਾਗ, ਪੁਨਰ-ਜਨਮ, ਪੂਰਵ-ਜਨਮ ਅਤੇ ਸਵਰਗ ਨਰਕ ਵਰਗੀਆਂ ਗੈਰ-ਕੁਦਰਤੀ ਧਾਰਨਾਵਾਂ ਦੀ ਥਾਂ ਲੋਕ ਆਪਣੀਆਂ ਸਮੱਸਿਆਵਾਂ ਦਾ ਹੱਲ ਕੁਦਰਤੀ ਕਾਰਨਾਂ ਤੋਂ ਜਾਨਣਾ ਅਤੇ ਹੱਲ ਕਰਨਾ ਚਾਹੁੰਦੇ ਹਨ। ਇਕ ਸੰਸਥਾ ਦੇ ਰੂਪ ਵਿਚ ਲੋਕਤੰਤਰ ਨੇ ਵੀ ਇਨ੍ਹਾਂ ਸ਼ਕਤੀਆਂ ਨੂੰ ਵੱਡੀ ਚੁਣੌਤੀ ਦਿੱਤੀ ਹੋਈ ਹੈ ਜੋ ਸਮਾਜਕ ਨਾ-ਬਰਾਬਰੀ ਦੀ ਧਾਰਮਿਕ ਵਿਆਖਿਆ ਕਰਕੇ ਆਪਣਾ ਮਕਸਦ ਹੱਲ ਕਰਨਾ ਚਾਹੁੰਦੀ ਹੈ। ਇਸ ਚੁਣੌਤੀ ਨੇ ਸੁਭਾਵਿਕ ਰੂਪ ਵਿਚ ਸੈਂਕੜੇ ਸਾਲਾਂ ਤੋਂ ਚੱਲੇ ਆ ਰਹੇ ਸਮਾਜਕ ਸਬੰਧਾਂ ਦੇ ਸੰਤੁਲਨ ਨੂੰ ਰਲਗੱਡ ਕਰ ਦਿੱਤਾ ਹੈ। ਅੱਜ ਦੇ ਸੰਸਾਰ ਅੰਦਰ ਫਿਰਕੂ ਉੱਚ ਵਰਗਾਂ ਵਲੋਂ ਆਪਣੀ ਉਚੀ ਸਮਾਜਕ ਹੈਸੀਅਤ ਨੂੰ ਸੁਰੱਖਿਅਤ ਰੱਖਣ ਲਈ ਅਪਣਾਇਆ ਜਾਣ ਵਾਲਾ ਸਭ ਤੋਂ ਵੱਧ ਸਾਧਨ ਪ੍ਰਭਾਵਸ਼ਾਲੀ ਸਾਧਨ ਉਨ੍ਹਾਂ ਅੰਦਰ ਕੀਤੀ ਜਾਣ ਵਾਲੀ ਸਰਗਰਮ ਦਖਲਅੰਦਾਜ਼ੀ ਸੀ। ਉਚ ਵਰਗ ਵਾਂਝੇ ਵਰਗਾਂ ਅੱਗੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਅਜਿਹੇ ਚਲਾਕੀ ਭਰਪੂਰ ਹੱਲ ਪੇਸ਼ ਕਰਦੇ ਸਨ ਕਿ ਵਾਂਝੇ ਸਮੂਹ ਉਚ ਵਰਗੀ ਪ੍ਰਭੂਆਂ ਦੇ ਖਿਲਾਫ ਲੜਨ ਦੀ ਥਾਂ ਆਪਸ ਵਿਚ ਲੜਨ ਲੱਗ ਜਾਂਦੇ ਸਨ।

ਦੁਨਿਆਵੀ ਪ੍ਰਤੀਕਾਂ ਦੇ ਅਧਾਰ 'ਤੇ ਪੈਦਾ ਤਣਾਓ ਭਾਰਤੀ ਸਮਾਜ ਅੰਦਰ ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਦਿਖਾਈ ਦਿੱਤੇ। ਇਹ ਤਣਾਓ ਮੁਸਲਿਮ ਭਾਰਤ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਪਹਿਲਾਂ ਮੌਜੂਦ ਤਣਾਵਾਂ ਤੋਂ ਵੱਖਰੇ ਸਨ। ਮੁੱਖ ਰੂਪ ਵਿਚ ਖੇਤੀਬਾੜੀ ਜਾਂ ਕਾਰੀਗਰੀ ਆਧਾਰਿਤ ਜਾਗੀਰੂ ਸਮਾਜ ਦੇ ਸਨਅਤੀ, ਪੂੰਜੀਵਾਦੀ ਸਮਾਜ ਵਿਚ ਤਬਦੀਲੀ ਦੇ ਅੰਤਰ-ਕਾਲ ਦੌਰਾਨ ਇਹ ਤਣਾਅ ਸੁਭਾਵਿਕ ਸਨ। ਅੰਗਰੇਜ਼ੀ ਸਿੱਖਿਆ ਦੇ ਪ੍ਰਤੀਰੋਧ ਦੇ ਚਲਦਿਆਂ ਮੁਸਲਮਾਨ, ਸਿੱਖਿਆ ਅਤੇ ਨੌਕਰੀਆਂ ਵਿਚ ਪਿਛੜਦੇ ਰਹੇ। ਬਾਲਗ ਵੋਟ ਅਧਿਕਾਰ ਦੇ ਆਧਾਰ 'ਤੇ ਚੋਣਾਂ ਅੰਦਰ ਲਾਜ਼ਮੀ ਤੌਰ 'ਤੇ ਹਿੰਦੂਆਂ ਦੇ ਮੁਕਾਬਲੇ ਮੁਸਲਮਾਨਾਂ ਦਾ ਸ਼ਾਸਨ ਵਿਚ ਹਿੱਸਾ ਉਨ੍ਹਾਂ ਦੀ ਜਨਸੰਖਿਆ ਦੇ ਅਨੁਪਾਤ ਤੋਂ ਘੱਟ ਰਹਿ ਜਾਂਦਾ ਹੈ। ਇਨ੍ਹਾਂ ਦੋਨਾਂ ਹਾਲਾਤ ਦਾ ਫਾਇਦਾ ਮੁਸਲਿਮ ਲੀਡਰਸ਼ਿਪ ਦੇ ਜਾਗੀਰੂ ਗੱਠਜੋੜ ਨੇ ਉਠਾਇਆ। ਇਹ ਗੈਰ-ਸੁਭਾਵਿਕ ਨਹੀਂ ਸੀ ਕਿ ਆਜ਼ਾਦੀ ਤੋਂ ਪਹਿਲਾਂ ਹਿੰਦੂ-ਮੁਸਲਿਮ ਦੋਨੋਂ ਫਿਰਕੂ ਤੱਤਾਂ ਦੀ ਲੀਡਰਸ਼ਿਪ ਜਾਗੀਰੂ ਤੱਤਾਂ ਕੋਲ ਸੀ। ਹਿੰਦੂ ਮਹਾਂ ਸਭਾ ਅਤੇ ਮੁਸਲਿਮ ਲੀਗ ਦੀ ਲੀਡਰਸ਼ਿਪ ਮੁੱਖ ਤੌਰ 'ਤੇ ਜ਼ਿਮੀਦਾਰਾਂ ਅਤੇ ਉਚ ਜਾਤੀਆਂ ਦੇ ਹੱਥ ਸੀ। ਇਹ ਤੱਤ ਆਪਣੇ ਜਮਾਤੀ ਹਿਤਾਂ ਲਈ ਫਿਰਕਾਪ੍ਰਸਤੀ ਨੂੰ ਹਵਾ ਦਿੰਦੇ ਰਹਿੰਦੇ ਸਨ। ਦੰਗੇ ਇਨ੍ਹਾਂ ਕੋਲ ਸਭ ਤੋਂ ਵੱਡਾ ਹਥਿਆਰ ਸੀ ਜਿਸ ਦੀ ਪੂਰੀ ਵਰਤੋਂ ਇਨ੍ਹਾਂ ਹਿੰਦੂ-ਮੁਸਲਿਮ ਜਨਤਾ ਦੇ ਕਿਰਤੀ ਵਰਗ ਵਿਚ ਫੁੱਟ ਪਾ ਕੇ ਰੱਖਣ ਲਈ ਕੀਤੀ।

ਆਜ਼ਾਦੀ ਤੋਂ ਬਾਅਦ ਭਾਰਤ ਵਿਚ ਫਿਰਕੂ ਦੰਗੇ ਹੋਣ ਪਿਛੇ ਕਿਸੇ ਇਕ ਤਾਕਤ ਨੂੰ ਦੋਸ਼ੀ ਕਰਾਰ ਨਹੀਂ ਦਿੱਤਾ ਜਾ ਸਕਦਾ। ਭਾਰਤੀ ਰਾਜ ਦਾ ਚਰਿੱਤਰ, ਦੇਸ਼ ਅੰਦਰ ਹੋ ਰਹੇ ਵਿਕਾਸ ਦਾ ਸਰੂਪ ਅਤੇ ਵੱਖ-ਵੱਖ ਸੰਸਥਾਵਾਂ 'ਤੇ ਇਸ ਦੇ ਪ੍ਰਭਾਵ, ਚੋਣਾਂ ਨੂੰ ਲੈ ਕੇ ਭਾਰਤੀ ਸਿਆਸੀ ਪਾਰਟੀਆਂ ਦਾ ਆਚਰਨ, ਦੇਸ਼ ਵਿਚ ਸੰਗਠਿਤ ਮਾਫੀਆ ਦਾ ਪੈਦਾ ਹੋਣਾ ਬਹੁਤ ਸਾਰੇ ਕਾਰਨ ਹਨ ਜੋ ਸਮੇਂ ਸਮੇਂ 'ਤੇ ਫਿਰਕੂ ਦੰਗਿਆਂ ਦੇ ਕਾਰਨ ਬਣਦੇ ਰਹੇ। ਫਿਰਕੂ ਦੰਗਿਆਂ ਲਈ ਇਹ ਕਾਰਨ ਵੱਖ-ਵੱਖ ਰੂਪ ਵਿਚ ਜਾਂ ਇਕੱਠੇ ਕਾਰਜਸ਼ੀਲ ਰਹਿੰਦੇ ਹਨ।

ਹੁਣ ਦੇ ਸਾਲਾਂ ਅੰਦਰ ਮੱਧਵਰਗੀ ਹਿੰਦੂ ਫਿਰਕਾ ਸਭ ਤੋਂ ਵੱਧ ਫਿਰਕੂ ਹੋਇਆ।ਮੁੱਖ ਕਾਰਨ ਹਿੰਦੂਤਵੀ ਸ਼ਕਤੀਆਂ ਵਲੋਂ ਰਾਮ ਜਨਮ ਭੂਮੀ ਮੰਦਰ ਲਈ ਚਲਾਇਆ ਅੰਦੋਲਨ ਹੈ। ਰਾਜਤੰਤਰ ਇਸ ਅੰਦੋਲਨ ਨਾਲ ਸਖਤੀ ਨਾਲ ਨਜਿੱਠਣ ਵਿਚ ਅਸਫਲ ਹੋਇਆ। ਇਸ ਲਈ ਆਜ਼ਾਦੀ ਤੋਂ ਬਾਅਦ ਜੇ ਕਿਸੇ ਮੁੱਦੇ 'ਤੇ ਹਿੰਦੂਆਂ ਦਾ ਸਭ ਤੋਂ ਵੱਧ ਫਿਰਕੂਕਰਨ ਹੋਇਆ ਹੈ ਜਿਸ ਦੇ ਸਿੱਟੇ ਵਜੋਂ ਭਿਆਨਕ ਦੰਗੇ ਹੋਏ ਇਹ ਇਸੇ ਅੰਦੋਲਨ ਦੀ ਦੇਣ ਹਨ। ਇਹ ਇਸੇ ਅੰਦੋਲਨ ਦਾ ਸਿੱਟਾ ਹੈ ਕਿ ਦਰਜਨਾਂ ਅਜਿਹੇ ਸ਼ਹਿਰ, ਕਸਬੇ ਅਤੇ ਪਿੰਡ ਜਿਥੇ ਪਿਛਲੇ ਦਿਨੀਂ ਦੰਗੇ ਹੋਏ ਉਥੇ ਦੰਗਿਆਂ ਦਾ ਪਹਿਲਾਂ ਕੋਈ ਇਤਿਹਾਸ ਨਹੀਂ ਮਿਲਦਾ। ਇੱਥੋਂ ਤੱਕ ਕਿ ਦੇਸ਼ ਦੀ ਵੰਡ ਸਮੇਂ ਹੋਏ ਦੰਗਿਆਂ ਸਮੇਂ ਵੀ ਉਥੇ ਕੋਈ ਦੰਗਾ ਨਹੀਂ ਹੋਇਆ ਸੀ। ***(ਚੱਲਦਾ)***

### ਵੱਡੀ ਵੰਗਾਰ

*ਪੁਲਿਸ ਅਫਸਰ ਵਜੋਂ ਮੈਂ ਮਹਿਸੂਸ ਕੀਤਾ ਹੈ ਕਿ ਭਾਰਤੀ ਪੁਲਿਸ ਪਹਿਲਾਂ ਹੀ ਮਨ ਬਣਾ ਕੇ ਘੱਟ-ਗਿਣਤੀ ਵਿਰੋਧੀ ਮਾਨਸਿਕਤਾ ਦੀ ਸ਼ਿਕਾਰ ਹੁੰਦੀ ਹੈ। ਉਨ੍ਹਾਂ ਦੀ ਯੋਗ ਸਿਖਲਾਈ ਅਤੇ ਘੱਟ-ਗਿਣਤੀਆਂ ਦੀ ਪੁਲਿਸ ਬਲਾਂ ਅੰਦਰ ਭਰਤੀ ਦਾ ਅਨੁਪਾਤ ਮੁੱਖ ਤੌਰ 'ਤੇ ਦੋਸ਼ੀ ਹੈ। ਤੁਹਾਡੇ ਕੋਲ ਵਧੇਰੇ ਪੁਲਿਸ ਬਲ, ਵੱਡੀ ਗਿਣਤੀ ਹਥਿਆਰ, ਵਧੇਰੇ ਗੱਡੀਆਂ, ਬਹੁਤ ਵਧੀਆ ਸੂਚਨਾ ਤੰਤਰ ਕੋਈ ਮਾਇਨੇ ਨਹੀਂ ਰੱਖਦਾ, ਜੇ ਉਨ੍ਹਾਂ ਦੀ ਸੋਚ ਪਹਿਲਾਂ ਹੀ ਵਿਸ਼ੇਸ਼ ਵਿਚਾਰ ਨਾਲ ਲੈਸ ਹੈ।*

*-ਵਿਭੂਤੀ ਨਰਾਇਣ ਰਾਏ*

# ਧਰਮ, ਸਮਾਜ ਅਤੇ ਔਰਤ

ਕੰਵਲਜੀਤ ਕੌਰ ਗਿੱਲ

ਇਕ ਥਾਂ ਰਹਿੰਦੇ ਲੋਕਾਂ ਦੇ ਸਮੂਹ ਨੂੰ ਲੋਕ ਵਿਰੋਧੀ ਅਤੇ ਸਮਾਜ ਵਿਰੋਧੀ ਤਾਕਤਾਂ ਵੱਲੋਂ ਧਰਮ ਦੇ ਆਧਾਰ 'ਤੇ ਆਪਸ ਵਿਚ ਵੰਡਣਾ, ਲੜਾਉਣਾ ਅਤੇ ਇਕ ਦੂਜੇ ਪ੍ਰਤੀ ਨਫ਼ਰਤ ਫੈਲਾਉਣਾ ਧਾਰਮਿਕ ਕੱਟੜਤਾ ਹੈ। ਇਹ ਪ੍ਰਵਿਰਤੀ ਕਿਸੇ ਧਰਮ ਨਾਲ ਸਬੰਧਿਤ ਗ੍ਰੰਥਾਂ ਜਾਂ ਧਾਰਮਿਕ ਪੁਸਤਕਾਂ ਵਿਚ ਦਰਜ ਸਿੱਖਿਆਵਾਂ/ਹਦਾਇਤਾਂ ਨੂੰ ਤੋੜ-ਮਰੋੜ ਕੇ, ਜਨੂੰਨ ਦੀ ਹੱਦ ਤੱਕ ਮੰਨਣ ਅਤੇ ਜਬਰੀ ਮੰਨਵਾਉਣ ਵਿਚੋਂ ਨਿਕਲਦੀ ਹੈ। ਧਾਰਮਿਕ ਕੱਟੜਤਾ ਅਧੀਨ ਧਰਮ ਦੇ ਪੈਰੋਕਾਰ ਬਿਨਾਂ ਕਿਸੇ ਵਾਦ-ਵਿਵਾਦ ਜਾਂ ਟਿੱਪਣੀ ਨੂੰ ਬਰਦਾਸ਼ਤ ਕਰਦਿਆਂ ਆਪਣੇ ਧਰਮ ਨੂੰ ਸਰਬਉੱਚ ਅਤੇ ਬਿਹਤਰੀਨ ਮੰਨਦਿਆਂ ਦੂਜਿਆਂ ਉੱਪਰ ਥੋਪਣ ਦਾ ਯਤਨ ਕਰਦੇ ਹਨ। ਇਸ ਪ੍ਰਕਿਰਿਆ ਦੌਰਾਨ ਕਿਤੇ ਕਿਸੇ ਵਰਗ ਵੱਲੋਂ ਵਿਰੋਧ ਹੁੰਦਾ ਹੈ ਤਾਂ ਫ਼ਿਰਕੂ ਦੰਗੇ ਭੜਕਦੇ ਹਨ, ਹਿੰਸਕ ਘਟਨਾਵਾਂ ਵਿਚ ਸਰਕਾਰੀ ਤੇ ਨਿੱਜੀ ਜਾਇਦਾਦ ਦੀ ਭੰਨ-ਤੋੜ ਅਤੇ ਨਿਹੱਥੇ ਬੇਕਸੂਰ ਲੋਕਾਂ ਦਾ ਕਤਲੇਆਮ ਹੁੰਦਾ ਹੈ।

ਧਾਰਮਿਕ ਕੱਟੜਤਾ ਉਸ ਵੇਲੇ ਹੋਰ ਵੀ ਕਰੂਪ ਹੋ ਜਾਂਦੀ ਹੈ ਜਦੋਂ ਆਪਣੇ ਹੀ ਧਰਮ ਦੇ ਲੋਕਾਂ ਲਈ ਬੇਲੋੜੀਆਂ, ਪੁਰਾਣੀਆਂ ਹੋ ਚੁੱਕੀਆਂ ਰਹੁ-ਰੀਤਾਂ ਅਤੇ ਪਹਿਰਾਵੇ ਆਦਿ ਸਬੰਧੀ ਆਦੇਸ਼ ਅਤੇ ਹਦਾਇਤਾਂ ਜਾਰੀ ਕੀਤੇ ਜਾਣ ਲੱਗਦੇ ਹਨ। ਅਮਰੀਕੀ ਫ਼ੌਜਾਂ ਦੇ ਅਫ਼ਗਾਨਿਸਤਾਨ ਵਿਚੋਂ ਵਾਪਸ ਚਲੇ ਜਾਣ ਤੋਂ ਬਾਅਦ ਤਾਲਿਬਾਨ ਹਕੂਮਤ ਆਉਣ 'ਤੇ ਉਨ੍ਹਾਂ ਸ਼ਰੀਅਤ ਤਹਿਤ ਹਦਾਇਤਾਂ ਮੁੜ ਲਾਗੂ ਕਰਨ ਦੇ ਆਦੇਸ਼ ਦਿੱਤੇ। ਇਸ ਨਾਲ ਯਕੀਨੀ ਬਣਾਇਆ ਗਿਆ ਕਿ ਲੜਕੀਆਂ ਉਚੇਰੀ ਸਿੱਖਿਆ ਹਾਸਲ ਕਰਨ ਨਹੀਂ ਜਾ ਸਕਦੀਆਂ; ਘਰੋਂ ਬਾਹਰ ਨਿਕਲਣ ਵੇਲੇ ਉਨ੍ਹਾਂ ਨਾਲ ਘਰ ਦਾ ਕੋਈ ਮਰਦ ਮੈਂਬਰ ਹੋਣਾ ਲਾਜ਼ਮੀ ਹੈ। ਪਾਕਿਸਤਾਨ ਵੀ ਗਾਹੇ-ਬਗਾਹੇ ਤਾਲਿਬਾਨੀ ਸੋਚ ਦੀ ਹਮਾਇਤ ਕਰਦਾ ਰਿਹਾ ਹੈ। ਤਤਕਾਲੀ ਹਾਕਮ ਜਨਰਲ ਜ਼ਿਆ ਉਲ ਹੱਕ ਨੇ ਸ਼ਰੀਅਤ ਕਾਨੂੰਨ ਅਧੀਨ ਫ਼ੌਜਦਾਰੀ ਮਾਮਲਿਆਂ ਭਾਵ ਕਤਲਾਂ, ਲੁੱਟ-ਮਾਰ ਤੇ ਬਲਾਤਕਾਰ ਸਬੰਧੀ ਆਦੇਸ਼ ਦਿੱਤੇ ਕਿ ਔਰਤ ਦੀ ਗਵਾਹੀ ਨੂੰ ਮਰਦ ਦੇ ਮੁਕਾਬਲੇ ਅੱਧੀ ਗਵਾਹੀ ਮੰਨਿਆ ਜਾਵੇਗਾ। ਇਉਂ ਹੀ ਜਿਨਸੀ ਸ਼ੋਸ਼ਣ ਦੀ ਪੀੜਤ ਔਰਤ ਨੂੰ ਇਹ ਦੱਸਣ ਲਈ ਚਾਰ ਗਵਾਹ ਪੇਸ਼ ਕਰਨੇ ਪੈਣਗੇ ਕਿ ਉਸ ਨਾਲ ਜ਼ਿਆਦਤੀ ਹੋਈ ਹੈ। ਦੋਸ਼ ਸਾਬਿਤ ਨਾ ਕਰ ਸਕਣ ਦੀ ਸੂਰਤ ਵਿੱਚ ਔਰਤ ਨੂੰ ਕੈਦ ਦੀ ਸਜ਼ਾ ਸੁਣਾਈ ਜਾਂਦੀ ਸੀ ਤੇ ਨਾਲ ਹੀ ਲੋਕਾਂ ਦੀ ਹਾਜ਼ਰੀ ਵਿਚ ਕੋੜੇ ਮਾਰੇ ਜਾਂਦੇ ਸਨ।

ਧਾਰਮਿਕ ਕੱਟੜਤਾ ਤਹਿਤ ਜਨੂੰਨੀ ਤਾਕਤਾਂ ਦਾ ਪਹਿਲਾ ਸ਼ਿਕਾਰ ਔਰਤਾਂ ਹੁੰਦੀਆਂ ਹਨ। ਕੱਟੜਤਾ ਨੂੰ ਔਰਤਾਂ ਉੱਪਰ ਅਥਾਰਟੀ ਅਤੇ ਸ਼ਕਤੀ ਦੀ ਵਰਤੋਂ ਕਰਨ ਵਾਸਤੇ ਵਰਤਿਆ ਜਾਂਦਾ ਹੈ। ਮਰਦ-ਔਰਤ ਦੀ ਕੁਦਰਤੀ ਬਰਾਬਰੀ ਨੂੰ ਨਕਾਰਦਿਆਂ ਔਰਤਾਂ ਉੱਪਰ ਕਈ ਪ੍ਰਕਾਰ ਦੀਆਂ ਬੰਦਿਸ਼ਾਂ ਲਗਾਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਪਾਸੋਂ ਖ਼ਾਸ ਕਿਸਮ ਦੇ ਵਿਹਾਰ ਦੀ ਤਵੱਕੋ ਕੀਤੀ ਜਾਂਦੀ ਹੈ। ਅਫ਼ਗਾਨਿਸਤਾਨ, ਪਾਕਿਸਤਾਨ ਦੀਆਂ ਉਦਾਹਰਨਾਂ ਪ੍ਰਤੱਖ ਹਨ। ਸਾਡੇ ਆਪਣੇ ਮੁਲਕ ਦੇ ਸੂਬੇ ਕਰਨਾਟਕ ਵਿਚ ਮੁਸਲਿਮ ਭਾਈਚਾਰੇ ਦੀਆਂ ਕੁੜੀਆਂ ਨੂੰ ਵਿਦਿਅਕ ਅਦਾਰਿਆਂ ਵਿਚ ਹਿਜਾਬ ਪਾਉਣ ਤੋਂ ਰੋਕਣਾ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਵਿਚ ਖ਼ਲਲ ਪਾਉਣਾ ਹੈ। ਉਨ੍ਹਾਂ ਕੁੜੀਆਂ ਨੇ ਹਿਜਾਬ ਪਾ ਕੇ ਸਕੂਲ ਆਉਣ ਦੀ ਰਵਾਇਤ ਨੂੰ ਜਾਰੀ ਰੱਖਣ ਦੀ ਮੰਗ ਕੀਤੀ ਜੋ ਅਥਾਰਿਟੀ ਵੱਲੋਂ ਠੁਕਰਾ ਦਿੱਤੀ ਗਈ। ਕੁੜੀਆਂ ਦੇ ਵਿਰੋਧ ਕਰਨ 'ਤੇ ਉਨ੍ਹਾਂ ਨੂੰ ਡਰਾਇਆ ਧਮਕਾਇਆ ਗਿਆ। ਸਮੇਂ ਦੀ ਸਰਕਾਰ ਵੱਲੋਂ ਇਕ ਭਾਈਚਾਰੇ ਨੂੰ ਜ਼ਿਆਦਤੀ ਕਰਨ ਦੀ ਸ਼ਹਿ ਹੋਣ ਕਾਰਨ ਇਲਾਕੇ ਵਿਚ ਮੰਦਭਾਗੀਆਂ ਘਟਨਾਵਾਂ ਹੋਈਆਂ।



ਸਬਰੀਮਾਲਾ ਮੰਦਰ ਅੰਦਰ ਔਰਤਾਂ ਦੇ ਜਾਣ ਦੀ ਮਨਾਹੀ ਕਾਰਨ ਛਿੜੇ ਵਿਵਾਦ ਅਤੇ ਹੋਰ ਕਈ ਥਾਈਂ ਮੰਦਰਾਂ ਵਿਚ ਔਰਤਾਂ ਦੇ ਦਾਖ਼ਲੇ ਦੀ ਮਨਾਹੀ ਬਾਰੇ ਸਭ ਜਾਣਦੇ ਹਨ। ਇਉਂ ਕਦੇ ਧਰਮ ਪਰਿਵਰਤਨ ਦੀ ਮਨਾਹੀ ਦੇ ਕਾਨੂੰਨ ਬਣਾ ਕੇ ਤੇ ਕਦੇ ਵਿੱਦਿਅਕ ਅਦਾਰਿਆਂ ਵਿਚ ਬੱਚੀਆਂ ਦੀ ਵਰਦੀ ਸਬੰਧੀ ਇਕਸਾਰ ਕੋਡ ਦੀ ਤਜਵੀਜ਼ ਜਾਰੀ ਕਰ ਕੇ ਧਾਰਮਿਕ ਕੱਟੜਤਾ ਔਰਤਾਂ ਨੂੰ ਮੁੜ ਸਦੀਆਂ ਪੁਰਾਣੇ ਸਿਧਾਂਤਾਂ ਤੇ ਸੱਭਿਆਚਾਰ ਵੱਲ ਧੱਕ ਰਹੀ ਹੈ ਜਿਸ ਵਿਚ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਮਨੂੰ ਸਿਮ੍ਰਿਤੀ ਅਤੇ ਹੋਰ ਅਜਿਹੀਆਂ ਧਾਰਮਿਕ ਪੁਸਤਕਾਂ ਦੇ ਪ੍ਰਭਾਵ ਹੇਠ ਤੁਲਸੀਦਾਸ ਨੇ ਨਾਰੀ ਦੀ ਤੁਲਨਾ ''ਢੋਲ, ਗੰਵਾਰ, ਸ਼ੂਦਰ...'' ਨਾਲ ਕੀਤੀ ਹੈ। ਇਸਲਾਮ ਧਰਮ ਵਿਚ ਔਰਤ ਦੀ ਗਵਾਹੀ ਨੂੰ ਮਰਦ ਦੇ ਮੁਕਾਬਲੇ ਅੱਧੀ ਮੰਨਿਆ ਜਾਂਦਾ ਹੈ। ਇਉਂ ਹੀ ਜਾਇਦਾਦ ਦੀ ਵੰਡ ਵੇਲੇ ਇਕ ਮਰਦ ਦਾ ਹਿੱਸਾ ਦੋ ਔਰਤਾਂ ਦੇ ਬਰਾਬਰ ਹੁੰਦਾ ਹੈ।

ਲੜਕੀ ਦੀ ਉਚੇਰੀ ਸਿੱਖਿਆ ਪ੍ਰਾਪਤੀ ਉੱਪਰ ਰੋਕਾਂ ਲਗਾਉਣ ਨਾਲ ਰੁਜ਼ਗਾਰ ਮੰਡੀ ਵਿਚ ਉਸ ਦੀ ਸ਼ਮੂਲੀਅਤ ਘਟੇਗੀ ਅਤੇ ਉਸ ਦੇ ਮਾਨਸਿਕ ਵਿਕਾਸ ਵਿਚ ਖੜੋਤ ਆਵੇਗੀ। ਅਨਪੜ੍ਹ ਅਤੇ ਆਰਥਿਕ ਤੌਰ 'ਤੇ ਦੂਜਿਆਂ 'ਤੇ ਨਿਰਭਰ ਔਰਤ ਆਪਣੇ ਪਰਿਵਾਰ ਤੇ ਬੱਚਿਆਂ ਦੀ ਸੰਭਾਲ ਓਨੇ ਸੁਚੱਜੇ ਢੰਗ ਨਾਲ ਨਹੀਂ ਕਰ ਸਕਦੀ। ਉਚੇਰੀ ਸਿੱਖਿਆ ਵਿਚੋਂ ਔਰਤ ਨੂੰ ਬਾਹਰ ਕੱਢਣ ਦਾ ਭਾਵ ਉਨ੍ਹਾਂ ਨੂੰ ਰੁਜ਼ਗਾਰ ਮੰਡੀ ਵਿਚੋਂ ਬਾਹਰ ਕੱਢਣਾ ਹੈ। ਜੇਕਰ ਕੁੜੀਆਂ ਇਕੱਲੀਆਂ ਬਾਹਰ ਘੁੰਮ ਫਿਰ ਨਹੀਂ ਸਕਦੀਆਂ, ਕਾਰ ਸਕੂਟਰ ਆਦਿ ਨਹੀਂ ਚਲਾ ਸਕਦੀਆਂ, ਆਪਣਾ ਮਨਪਸੰਦ ਦਾ ਜੀਵਨ ਸਾਥੀ ਨਹੀਂ ਲੱਭ ਸਕਦੀਆਂ ਤਾਂ ਇਨ੍ਹਾਂ ਬੰਦਿਸ਼ਾਂ ਨਾਲ ਇਕੱਲੀ ਔਰਤ ਹੀ ਨਹੀਂ ਸਗੋਂ ਸਮੁੱਚਾ ਸਮਾਜ ਪ੍ਰਭਾਵਿਤ ਹੋਵੇਗਾ। ਧਾਰਮਿਕ ਕੱਟੜਤਾ ਦੇ ਔਰਤ ਉੱਪਰ ਪੈਂਦੇ ਮਾੜੇ ਪ੍ਰਭਾਵ ਦੀ ਗਹਿਰਾਈ ਨੂੰ ਭਾਂਪਦਿਆਂ ਯੂ.ਐੱਨ. ਦੇ ਤਤਕਾਲੀ ਸਕੱਤਰ ਜਨਰਲ ਕੌਫੀ ਆਨਨ ਨੇ (2006 ਵਿਚ) ਕਿਹਾ ਕਿ 'ਜਦੋਂ ਸਮਾਜ ਵਿਚ ਕਿਸੇ ਸੱਭਿਆਚਾਰ ਦਾ ਸਿਆਸੀਕਰਨ ਹੁੰਦਾ ਹੈ ਜਾਂ ਧਰਮ ਅਤੇ ਸਿਆਸਤ ਰਲਗੱਡ ਹੋ ਕੇ ਧਾਰਮਿਕ ਕੱਟੜਤਾ ਦਾ ਰੂਪ ਧਾਰਨ ਕਰਦੇ ਹਨ ਉਸ ਸਥਿਤੀ ਵਿਚ ਔਰਤ ਦੇ ਮੁੱਢਲੇ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨੀ ਉਸ ਸਮਾਜ ਲਈ ਵੱਡੀ ਚੁਣੌਤੀ ਬਣ ਜਾਂਦਾ ਹੈ।' ਹਰਿਆਣਾ, ਉੱਤਰ ਪ੍ਰਦੇਸ਼ ਆਦਿ ਸੂਬਿਆਂ ਵਿਚ ਲਵ-ਜਹਾਦ, ਪਰਿਵਾਰਕ ਮਾਣ ਮਰਿਆਦਾ ਦੀ ਰਾਖੀ ਵਾਸਤੇ ਨੌਜਵਾਨਾਂ ਤੇ ਖ਼ਾਸਕਰ ਲੜਕੀਆਂ ਨੂੰ ਮਾਰ ਮੁਕਾਉਣਾ, ਪਾਰਕਾਂ ਆਦਿ ਵਿਚ ਬੈਠੇ ਜੋੜਿਆਂ ਉੱਪਰ ਹਿੰਸਕ ਹਮਲੇ ਅਤੇ ਉਨ੍ਹਾਂ ਲੜਕੀਆਂ ਨਾਲ ਸਬੰਧਿਤ ਮਰਦਾਂ ਨੂੰ ਮਾਰ ਮੁਕਾਉਣ ਦਾ ਖ਼ਮਿਆਜ਼ਾ ਔਰਤ ਅਤੇ ਉਸ ਦੇ ਪਰਿਵਾਰ ਨੂੰ ਭੁਗਤਣਾ ਪੈਂਦਾ ਹੈ। ਫ਼ਿਰਕੂ ਜਨੂੰਨ ਹੇਠ ਹਿੰਸਕ ਭੀੜਾਂ ਇੰਨੀਆਂ ਅੰਨ੍ਹੀਆਂ ਹੋ ਜਾਂਦੀਆਂ ਹਨ ਕਿ ਦੂਜੇ ਧਰਮ ਨਾਲ ਸਬੰਧ ਰੱਖਣ ਵਾਲਿਆਂ ਦੇ ਘਰਾਂ ਵਿਚੋਂ ਮਰਦ ਮੈਂਬਰਾਂ ਨੂੰ ਕੱਢ ਕੱਢ ਕੇ ਮਾਰ ਮੁਕਾਉਂਦੀਆਂ ਹਨ। ਪਿੱਛੇ ਬਚ ਗਈਆਂ ਔਰਤਾਂ ਲਈ ਇਹ ਉਮਰ ਭਰ ਦੇ ਸੰਤਾਪ ਦੀ ਅਵਸਥਾ ਹੋ ਨਿੱਬੜਦੀ ਹੈ। ਸਥਿਤੀ ਉਸ ਵੇਲੇ ਹੋਰ ਵੀ ਗੰਭੀਰ ਹੋ ਜਾਂਦੀ ਹੈ ਜਦੋਂ ਘਰ ਵਿਚ ਸਿਰਫ਼ ਇਕ ਹੀ ਮਰਦ ਰੋਜ਼ੀ ਰੋਟੀ ਕਮਾਉਣ ਵਾਲਾ ਹੋਵੇ। ਧਾਰਮਿਕ ਕੱਟੜਤਾ ਦੇ ਲੇਖੇ ਲੱਗੇ ਮਰਦ ਮੈਂਬਰ ਤੋਂ ਬਾਅਦ ਘਰ ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਔਰਤ ਉੱਪਰ ਆ ਪੈਂਦੀ ਹੈ। ਇਉਂ ਮਰਦ ਵਿਰੁੱਧ ਹੋਈ ਹਿੰਸਾ ਦਾ ਪ੍ਰਭਾਵ ਵੀ ਔਰਤ ਉੱਪਰ ਪੈਂਦਾ ਹੈ। ਜਦੋਂ ਧਾਰਮਿਕ ਕੱਟੜਤਾ ਤਹਿਤ ਜਾਤ-ਪਾਤ ਅਤੇ ਊਚ-ਨੀਚ ਭਾਰੂ ਹੋਣ ਲੱਗੇ ਤਾਂ ਔਰਤਾਂ ਲਈ ਸਥਿਤੀ ਹੋਰ ਵੀ ਭਿਆਨਕ ਹੋ ਜਾਂਦੀ ਹੈ। ਅਖੌਤੀ ਉੱਚੀ ਜਾਤ ਦੀ ਲੜਕੀ ਆਪਣੇ ਤੋਂ ਨੀਵੀਂ ਸਮਝੀ ਜਾਂਦੀ ਜਾਤ ਵਿਚ ਵਿਆਹ ਨਹੀਂ ਕਰਵਾ ਸਕਦੀ। ਇਸ ਸੂਰਤ ਵਿਚ ਧਰਮ ਪਰਿਵਰਤਨ ਦੀ ਮਨਾਹੀ ਦੇ ਕਾਨੂੰਨ ਤਹਿਤ ਉਨ੍ਹਾਂ ਨੂੰ ਜ਼ਿਲ੍ਹੇ ਦੇ ਮੈਜਿਸਟ੍ਰੇਟ ਸਾਹਮਣੇ ਪੇਸ਼ ਹੋਣਾ ਪੈਂਦਾ ਹੈ ਜਿੱਥੇ ਕੱਟੜਵਾਦੀ ਭੀੜ ਉਨ੍ਹਾਂ ਉੱਪਰ ਹਮਲਾ ਕਰ ਦਿੰਦੀ ਹੈ।

ਇਉਂ ਸਾਡੇ ਮਰਦ ਪ੍ਰਧਾਨ ਸਮਾਜ ਵਿਚ ਔਰਤ ਖ਼ਿਲਾਫ਼ ਪੱਖਪਾਤ ਨੂੰ ਮੌਜੂਦਾ ਦੌਰ ਵਿਚਲੀ ਧਾਰਮਿਕ ਕੱਟੜਤਾ ਹੋਰ ਵੀ ਪਰਪੱਕ ਕਰਦੀ ਹੈ। ਇਸ ਵਾਸਤੇ ਜ਼ਰੂਰੀ ਹੈ ਕਿ ਅਸੀਂ ਅਜੋਕੇ ਵਿਸ਼ਵੀਕਰਨ ਦੇ ਚਲਦਿਆਂ ਸਮੁੱਚੇ ਸਮਾਜ ਦੇ ਵਿਕਾਸ ਵਾਸਤੇ ਧਾਰਮਿਕ ਕੱਟੜਤਾ ਤੋਂ ਉੱਪਰ ਉੱਠ ਕੇ ਸਹਿਣਸ਼ੀਲਤਾ, ਸਦਭਾਵਨਾ ਤੇ ਉਸਾਰੂ ਸੋਚ ਦੇ ਧਾਰਨੀ ਹੋ ਕੇ ਅੱਗੇ ਵਧੀਏ। ਜੇਕਰ ਔਰਤਾਂ ਦੀ ਵੀ ਮਰਦਾਂ ਵਾਂਗ ਕੰਮ ਵਿਚ ਸ਼ਮੂਲੀਅਤ ਵਧਦੀ ਹੈ ਤਾਂ ਦੇਸ਼ ਦੇ ਕੁੱਲ ਘਰੇਲੂ ਉਤਪਾਦ ਵਿਚ 27 ਫ਼ੀਸਦੀ ਤੱਕ ਦਾ ਵਾਧਾ ਹੋ ਸਕਦਾ ਹੈ। ਕਿਸੇ ਵੀ ਸਮਾਜ ਦੇ ਵਿਕਾਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉੱਥੇ ਔਰਤ ਦੀ ਸਥਿਤੀ ਜਾਂ ਦਰਜਾ ਕੀ ਹੈ। 2019 ਵਿਚ ਯੂ.ਐਨ.ਗਲੋਬਲ ਕੰਪੈਕਟ ਨੈੱਟਵਰਕ, ਇੰਡੀਆ ਵੱਲੋਂ ਕਰਵਾਏ ਲਿੰਗਕ ਬਰਾਬਰੀ ਸਬੰਧੀ ਸਮਾਗਮ ਦੌਰਾਨ ਕਿਹਾ ਗਿਆ ਕਿ 'ਭਾਰਤ ਵਿਚ ਅਗਲੀ ਉਦਯੋਗਿਕ ਕ੍ਰਾਂਤੀ ਵਾਸਤੇ ਇੱਥੋਂ ਦੀਆਂ ਔਰਤਾਂ/ਕੁੜੀਆਂ ਦਾ ਸ਼ਕਤੀਕਰਨ ਹੋਣਾ ਜ਼ਰੂਰੀ ਹੈ। ਇਹ ਸ਼ਕਤੀਕਰਨ ਉਚੇਰੀ ਸਿੱਖਿਆ ਦੇ ਨਾਲ ਨਾਲ ਕਿੱਤਾਮੁਖੀ ਟ੍ਰੇਨਿੰਗ ਤੇ ਵਧੇਰੇ ਸਿਖਲਾਈ ਰਾਹੀਂ ਹੀ ਸੰਭਵ ਹੈ। ਜੇਕਰ ਧਾਰਮਿਕ ਕੱਟੜਤਾਵੱਸ ਅਸੀਂ ਔਰਤ ਨੂੰ ਵਿੱਦਿਆ ਦੇ ਮੁੱਢਲੇ ਅਧਿਕਾਰ ਤੋਂ ਵਾਂਝਿਆਂ ਕਰਾਂਗੇ, ਬੇਲੋੜੀਆਂ ਬੰਦਿਸ਼ਾਂ ਲਗਾਵਾਂਗੇ ਤਾਂ ਅਸੀਂ ਸਮਾਜਿਕ ਵਿਕਾਸ ਬਾਰੇ ਕਿਆਸ ਵੀ ਨਹੀਂ ਕਰ ਸਕਦੇ। ਭਾਰਤ ਧਰਮ ਨਿਰਪੱਖ ਅਤੇ ਸਭ ਤੋਂ ਵੱਡਾ ਜਮਹੂਰੀ ਮੁਲਕ ਮੰਨਿਆ ਜਾਂਦਾ ਹੈ। ਇਸ ਲਈ ਔਰਤ ਦੀ ਸਮਾਜਿਕ, ਆਰਥਿਕ ਤੇ ਰਾਜਨੀਤਿਕ ਸ਼ਮੂਲੀਅਤ ਦੇ ਨਾਲ ਨਾਲ ਉਸ ਦੀ ਧਾਰਮਿਕ ਸ਼ਮੂਲੀਅਤ ਵੀ ਓਨੀ ਹੀ ਜ਼ਰੂਰੀ ਹੈ। ਧਰਮ ਦੇ ਨਾਂ 'ਤੇ ਔਰਤ ਨੂੰ ਕਈ ਸਮਾਜਿਕ ਤੇ ਸੱਭਿਆਚਾਰਕ ਸਰਗਰਮੀਆਂ ਵਿਚੋਂ ਮਨਫ਼ੀ ਕਰਨਾ ਧਰਮ ਨਿਰਪੱਖਤਾ ਦੇ ਖ਼ਿਲਾਫ਼ ਹੈ। ਇਸ ਲਈ ਸਮੁੱਚੇ ਸਮਾਜਿਕ ਆਰਥਿਕ ਵਿਕਾਸ ਦੀ ਜ਼ਰੂਰਤ ਦੇ ਮੱਦੇਨਜ਼ਰ ਸਮਾਜ ਵਿਚ ਅਮਨ-ਸ਼ਾਂਤੀ ਦੀ ਸਥਿਤੀ ਬਰਕਰਾਰ ਰੱਖਣ ਲਈ ਦੁਨੀਆ ਭਰ ਵਿਚ ਧਾਰਮਿਕ ਕੱਟੜਤਾ ਕਾਰਨ ਔਰਤਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਅਤੇ ਉਨ੍ਹਾਂ ਉੱਪਰ ਲਾਈਆਂ ਜਾਂਦੀਆਂ ਬੰਦਿਸ਼ਾਂ ਨੂੰ ਤੁਰੰਤ ਹਟਾਉਣਾ ਪਵੇਗਾ। ਔਰਤ ਜਥੇਬੰਦੀਆਂ ਨੂੰ ਦੇਸ਼ ਵਿਚ ਜਮਹੂਰੀ ਹੱਕਾਂ ਖ਼ਾਤਰ ਲੜ ਰਹੀਆਂ ਅਮਨਪਸੰਦ ਜਥੇਬੰਦੀਆਂ ਨਾਲ ਮਿਲ ਕੇ ਆਵਾਜ਼ ਉਠਾਉਣੀ ਪਵੇਗੀ।

# ਸਿੱਧੂ ਮੂਸੇਵਾਲੇ ਦੇ ਬਹਾਨੇ...

ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦਾ ਕਤਲ ਵੱਡੀ ਘਟਨਾ ਹੈ। ਹੁਣ ਤੱਕ ਸਾਹਮਣੇ ਆਈਆਂ ਜਾਣਕਾਰੀਆਂ ਮੁਤਾਬਕ ਇਹ ਗੈਂਗਵਾਰ ਦਾ ਨਤੀਜਾ ਹੈ। ਇਸ ਵਿਚ ਭਗਵੰਤ ਮਾਨ ਦੀ ਸਰਕਾਰ ਵੱਲੋਂ ਸੁਰੱਖਿਆ ਮਸਲੇ ਨੂੰ ਜਨਤਕ ਕਰਨਾ, ਪੁਲਿਸ-ਪ੍ਰਸ਼ਾਸਨ ਤੇ ਇੰਟੈਲੀਜੈਂਸ ਏਜੰਸੀਆਂ ਦੀ ਨਕਾਮੀ ਵੀ ਇਸ ਲਈ ਜ਼ਿੰਮੇਵਾਰ ਹੈ। ਇਉਂ ਇਹ ਕਤਲ ਮੌਜੂਦਾ 'ਆਪ' ਸਰਕਾਰ ਦੀ ਕਾਰਗੁਜ਼ਾਰੀ ਉੱਪਰ ਵੱਡੇ ਸਵਾਲ ਖੜ੍ਹੇ ਕਰਦਾ ਹੈ। ਇਸ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਤੇ ਦੋਸ਼ੀਆਂ ਖਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ।

ਪਰ ਇਹ ਕਤਲ ਗੈਂਗਵਾਰ, ਫ਼ਰਕਪੰਥੀ ਦੇ ਉਸ ਰਾਹ ਦੀ ਸ਼ਨਾਖ਼ਤ ਕਰਨ ਦੀ ਵੀ ਮੰਗ ਕਰਦਾ ਹੈ ਜਿਸ ਉੱਪਰ ਪੰਜਾਬ ਦੀ ਜਵਾਨੀ ਦਾ ਇੱਕ ਹਿੱਸਾ ਤੁਰ ਰਿਹਾ ਹੈ ਸਗੋਂ ਤੋਰਿਆ ਜਾ ਰਿਹਾ ਹੈ। ਅਸੀਂ ਇੱਥੇ ਜੋ ਲਿਖ ਰਹੇ ਹਾਂ, ਉਸ ਦਾ ਮਕਸਦ ਸਿਰਫ਼ ਕਤਲ ਦੇ ਕਾਰਨਾਂ ਦੀ ਪੜਤਾਲ ਨਹੀਂ ਹੈ ਸਗੋਂ ਅਸੀਂ ਪੰਜਾਬ ਦੇ ਨੌਜਵਾਨਾਂ ਦੇ ਇੱਕ ਵੱਡੇ ਹਿੱਸੇ ਦੀ ਜ਼ਿੰਦਗੀ ਨਾਲ ਜੁੜੇ ਸਵਾਲਾਂ ਨੂੰ ਮੁਖਾਤਿਬ ਹੋ ਰਹੇ ਹਾਂ।

ਇਹ ਗੱਲ ਜੱਗ ਜ਼ਾਹਿਰ ਹੈ ਕਿ ਗੈਂਗਸਟਰ ਆਪਣੇ ਆਪ ਵਿਚ ਕੁਝ ਨਹੀਂ ਹਨ ਸਗੋਂ ਉਹਨਾਂ ਨੂੰ ਹਾਕਮ ਜਮਾਤ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ, ਲੀਡਰਾਂ ਦੀ ਪੂਰੀ ਸ਼ਹਿ ਹੈ। ਇਹ ਗੁੰਡਾ-ਸਿਆਸੀ-ਪੁਲਿਸਾ ਗੱਠਜੋੜ ਇੰਨਾ ਮਜ਼ਬੂਤ ਹੈ ਕਿ ਜੇਲ੍ਹਾਂ ਵਿਚ ਬੈਠੇ ਗੈਂਗਸਟਰ ਵੀ ਆਪਣੇ ਗੁੰਡਾ-ਗਰੋਹ ਚਲਾਉਂਦੇ ਹਨ। ਸਭ ਸਿਆਸੀ ਪਾਰਟੀਆਂ ਨੇ ਆਪਣੇ ਗੁੰਡਾ ਗਰੋਹ ਪਾਲੇ ਹੋਏ ਹਨ ਜੋ ਨੌਜਵਾਨਾਂ ਨੂੰ ਆਪਣੇ ਕੋਝ ਹਿੱਤਾਂ ਲਈ ਵਰਤਦੀਆਂ ਹਨ ਤੇ ਲੋੜ ਖਤਮ ਹੋਣ 'ਤੇ ਉਹਨਾਂ ਨੂੰ ਖਤਮ ਕਰ ਦਿੰਦੀਆਂ ਹਨ ਜਾਂ ਭੈੜੀ ਮੌਤ ਮਰਨ ਲਈ ਸਿੱਟ ਦਿੰਦੀਆਂ ਹਨ। ਇਹਨਾਂ ਗੁੰਡਿਆਂ ਰਾਹੀਂ ਸਿਆਸੀ ਲੀਡਰ ਨਜਾਇਜ਼ ਕਬਜ਼ਿਆਂ, ਫਿਰੌਤੀਆਂ, ਉਗਰਾਹੀ, ਨਸ਼ਿਆਂ ਆਦਿ ਦੇ ਰੂਪ ਵਿਚ ਕਮਾਈਆਂ ਕਰਦੇ ਹਨ, ਆਪਣੇ ਵਿਰੋਧੀਆਂ ਨੂੰ ਗੁੱਠੇ ਲਾਉਂਦੇ ਹਨ ਤੇ ਲੋੜ ਪੈਣ 'ਤੇ ਸਮਾਜਿਕ ਕਾਰਕੁਨਾਂ ਨੂੰ ਕਤਲ ਕਰਨ ਤੇ ਲੋਕ ਲਹਿਰਾਂ ਨੂੰ ਵੀ ਕੁਚਲਣ ਦਾ ਕੰਮ ਵੀ ਲੈਂਦੇ ਹਨ। ਕਾਂਗਰਸ, ਭਾਜਪਾ, ਅਕਾਲੀ ਦਲ ਅਤੇ ਆਪ ਜਿਹੀਆਂ ਹਾਕਮ ਜਮਾਤ ਦੀਆਂ ਪਾਰਟੀਆਂ ਦੇ ਨੌਜਵਾਨ ਵਿੰਗ ਤੇ ਵਿਦਿਆਰਥੀ ਵਿੰਗ ਇਹਨਾਂ ਕੰਮਾਂ ਲਈ ਨੌਜਵਾਨਾਂ ਨੂੰ ਭਰਤੀ ਕਰਨ ਤੇ ਉਹਨਾਂ ਦੀ ਸਿਖਲਾਈ ਦੇ ਅੱਡੇ ਹਨ। ਪੰਜਾਬ ਵਿਚ ਇਸ ਗੁੰਡਾ-ਸਿਆਸੀ ਗੱਠਜੋੜ ਦੀ ਗ੍ਰਿਫ਼ਤ ਗੀਤਾਂ, ਫਿਲਮਾਂ ਦੀਆਂ ਨਾਮੀ ਹਸਤੀਆਂ ਤੱਕ ਫੈਲੀ ਹੋਈ ਹੈ। ਇਹਨਾਂ ਕਲਾਕਾਰਾਂ ਨਾਲ ਯਾਰਾਨੇ, ਉਹਨਾਂ ਦੀ ਮਸ਼ਹੂਰੀ, ਸ਼ੋਅ ਕਰਵਾਉਣੇ, ਸੁਰੱਖਿਆ ਕਰਨ ਤੋਂ ਲੈ ਕੇ ਡਰਾ-ਧਮਕਾ ਕੇ ਉਹਗਾਰੀ ਕਰਨ ਜਿਹੇ ਰੂਪਾਂ ਨਾਲ ਗੀਤਾਂ-ਫਿਲਮਾਂ ਦਾ ਜਗਤ ਇਸ ਗੁੰਡਾ-ਸਿਆਸੀ ਜਗਤ ਨਾਲ ਜੁੜਿਆ ਹੋਇਆ ਹੈ।

ਇਹ ਸਿਰਫ਼ ਪੰਜਾਬ ਚ ਹੀ ਨਹੀਂ ਹੋ ਰਿਹਾ। ਬਹੁਤੇ ਸੂਬਿਆਂ ਵਿਚ ਹਾਕਮ ਜਮਾਤ ਦੀਆਂ ਪਾਰਟੀਆਂ ਨੇ ਇਉਂ ਗੁੰਡਾ ਗਰੋਹ ਖੜ੍ਹੇ ਕੀਤੇ ਹਨ। ਉੱਤਰ ਪ੍ਰਦੇਸ਼ ਚ ਯੋਗੀ ਸਰਕਾਰ ਨੇ ਪਹਿਲਾਂ ਮੌਜੂਦ ਗੁੰਡਾਗਰਦੀ ਨੂੰ ਨੱਥ ਪਾਈ ਪਰ ਨਾਲ ਹੀ ਆਪਣੀ ਭਗਵੀਂ ਗੁੰਡਾ ਬ੍ਰਿਗੇਡ ਵੀ ਖੜ੍ਹੀ ਕੀਤੀ ਹੈ। ਇਸ ਗੈਂਗਵਾਰ ਦੇ ਨਾਮ ਉੱਪਰ ਕੱਲ੍ਹ ਨੂੰ ਪੰਜਾਬ ਵਿਚ ਮਹਾਂਰਾਸ਼ਟਰ ਦੀ ਤਰਜ਼ ਉੱਪਰ 'ਪਕੋਕਾ' ਲਿਆਂਦਾ ਜਾ ਸਕਦਾ ਹੈ ਜਿਸ ਨੂੰ ਲਿਆਉਣ ਦੀ ਕੋਸ਼ਿਸ਼ ਪਹਿਲਾਂ ਕਾਂਗਰਸ ਨੇ ਵੀ ਕੀਤੀ ਸੀ। ਅਜਿਹੇ ਕਾਨੂੰਨ ਮੁੜ ਕੇ ਸਮਾਜਿਕ-ਸਿਆਸੀ ਕਾਰਕੁਨਾਂ ਤੇ ਪੰਜਾਬ ਦੇ ਬੇਦੋਸ਼ੇ ਨੌਜਵਾਨਾਂ ਨੂੰ ਜੇਲ੍ਹੀਂ ਡੱਕਣ ਦਾ ਹਥਿਆਰ ਬਣਨਗੇ।

ਹਾਕਮ ਜਮਾਤ ਦੀ ਸ਼ਹਿ ਉੱਪਰ ਪਲ ਰਹੀ ਇਸ ਗੁੰਡਾਗਰਦੀ ਦਾ ਪ੍ਰਗਟਾਵਾ ਗੀਤਾਂ-ਫਿਲਮਾਂ ਵਿਚ ਵੀ ਹੋ ਰਿਹਾ ਹੈ। ਸਿੱਧੂ ਮੂਸੇਵਾਲ਼ਾ ਦੀ ਗਾਇਕੀ ਇਸੇ ਦੀ ਨੁਮਾਇੰਦਗੀ ਕਰਦੀ ਹੈ ਤੇ ਅਜਿਹੇ ਗਾਇਕ-ਗੀਤਕਾਰ ਹੀ ਅੱਜ ਭਾਰੂ ਹਨ। ਇੰਝ ਗੁੰਡਾਗਰਦੀ, ਵਿਅਕਤੀਵਾਦ, ਸੁਆਰਥ,



ਹਿੰਸਾ, ਹਥਿਆਰਾਂ ਤੇ ਮਰਦ-ਪ੍ਰਧਾਨਤਾ ਦੀ ਜਿਹੜੀ ਪੇਸ਼ਕਾਰੀ ਗੀਤਾਂ ਵਿਚ ਹੁੰਦੀ ਹੈ ਉਹ ਅਸਲ ਜ਼ਿੰਦਗੀ ਦਾ ਹੀ ਇੱਕ ਪ੍ਰਗਟਾਵਾ ਹੈ। ਇਸ ਕਰਕੇ ਇਹਨਾਂ ਗੀਤਾਂ ਦੇ ਪਹਿਲੇ ਦੋਸ਼ੀ ਇਹ ਗਾਇਕ, ਗੀਤਕਾਰ ਨਹੀਂ ਹਨ, ਜਿੰਨਾ ਚਿਰ ਅਸਲ ਜ਼ਿੰਦਗੀ ਵਿਚ ਹਾਕਮ ਜਮਾਤਾਂ ਵੱਲੋਂ ਪਾਲੀ-ਪੋਸੀ ਗੁੰਡਾਗਰਦੀ ਮੌਜੂਦਾ ਹੈ, ਓਨਾ ਚਿਰ ਅਜਿਹੇ ਗੀਤ-ਫਿਲਮਾਂ ਬਣਦੀਆਂ ਹੀ ਰਹਿਣਗੀਆਂ ਪਰ ਅਜਿਹੇ ਗੀਤ ਇਸ ਗੁੰਡਾ ਸੱਭਿਆਚਾਰ ਨੂੰ ਹੋਰ ਵਧਾਉਣ, ਇਸ ਜ਼ਿੰਦਗੀ ਦੀ ਚਮਕ-ਦਮਕ ਦਿਖਾਉਣ, ਨਕਲੀ ਨਾਇਕ ਪੇਸ਼ ਕਰਨ ਆਦਿ ਜ਼ਰੀਏ ਅਲੂੰਏਂ ਜਿਹੇ ਨੌਜਵਾਨਾਂ ਵਿਚ ਅਜਿਹੀ ਜ਼ਿੰਦਗੀ ਜਨੂਨ ਜਗਾਉਣ ਦਾ ਕੰਮ ਵੀ ਕਰਦੇ ਹਨ। ਜਦੋਂ 15-16 ਸਾਲ ਦੇ ਮੁੰਡੇ ਆਪਸ ਵਿਚ 'ਫਲਾਨਾ ਗਾਇਕ ਘੈਂਟ ਆ ਕਿ ਢਿਮਕਾ?' ਪਿੱਛੇ ਲੜ ਪੈਂਦਾ ਹਨ ਤਾਂ ਇਹਨਾਂ ਗੀਤਾਂ ਦਾ ਅਸਰ ਮਹਿਸੂਸ ਕੀਤਾ ਜਾ ਸਕਦਾ ਹੈ। ਇਉਂ ਸਿੱਧੂ ਮੂਸੇਵਾਲਾ ਨੇ ਜਿਸ ਜਗਤ ਦੇ ਗੀਤ ਗਾ ਕੇ ਸ਼ੁਹਰਤ ਕਮਾਈ ਹੈ, ਉਹ ਉਸੇ ਜਗਤ ਦੀ ਭੇਂਟ ਚੜ੍ਹਿਆ ਹੈ।

ਹਾਕਮ ਜਮਾਤਾਂ ਦੇ ਸਿਆਸੀ-ਗੁੰਡਾ ਗੱਠਜੋੜ ਦੀ ਇਹ ਜ਼ਿੰਦਗੀ ਨੌਜਵਾਨਾਂ ਨੂੰ ਧੜਾ-ਧੜ ਨਿਗਲ ਰਹੀ ਹੈ। ਇਸ ਵਿਚ ਇੱਕ ਪਾਸੇ ਖਾਂਦੇ-ਪੀਂਦੇ, ਧਨਾਢ ਤਬਕੇ ਦੇ ਉਹ ਨੌਜਵਾਨ ਖਿੱਚੇ ਜਾਂਦੇ ਹਨ ਜਿਹਨਾਂ ਨੂੰ ਲਗਦਾ ਹੈ ਕਿ ਆਪਣੀ ਹਰਾਮ ਦੀ ਦੌਲਤ ਤੇ ਸਿਆਸੀ ਚੌਧਰ ਸਦਕਾ ਹਰ ਚੀਜ਼ ਖਰੀਦ ਸਕਦੇ ਹਨ, ਕਬਜ਼ਾ ਕਰ ਸਕਦੇ ਹਨ, ਆਪਣੀ ਜੁੱਤੀ ਥੱਲੇ ਲੈ ਸਕਦੇ ਹਨ; ਦੂਜੇ ਪਾਸੇ ਬੇਰੁਜ਼ਗਾਰੀ, ਲਾਚਾਰੀ ਦੇਝੰਬੇ ਤੇ ਦਿਸ਼ਾਹੀਣ ਭਟਕਦੇ ਹੇਠਲੇ ਤਬਕੇ ਦੇ ਨੌਜਵਾਨ ਹਨ ਜਿਹੜੇ ਨਸ਼ਿਆਂ, ਜੁਰਮਾਂ, ਗੁੰਡਾਗਰਦੀ ਤੇ 'ਤਕੜਿਆਂ' ਨਾਲ ਬਣਾ ਕੇ ਰੱਖਣ ਜਿਹੇ ਕੁ-ਚੱਕਰਾਂ 'ਚ ਮੁਕਤੀ ਭਾਲਣ ਦੀ ਕੋਸ਼ਿਸ਼ ਕਰਦੇ ਹਨ। ਨਵ-ਉਦਾਰਵਾਦੀ ਯੁੱਗ ਨੇ ਸਰਮਾਏਦਾਰੀ ਦੀ ਬੇਗਾਨਗੀ, ਵਿਅਕਤੀਵਾਦ, ਆਤਮਿਕ ਸੱਖਣੇਪਣ, ਸੁਆਰਥ, ਕਾਮੁਕ-ਹਿੰਸਕ ਰੁਚੀਆਂ ਦੇ ਸੱਭਿਆਚਾਰ 'ਚ ਅਥਾਹ ਵਾਧਾ ਕੀਤਾ ਹੈ, ਇਹ ਵੀ ਨੌਜਵਾਨਾਂ ਨੂੰ ਇਸ ਜ਼ਿੰਦਗੀ ਵੱਲ ਧੱਕਣ ਦਾ ਕਾਰਨ ਬਣਦਾ ਹੈ।

ਇਉਂ ਅਸੀਂ ਅੱਜ ਜੋ ਵਰਤਾਰਾ ਦੇਖ ਰਹੇ ਹਾਂ ਇਹ ਪੰਜਾਬ ਦਾ ਨਹੀਂ ਸਗੋ ਸਰਮਾਏਦਾਰੀ ਯੁੱਗ ਦਾ ਵਰਤਾਰਾ ਹੈ। ਇਸ ਯੁੱਗ ਦੀ ਆਰਥਿਕ ਜ਼ਿੰਦਗੀ ਨੌਜਵਾਨਾਂ ਨੂੰ ਜ਼ਿੱਲਤ ਵੱਲ ਧੱਕ ਰਹੀ ਹੈ, ਇਹਦਾ ਸਭਿਆਚਾਰਕ ਪ੍ਰਦੂਸ਼ਣ ਨੌਜਵਾਨਾਂ ਨੂੰ ਨਸ਼ੇ ਵਾਂਗ ਖੋਖਲੀ ਜ਼ਿੰਦਗੀ ਵੱਲ ਧੱਕ ਰਿਹਾ ਹੈ ਤੇ ਹਾਕਮ ਜਮਾਤ ਦੀ ਸਿਆਸਤ ਨੌਜਵਾਨਾਂ ਨੂੰ ਵਰਤ ਰਹੀ ਹੈ। ਸਾਡੇ ਸਮਾਜ ਨੂੰ ਨੌਜਵਾਨਾਂ ਨੂੰ ਸ਼ਿਕਾਰ ਬਣਾਉਣ ਵਾਲੀ ਬੇਰੁਜ਼ਗਾਰੀ, ਲਚਾਰੀ ਤੇ ਦਿਸ਼ਾਹੀਣਤਾ, ਬੇਗਾਨਗੀ ਤੇ ਕੋਝੀ ਸਿਆਸਤ ਤੋਂ ਹਾਲੇ ਜਲਦੀ ਕੋਈ ਛੁਟਕਾਰਾ ਨਹੀਂ ਮਿਲਣਾ। ਹਾਲੇ ਗੀਤਾਂ-ਫਿਲਮਾਂ 'ਚ ਨੌਜਵਾਨਾਂ ਅੱਗੇ ਜੋ ਰਾਹ, ਜੋ ਨਾਇਕ ਪਰੋਸੇ ਜਾ ਰਹੇ ਹਨ ਉਹ ਵੀ ਇੰਝ ਹੀ ਜਾਰੀ ਰਹਿਣਾ ਹੈ। ਇਸ ਹਾਲਤ ਵਿਚ ਅਸੀਂ ਨੌਜਵਾਨਾਂ ਨੂੰ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਟਾਕਰਾ ਕਰਨ ਦਾ ਕੀ ਰਾਹ ਦੇਣਾ ਹੈ? ਇਸ ਜ਼ਿੰਦਗੀ ਦਾ ਕੀ ਬਦਲ ਦੇਣਾ ਹੈ? ਮੌਜੂਦਾ ਸਭਿਆਚਾਰ ਦਾ ਕੀ ਬਦਲ ਦੇਣਾ ਹੈ? ਸਾਡੇ ਨੌਜਵਾਨਾਂ ਦੇ ਨਾਇਕ ਕੌਣ ਹੋਣੇ ਚਾਹੀਦੇ ਹਨ? ਸਾਡੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਵਰਗੇ ਨਾਇਕਾਂ ਤੇ ਉਹਨਾਂ ਦੇ ਦਰਸਾਏ ਰਾਹ ਦੀ ਲੋੜ ਹੈ ਜਿਹਨਾਂ ਵਿਚ ਨਾ ਸਿਰਫ਼ ਮਨੁੱਖਤਾ ਲਈ ਡੂੰਘੇ ਦਰਦ ਰੱਖਣ ਵਾਲੇ ਦਿਲ, ਲੋਕਾਂ ਲਈ ਆਪਾ ਵਾਰਨ ਦੀ ਭਾਵਨਾ ਤੇ ਜ਼ਹੀਨ ਬੁੱਧੀ ਸੀ ਸਗੋਂ ਜਿਹਨਾਂ ਦੀ ਬਹਾਦਰੀ, ਵੇਲੇ ਦੇ ਵੱਡੇ ਤੋਂ ਵੱਡੇ ਹੁਕਮਰਾਨਾਂ ਨੂੰ ਵੀ ਦੁਸ਼ਮਣ ਆਖ ਕੇ ਲਲਕਾਰਨ ਦੀ ਦਲੇਰੀ ਅਤੇ ਮੌਤ ਨੂੰ ਹੱਸਦੇ ਹੋਏ ਗਲ਼ ਲਾਉਣ ਦੀ ਮੜਕ ਸਾਹਮਣੇ ਅੱਜ ਨੌਜਵਾਨਾਂ ਅੱਗੇ ਪੇਸ਼ ਕੀਤੇ ਜਾ ਰਹੇ ਖੋਖਲੇ ਨਾਇਕ ਬੌਣੇ ਹਨ। ਇਹਨਾਂ ਇਨਕਲਾਬੀ ਸ਼ਹੀਦਾਂ ਨੂੰ ਆਪਣੇ ਨਾਇਕ ਮੰਨਣ ਤੇ ਉਹਨਾਂ ਦੇ ਦਰਸਾਏ ਰਾਹ 'ਤੇ ਚੱਲਣ ਤੋਂ ਬਿਨਾਂ ਸਾਡੇ ਨੌਜਾਵਨ ਦਿਸ਼ਾਹੀਣਤਾ 'ਚ ਭਟਕਦੇ ਰਹਿਣਗੇ।

*-ਲਲਕਾਰ*

# ਅੰਮ੍ਰਿਤਸਰ ਕਾਲਜ ਵਿਚ ਮੰਟੋ

***ਇਹ ਉਸ ਵੇਲੇ ਦੀ ਗੱਲ ਹੈ ਜਦੋਂ ਮੰਟੋ ਸਿਰਫ 16-17 ਸਾਲ ਦਾ ਸੀ। ਉਸ ਦੀ ਸਕੂਲੀ ਅਤੇ ਕਾਲਜ ਦੀ ਜ਼ਿੰਦਗੀ ਦੇ ਦੌਰਾਨ ਅੰਮ੍ਰਿਤਸਰ ਕਿਹੋ ਜਿਹਾ ਸੀ, ਉਸ ਦੀ ਬਾਗ਼ੀ, ਅਵਾਰਾ ਜ਼ਿੰਦਗੀ ਦਾ ਤੇਵਰ ਇਸ ਸ਼ਹਿਰ ਨੂੰ ਕਿਵੇਂ ਰਾਸ ਆਇਆ ਤੇ ਸ਼ਹਿਰ ਉਸ ਦੇ ਵਜੂਦ ਦਾ ਹਿੱਸਾ ਕਿਵੇਂ ਬਣਿਆ, ਇਸ ਦੀ ਇਕ ਝਲਕ ਮੰਟੋ ਦੀਆਂ ਕਹਾਣੀਆਂ ਅਤੇ ਰੇਖਾ-ਚਿੱਤਰਾਂ ਤੋਂ ਇਕ ਹੱਦ ਤਕ ਮਿਲ ਜਾਂਦੀ ਹੈ। ਇਹ ਉਹ ਅੰਮ੍ਰਿਤਸਰ ਸੀ ਜਿੱਥੇ ਜਲੂਸ ਨਿਕਲਦੇ ਰਹਿੰਦੇ ਸਨ, ਸਤਿਆਗ੍ਰਹਿ ਅਤੇ ਕ੍ਰਾਂਤੀਕਾਰੀ ਗਤੀਵਿਧੀਆਂ ਚਲਦੀਆਂ ਰਹਿੰਦੀਆਂ ਸਨ। ਸ਼ਰਾਰਤੀ ਅਤੇ ਬੇਚੈਨ ਮੰਟੋ ਇਨ੍ਹਾਂ ਨਾਲ ਘਿਰਿਆ ਰਹਿੰਦਾ ਪਰ ਖੁੱਲ੍ਹ ਕੇ ਇਨ੍ਹਾਂ ਵਿਚ ਹਿੱਸਾ ਨਾ ਲੈ ਸਕਦਾ। ਹਾਂ, ਕੁਝ ਕਰ ਗੁਜ਼ਰਨ ਦਾ ਜਜ਼ਬਾ ਉਸ ਵਿਚ ਮਚਲਦਾ ਰਹਿੰਦਾ।***

**ਨਰੇਂਦਰ ਮੋਹਨ**
**ਅਨੁਵਾਦ: ਡਾ. ਬਲਦੇਵ ਸਿੰਘ ਬੱਦਨ**

**ਯਾਦ ਝਰੋਖਾ**

ਸਆਦਤ ਹਸਨ ਮੰਟੋ ਦੀ ਸਕੂਲੀ ਸਿੱਖਿਆ ਐਮ.ਓ. ਹਾਈ ਸਕੂਲ ਅੰਮ੍ਰਿਤਸਰ ਵਿਚ ਹੋਈ ਸੀ। ਉਸ ਦਾ ਜਿਗਰੀ ਦੋਸਤ ਹਸਨ ਅੱਬਾਸ ਵੀ ਇਸੇ ਸਕੂਲ ਵਿਚ ਸੀ ਜਿਸ ਦੇ ਨਾਲ ਉਹ ਸਕੂਲ ਦੇ ਦੌਰਾਨ ਜਾਂ ਉਸ ਦੇ ਬਾਅਦ ਅੰਮ੍ਰਿਤਸਰ ਦੀਆਂ ਗਲੀਆਂ-ਬਾਜ਼ਾਰਾਂ ਵਿਚ ਚਹਿਲਕਦਮੀ ਕਰਦਾ ਰਹਿੰਦਾ। ਸਕੂਲ ਵਿਚ ਉਹ ਅਕਸਰ ਲੜਦੇ-ਝਗੜਦੇ ਪਰ ਇਕ-ਦੂਜੇ ਦੇ ਬਿਨਾਂ ਰਹਿ ਨਾ ਸਕਦੇ। ਸ਼ਾਮ ਵੇਲੇ ਦੋਵੇਂ ਗਲੀਆਂ-ਬਾਜ਼ਾਰਾਂ ਵਿਚ ਚਹਿਲਕਦਮੀ ਕਰਦੇ ਦਿਸਦੇ। ਆਪਣੇ ਸਹਿਪਾਠੀਆਂ ਨੂੰ ਛੇੜਨ ਵਿਚ, ਉਨ੍ਹਾਂ ਨੂੰ ਬੇਵਜ੍ਹਾ ਉਲਝਾਉਣ ਵਿਚ ਦੋਹਾਂ ਨੂੰ ਮਜ਼ਾ ਆਉਂਦਾ। ਸ਼ਰਾਰਤ ਵਿਚ ਮਜ਼ਾ ਅਤੇ ਮਜ਼ੇ ਵਿਚ ਸ਼ਰਾਰਤ ਦੋਹਾਂ ਦੇ ਸੁਭਾਅ ਵਿਚ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਸ ਦੀਆਂ ਸ਼ਰਾਰਤਾਂ ਦੇ ਕੱਚੇ ਚਿੱਠੇ ਖੁੱਲ੍ਹਦਿਆਂ ਦੇਰ ਨਾ ਲੱਗਦੀ ਤੇ ਘਰ ਵਾਲੇ ਚਿੰਤਾਵਾਂ ਵਿਚ ਘਿਰੇ ਰਹਿੰਦੇ। ਪਿਤਾ ਉਸ ਨੂੰ ਬੁਰੀ ਤਰ੍ਹਾਂ ਲਤਾੜਦੇ ਤੇ ਮਾਂ ਬਚਾਅ ਵਿਚ ਖੜ੍ਹੀ ਹੋ ਜਾਂਦੀ। ਮਾਂ ਦੇ ਵਿਚ ਆਉਣ ਨਾਲ ਗੁਲਾਮ ਹਸਨ ਹੋਰ ਵੀ ਭੜਕ ਜਾਂਦਾ ਤੇ ਮਾਂ ਨੂੰ ਵੀ ਚੰਗੀਆਂ-ਮਾੜੀਆਂ ਸੁਣਨੀਆਂ ਪੈਂਦੀਆਂ। ਮਾਂ ਨੂੰ ਪਿਤਾ ਦੇ ਗੁੱਸੇ ਦਾ ਸ਼ਿਕਾਰ ਹੁੰਦੇ ਦੇਖ, ਸਆਦਤ ਹਸਨ ਤੜਫ ਉੱਠਦਾ, ਦੰਦ ਪੀਂਹਦਾ ਰਹਿੰਦਾ ਪਰ ਕੁਝ ਨਾ ਕਰ ਸਕਦਾ। ਪਿਤਾ ਦੇ ਪ੍ਰਤੀ ਗੁੱਸਾ ਅਤੇ ਉਦਾਸੀਨਤਾ ਅਤੇ ਮਾਂ ਦੇ ਪ੍ਰਤੀ ਡੂੰਘੇ ਪਿਆਰ ਦੀਆਂ ਜੜ੍ਹਾਂ ਉਸ ਵਿਚ ਇਨ੍ਹੀਂ ਦਿਨੀਂ ਜੰਮਣੀਆਂ ਸ਼ੁਰੂ ਹੋਈਆਂ ਹੋਣਗੀਆਂ। 1931 ਵਿਚ ਐਮ.ਏ.ਓ. ਕਾਲਜ, ਅੰਮ੍ਰਿਤਸਰ ਵਿਚ ਉਸ ਦੇ ਦਾਖ਼ਲ ਹੋਣ 'ਤੇ ਵੀ ਜਿੱਥੇ ਸ਼ਿਕਾਇਤਾਂ ਦਾ ਸਿਲਸਿਲਾ ਚੱਲਦਾ ਰਿਹਾ ਉੱਥੇ ਮਾਤਾ-ਪਿਤਾ ਅਤੇ ਮੰਟੋ ਦੇ ਵਿਚ ਵੀ ਖਿੱਚੋਤਾਣ ਚੱਲਦੀ ਰਹੀ।

ਇਹ ਉਹ ਸਮਾਂ ਸੀ ਜਦੋਂ ਆਜ਼ਾਦੀ ਅੰਦੋਲਨ ਅਤੇ ਕ੍ਰਾਂਤੀਕਾਰੀ ਅੰਦੋਲਨ ਆਪਣੇ ਪੂਰੇ ਉਭਾਰ 'ਤੇ ਸੀ। ਭਗਤ ਸਿੰਘ ਦੇ ਬਲੀਦਾਨ ਨੇ ਨਵੀਆਂ ਕ੍ਰਾਂਤੀਕਾਰੀ ਗਤੀਵਿਧੀਆਂ ਅਤੇ ਵਿਚਾਰਾਂ ਨੂੰ ਤੇਜ਼ ਕਰ ਦਿੱਤਾ ਸੀ। 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਗਲੀ-ਕੂਚਿਆਂ ਵਿਚ ਸੁਣਾਈ ਦਿੰਦੇ ਰਹਿੰਦੇ। ਆਪਣੇ ਪਿਤਾ ਦੇ ਡਰ ਕਾਰਨ ਮੰਟੋ ਕ੍ਰਾਂਤੀਕਾਰੀ ਪ੍ਰੋਗਰਾਮਾਂ ਵਿਚ ਹਿੱਸਾ ਤਾਂ ਨਾ ਲੈ ਸਕਦਾ ਪਰ ਉਹ ਕ੍ਰਾਂਤੀਕਾਰੀ ਵਿਚਾਰਾਂ ਦੇ ਪ੍ਰਭਾਵ ਵਿਚ ਤੇਜ਼ੀ ਨਾਲ ਆ ਰਿਹਾ ਸੀ। ਇਹੋ ਹੀ ਸਮਾਂ ਸੀ ਜਦੋਂ ਅਬੂ ਸਈਦ ਕੁਰੈਸ਼ੀ ਨਾਲ ਉਸ ਦੀ ਦੋਸਤੀ ਹੋਈ ਅਤੇ ਖ਼ੂਬ ਪ੍ਰਵਾਨ ਚੜ੍ਹੀ। ਮੰਟੋ ਅਤੇ ਅਬੂ ਸਈਦ ਕੁਰੈਸ਼ੀ ਉਂਜ ਤਾਂ ਪੜ੍ਹਦੇ-ਲਿਖਦੇ ਰਹਿੰਦੇ ਪਰ ਇਮਤਿਹਾਨਾਂ ਪ੍ਰਤੀ ਉਦਾਸੀਨ ਰਹਿੰਦੇ।

1931 ਵਿਚ ਮੰਟੋ ਨੇ ਐਫ.ਏ. ਕਰਨ ਲਈ ਐਮ.ਐਮ.ਓ. ਕਾਲਜ ਅੰਮ੍ਰਿਤਸਰ ਵਿਚ ਦਾਖ਼ਲਾ ਲਿਆ। ਉਸ ਦੇ ਦੋਸਤ ਵੀ ਇਸੇ ਕਾਲਜ ਵਿਚ ਆ ਗਏ। ਮੰਟੋ ਨੇ ਆਪਣੇ ਦੋ ਪ੍ਰੋਫੈਸਰਾਂ ਦਾ ਜ਼ਿਕਰ ਕੀਤਾ ਹੈ। ਇਕ ਸਨ ਫੌਜ ਸਾਹਬ ਜੋ 'ਬਹੁਤ ਹੀ ਅਫੀਮੀ ਕਿਸਮ ਦੇ ਆਦਮੀ ਸਨ।' ਮੰਟੋ ਦੇ ਸ਼ਬਦਾਂ ਵਿਚ ਫੌਜ ਸਾਹਬ ਨੇ ਉਨ੍ਹੀਂ ਦਿਨੀਂ ਅਫੀਮਗੀ ਦੇ ਬਾਵਜੂਦ ਬਹੁਤ ਹੀ ਖ਼ੂਬਸੂਰਤ ਗ਼ਜ਼ਲਾਂ ਲਿਖੀਆਂ। ਇਕ ਹੋਰ ਪ੍ਰੋਫੈਸਰ ਸੀ ਸਾਹਿਬਜ਼ਾਦਾ ਮਹਿਮੂਦੁੱਜ਼ਫਰ ਜੋ ਬੜੇ ਖੁਸ਼ਮਿਜ਼ਾਜ ਨੌਜਵਾਨ ਸਨ। ਉਹ ਵਿਚਾਰਾਂ ਵਿਚ ਸਾਮਵਾਦੀ ਸਨ। ਆਪਣੇ ਅਨੋਖੇਪਨ ਕਾਰਨ ਮੰਟੋ ਆਪਣੇ ਪ੍ਰੋਫੈਸਰਾਂ ਅਤੇ ਸਹਿਪਾਠੀਆਂ ਵਿਚ ਖ਼ੂਬ ਜਾਣਿਆ-ਪਛਾਣਿਆ ਜਾਂਦਾ ਸੀ। ਕਾਲਜ ਦੇ ਦਿਨਾਂ ਨੂੰ ਯਾਦ ਕਰਦੇ ਹੋਏ ਮੰਟੋ ਦੇ ਬਾਰੇ ਕੁਰੈਸ਼ੀ ਨੇ ਲਿਖਿਆ ਹੈ, 'ਇਕ ਦਿਨ ਮੈਂ ਉਸ ਨੂੰ ਕਾਲਜ ਦੇ ਦੱਖਣੀ ਪੂਰਬੀ ਬਰਾਮਦੇ ਵਿਚ ਦੇਖਿਆ। ਉਸ ਨੇ ਸੁਰਖ ਧਾਰੀਆਂ ਦੀ ਬੋਸਕੀ ਦੀ ਕਮੀਜ਼ ਪਾਈ ਹੋਈ ਸੀ ਤੇ ਚਿੱਟਾ ਬੋਸਕੀ ਦਾ ਪਜਾਮਾ। ਪੈਰਾਂ ਵਿਚ ਚੱਪਲ ਸੀ ਤੇ ਕਮੀਜ਼ ਦੇ ਉੱਪਰ ਉੱਚਾ ਜਿਹਾ ਫੈਸ਼ਨ ਦੀ ਲੋੜ ਅਨੁਸਾਰ ਗਰਮ ਕੋਟ ਉਹ ਮੇਰੇ ਇਕ ਹਿੰਦੂ ਸਹਿਪਾਠੀ ਪ੍ਰਕਾਸ਼ ਦੀ ਤਸਵੀਰ ਉਤਾਰ ਰਿਹਾ ਸੀ। ਪ੍ਰਕਾਸ਼ ਨੂੰ ਮੰਟੋ ਦੇ ਕੈਮਰੇ ਵਿਚ ਉਤਰਦੇ ਦੇਖ ਕੇ ਈਰਖਾਲੂਆਂ ਦੀਆਂ ਅੱਖਾਂ ਨੇ ਉਨ੍ਹਾਂ ਨੂੰ ਘੇਰ ਲਿਆ। ਮੈਂ ਮੰਟੋ ਨੂੰ ਇਸ ਤੋਂ ਪਹਿਲਾਂ ਨਹੀਂ ਦੇਖਿਆ ਸੀ।

"ਇਹ ਕੌਣ ਹੈ?" ਮੈਂ ਆਪਣੇ ਸਹਿਪਾਠੀ ਤੋਂ ਪੁੱਛਿਆ। ਜਵਾਬ ਮਿਲਿਆ, "ਟੋਮੀ।" ਮੈਂ ਇਹ ਨਾਂ ਸੁਣਿਆ ਹੋਇਆ ਸੀ। ਉਹ ਆਪਣੇ ਕਾਲਜ ਅਤੇ ਮੁਹੱਲੇ ਵਿਚ ਇਸੇ ਨਾਂ ਨਾਲ ਮਸ਼ਹੂਰ ਸੀ। ਇਸ ਨਾਮਕਰਨ ਦਾ ਕਾਰਨ ਉਸ ਦੀਆਂ ਸ਼ਰਾਰਤਾਂ ਸਨ। ਖੈਰ, ਇਹ 'ਟੋਮੀ' ਜੋ ਉਸ ਵੇਲੇ ਪ੍ਰਕਾਸ਼ ਨੂੰ ਸ਼ੀਸ਼ੇ ਵਿਚ ਉਤਾਰ ਰਿਹਾ ਸੀ, ਮੈਨੂੰ ਕੁਝ ਨਿਰਾਲੇ ਰੰਗ-ਢੰਗ ਦਾ ਆਦਮੀ ਲੱਗਾ। ਮੈਂ ਇਸ ਗੱਲ ਦੀ ਕਲਪਨਾ ਵੀ ਨਹੀਂ ਕਰ ਸਕਦਾ ਸੀ ਕਿ ਕੋਈ ਸਮਝਦਾਰ ਆਦਮੀ ਬੋਸਕੀ ਦੇ ਪਜਾਮੇ ਅਤੇ ਲਾਲ ਧਾਰੀਆਂ ਵਾਲੀ ਕਮੀਜ਼ ਪਾ ਕੇ ਜਾਂ ਨਾਈਟ ਸੂਟ ਵਿਚ ਕਾਲਜ ਵੀ ਆ ਸਕਦਾ ਹੈ। ਇਸੇ ਦੌਰਾਨ ਅਬੂ ਸਈਦ ਕੁਰੈਸ਼ੀ ਦੇ ਵਾਲਿਦ ਦੀ ਮੌਤ ਹੋ ਗਈ ਤੇ ਕੁਝ ਦਿਨ ਬੀਤ ਗਏ। ਇਕ ਦਿਨ ਕਿਸੇ ਤਸਵੀਰ ਦੇ ਸਿਲਸਿਲੇ ਵਿਚ ਕੁਰੈਸ਼ੀ ਆਸ਼ਿਕ ਅਲੀ ਫੋਟੋਗ੍ਰਾਫਰ ਦੀ ਦੁਕਾਨ 'ਤੇ ਗਿਆ ਤਾਂ ਉੱਥੇ ਉਸ ਦੀ 'ਟੋਮੀ' ਨਾਲ ਮੁਲਾਕਾਤ ਹੋ ਗਈ। ਦੇਖਦਿਆਂ ਹੀ ਕਿਹਾ, "ਦੱਸ, ਪ੍ਰਕਾਸ਼ ਦੀ ਤਸਵੀਰ ਕਿਵੇਂ ਆਈ, ਫਿਲਮ ਹੀ ਕਿੱਥੇ ਸੀ ਕੈਮਰੇ ਵਿਚ। ਟੋਮੀ ਭਾਵ ਮੰਟੋ ਦੇ ਨਾਲ ਅਬੂ ਸਈਦ ਦੀ ਦੋਸਤੀ ਦੀ ਇਹ ਸ਼ੁਰੂਆਤ ਸੀ।



ਮਜ਼ਾਕ ਅਤੇ ਸ਼ਰਾਰਤ ਮੰਟੋ ਵਿਚ ਪੈਦਾਇਸ਼ੀ ਸੀ। ਦੋਸਤਾਂ ਦੇ ਵਿਚ ਉਹ ਹਲਕੇ-ਫੁਲਕੇ ਮਜ਼ਾਕ ਕਰਦਾ ਰਹਿੰਦਾ ਪਰ ਅਜਿਹਾ ਮਜ਼ਾਕ ਨਹੀਂ ਜਿਸ ਨਾਲ ਕਿਸੇ ਨੂੰ ਤਕਲੀਫ ਪਹੁੰਚੇ। ਮਜ਼ਾਕ ਜਾਂ ਸ਼ਰਾਰਤ ਕਰਦੇ ਹੋਏ ਸ਼ੁੱਧ ਮਜ਼ਾ ਲੈਣ ਦੀ ਪ੍ਰਵਿਰਤੀ ਉਸ ਵਿਚ ਸ਼ੁਰੂ ਤੋਂ ਅੰਤ ਤਕ ਰਹੀ। ਤੇ ਖ਼ੁਦ ਆਪਣਾ ਮਜ਼ਾਕ ਉਡਾਉਣ ਦਾ ਮਾਦਾ ਵੀ, ਹਾਲਾਂਕਿ ਬਾਅਦ ਵਿਚ ਉਸ ਦੀ ਜ਼ਿੰਦਗੀ ਆਤਮ-ਵਿਅੰਗ ਦੀਆਂ ਸਿੱਧੀਆਂ-ਟੇਢੀਆਂ ਰੇਖਾਵਾਂ ਨਾਲ ਬਣਦੀ-ਟੁੱਟਦੀ ਰਹੀ।

ਅਬੂ ਸਈਦ ਕੁਰੈਸ਼ੀ ਅਤੇ ਹਸਨ ਅੱਬਾਬ ਜਿਹੇ ਦੋਸਤਾਂ ਦੇ ਨਾਲ ਮੰਟੋ ਦੀ ਖ਼ੂਬ ਬਣਦੀ। ਮੰਟੋ ਨੂੰ ਚਾਟ ਖਾਣ ਅਤੇ ਸਿਨੇਮਾ ਦੇਖਣ ਦਾ ਚਸਕਾ ਸੀ ਤੇ ਇਸ ਵਿਚ ਉਸ ਦੇ ਦੋਸਤ ਵੀ ਉਸ ਦੇ ਨਾਲ ਹੁੰਦੇ। ਚਾਟ ਅਤੇ ਫਿਲਮਾਂ- ਤੁਸੀਂ ਹੈਰਾਨ ਨਾ ਹੋਵੋ, ਦੋਹਾਂ ਵਿਚ ਉਨ੍ਹਾਂ ਨੂੰ ਚਟਪਟਾਪਨ ਮਹਿਸੂਸ ਹੁੰਦਾ ਤੇ ਮਜ਼ਾ ਆਉਂਦਾ। ਜੋ ਫਿਲਮ ਚੰਗੀ ਲੱਗਦੀ, ਉਸ ਨੂੰ ਉਹ ਦੋ-ਦੋ, ਤਿੰਨ-ਤਿੰਨ ਵਾਰ ਦੇਖਦਾ, ਉਸ ਦੇ ਲਈ ਭਾਵੇਂ ਉਸ ਨੂੰ ਲਾਹੌਰ ਜਾਂ ਜਲੰਧਰ ਕਿਉਂ ਨਾ ਜਾਣਾ ਪਵੇ। ਆਪਣੀ ਮਨਪਸੰਦ ਹੀਰੋਇਨ ਦੀ ਫਿਲਮ ਦੇਖਣ ਲਈ ਉਹ ਦਿੱਲੀ ਤਕ ਚਲਾ ਜਾਂਦਾ। ਚਾਟ ਅਤੇ ਫਿਲਮਾਂ ਦੇ ਨਾਲ ਜੁੜੇ ਚਟਪਟੇਪਨ ਤੋਂ ਅੰਮ੍ਰਿਤਸਰ ਦੇ ਕਟੜਾ ਕਨੱਈਆ ਦੇ ਹੁਸਨੇ ਬਾਜ਼ਾਰ ਨੂੰ ਕਿਵੇਂ ਭੁਲਾਇਆ ਜਾ ਸਕਦਾ ਹੈ। ਤਵਾਇਫਾਂ ਜਦੋਂ ਮੁਹੱਰਮ ਦੇ ਦਿਨਾਂ ਵਿਚ ਕਾਲੇ ਕੱਪੜੇ ਪਾ ਕੇ ਉੱਥੇ ਘੁੰਮਦੀਆਂ ਤਾਂ ਉਸ ਬਾਜ਼ਾਰ ਦਾ ਹੁਸਨ ਕਿਤੇ ਹੋਰ ਜ਼ਿਆਦਾ ਵਧ ਜਾਂਦਾ। ਮੰਟੋ ਨੇ ਆਪਣੇ ਦੋਸਤਾਂ ਦੇ ਨਾਲ ਹੁਸਨੇ ਬਾਜ਼ਾਰ ਦਾ ਦੀਦਾਰ ਨਾ ਕੀਤਾ ਹੋਵੇ, ਇਹ ਭਲਾ ਕਿਵੇਂ ਹੋ ਸਕਦਾ ਹੈ ?

ਭਾਵੇਂ ਕਿਤੇ ਵੀ ਹੋਣ, ਉਹ ਰੋਜ਼ਾਨਾ ਇਕੱਠੇ ਹੁੰਦੇ। ਇਕ-ਦੂਜੇ ਦੇ ਘਰਾਂ ਵਿਚ ਆਉਂਦੇ-ਜਾਂਦੇ ਅਤੇ ਦੁਨੀਆ ਦੇ ਹਰੇਕ ਵਿਸ਼ੇ 'ਤੇ ਚਰਚਾ ਕਰਦੇ। ਬਾਰੀ ਅਲੀਗ ਨਾਲ ਉਨ੍ਹਾਂ ਦੀ ਮੁਲਾਕਾਤ ਹੋ ਚੁੱਕੀ ਸੀ ਤੇ ਉਸ ਨੇ ਮੰਟੋ ਦੇ ਵਿਚਾਰਾਂ ਅਤੇ ਰੁਝਾਨਾਂ ਨੂੰ ਦੇਖਦੇ ਹੋਏ ਉਸ ਦੇ ਪੜ੍ਹਨ-ਲਿਖਣ ਵਾਲੇ ਕਮਰੇ ਨੂੰ 'ਦਾਰੁਲ ਅਹਿਮਰ' (ਲਾਲ ਕਮਰਾ) ਦਾ ਰੁਤਬਾ ਦੇ ਦਿੱਤਾ ਸੀ। ਸੰਨ 1931 ਦੀ ਹੀ ਗੱਲ ਹੈ। ਉਸ ਦਾ ਦੋਸਤ ਅਬੂ ਸਈਦ ਕੁਰੈਸ਼ੀ ਕੂਚਾ ਵਕੀਲਾਂ ਵਿਚ ਪਹਿਲੀ ਵਾਰ ਉਸ ਦੇ ਘਰ ਗਿਆ ਤੇ ਮੰਟੋ ਦੇ ਕਮਰੇ 'ਦਾਰੁਲ ਅਹਿਮਰ' ਵਿਚ ਜਿਵੇਂ ਹੀ ਦਾਖ਼ਲ ਹੋਇਆ ਤਾਂ ਉਸ ਨੇ ਦੇਖਿਆ, ਦਰਵਾਜ਼ੇ ਦੇ ਨੇੜੇ ਹੀ ਕੰਧ ਦੇ ਨਾਲ ਦੋ ਖੋਖੇ ਰੱਖ ਕੇ ਉਨ੍ਹਾਂ 'ਤੇ ਗੱਦਾ ਅਤੇ ਗੱਦੇ ਦੇ ਉੱਪਰ ਮੁਲਤਾਨੀ ਖੇਸ ਵਿਛਾ ਦਿੱਤਾ ਗਿਆ ਸੀ। ਸਾਹਮਣੇ ਉੱਤਰੀ ਕੰਧ ਦੇ ਨਾਲ ਖਿੜਕੀ ਦੇ ਕੋਲ ਪੜ੍ਹਨ-ਲਿਖਣ ਦੀ ਮੇਜ਼ ਸੀ। ਉਸ ਦੇ ਸੱਜੇ ਪਾਸੇ ਕੰਧ ਵਿਚ ਇਕ ਛੋਟੀ ਜਿਹੀ ਅਲਮਾਰੀ। ਜੋ ਕਿਤਾਬਾਂ ਅਲਮਾਰੀ ਵਿਚ ਨਹੀਂ ਆ ਸਕਦੀਆਂ ਸਨ, ਮੇਜ਼ 'ਤੇ ਕੰਧ ਦੇ ਸਹਾਰੇ ਪਈਆਂ ਰਹਿੰਦੀਆਂ। ਮੇਜ਼ ਦੇ ਖੱਬੇ ਪਾਸੇ ਆਤਿਸ਼ਦਾਨ ਸੀ ਜਿਸ 'ਤੇ ਭਗਤ ਸਿੰਘ ਦੀ ਮੂਰਤੀ ਰੱਖੀ ਹੋਈ ਸੀ। ਕਮਰੇ ਵਿਚ ਭਗਤ ਸਿੰਘ ਦੀ ਮੂਰਤੀ ਦਾ ਇਕ ਆਕਰਸ਼ਕ ਕੋਨ 'ਤੇ ਰੱਖਿਆ ਹੋਣਾ ਇਸ ਗੱਲ ਦਾ ਸੂਚਕ ਸੀ ਕਿ ਉਹ ਭਗਤ ਸਿੰਘ ਤੋਂ ਕਿਸ ਗਹਿਰਾਈ ਤਕ ਪ੍ਰਭਾਵਿਤ ਸੀ ਤੇ ਉਸ ਦੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਾਹਲਾ ਸੀ। ਜਦੋਂ ਉਹ ਸੱਤ ਸਾਲ ਦਾ ਸੀ ਤਾਂ ਜਲ੍ਹਿਆਂਵਾਲਾ ਬਾਗ਼ ਦਾ ਕਤਲੇਆਮ (1919) ਉਸ ਦੇ ਅਵਚੇਤਨ ਵਿਚ ਉਤਰ ਗਿਆ ਸੀ। ਅਵਚੇਤਨ ਵਿਚ ਅਟਕਿਆ ਪਿਆ ਜਲ੍ਹਿਆਂਵਾਲਾ ਬਾਗ਼ ਉਸ ਨੂੰ ਹਮੇਸ਼ਾ ਕੁਝ ਕਰਨ ਅਤੇ ਲਿਖਣ ਲਈ ਪ੍ਰੇਰਿਤ ਕਰਦਾ ਰਿਹਾ। ਜਲ੍ਹਿਆਂਵਾਲਾ ਬਾਗ਼ ਉਸ ਦੇ ਲਈ ਸਮਾਜਿਕ ਪਰਿਵਰਤਨ ਅਤੇ ਇਨਕਲਾਬ ਦਾ ਇਕ ਮਿਥਕ ਬਣ ਗਿਆ ਸੀ ਜਿਸ ਦੀ ਚਰਚਾ ਉਹ ਦੋਸਤਾਂ ਨਾਲ ਕਰਦਾ ਰਹਿੰਦਾ। ਅਵਾਰਗੀ ਦੇ ਦਿਨਾਂ ਵਿਚ ਇਸ ਮਿਥਕ ਨੇ ਉਸ ਨੂੰ ਭਟਕਣ ਤੋਂ ਵੀ ਬਚਾਇਆ। ਧਿਆਨ ਦਿਓ, ਮੰਟੋ ਠੀਕ ਸੱਤ ਸਾਲ ਦਾ ਸੀ ਜਦੋਂ ਜਲ੍ਹਿਆਂਵਾਲਾ ਬਾਗ਼ ਦਾ ਹਾਦਸਾ ਹੋਇਆ। ਮੰਟੋ ਨੇ ਇਸੇ ਸੱਤ ਸਾਲ ਦੇ ਬੱਚੇ ਦੇ ਅਵਚੇਤਨ ਵਿਚ ਬੈਠੀ ਤ੍ਰਾਸਦੀ ਨੂੰ ਉਸੇ ਦੇ ਨਜ਼ਰੀਏ ਨਾਲ ਆਪਣੀ ਪਹਿਲੀ ਕਹਾਣੀ 'ਤਮਾਸ਼ਾ' ਵਿਚ ਕਥਾ ਰੂਪ ਦਿੱਤਾ ਹੈ।

ਕਮਰੇ ਵਿਚ ਭਗਤ ਸਿੰਘ ਦੇ ਬੁੱਤ ਦੇ ਇਕ ਪਾਸੇ ਤੇਲ ਦਾ ਟੇਬਲ ਲੈਂਪ ਸੀ ਤੇ ਦੂਜੇ ਪਾਸੇ ਪੁਰਾਣੀ ਬਨਾਵਟ ਵਾਲਾ ਟੈਲੀਫੋਨ ਦਾ ਰਿਸੀਵਰ ਪਿਆ ਸੀ। ਤੇ ਰਿਸੀਵਰ ਦੀ ਗੱਲ ਤੋਂ ਅਬੂ ਸਈਦ ਕੁਰੈਸ਼ੀ ਦਾ ਧਿਆਨ ਇਕ ਹੋਰ ਗੱਲ ਵੱਲ ਚਲਾ ਗਿਆ। ਉਹ ਲਿਖਦਾ ਹੈ, 'ਇਕ ਪਬਲਿਕ ਟੈਲੀਫੋਨ ਤੋਂ ਜਦੋਂ ਕਈ ਵਾਰ ਕੋਸ਼ਿਸ਼ ਕਰਨ ਦੇ ਬਾਅਦ ਵੀ ਉਸ ਨੂੰ ਜ਼ਰੂਰੀ ਨੰਬਰ ਨਹੀਂ ਮਿਲ ਸਕਿਆ, ਤਾਂ ਉਸ ਨੇ ਇਹ ਕਹਿੰਦੇ ਹੋਏ ਰਿਸੀਵਰ ਨੂੰ ਖਿੱਚ ਕੇ ਓਵਰ ਕੋਟ ਦੀ ਜੇਲ੍ਹ ਵਿਚ ਪਾ ਲਿਆ ਸੀ, 'ਇਹ ਕੀ ਫਰਾਡ ਹੈ?' ਇਹ ਪ੍ਰਸੰਗ ਹਲਕੀ ਜਿਹੀ ਤਕਲੀਫ ਦੇ ਨਾਲ ਜੁੜੇ ਮਜ਼ਾਕ ਵਿਚ ਲੁਕੇ ਬੋਹੀਮੀਅਨ ਟੱਚ ਨੂੰ ਜ਼ਾਹਿਰ ਕਰਦਾ ਹੈ। 'ਕੀ ਫਰਾਡ ਹੈ?' ਤੇ ਕਿਸੇ ਨੂੰ 'ਫਰਾਡ' ਕਹਿਣ ਦਾ ਮੰਟੋ ਦਾ ਕਈ ਵਾਰ ਮਿੱਠਾ ਜਿਹਾ, ਕਈ ਵਾਰ ਵਿਅੰਗ ਭਰਿਆ ਅੰਦਾਜ਼ ਉਸ ਦੀ ਜ਼ਿੰਦਗੀ ਦੇ ਆਖਰੀ ਦੌਰ ਤਕ ਚਲਦਾ ਰਿਹਾ। ਉਸ ਦਾ ਅੰਦਰ-ਬਾਹਰ ਇਕ ਸੀ। ਉਹ ਬਹੁਤ ਹੀ ਸਿੱਧਾ-ਸਾਦਾ ਆਦਮੀ ਸੀ- ਉਸ ਉਜਲੀ ਚਾਂਦਨੀ ਵਾਂਗੂ ਜੋ ਕਮਰੇ ਦੀ ਦੱਖਣੀ ਖਿੜਕੀ ਦੇ ਕੋਲ ਵਿਛੀ ਰਹਿੰਦੀ ਸੀ। ਮੰਟੋ ਨੂੰ ਯਾਦ ਕਰਦੇ ਹੋਏ ਦੇਵਿੰਦਰ ਸਤਿਆਰਥੀ (ਨਵੀਂ ਦਿੱਲੀ, 1965) ਨੇ ਕਿਹਾ ਸੀ, 'ਫਰਾਡ ਮੈਨੂੰ ਪਹਿਲੀ ਵਾਰੀ ਮੰਟੋ ਨੇ ਕਿਹਾ ਸੀ ਅਤੇ ਬੜੀ ਮੁਹੱਬਤ ਨਾਲ।'

ਮੰਟੋ ਅਤੇ ਅਬੂ ਸਈਦ ਕੁਰੈਸ਼ੀ ਦੋਵੇਂ ਫਿਲਮੀ ਸਿਤਾਰਿਆਂ ਦੇ ਸ਼ੌਕੀਨ ਸਨ।

ਆਸ਼ਿਕ ਅਲੀ ਫੋਟੋਗ੍ਰਾਫਰ ਦੇ ਸਟੂਡੀਓ ਵਿਚ ਉਹ ਅਕਸਰ ਜਾਂਦੇ ਜਿੱਥੇ ਬੜੀਆਂ ਕਲਾਤਮਕ ਮੁਦਰਾਵਾਂ ਵਿਚ ਸਿਨੇਮਾ ਦੇ ਅਭਿਨੇਤਾ ਅਤੇ ਅਭਿਨੇਤਰੀਆਂ ਦੀਆਂ ਤਸਵੀਰਾਂ ਪ੍ਰਦਰਸ਼ਿਤ ਰਹਿੰਦੀਆਂ। ਖ਼ੁਦ ਮੰਟੋ ਦੇ ਕੋਲ ਵੀ ਫਿਲਮੀ ਸਿਤਾਰਿਆਂ ਦੀਆਂ ਇਕ ਤੋਂ ਇਕ ਵਧੀਆ ਤਸਵੀਰਾਂ ਦਾ ਬਿਹਤਰੀਨ ਖ਼ਜ਼ਾਨਾ ਸੀ। ਇਕ ਵਾਰ ਅਬੂ ਸਈਦ ਉਸ ਦੇ ਕਮਰੇ ਵਿਚ ਗਿਆ ਤਾਂ ਉਸ ਨੇ ਅਲਮਾਰੀ ਵਿਚ ਫਿਲਮੀ ਰਸਾਲਿਆਂ ਦਾ ਅੰਬਾਰ ਦੇਖਿਆ। ਅਬੂ ਸਈਦ ਨੂੰ ਉਨ੍ਹਾਂ ਤਸਵੀਰਾਂ ਵੱਲ ਲਲਕ ਭਰੇ ਅੰਦਾਜ਼ ਵਿਚ ਦੇਖਦਿਆਂ ਹੋਇਆਂ ਦੇਖ ਕੇ ਉਸ ਨੇ ਕਈ ਤਸਵੀਰਾਂ ਉਸ ਨੂੰ ਤੋਹਫੇ ਦੇ ਤੌਰ 'ਤੇ ਦੇ ਦਿੱਤੀਆਂ। ਜ਼ਾਹਿਰ ਹੈ ਕਿ ਫਿਲਮੀ ਦੁਨੀਆ ਨਾਲ ਉਸ ਦਾ ਜੁੜਾਓ ਡੂੰਘਾ ਸੀ ਜੋ ਅੱਗੇ ਚੱਲ ਕੇ ਫਿਲਮੀ ਪਤ੍ਰਿਕਾਵਾਂ ਦੇ ਸੰਪਾਦਨ ਅਤੇ ਫਿਲਮਾਂ ਦੇ ਲਈ ਕਹਾਣੀਆਂ ਲਿਖਣ ਵਿਚ ਉਸ ਦੇ ਬਹੁਤ ਕੰਮ ਆਇਆ।

ਜ਼ਾਹਿਰ ਹੈ ਅਜਿਹੇ ਲੜਕੇ ਨੂੰ ਸਕੂਲ ਜਾਂ ਕਾਲਜ ਦੀਆਂ ਕਿਤਾਬਾਂ ਪੜ੍ਹਨ ਵਿਚ ਭਲਾਂ ਕੀ ਦਿਲਚਸਪੀ ਹੋ ਸਕਦੀ ਹੈ। ਸਾਹਿਤਕ ਕਿਤਾਬਾਂ, ਖਾਸ ਤੌਰ 'ਤੇ ਜਸੂਸੀ ਨਾਵਲ ਪੜ੍ਹਨ ਦਾ ਚਸਕਾ ਉਸ ਨੂੰ ਲੱਗ ਗਿਆ ਸੀ। ਪੜ੍ਹਨ ਦਾ ਆਲਮ ਇਹ ਸੀ ਕਿ ਉਹ ਪੁਸਤਕਾਂ ਵੇਚਣ ਵਾਲੇ ਤੋਂ ਇਹ ਕਹਿ ਕੇ ਕਿਤਾਬਾਂ ਉਧਾਰ ਲੈ ਲੈਂਦਾ ਕਿ ਉਹ ਹੈੱਡਮਾਸਟਰ ਦਾ ਬੇਟਾ ਹੈ। ਪੜ੍ਹਨ ਦੇ ਬਾਅਦ ਉਹ ਉਨ੍ਹਾਂ ਕਿਤਾਬਾਂ ਨੂੰ ਸੈਕਿੰਡ ਹੈਂਡ ਕਿਤਾਬਾਂ ਦੇ ਰੂਪ ਵਿਚ ਵੇਚ ਦਿੰਦਾ ਤੇ ਜੋ ਪੈਸੇ ਮਿਲਦੇ ਉਨ੍ਹਾਂ ਨਾਲ ਸਿਗਰਟ ਖਰੀਦ ਲੈਂਦਾ। ਅਬੂ ਸਈਦ ਕੁਰੈਸ਼ੀ ਨੇ ਜਦੋਂ ਉਸ ਤੋਂ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ, 'ਮੈਂ ਘਟੀਆ ਕਿਸਮ ਦੀ ਸਿਗਰਟ ਨਹੀਂ ਪੀਂਦਾ। ਘਰੋਂ ਮਿਲਣ ਵਾਲੇ ਪੈਸਿਆਂ ਨਾਲ ਵਧੀਆ ਸਿਗਰਟ ਦਾ ਖ਼ਰਚ ਨਹੀਂ ਚੁੱਕਿਆ ਜਾ ਸਕਦਾ।'

ਇਹ ਉਹ ਸਮਾਂ ਸੀ ਜਦੋਂ ਮੰਟੋ ਐਫ. ਏ. ਵਿਚ ਪੜ੍ਹਦਾ ਸੀ। ਦੋ ਵਾਰ ਫੇਲ੍ਹ ਹੋ ਚੁੱਕਾ ਸੀ ਤੇ ਹੁਣ ਉਸ ਨੂੰ ਕੋਈ ਉਮੀਦ ਨਜ਼ਰ ਨਹੀਂ ਆ ਰਹੀ ਸੀ। ਕਾਲਜ ਦੀਆਂ ਕਿਤਾਬਾਂ ਦੇਖ ਕੇ ਉਸ ਦਾ ਦਿਲ ਘਬਰਾਉਂਦਾ ਸੀ। ਉਸ ਦੇ ਸਾਥੀ ਦੋਸਤ ਵੀ ਅਜਿਹੇ ਹੀ ਸਨ। ਨਵੀਆਂ-ਨਵੀਆਂ ਸ਼ੋਖੀਆਂ ਅਤੇ ਸ਼ਰਾਰਤਾਂ ਕਰਨ ਵਿਚ ਉਸ ਦਾ ਕੋਈ ਸਾਨੀ ਨਹੀਂ ਸੀ। ਘਰ ਵਾਲੇ ਵੀ ਉਸ ਨੂੰ ਕਿਸੇ ਕੰਮ ਦਾ ਨਾ ਸਮਝਦੇ। ਉਸ ਦੇ ਅੱਬਾ ਉਸ ਤੋਂ ਬੇਹੱਦ ਨਾਰਾਜ਼ ਰਹਿੰਦੇ। ਉਸ ਦਾ ਮਨ ਘਰ ਤੋਂ ਪਹਿਲਾਂ ਹੀ ਉਚਾਟ ਹੋ ਚੁੱਕਾ ਸੀ। ਉਸ ਨੂੰ ਆਪਣਾ ਕੋਈ ਭਵਿੱਖ ਨਾ ਦਿੱਸਦਾ।

ਇਨ੍ਹੀਂ ਦਿਨੀਂ ਹਰੀ ਸਿੰਘ ਅੰਮ੍ਰਿਤਸਰੀ ਨਾਂ ਦੇ ਵਿਗੜੇ ਹੋਏ ਅਮੀਰਜ਼ਾਦੇ ਨਾਲ ਉਸ ਦੀ ਦੋਸਤੀ ਹੋਈ ਤੇ ਉਸ ਨੂੰ ਸ਼ਰਾਬ ਪੀਣ ਦਾ ਚਸਕਾ ਲੱਗ ਗਿਆ। ਉਹ ਕਦੇ ਚੰਗੀ, ਕਦੇ ਸਮਝੀ ਸ਼ਰਾਬ ਪੀਣ ਲੱਗਾ। ਜੂਏ ਵਿਚ ਉਸ ਨੇ ਰਾਹਤ ਲੈਣੀ ਚਾਹੀ ਪਰ ਉਥੇ ਵੀ ਉਸ ਨੂੰ ਸਕੂਨ ਨਾ ਮਿਲਿਆ। ਕਦੀ ਸ਼ਿਅਰ ਕਹਿਣ ਦੀ ਕੋਸ਼ਿਸ਼ ਕਰਦਾ, ਇਨਕਲਾਬ ਦੇ ਸੁਪਨੇ ਦੇਖਦਾ ਤੇ ਕਦੇ ਪ੍ਰੇਮਿਕਾਵਾਂ ਦੀ ਕਲਪਨਾ ਵਿਚ ਗੁਆਚ ਜਾਂਦਾ। ਉਹ ਘਰ ਵਾਲਿਆਂ ਨੂੰ ਕੁਝ ਬਣ ਕੇ ਦਿਖਾਉਣਾ ਚਾਹੁੰਦਾ ਸੀ ਪਰ ਉਹ ਉਲਟੀਆਂ ਰਾਹਾਂ 'ਤੇ ਚੱਲ ਪਿਆ ਸੀ। ਉਸ ਉਖੜੀ ਹੋਈ ਮਾਨਸਿਕ ਹਾਲਤ ਵਿਚ ਉਹ ਅਖਾੜਿਆਂ, ਖਾਨਗਾਹਾਂ ਅਤੇ ਕਬਰਸਤਾਨਾਂ ਦੇ ਵੀ ਚੱਕਰ ਕੱਟਦਾ ਰਿਹਾ। ਉੱਥੋਂ ਦੇ ਕਈ ਅਜੀਬ ਚਿਹਰੇ, ਤਜਰਬੇ ਅਤੇ ਦ੍ਰਿਸ਼ ਉਸ ਦੇ ਅੰਦਰ ਧਸਦੇ ਗਏ- ਰਹਿਣ ਸਹਿਣ ਅਤੇ ਇਖਲਾਕੀ ਤੌਰ 'ਤੇ ਇਹ ਦੌਰ ਕਿੰਨਾ ਹੀ ਮਾੜਾ ਕਿਉਂ ਨਾ ਦਿਖਾਈ ਦੇਵੇ, ਇਹੋ ਹੀ ਉਹ ਜ਼ਮਾਨਾ ਸੀ ਜਿਸ ਨੇ ਮੋਟੇ ਨੂੰ ਜ਼ਿੰਦਗੀ ਦੇ ਕਠੋਰ

*(ਬਾਕੀ ਅਗਲੇ ਸਫੇ 'ਤੇ)*

***ਭਗਤ ਸਿੰਘ ਦੇ ਬਲੀਦਾਨ ਨੇ ਨਵੀਆਂ ਕ੍ਰਾਂਤੀਕਾਰੀ ਗਤੀਵਿਧੀਆਂ ਅਤੇ ਵਿਚਾਰਾਂ ਨੂੰ ਤੇਜ਼ ਕਰ ਦਿੱਤਾ ਸੀ। 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਗਲੀ-ਕੂਚਿਆਂ ਵਿਚ ਸੁਣਾਈ ਦਿੰਦੇ ਰਹਿੰਦੇ। ਆਪਣੇ ਪਿਤਾ ਦੇ ਡਰ ਕਾਰਨ ਮੰਟੋ ਕ੍ਰਾਂਤੀਕਾਰੀ ਪ੍ਰੋਗਰਾਮਾਂ ਵਿਚ ਹਿੱਸਾ ਤਾਂ ਨਾ ਲੈ ਸਕਦਾ ਪਰ ਉਹ ਕ੍ਰਾਂਤੀਕਾਰੀ ਵਿਚਾਰਾਂ ਦੇ ਪ੍ਰਭਾਵ ਵਿਚ ਤੇਜ਼ੀ ਨਾਲ ਆ ਰਿਹਾ ਸੀ। ਇਹੋ ਹੀ ਸਮਾਂ ਸੀ ਜਦੋਂ ਅਬੂ ਸਈਦ ਕੁਰੈਸ਼ੀ ਨਾਲ ਉਸ ਦੀ ਦੋਸਤੀ ਹੋਈ ਅਤੇ ਖ਼ੂਬ ਪ੍ਰਵਾਨ ਚੜ੍ਹੀ। ਮੰਟੋ ਅਤੇ ਅਬੂ ਸਈਦ ਕੁਰੈਸ਼ੀ ਉਂਜ ਤਾਂ ਪੜ੍ਹਦੇ-ਲਿਖਦੇ ਰਹਿੰਦੇ ਪਰ ਇਮਤਿਹਾਨਾਂ ਪ੍ਰਤੀ ਉਦਾਸੀਨ ਰਹਿੰਦੇ।***



ਭਗਤ ਸਿੰਘ

# ਸਿੱਖ ਸਿਆਸਤ ਅਤੇ ਭਵਿੱਖ ਦੀ ਦਿਸ਼ਾ

***ਨਵੀਂ ਸਰਬ-ਪ੍ਰਵਾਨਿਤ ਲੀਡਰਸ਼ਿਪ ਸਾਹਮਣੇ ਲਿਆਉਣ ਅਤੇ ਪੰਜਾਬੀਆਂ ਦੇ ਗੁਆ ਚੁੱਕੇ ਵਿਸ਼ਵਾਸ ਨੂੰ ਮੁੜ ਪ੍ਰਾਪਤ ਕਰਨ ਲਈ ਗੰਭੀਰ ਯਤਨ ਕਰਨੇ ਹੋਣਗੇ। ਸਿੱਖ ਵਿਚਾਰਧਾਰਾ ਅਨੁਸਾਰ ਬਦਲਵਾਂ ਰਾਜਸੀ ਅਤੇ ਵਿਸ਼ਵ ਮਾਡਲ ਸਿਰਜਣ ਲਈ ਪੰਜਾਬ, ਭਾਰਤ ਤੋਂ ਬਾਹਰ ਵਿਸ਼ਵ ਦੇ ਸਾਰੇ ਦੇਸ਼ਾਂ ਵਿਚ ਵਸਦੇ ਗੰਭੀਰ ਚੇਤੰਨ ਸਿੱਖਾਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਦੀ ਸਰਗਰਮ ਭੂਮਿਕਾ ਅਤੇ ਵਿਸ਼ਵ ਸ਼ਕਤੀਆਂ ਦੀ ਹਮਾਇਤ ਯਕੀਨੀ ਬਣਾਉਣੀ ਹੋਵੇਗੀ। ਇਕ ਨਵਾਂ ਪੰਥਕ ਸੰਸਾਰ ਸਿਰਜਣ ਲਈ ਆਪਸੀ ਮਤਭੇਦ ਭੁਲਾ ਕੇ ਅੱਗੇ ਵਧਣਾ ਹੋਵੇਗਾ। ਇਹ ਇਕ ਵਿਸ਼ਾਲ ਵਿਸ਼ਾ ਹੈ ਜਿਸ ਬਾਰੇ ਪੰਥ ਦੇ ਵਿਦਵਾਨਾਂ ਅਤੇ ਰਾਜਨੀਤਕਾਂ ਨੂੰ ਸਿਰ ਜੋੜ ਕੇ ਕਾਰਜਸ਼ੀਲ ਹੋਣਾ ਹੋਵੇਗਾ ਤਾਂ ਜੋ 2025 ਤੱਕ ਪ੍ਰਾਪਤੀਆਂ ਦਾ ਵੱਡਾ ਪ੍ਰਸੰਗ ਸਿਰਜਿਆ ਜਾ ਸਕੇ।***

ਵਿਚਾਰਧਾਰਾ, ਇਤਿਹਾਸ ਅਤੇ ਵਿਰਾਸਤ ਦੇ ਦ੍ਰਿਸ਼ਟੀਕੋਣਾਂ ਤੋਂ ਪੰਜਾਬ ਦੀ ਰਾਜਨੀਤੀ ਦੇ ਕੇਂਦਰ ਵਿਚ ਸਿੱਖ ਸਿਆਸਤ ਹੀ ਹੈ। ਇਸ ਨਾਤੇ ਪੰਜਾਬ ਦੀ ਸੱਤਾ ਉੱਤੇ ਸਿੱਖ ਰਾਜਨੀਤੀ ਦਾ ਪਹਿਲਾ ਹੱਕ ਬਣਿਆ ਰਹਿਣਾ ਲੋੜੀਂਦਾ ਹੈ। 1967 ਤੋਂ ਸ਼੍ਰੋਮਣੀ ਅਕਾਲੀ ਦਲ ਚੋਣਾਂ ਰਾਹੀਂ ਪੰਜਾਬ ਵਾਸੀਆਂ ਦਾ ਵਿਸ਼ਵਾਸ ਪ੍ਰਾਪਤ ਕਰਕੇ ਸੱਤਾ ਵਿਚ ਆਉਂਦਾ ਰਿਹਾ ਹੈ। ਸਮੇਂ ਨਾਲ ਕਈ ਅਕਾਲੀ ਦਲ, ਸੰਘਰਸ਼ਸ਼ੀਲ ਜੁਝਾਰੂ ਧਿਰਾਂ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਹੋਰ ਰਾਜਨੀਤਕ ਦਬਾਅ ਸਮੂਹ ਹੋਂਦ ਵਿਚ ਆਉਂਦੇ ਰਹੇ ਹਨ। ਇਸ ਤਰ੍ਹਾਂ ਵਿਚਾਰਿਆਂ ਸਮੁੱਚੇ ਰਾਜਨੀਤਕ ਸਮੂਹ ਮਿਲ ਕੇ ਸਿੱਖ ਰਾਜਨੀਤੀ ਦਾ ਢਾਂਚਾ ਸਿਰਜਦੇ ਸਨ।



ਹੁਣ ਜਦੋਂ ਸਮੇਂ ਅਤੇ ਹਾਲਾਤ ਦੀ ਉਥਲ-ਪੁਥਲ ਨਾਲ ਅਕਾਲੀ

**ਭਾਈ ਹਰਿਸਿਮਰਨ ਸਿੰਘ**
**ਫੋਨ: 98725-91713**

ਰਾਜਨੀਤੀ ਦਾ ਪੰਜਾਬ ਦੀ ਸੱਤਾ ਉੱਤੇ ਦਾਅਵਾ ਕਮਜ਼ੋਰ ਹੋ ਕੇ ਮਨਫ਼ੀ ਹੋ ਗਿਆ ਲਗਦਾ ਹੈ ਤਾਂ ਕੋਰ ਪੰਥਕ ਚੇਤਨਾ ਲਈ ਇਹ ਡਾਢੀ ਉਦਾਸੀਨਤਾ ਵਾਲੀ ਸਥਿਤੀ ਬਣ ਗਈ ਹੈ। ਇਹ ਸਾਂਝੀ ਅਸਫ਼ਲਤਾ ਵੀ ਹੈ। ਪੰਥਕ ਚੇਤਨਾ ਨੂੰ ਜੋ ਦਰਦ ਮਿਲੇ ਹਨ, ਉਨ੍ਹਾਂ ਵਿਚੋਂ ਸ਼ਕਤੀ ਪ੍ਰਾਪਤ ਕਰਕੇ ਸਿੱਖ ਰਾਜਨੀਤੀ ਕਿਵੇਂ 2027 ਵਿਚ ਮੁੜ ਪੰਜਾਬ ਦੀ ਸੱਤਾ ਵਿਚ ਵਾਪਸ ਆਏ, ਸਾਡੇ ਸਾਹਮਣੇ ਇਹ ਇਕ ਵੱਡਾ ਮੁੱਦਾ ਹੈ।

ਸਿੱਖ ਰਾਜਨੀਤੀ ਦੇ ਇਸ ਉਦਾਸ ਵਰਤਮਾਨ ਵਿਚੋਂ ਉੱਜਵਲ ਭਵਿੱਖ ਦੀ ਤਲਾਸ਼ ਲਈ ਸਾਨੂੰ ਇਸ ਦੇ ਕੁਝ ਮੂਲ ਕਾਰਨਾਂ ਨੂੰ ਸੰਬੋਧਿਤ ਹੋਣਾ ਪਵੇਗਾ। ਪੰਜਾਬ ਇਕ ਰਾਜਨੀਤਕ ਇਕਾਈ ਹੈ। 1947 ਤੋਂ ਬਾਅਦ ਦੇ ਹਾਲਾਤ ਵਿਚ ਸਿੱਖ ਪੰਥ ਅਤੇ ਕੇਂਦਰ ਵਿਚਕਾਰ ਜੋ ਹਾਲਾਤ ਬਣੇ ਰਹੇ ਹਨ, ਉਨ੍ਹਾਂ ਕਾਰਨ ਸਿੱਖ ਚੇਤਨਾ ਹਮੇਸ਼ਾ ਪ੍ਰੇਸ਼ਾਨ ਰਹੀ ਹੈ। 1967-68 ਵਿਚ ਜਦੋਂ ਸਿੱਖ ਰਾਜਨੀਤੀ ਸੱਤਾ ਦੀ ਰਾਜਨੀਤੀ ਵਿਚ ਤਬਦੀਲ ਹੋਈ ਤਾਂ ਅਕਾਲੀ ਆਗੂਆਂ ਨੇ ਪ੍ਰਾਪਤ ਸੱਤਾ ਨੂੰ ਸਿੱਖ ਪੰਥ ਦੇ ਵਡੇਰੇ ਉਦੇਸ਼ਾਂ ਦੀ ਪ੍ਰਾਪਤੀ ਲਈ ਨਾ ਵਰਤਣ ਦੀ ਗ਼ਲਤੀ ਕੀਤੀ। ਦੂਸਰਾ, ਪੰਜਾਬ ਉੱਤੇ ਸਿੱਖ ਪੰਥ ਦੀ ਨੁਮਾਇੰਦਾ ਜਥੇਬੰਦੀ ਅਕਾਲੀ ਦਲ ਜਾਂ ਇਸ ਤੋਂ ਬਦਲਵੀਂ ਕੋਈ ਹੋਰ ਪਾਰਟੀ ਦੇ ਰਾਜ ਨੂੰ ਸੁਨਿਸਚਿਤ ਕਰੀ ਰੱਖਣ ਲਈ ਪੰਜਾਬ ਦੇ ਸਮੁੱਚੇ ਵਿਕਾਸ, ਸ਼ਾਸਕੀ ਪ੍ਰਬੰਧ ਅਤੇ ਸਿਰਜੇ ਗਏ ਸਿੱਖ ਦ੍ਰਿਸ਼ਟੀਕੋਣ ਨੂੰ ਅਮਲੀ ਰੂਪ ਦਿੰਦੇ ਰਹਿਣ ਲਈ ਪੰਜਾਬ ਮਾਡਲ ਵਿਕਸਿਤ ਹੋਣਾ ਬੜਾ ਜ਼ਰੂਰੀ ਸੀ ਜੋ ਨਹੀਂ ਹੋ ਸਕਿਆ। ਤੀਸਰਾ, ਪਿਛਲੇ ਪੰਜ ਦਹਾਕਿਆਂ ਦੀ ਉਥਲ-ਪੁਥਲ ਦੇ ਕੇਂਦਰ ਵਿਚ ਰਹੇ ਸ. ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਂਗਰਸ-ਫੋਬੀਆ ਦਾ ਸ਼ਿਕਾਰ ਹੋ ਗਏ। ਕੇਂਦਰ ਉੱਤੇ ਕਾਬਜ਼ ਭਾਰਤੀ ਜਨਤਾ ਪਾਰਟੀ-ਭਾਰਤ ਸਰਕਾਰ ਨਾਲ ਸਬੰਧ ਬਣਾਈ ਰੱਖਣ ਦੀ ਕਾਹਲੀ ਵਿਚ ਅਕਾਲੀ ਦਲ ਅਜਿਹੀ ਮਿੱਥ ਦਾ ਸ਼ਿਕਾਰ ਹੋ ਗਿਆ ਜਿਸ ਨਾਲ ਇਸ ਨੇ ਕੋਰ ਪੰਥਕ ਵੋਟ ਬੈਂਕ ਵੱਲ ਪਿੱਠ ਕਰਕੇ ਗ਼ੈਰ-ਪੰਥਕ ਧਿਰਾਂ, ਡੇਰਿਆਂ ਅਤੇ ਸਿੱਖੀ ਤੋਂ ਉਲਟ ਕੰਮ ਕਰਨ ਵਾਲੇ ਲੋਕਾਂ ਨਾਲ ਅਜਿਹੀ ਸਾਂਝ ਪਾਈ ਕਿ ਅਕਾਲੀ ਦਲ ਅਤੇ ਪੰਥਕ ਸਿੱਖਾਂ ਦੇ ਇਕ ਵੱਡੇ ਵਰਗ ਵਿਚਕਾਰ ਦੂਰੀਆਂ ਵਧਦੀਆਂ ਗਈਆਂ।



2007-2015 ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦੇ ਮਾਮਲੇ ਵਿਚ ਜੋ ਵੀ ਘਟਨਾਵਾਂ ਵਾਪਰੀਆਂ ਉਨ੍ਹਾਂ ਨਾਲ ਸ. ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦਾ ਪਰਿਵਾਰ ਸਿੱਖ ਰਾਜਨੀਤੀ ਦੇ ਨਾਇਕ ਬਣੇ ਰਹਿਣ ਦੀ ਬਜਾਇ ਖਲਨਾਇਕ ਬਣ ਗਏ, ਜਿਨ੍ਹਾਂ ਨੂੰ ਸੱਤਾ ਤੋਂ ਹਟਾਉਣਾ ਪੰਥਕ ਧਿਰਾਂ ਦਾ ਇਕ ਵੱਡਾ ਮਿਸ਼ਨ ਬਣ ਗਿਆ। ਨਤੀਜਾ, 2017 ਅਤੇ 2022 ਵਿਚ ਸ਼੍ਰੋਮਣੀ ਅਕਾਲੀ ਦਲ ਦਾ ਪੰਜਾਬ ਦੀ ਸੱਤਾ ਉੱਤੇ ਦਾਅਵਾ ਕਮਜ਼ੋਰ ਪੈ ਗਿਆ ਪਰ ਖਾਲੀ ਹੋਈ ਥਾਂ ਵਿਚ ਸਿੱਖ ਰਾਜਨੀਤੀ ਦੀ ਕੋਈ ਹੋਰ ਵੱਡੀ ਧਿਰ ਖੜ੍ਹੀ ਨਾ ਹੋਣ ਕਾਰਨ ਦਿੱਲੀ ਤੋਂ ਉੱਠੀ ਕੇਜਰੀਵਾਲ-ਵਾਦ ਦੇ ਰੂਪ ਵਿਚ ਤੀਜੀ ਧਿਰ ਕਾਂਗਰਸ ਨੂੰ ਪਛਾੜ ਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋ ਗਈ।

ਸੱਤਾ ਵਿਚ ਰਹਿੰਦਿਆਂ ਅਕਸਰ ਸੱਤਾਧਾਰੀਆਂ ਤੋਂ ਆਪਣੀ ਸੋਚ ਉੱਤੇ ਕਾਇਮ ਰਹਿੰਦਿਆਂ ਕੁਝ ਗ਼ਲਤੀਆਂ ਹੋਣੀਆਂ ਸੁਭਾਵਿਕ ਹੁੰਦੀਆਂ ਹਨ। ਵਿਰੋਧੀ ਅਤੇ ਜਾਗਰੂਕ ਲੋਕ ਉਨ੍ਹਾਂ ਦੇ ਆਧਾਰ 'ਤੇ ਆਪਣੀ ਸੋਚ ਨੂੰ ਅੱਗੇ ਲਿਜਾਣ ਲਈ ਸੱਤਾਧਾਰੀਆਂ ਵਿਰੁੱਧ ਲਾਮਬੰਦ ਹੁੰਦੇ ਹਨ। 1978 ਤੋਂ 2022 ਤੱਕ ਦੇ 44 ਸਾਲਾਂ ਦੇ ਇਤਿਹਾਸ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੀਆਂ ਨੀਤੀਆਂ ਵਿਰੁੱਧ ਜੋ ਵੀ ਸ਼ਖ਼ਸੀਅਤਾਂ, ਲਹਿਰਾਂ, ਜਥੇਬੰਦੀਆਂ ਅਥਵਾ ਸੰਘਰਸ਼ ਸਾਹਮਣੇ ਆਏ ਉਹ ਭਾਵੇਂ ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਤੋਂ ਲੈ ਕੇ ਆਜ਼ਾਦ ਦੇਸ਼ ਬਣਵਾਉਣ ਦੁਆਲੇ ਕੇਂਦਰਿਤ ਰਹੇ ਹਨ ਪਰ ਉਹ ਬਾਦਲ ਪਰਿਵਾਰ ਨੂੰ ਸੱਤਾ ਤੋਂ ਲਾਂਭੇ ਕਰਨ ਉੱਤੇ ਵਧੇਰੇ ਕੇਂਦਰਿਤ ਸਨ ਪਰ ਉਹ ਇਸ ਤਰ੍ਹਾਂ ਖਾਲੀ ਹੋਈ ਥਾਂ ਨੂੰ ਭਰਨ ਲਈ ਜਥੇਬੰਦਕ ਅਤੇ ਕਾਰਗਰ ਰਾਜਸੀ ਬਦਲ ਨਹੀਂ ਸਿਰਜ ਸਕੇ। ਆਖਰਕਾਰ ਅਕਾਲੀ ਦਲ ਇਕ ਸੂਬਾਈ ਪਾਰਟੀ ਹੈ। ਇਸ ਦਾ ਬਦਲ ਪੰਜਾਬ ਵਿਚੋਂ ਸਿੱਖਾਂ ਅਤੇ ਪੰਜਾਬ ਵਾਸੀਆਂ ਦੀ ਹਮਾਇਤ ਨਾਲ ਉੱਭਰਨ ਵਾਲੀ ਸੂਬਾਈ ਪਾਰਟੀ ਹੀ ਭਰ ਸਕਦੀ ਸੀ। ਇਹ ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਦਾ ਪਹਿਲਾ ਹੱਕ ਨਹੀਂ ਬਣਨਾ ਚਾਹੀਦਾ ਸੀ। ਇਸੇ ਲਈ ਅਸੀਂ ਵੇਖਦੇ ਹਾਂ ਕਿ 1978 ਤੋਂ ਦਲ ਖ਼ਾਲਸਾ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਪੰਥਕ ਕਮੇਟੀਆਂ, ਅਕਾਲੀ ਦਲ ਮਾਨ, ਅਕਾਲੀ ਦਲ (ਢੀਂਡਸਾ) ਆਦਿ ਦੇ ਰੂਪ ਵਿਚ ਇਕ ਲੰਮੀ ਕਤਾਰ ਹੈ ਜਿਨ੍ਹਾਂ ਦੁਆਰਾ ਕੀਤੇ ਗਏ ਯਤਨ ਇਤਿਹਾਸ ਦੀ ਗਰਦਿਸ਼ ਵਿਚ ਗੁਆਚਦੇ ਰਹੇ ਹਨ। ਆਪਣੇ ਅਕੀਦਿਆਂ ਪ੍ਰਤੀ ਇਮਾਨਦਾਰ ਰਹਿਣਾ ਅਤੇ ਇਮਾਨਦਾਰੀ ਨਾਲ ਸੰਘਰਸ਼ ਲੜਨਾ ਹੋਰ ਗੱਲ ਹੈ ਪਰ ਇਕ ਪ੍ਰੌੜ ਰਾਜਨੀਤਕ ਅਤੇ ਸਟੇਟਸਮੈਨ ਵਾਂਗ ਕੰਮ ਕਰਦਿਆਂ ਸਫਲ ਹੋਣਾ ਵੱਡੀ ਚੁਣੌਤੀ ਹੁੰਦੀ ਹੈ। ਇਹੀ ਉਹ ਦੁਖਾਂਤ ਹੈ ਜੋ ਕੋਰ ਪੰਥਕ ਚੇਤਨਾ ਨੂੰ ਚੋਭ ਮਾਰ ਰਿਹਾ ਹੈ।

ਆਖਰ ਇਹ ਦੁਖਦਾਈ ਸਥਿਤੀ ਤੋਂ ਅੱਗੇ ਕਿਵੇਂ ਵਧਿਆ ਜਾਵੇ, ਇਹ ਇਕ ਵੱਡੀ ਚੁਣੌਤੀ ਹੈ। ਕਿਸੇ ਵੀ ਸਫਲ ਰਾਜਨੀਤਕ ਅਤੇ ਗ਼ੈਰ-ਰਾਜਨੀਤਕ ਲਹਿਰ ਲਈ ਉਨ੍ਹਾਂ ਦਾ ਵਿਚਾਰਧਾਰਕ ਦ੍ਰਿਸ਼ਟੀਕੋਣ, ਲੀਡਰਸ਼ਿਪ ਜਥੇਬੰਦੀ ਅਤੇ ਆਮ ਲੋਕਾਂ ਦੀ ਹਮਾਇਤ ਮਜ਼ਬੂਤ ਕੜੀ ਦੇ ਲਿੰਕ ਹੁੰਦੇ ਹਨ। ਸਿੱਖ ਰਾਜਨੀਤੀ ਲਈ ਜੋ ਅਸਾਧਾਰਨ ਸਥਿਤੀਆਂ ਬਣੀਆਂ ਹਨ ਉਨ੍ਹਾਂ ਵਿਚੋਂ ਨਿਕਲਣ ਲਈ ਸਾਰੀਆਂ ਛੋਟੀਆਂ-ਵੱਡੀਆਂ ਧਿਰਾਂ ਨੂੰ ਅਸਾਧਾਰਨ ਫ਼ੈਸਲੇ ਲੈਣੇ ਹੋਣਗੇ ਕਿਉਂਕਿ ਹੁਣ ਮੁੱਦਾ ਆਪਣੀ ਰਾਜਨੀਤਕ ਸਾਖ ਬਣਾਈ ਰੱਖਣ ਦਾ ਨਹੀਂ ਰਿਹਾ ਸਗੋਂ ਪੰਥਕ ਰਾਜਨੀਤੀ ਦਾ ਵਜੂਦ ਕਾਇਮ ਰੱਖ ਕੇ ਇਸ ਦੀ ਪ੍ਰਸੰਗਿਕਤਾ ਬਣਾਈ ਰੱਖਣ ਦਾ ਬਣ ਗਿਆ ਹੈ। ਇਸ ਲਈ ਸਾਰੀਆਂ ਧਿਰਾਂ ਨੂੰ ਬੀਤੇ ਸਮੇਂ ਦੀ ਕੈਦੀ ਮਾਨਸਿਕਤਾ ਵਿਚੋਂ ਬਾਹਰ ਆਉਣਾ ਹੋਵੇਗਾ। ਸੱਤਾ ਨੂੰ ਕੇਵਲ ਸੱਤਾ ਲਈ ਨਹੀਂ ਸਗੋਂ ਪੰਥ ਦੇ ਵੱਡੇ ਉਦੇਸ਼ਾਂ ਦੀ ਪ੍ਰਾਪਤੀ ਲਈ ਵੱਡਾ ਕਾਰਗਰ ਸਾਧਨ ਕਿਵੇਂ ਬਣਾਇਆ ਜਾਣਾ ਹੈ, ਉਸ ਲਈ ਸਿੱਖ ਰਾਜਨੀਤੀ ਦਾ ਪੰਜਾਬ ਇਕ ਰਾਜਨੀਤਕ ਇਕਾਈ ਹੋਣ ਦੇ ਨਾਤੇ ਨਵਾਂ ਮਾਡਲ ਸਿਰਜਣਾ ਹੋਏਗਾ। ਇਕ ਆਤਮ-ਨਿਰਭਰ ਅਤੇ ਵਿਕਸਿਤ ਪੰਜਾਬ ਸਿਰਜਣ ਲਈ ਇਕ ਨਵੇਂ ਸੰਯੁਕਤ ਪੰਜਾਬ ਮਾਡਲ ਨੂੰ ਆਪਣੀਆਂ ਸਰਗਰਮੀਆਂ ਦਾ ਨਵਾਂ ਆਧਾਰ ਬਣਾਉਣਾ ਹੋਵੇਗਾ। ਬੰਦੀ ਸਿੰਘਾਂ ਦੀ ਰਿਹਾਈ ਲਈ ਬਣਾਈ ਏਕਤਾ ਨੂੰ ਹੋਰ ਵਿਸ਼ਾਲ ਰੂਪ ਦਿੰਦਿਆਂ ਸੰਯੁਕਤ ਪੰਜਾਬ ਮਾਡਲ ਦੀ ਪ੍ਰਾਪਤੀ ਲਈ ਕੀਤੇ ਜਾਣ ਵਾਲੇ ਯਤਨਾਂ ਲਈ ਪੰਥਕ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਕ ਸੰਸਥਾਵਾਂ ਦੇ ਮੁਖੀਆਂ 'ਤੇ ਆਧਾਰਿਤ ਪ੍ਰਤੀਨਿਧ ਇਕੱਠ ਬੁਲਾਉਣਾ ਹੋਵੇਗਾ ਅਤੇ ਲੰਮੀ ਨਦਰਿ ਵਾਲੇ ਨਵੇਂ ਫ਼ੈਸਲੇ ਲੈਣੇ ਹੋਣਗੇ।

ਨਵੀਂ ਸਰਬ-ਪ੍ਰਵਾਨਿਤ ਲੀਡਰਸ਼ਿਪ ਸਾਹਮਣੇ ਲਿਆਉਣ ਅਤੇ ਪੰਜਾਬੀਆਂ ਦੇ ਗੁਆ ਚੁੱਕੇ ਵਿਸ਼ਵਾਸ ਨੂੰ ਮੁੜ ਪ੍ਰਾਪਤ ਕਰਨ ਲਈ ਗੰਭੀਰ ਯਤਨ ਕਰਨੇ ਹੋਣਗੇ। ਸਿੱਖ ਵਿਚਾਰਧਾਰਾ ਅਨੁਸਾਰ ਬਦਲਵਾਂ ਰਾਜਸੀ ਅਤੇ ਵਿਸ਼ਵ ਮਾਡਲ ਸਿਰਜਣ ਲਈ ਪੰਜਾਬ, ਭਾਰਤ ਤੋਂ ਬਾਹਰ ਵਿਸ਼ਵ ਦੇ ਸਾਰੇ ਦੇਸ਼ਾਂ ਵਿਚ ਵਸਦੇ ਗੰਭੀਰ ਚੇਤੰਨ ਸਿੱਖਾਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਦੀ ਸਰਗਰਮ ਭੂਮਿਕਾ ਅਤੇ ਵਿਸ਼ਵ ਸ਼ਕਤੀਆਂ ਦੀ ਹਮਾਇਤ ਯਕੀਨੀ ਬਣਾਉਣੀ ਹੋਵੇਗੀ। ਇਕ ਨਵਾਂ ਪੰਥਕ ਸੰਸਾਰ ਸਿਰਜਣ ਲਈ ਆਪਸੀ ਮਤਭੇਦ ਭੁਲਾ ਕੇ ਅੱਗੇ ਵਧਣਾ ਹੋਵੇਗਾ। ਇਹ ਇਕ ਵਿਸ਼ਾਲ ਵਿਸ਼ਾ ਹੈ ਜਿਸ ਬਾਰੇ ਪੰਥ ਦੇ ਵਿਦਵਾਨਾਂ ਅਤੇ ਰਾਜਨੀਤਕਾਂ ਨੂੰ ਸਿਰ ਜੋੜ ਕੇ ਕਾਰਜਸ਼ੀਲ ਹੋਣਾ ਹੋਵੇਗਾ ਤਾਂ ਜੋ 2025 ਤੱਕ ਪ੍ਰਾਪਤੀਆਂ ਦਾ ਵੱਡਾ ਪ੍ਰਸੰਗ ਸਿਰਜਿਆ ਜਾ ਸਕੇ।

ਇਸ ਤਰ੍ਹਾਂ 2027 ਵਿਚ ਨਵੀਂ ਤਾਜ਼ਗੀ ਅਤੇ ਊਰਜਾ ਨਾਲ ਪੰਥ ਤੇ ਪੰਜਾਬ ਵਾਸੀਆਂ ਦਾ ਮੁੜ ਵਿਸ਼ਵਾਸ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਕੁਝ ਕਸਵੱਟੀਆਂ ਹਨ ਜਿਨ੍ਹਾਂ ਦੀ ਪਰਖ ਤੋਂ ਜੋ ਲੋਕ ਖਰੇ ਉਤਰਨਗੇ ਉਹ ਸਿੱਖ ਪੰਥ ਦਾ ਨਵਾਂ ਇਤਿਹਾਸ ਸਿਰਜ ਸਕਣਗੇ। ਅਜਿਹੀ ਉਮੀਦ ਕੀਤੀ ਜਾਣੀ ਚਾਹੀਦੀ ਹੈ।

# ਅੰਮ੍ਰਿਤਸਰ ਕਾਲਜ ਵਿਚ ਮੰਟੋ

***(ਪਿਛਲੇ ਸਫੇ ਦੀ ਬਾਕੀ)***

ਯਥਾਰਥ ਨੂੰ ਸਮਝਣ ਵਿਚ ਮਦਦ ਕੀਤੀ, ਉਨ੍ਹਾਂ ਨੂੰ ਅਨੁਭਵ ਦਾ ਵਿਸ਼ਾਲ ਸੰਸਾਰ ਪ੍ਰਦਾਨ ਕੀਤਾ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਉਨ੍ਹਾਂ ਨੂੰ ਸ਼ੁਰੂ ਵਿਚ ਹੀ ਬਹੁਮੁੱਲੇ ਅਨੁਭਵ ਹਾਸਿਲ ਹੋਏ ਤੇ ਜ਼ਿੰਦਗੀ ਆਪਣੇ ਅਸਲੀ ਰੂਪ ਵਿਚ ਨਜ਼ਰ ਆਉਣ ਲੱਗੀ।

ਇਹ ਉਸ ਵੇਲੇ ਦੀ ਗੱਲ ਹੈ ਜਦੋਂ ਮੰਟੋ ਸਿਰਫ 16-17 ਸਾਲ ਦਾ ਸੀ। ਉਸ ਦੀ ਸਕੂਲੀ ਅਤੇ ਕਾਲਜ ਦੀ ਜ਼ਿੰਦਗੀ ਦੇ ਦੌਰਾਨ ਅੰਮ੍ਰਿਤਸਰ ਕਿਹੋ ਜਿਹਾ ਸੀ, ਉਸ ਦੀ ਬਾਗ਼ੀ, ਅਵਾਰਾ ਜ਼ਿੰਦਗੀ ਦਾ ਤੇਵਰ ਇਸ ਸ਼ਹਿਰ ਨੂੰ ਕਿਵੇਂ ਰਾਸ ਆਇਆ ਤੇ ਸ਼ਹਿਰ ਉਸ ਦੇ ਵਜੂਦ ਦਾ ਹਿੱਸਾ ਕਿਵੇਂ ਬਣਿਆ, ਇਸ ਦੀ ਇਕ ਝਲਕ ਮੰਟੋ ਦੀਆਂ ਕਹਾਣੀਆਂ ਅਤੇ ਰੇਖਾ-ਚਿੱਤਰਾਂ ਤੋਂ ਇਕ ਹੱਦ ਤਕ ਮਿਲ ਜਾਂਦੀ ਹੈ। ਇਹ ਉਹ ਅੰਮ੍ਰਿਤਸਰ ਸੀ ਜਿੱਥੇ ਜਲੂਸ ਨਿਕਲਦੇ ਰਹਿੰਦੇ ਸਨ, ਸਤਿਆਗ੍ਰਹਿ ਅਤੇ ਕ੍ਰਾਂਤੀਕਾਰੀ ਗਤੀਵਿਧੀਆਂ ਚਲਦੀਆਂ ਰਹਿੰਦੀਆਂ ਸਨ। ਸ਼ਰਾਰਤੀ ਅਤੇ ਬੇਚੈਨ ਮੰਟੋ ਇਨ੍ਹਾਂ ਨਾਲ ਘਿਰਿਆ ਰਹਿੰਦਾ ਪਰ ਖੁੱਲ੍ਹ ਕੇ ਇਨ੍ਹਾਂ ਵਿਚ ਹਿੱਸਾ ਨਾ ਲੈ ਸਕਦਾ। ਹਾਂ, ਕੁਝ ਕਰ ਗੁਜ਼ਰਨ ਦਾ ਜਜ਼ਬਾ ਉਸ ਵਿਚ ਮਚਲਦਾ ਰਹਿੰਦਾ।

ਅੰਮ੍ਰਿਤਸਰ ਵਿਚ ਉਸ ਵੇਲੇ ਨੌਜਵਾਨ ਕਲਾਕਾਰਾਂ ਅਤੇ ਸੰਗੀਤ ਪ੍ਰੇਮੀਆਂ ਦੀ ਚੰਗੀ-ਖਾਸੀ ਟੋਲੀ ਸੀ। ਜੀ.ਜੇ. ਦੇ ਹੋਟਲ 'ਸ਼ੀਰਾਜ਼' ਵਿਚ ਇਸ ਟੋਲੀ ਦੀਆਂ ਸੰਗੀਤ ਅਤੇ ਸ਼ਾਇਰੀ ਦੀਆਂ ਮਹਿਫਲਾਂ ਸਜਦੀਆਂ। ਅਨਵਰ ਪੇਂਟਰ, ਆਸ਼ਿਕ ਫੋਟੋਗ੍ਰਾਫਰ, ਬਾਲਾ, ਹੁਸੈਨ ਸਲੀਮ ਅਤੇ ਹੋਰ ਨੌਜਵਾਨ ਆਪਣਾ ਰੰਗ ਜਮਾਉਂਦੇ। ਮੰਟੋ ਸਮੇਤ ਇਹ ਮੁੰਡੇ ਅਕਸਰ ਮਿਲ ਬੈਠਦੇ ਤੇ ਦੁਨੀਆ ਭਰ ਦੇ ਵਿਸ਼ਿਆਂ 'ਤੇ ਚਰਚਾ ਕਰਦੇ। ਐਦਾਂ ਚੜ੍ਹਦੀ ਉਮਰ ਵਿਚ ਹੀ ਮੰਟੋ ਆਰਟਿਸਟਾਂ ਅਤੇ ਕ੍ਰਾਂਤੀਕਾਰੀਆਂ ਦੀ ਸੰਗਤ ਵਿਚ ਆ ਗਿਆ। ਉਸ ਦੇ ਜ਼ਿਆਦਾਤਰ ਦੋਸਤ ਉਮਰ ਵਿਚ ਉਸ ਤੋਂ ਵੱਡੇ ਸਨ। 'ਜੰਟਲਮੈਨਾਂ ਦਾ ਬਰਬ' ਕਹਾਣੀ ਦੇ ਹਵਾਲੇ ਤੋਂ ਕਹੀਏ ਤਾਂ 'ਹਫੀਜ਼ ਪੇਟਰ ਦੀ ਦੁਕਾਨ 'ਤੇ ਸਮੱਸਿਆਵਾਂ 'ਤੇ ਬਹਿਸ ਹੁੰਦੀ, ਭੰਗ ਘੋਟੀ ਜਾਂਦੀ। ਚਰਸ ਭਰੀਆਂ ਸਿਗਰਟਾਂ ਪੀਤੀਆਂ ਜਾਂਦੀਆਂ। ਸ਼ਰਾਬ ਦੇ ਦੌਰ ਅਕਸਰ ਚੱਲਦੇ। ਅੱਧੀ ਰਾਤ ਦੇ ਬਾਅਦ ਸੰਗੀਤ ਦਾ ਦੌਰ ਸ਼ੁਰੂ ਹੁੰਦਾ।

ਅਸਲ ਵਿਚ ਉਹ ਸਾਰੇ ਆਰਟਿਸਟ ਸਨ, ਹਾਲਾਂਕਿ ਇਹ ਨੌਸਿਖੀਏ, ਜ਼ਿੰਦਾਦਿਲ ਨੌਜਵਾਨਾਂ ਦੀ ਮਹਿਫਲ ਸੀ।' ਜ਼ਰੂਰ ਹੀ ਇਹ ਮੰਟੋ ਦੇ ਲੇਖਕ ਬਣਨ, ਲੇਖਨ ਅਤੇ ਕਲਾ ਦਾ ਹਿੱਸਾ ਬਣਨ ਦੇ ਦਿਨ ਸਨ। ਇਸਵਿਚ ਕੋਈ ਸ਼ੱਕ ਨਹੀਂ ਕਿ ਅੰਮ੍ਰਿਤਸਰ ਨੇ ਉਸ ਦੇ ਸਾਹਮਣੇ ਭਾਵਾਂ, ਵਿਚਾਰਾਂ ਅਤੇ ਅਨੁਭਵਾਂ ਦੀ ਅਪਾਰ ਪੂੰਜੀ ਦੇ ਦਰਵਾਜ਼ੇ ਖੋਲ੍ਹ ਦਿੱਤੇ। ਉਸ ਵੇਲੇ ਉਹ ਅਨੁਭਵ-ਪੂੰਜੀ ਬੇਸ਼ੱਕ ਕੱਚੇ ਮਾਲ ਵਾਂਗੂ ਸੀ ਪਰ ਜਦੋਂ ਮੰਟੋ ਜਿਹੇ ਸੰਵੇਦਨਸ਼ੀਲ ਵਿਅਕਤੀ ਨੇ ਉਸ ਨੂੰ ਸਿਰਜਣ ਦੀ ਸਾਨ 'ਤੇ ਚੜ੍ਹਾਇਆ ਤਾਂ ਕੋਈ ਉਸ ਨੂੰ ਲੇਖਕ ਬਣਨ ਤੋਂ ਰੋਕ ਨਾ ਸਕਿਆ।

ਕੋਰਸ ਦੀਆਂ ਕਿਤਾਬਾਂ ਪੜ੍ਹਨ ਤੋਂ ਤੌਬਾ ਪ੍ਰੰਤੂ ਦੂਜੀਆਂ ਕਿਤਾਬਾਂ ਪੜ੍ਹਦੇ ਰਹਿਣ ਦੇ ਜਨੂਨ ਦੇ ਕਾਰਨ ਉਹ ਮੈਟ੍ਰਿਕ ਵਿਚ, ਉਸੇ ਤਰ੍ਹਾਂ ਹੀ ਐਫ.ਏ. ਵਿਚ ਦੋ ਵਾਰ ਫੇਲ੍ਹ ਹੋਇਆ। ਸਕੂਲੀ ਪੜ੍ਹਾਈ ਉਸ ਨੂੰ ਬੇਕਾਰ ਲੱਗਦੀ ਪਰ ਨਾਵਲ ਤੇ ਫਿਲਮੀ ਰਸਾਲੇ ਉਹ ਖੂਬ ਪੜ੍ਹਦਾ। ਜੂਏ ਦੀ ਲਤ ਉਸ ਨੂੰ ਲੱਗ ਚੁੱਕੀ ਸੀ। ਆਗਾ ਹੁਸਨ ਦੇ ਸੰਸਮਰਣ ਵਿਚ ਮੰਟੋ ਨੇ ਇਸ ਪਾਸੇ ਇਸ਼ਾਰਾ ਕੀਤਾ ਹੈ, 'ਕਟੜਾ ਜੈਮਲ ਸਿੰਘ ਵਿਚ ਦੀਨੂ ਜਾਂ ਫਜ਼ਲੂ ਘੁਮਿਆਰ ਦੀ ਦੁਕਾਨ 'ਤੇ ਇਕ ਬੈਠਕ ਸੀ ਜਿੱਥੇ ਦਿਨ-ਰਾਤ ਜੂਆ ਹੁੰਦਾ ਸੀ।' ਇਸ ਬੈਠਕ ਵਿਚ ਮੰਟੋ ਖੂਬ ਆਉਣ-ਜਾਣ ਲੱਗਾ ਤੇ ਜੂਆ ਖੇਡਣ ਵਿਚ ਉਸ ਨੂੰ ਮਜ਼ਾ ਆਉਣ ਲੱਗਾ। ਹਰ ਚੀਜ਼ ਦੇ ਅੰਦਰ ਝਾਕਣ, ਉਸ ਦੀ ਰੂਹ ਤਕ ਪਹੁੰਚਣ ਦੀ ਉਸ ਦੀ ਇੱਛਾ ਹੁੰਦੀ। ਉਹ ਖ਼ੁਦ ਤਜਰਬੇ ਕਰਨਾ ਚਾਹੁੰਦਾ, ਝੱਲਣਾ ਅਤੇ ਅਨੁਭਵ ਕਰਨਾ ਚਾਹੁੰਦਾ, ਨਤੀਜਾ ਭਾਵੇਂ ਕੁਝ ਵੀ ਹੋਵੇ। ਅਜੀਬ ਤਰ੍ਹਾਂ ਦੀ ਬੇਚੈਨੀ ਉਸ ਵਿਚ ਗਹਿਰਾਉਂਦੀ ਰਹਿੰਦੀ।

'ਅਖ਼ਤਰ ਸ਼ਿਰਾਨੀ' ਨਾਮਕ ਰੇਖਾ-ਚਿੱਤਰ ਵਿਚ ਉਸ ਨੇ ਲਿਖਿਆ ਹੈ, 'ਅਵਾਰਗੀ ਦੇ ਇਸ ਜ਼ਮਾਨੇ ਵਿਚ ਤਬੀਅਤ ਹਰ ਵੇਲੇ ਉਖੜੀ ਜਿਹੀ ਰਹਿੰਦੀ। ਇਕ ਅਜੀਬ ਕਿਸਮ ਦੀ ਘੁਟਨ ਹਰ ਵੇਲੇ ਦਿਲ ਤੇ ਦਿਮਾਗ ਵਿਚ ਹੁੰਦੀ ਰਹਿੰਦੀ। ਚਾਹੁੰਦਾ ਸੀ ਕਿ ਜੋ ਚੀਜ਼ ਵੀ ਸਾਹਮਣੇ ਆਏ ਉਸ ਨੂੰ ਚੱਖਾਂ, ਭਾਵੇਂ ਉਹ ਬਹੁਤ ਕੌੜੀ ਹੀ ਕਿਉਂ ਨਾ ਹੋਵੇ। ਤਕੀਆਂ ਵਿਚ ਜਾਂਦਾ ਸੀ, ਕਬਰਸਤਾਨ ਵਿਚ ਘੁੰਮਦਾ ਸੀ। ਜਲ੍ਹਿਆਂਵਾਲਾ ਬਾਗ ਵਿਚ ਘੰਟਿਆਂਬੱਧੀ ਕਿਸੇ ਛਾਂਦਾਰ ਰੁੱਖ ਹੇਠਾਂ ਬੈਠ ਕੇ ਕਿਸੇ ਅਜਿਹੇ ਇਨਕਲਾਬ ਦੇ ਸੁਪਨੇ ਦੇਖਦਾ ਸੀ ਜੋ ਪਲਕ ਝਪਕਦਿਆਂ ਅੰਗਰੇਜ਼ੀ ਸ਼ਾਸਨ ਦਾ ਤਖ਼ਤਾ ਪਲਟ ਦੇਣ। ਸਕੂਲਾਂ ਨੂੰ ਜਾਂਦੀਆਂ ਕੁੜੀਆਂ ਦੇ ਝੁਰਮੁਟ ਨੂੰ ਦੇਖ ਦਾਸੀ ਤੇ ਉਨ੍ਹਾਂ ਵਿਚੋਂ ਕੋਈ ਚੰਗੀ ਜਿਹੀ ਲੜਕੀ ਛਾਂਟ ਕੇ ਉਸ ਨਾਲ ਇਸ਼ਕ ਲੜਾਉਣ ਦੀਆਂ ਯੋਜਨਾਵਾਂ ਤਿਆਰ ਕਰਦਾ ਸੀ-ਬੰਬ ਬਣਾਉਣ ਦੇ ਨੁਸਖੇ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਸੀ। ਵੱਡੇ-ਵੱਡੇ ਗਵੱਈਆਂ ਦੇ ਗਾਣੇ ਸੁਣਦਾ ਤੇ ਸ਼ਾਸਤਰੀ ਸੰਗੀਤ ਨੂੰ ਸਮਝਣ ਲਈ ਵਿਆਕੁਲ ਰਹਿੰਦਾ ਸੀ। ਮੈਂ ਉਸ ਜ਼ਮਾਨੇ ਵਿਚ ਸ਼ਿਅਰ ਕਹਿਣ ਦੀ ਵੀ ਕੋਸ਼ਿਸ਼ ਕੀਤੀ। ਫਰਜ਼ੀ ਮਸ਼ੂਕਾਂ ਦੇ ਨਾਂ ਲੱਗੇ ਕਾਗਜ਼ਾਂ 'ਤੇ ਵੱਡੇ-ਵੱਡੇ ਲੰਮੇ ਮੁਹੱਬਤਨਾਮੇ ਵੀ ਲਿਖੇ ਪਰ ਬਕਵਾਸ ਸਮਝ ਕੇ ਫਾੜ ਦਿੱਤੇ। ਦੋਸਤਾਂ ਦੇ ਨਾਲ ਮਿਲ ਕੇ ਚਰਸ ਦੀਆਂ ਸਿਗਰਟਾਂ ਵੀ ਪੀਤੀਆਂ, ਕੋਕੀਨ ਖਾਧੀ, ਸ਼ਰਾਬ ਪੀਤੀ ਪਰ ਮਨ ਦੀ ਬੇਚੈਨੀ ਦੂਰ ਨਾ ਹੋਈ।

ਸਪਸ਼ਟ ਹੈ ਕਿ ਮੰਟੋ ਦੇ ਦਿਮਾਗ ਵਿਚ ਤੂਫਾਨ ਮਚਿਆ ਹੋਇਆ ਸੀ। ਬੇਚੈਨ ਜਿਹਾ ਉਹ ਕਦੇ ਇਕ ਪਾਸੇ, ਕਦੇ ਦੂਜੇ ਪਾਸੇ ਨਿਕਲ ਜਾਂਦਾ। ਉਸ ਦੀਆਂ ਰੁਚੀਆਂ ਅਤੇ ਪ੍ਰਵਿਰਤੀਆਂ ਵਿਚ ਕੋਈ ਇਕਸੁਰਤਾ ਨਹੀਂ ਸੀ। ਇਕੱਲਾਪਨ ਅਤੇ ਅਜਨਬੀਪਨ ਉਸ 'ਤੇ ਬੁਰੀ ਤਰ੍ਹਾਂ ਹਾਵੀ ਸੀ। ਇਨ੍ਹੀਂ ਦਿਨੀਂ ਉਹ 'ਆਫੀਅਤ ਦਾ ਦੁਸ਼ਮਣ' ਅਤੇ ਅਵਾਰਗੀ ਦਾ ਆਸ਼ਨਾ' (ਗ਼ਾਲਿਬ) ਬਣਿਆ ਹੋਇਆ ਸੀ ਜਿਸ ਨੂੰ ਭਰਨ ਦੀ ਕੋਸ਼ਿਸ਼ ਉਹ ਕਦੇ ਸਿਗਰਟ-ਚਰਸ ਨਾਲ ਤੇ ਕਦੇ ਕੋਕੀਨ-ਸ਼ਰਾਬ ਨਾਲ ਕਰਦਾ। ਇਸ ਹਾਲ ਵਿਚ ਵੀ ਕ੍ਰਾਂਤੀ ਅਤੇ ਪ੍ਰੇਮ ਵਿਚ ਉਸ ਦੀ ਦਿਲਚਸਪੀ ਬਰਾਬਰ ਸੀ। ਇਹ ਦੋਵੇਂ ਉਸ ਦੇ ਲਈ ਇਕ ਹੀ ਸਿੱਕੇ ਦੇ ਦੋ ਪਹਿਲੂ ਸਨ ਜੋ ਉਸ ਦੀ ਜ਼ਿੰਦਗੀ ਅਤੇ ਸਾਹਿਤ ਵਿਚ ਕਈ-ਕਈ ਰੂਪ ਧਾਰਨ ਕਰਦੇ ਰਹੇ।

ਸ਼ਾਸਤਰੀ ਸੰਗੀਤ ਦੇ ਨਾਲ, ਗ਼ਜ਼ਲਾਂ ਸੁਣਨ ਦਾ ਵੀ ਉਸ ਨੂੰ ਸ਼ੌਕ ਸੀ। ਇਸੇ ਰੇਖਾ-ਚਿੱਤਰ ਵਿਚ ਅੱਗੇ ਚੱਲ ਕੇ ਮੰਟੋ ਲਿਖਦਾ ਹੈ ਕਿ ਜੀ.ਜੇ. ਦੇ ਹੋਟਲ ਵਿਚ ਆਸ਼ਿਕ ਫੋਟੋਗ੍ਰਾਫਰ ਜਦੋਂ ਆਪਣੀ ਪਤਲੀ ਆਵਾਜ਼ ਵਿਚ ਅਖ਼ਤਰ ਸ਼ਿਰਾਨੀ ਦੀ ਨਜ਼ਮ 'ਏ ਇਸ਼ਕ ਕਹੀਂ ਲੇ ਚਲ ਬੜੇ ਭਾਵ ਨਾਲ ਗਾਉਂਦਾ ਤਾਂ ਮੰਟੋ 'ਤੇ ਇਸ ਦਾ ਬਹੁਤ ਅਸਰ ਹੁੰਦਾ। ਉਨ੍ਹਾਂ ਦਿਨਾਂ ਦੀ ਪਰੇਸ਼ਾਨੀ ਦੇ ਆਲਮ ਵਿਚ ਮੰਟੋ ਲਿਖਦਾ ਹੈ, ਇਹ ਨਜ਼ਮ ਮੈਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਦੂਰ-ਦੂਰ ਬਹੁਤ ਦੂਰ ਅਣਦੇਖੇ ਜ਼ਜੀਰਿਆਂ ਵਿਚ ਲੈ ਜਾਂਦੀ।" ਉਹ ਸਖਤ ਯਥਾਰਥ ਦੀ ਜ਼ਮੀਨ 'ਤੇ ਤਿਲਕਦਾ ਹੋਇਆ, ਰਾਹਤ ਪਾਉਣ ਲਈ, ਸੁਪਨਿਆਂ ਵਿਚ ਗੁਆਚ ਜਾਂਦਾ ਤੇ ਸੁਪਨਿਆਂ 'ਚੋਂ ਧੜੱਮ ਹੇਠਾਂ ਆ ਡਿਗਦਾ।

ਹਸਨ ਅੱਬਾਬ ਅਤੇ ਅਬੂ ਸਈਦ ਕੁਰੈਸ਼ੀ ਉਸ ਦੀ ਇਸ ਅਜੀਬ ਅਤੇ ਜਟਿਲ ਮਨੋਸਥਿਤੀ ਦੇ ਗਵਾਹ ਹੀ ਨਹੀਂ ਸਨ, ਇਕ ਹੱਦ ਤਕ ਉਸ ਦੇ ਹਿੱਸੇਦਾਰ ਵੀ ਸਨ। ਅਵਾਰਗੀ ਵਿਚ ਉਹ ਮਜ਼ਾ ਲੈਂਦੇ ਪਰ ਉਦਾਸ ਵੀ ਹੋ ਜਾਂਦੇ। ਲੁਤਫ ਅਤੇ ਉਦਾਸੀ ਵਿਚ ਉਹ ਉੱਠਦੇ-ਡਿਗਦੇ ਰਹਿੰਦੇ। ਇਹ ਉਨ੍ਹਾਂ ਦੀ ਜੀਵਨ-ਸ਼ੈਲੀ ਬਣ ਗਈ ਸੀ।

# 'ਰੇਤ ਸਮਾਧੀ' ਅਤੇ ਸੰਨ ਸੰਤਾਲੀ

ਕਲਾ ਪਰਿਕਰਮਾ

ਬੁੱਕਰ ਸਾਹਿਤ ਪੁਰਸਕਾਰ ਦੇ ਇਤਿਹਾਸ ਵਿਚ ਪਹਿਲੀ ਵਾਰੀ ਦੱਖਣੀ ਏਸ਼ਿਆਈ ਭਾਸ਼ਾਵਾਂ 'ਚੋਂ ਹਿੰਦੀ ਨਾਵਲ 'ਰੇਤ ਸਮਾਧੀ' ਦੇ ਅੰਗਰੇਜ਼ੀ ਅਨੁਵਾਦ 'ਟੌਂਬ ਆਫ ਸੈਂਡ' ਨੂੰ ਇਸ ਵਰ੍ਹੇ ਦਾ ਇਹ ਵੱਕਾਰੀ ਪੁਰਸਕਾਰ ਦਿੱਤਾ ਗਿਆ ਹੈ। ਇਸ ਨਾਵਲ ਦੀ ਲੇਖਿਕਾ ਗੀਤਾਂਜਲੀ ਸ੍ਰੀ ਹਨ ਅਤੇ 'ਰੇਤ ਸਮਾਧੀ' ਦਾ ਹਿੰਦੀ ਤੋਂ ਅੰਗਰੇਜ਼ੀ ਅਨੁਵਾਦ ਪ੍ਰਸਿੱਧ ਅਨੁਵਾਦਕ ਅਤੇ ਕਲਾਕਾਰ ਡੇਜ਼ੀ ਰੌਕਵੈੱਲ ਨੇ ਕੀਤਾ ਹੈ।

ਗੀਤਾਂਜਲੀ ਦੇ ਇਸ ਵੱਡਆਕਾਰੀ ਨਾਵਲ ਦੀ ਹਿੰਦੀ ਵਿਚ ਇੰਨੀ ਚਰਚਾ ਨਹੀਂ ਸੀ ਹੋਈ ਪਰ ਡੇਜ਼ੀ ਰੌਕਵੈੱਲ ਵੱਲੋਂ ਅਨੁਵਾਦਤ 725 ਸਫਿਆਂ ਦੀ ਇਸ ਪੁਸਤਕ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਇਹ ਕਹਾਣੀ ਲੱਖਾਂ ਕਹਾਣੀਆਂ ਵਿਚੋਂ ਇਕ ਹੈ ਜੋ ਦੱਖਣੀ ਏਸ਼ਿਆਈ ਮੁਲਕਾਂ,

ਕ੍ਰਿਸ਼ਨ ਕੁਮਾਰ ਰੱਤੂ
ਫੋਨ: +91-94787-30156


ਖਾਸਕਰ ਹਿੰਦੋਸਤਾਨੀ ਉਪ-ਮਹਾਂਦੀਪ ਵਿਚ ਵਾਪਰੀਆਂ ਅਤੇ 1947 ਦੀ ਦੇਸ਼ ਵੰਡ ਵੇਲੇ ਵਾਪਰੀਆਂ ਘਟਨਾਵਾਂ ਦੀ ਮਾਨਵੀ ਤ੍ਰਾਸਦੀ ਦੀ ਯਾਦ ਸਦਾ ਚੇਤਿਆਂ ਵਿਚ ਤਾਜ਼ਾ ਰਹੇਗੀ।

ਗੀਤਾਂਜਲੀ ਸ੍ਰੀ ਹਿੰਦੀ ਕਹਾਣੀਕਾਰ ਅਤੇ ਨਾਵਲਕਾਰ ਹੈ। ਉਸ ਦੇ ਹਿੰਦੀ ਵਿਚ ਤਿੰਨ ਨਾਵਲ ਅਤੇ ਕਹਾਣੀਆਂ ਦੀ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ। ਆਪਣੇ ਧੰਨਵਾਦੀ ਭਾਸ਼ਣ ਵਿਚ ਗੀਤਾਂਜਲੀ ਨੇ ਕਿਹਾ, "ਮੈਂ ਕਦੇ ਵੀ ਬੁੱਕਰ ਜਿੱਤਣ ਦੀ ਕਲਪਨਾ ਨਹੀਂ ਸੀ ਕੀਤੀ। ਮੈਂ ਤਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਂ ਅਜਿਹਾ ਕੁਝ ਕਰ ਸਕਦੀ ਹਾਂ। ਇਹ ਵੱਡਾ ਪੁਰਸਕਾਰ ਹੈ। ਮੈਂ ਹੈਰਾਨ ਹਾਂ, ਪ੍ਰਸੰਨ ਹਾਂ। ਮੈਂ ਸਨਮਾਨਿਤ ਮਹਿਸੂਸ ਕਰ ਰਹੀ ਹਾਂ।"


'ਰੇਤ ਸਮਾਧੀ' ਦੀ ਕਹਾਣੀ ਹੈ ਕੀ ਜਿਸ ਨੇ ਬੁੱਕਰ ਦੇ ਚੋਣਕਾਰਾਂ ਨੂੰ ਪ੍ਰਭਾਵਿਤ ਕੀਤਾ। ਮੈਂ ਪਿਛਲੇ ਵਰ੍ਹੇ ਇਹ ਹਿੰਦੀ ਨਾਵਲ ਪੜ੍ਹਿਆ ਸੀ। ਇਹ 80 ਵਰ੍ਹਿਆਂ ਦੀ ਬਿਰਧ ਮਾਂ ਦੀ ਕਹਾਣੀ ਹੈ ਜੋ ਧਰਮ, ਦੇਸ਼ਾਂ ਤੇ ਲਿੰਗਕ ਸਮੱਸਿਆਵਾਂ ਨਾਲ ਜਟਿਲ ਮਾਨਵੀ ਰਿਸ਼ਤਿਆਂ ਨੂੰ ਜੋੜਦੀ ਹੈ। ਇਸ ਵੰਡ ਦੀ ਤ੍ਰਾਸਦੀ ਦਾ ਵਰਣਨ ਹੈ ਜੋ ਕਾਫੀ ਲੰਮਾ ਤੇ ਘਟਨਾਵਾਂ ਨਾਲ ਭਰਿਆ ਹੋਇਆ ਹੈ।

'ਟੌਂਬ ਆਫ ਸੈਂਡ' ਵਿਚ ਭਾਰਤ ਦੀ ਉਹ ਪਰਿਵਾਰਕ ਤ੍ਰਾਸਦੀ ਹੈ ਜੋ ਅੱਜ ਵੀ ਹਜ਼ਾਰਾਂ ਘਰਾਂ ਦੀਆਂ ਯਾਦਾਂ ਦਾ ਹਿੱਸਾ ਹੈ, ਵੰਡ ਦੇ ਇੰਨੇ ਸਾਲਾਂ ਬਾਅਦ ਵੀ। ਇੰਜ ਲੱਗਦਾ ਹੈ ਕਿ ਦੁੱਖ ਅਤੇ ਰਿਸ਼ਤਿਆਂ ਦੇ ਜ਼ਖਮ ਸਰਹੱਦਾਂ ਅਤੇ ਰਾਜਨੀਤੀ ਤੋਂ ਕਿਤੇ ਉਪਰ ਹੁੰਦੇ ਹਨ। ਇਸ ਨਾਵਲ ਵਿਚ ਉਹ ਸਭ ਕੁਝ ਹੈ ਜੋ ਇਕ ਔਰਤ ਦੀ ਜ਼ਿੰਦਗੀ 'ਚ ਵਾਪਰਦਾ ਹੈ। ਔਰਤ ਹੀ ਹੈ ਜੋ ਇਕ ਸਮੇਂ ਕਈ ਬਿਪਤਾਵਾਂ ਅਤੇ ਖੁਸ਼ੀਆਂ ਨੂੰ ਬੰਨ੍ਹ ਕੇ ਰਹਿ ਸਕਦੀ ਹੈ। ਇਹ ਵੰਡ ਤੋਂ ਬਾਅਦ ਭਾਰਤ ਦੀ ਔਰਤ ਦੀ ਤ੍ਰਾਸਦੀ ਦੀ ਕਹਾਣੀ ਹੈ, ਵੰਡ ਤੋਂ ਬਾਅਦ ਦੀ ਬੇਹੱਦ ਕਲਾਤਮਕ ਤਸਵੀਰ। ਜ਼ਿੰਦਗੀ ਦੇ ਆਖਰੀ ਮਰਹਲੇ 'ਤੇ ਕਿਵੇਂ ਇੱਛਾਵਾਂ ਦੇ ਬੰਧਨ 'ਚ ਸੰਚਾਰ ਹੁੰਦਾ ਹੈ ਤੇ ਜ਼ਿੰਦਗੀ ਮੁਸਕਰਾਉਂਦੀ ਹੈ, ਇਹ ਨਾਵਲ ਇਸ ਦੀ ਬਹੁਤ ਵਧੀਆ ਮਿਸਾਲ ਹੈ। ਨਾਵਲ ਵਿਚ ਮੌਤ ਦਾ ਹਾਲ ਅਤੇ ਜ਼ਿੰਦਗੀ ਦੀਆਂ ਗੱਲਾਂ ਦਾ ਉਹ ਸੱਚ ਹੈ ਜੋ ਕੋਈ ਸਾਰੀ ਉਮਰ ਕਿਸੇ ਅਜਿਹੇ ਸ਼ਖਸ ਨਾਲ ਵੀ ਸਾਂਝਾ ਨਹੀਂ ਕਰ ਸਕਦਾ ਜਿਸ ਨੂੰ ਉਹ ਸਾਰੀ ਉਮਰ ਦਾ ਜਾਣਦਾ ਹੋਵੇ। ਇਹੀ ਜ਼ਿੰਦਗੀ ਦਾ ਅਮਲ ਹੈ।

ਹਿੰਦੀ ਕਿਤਾਬ ਨੂੰ ਕੌਮਾਂਤਰੀ ਪੁਰਸਕਾਰ ਮਿਲਣਾ ਵੀ ਬੜੀ ਅਦਭੁੱਤ ਘਟਨਾ ਹੈ ਜਿਸ ਦਾ ਸਭ ਨੇ ਸਵਾਗਤ ਕੀਤਾ ਹੈ। ਗੀਤਾਂਜਲੀ ਸ੍ਰੀ ਦੀ ਪੁਸਤਕ ਨੂੰ ਇਹ ਪੁਰਸਕਾਰ ਮਿਲਣਾ ਸਾਨੂੰ 1970 ਵਿਚ ਗੈਬਰੀਅਲ ਗਾਰਸ਼ੀਆ ਮਾਰਖੇਜ਼ ਦੇ ਨਾਵਲ 'ਹੰਡਰਡ ਯੀਅਰਜ਼ ਆਫ ਸਾਲੀਟਿਊਡ' ਦੀ ਯਾਦ ਦਿਵਾਉਂਦਾ ਹੈ ਜੋ ਸਪੇਨੀ ਭਾਸ਼ਾ ਦੀ ਪੁਸਤਕ ਦਾ ਅੰਗਰੇਜ਼ੀ ਅਨੁਵਾਦ ਸੀ। ਇਸ ਤਰ੍ਹਾਂ ਹਿੰਦੀ ਅਤੇ ਦੂਸਰੀਆਂ ਭਾਸ਼ਾਵਾਂ ਲਈ ਇਹ ਕਿਤਾਬ ਕਈ ਭਾਸ਼ਾਈ ਰਸਤੇ ਖੋਲ੍ਹਦੀ ਹੈ ਅਤੇ ਅਨੁਵਾਦ ਦੇ ਨਵੇਂ ਪਸਾਰ ਸਿਰਜਦੀ ਹੈ।




ਨਾਵਲ 'ਟੌਂਬ ਆਫ ਸੈਂਡ' ਜਿਸ ਨੂੰ ਇਨਾਮ ਮਿਲਿਆ।




ਹਿੰਦੀ ਵਿਚ ਲਿਖੇ ਮੂਲ ਨਾਵਲ 'ਰੇਤ ਸਮਾਧੀ' ਦਾ ਮੁਖੜਾ।



ਗੀਤਾਂਜਲੀ ਸ੍ਰੀ

ਗੀਤਾਂਜਲੀ ਸ੍ਰੀ ਦਾ ਪਹਿਲਾ ਨਾਵਲ 'ਮਾਈ' 1990 ਵਿਚ ਪ੍ਰਕਾਸ਼ਿਤ ਹੋਇਆ ਸੀ। ਉਸ ਤੋਂ ਬਾਅਦ 'ਹਮਾਰਾ ਸ਼ਹਿਰ ਉਸ ਬਰਸ' ਆਇਆ। ਫਿਰ 'ਤਿਰੋਹਿਤ' ਅਤੇ ਬਾਅਦ ਵਿਚ 'ਖਾਲ੍ਹੀ ਜਗ੍ਹਾ' ਨਾਵਲ ਛਪਿਆ ਸੀ। ਉਸ ਦੇ ਕਹਾਣੀ ਸੰਗ੍ਰਹਿ ਵੀ ਇਸਤਰੀ ਮਨ ਦੀਆਂ ਗਹਿਰਾਈਆਂ ਬਿਆਨ ਕਰਦੇ ਹਨ। ਉਹ ਰਿਸ਼ਤਿਆਂ ਦੀਆਂ ਪੀਡੀਆਂ ਗੁੰਝਲਾਂ ਨੂੰ ਆਪਣੀ ਸ਼ੈਲੀ ਨਾਲ ਖੋਲ੍ਹਦੀ ਹੈ। ਉਸ ਦੀਆਂ ਪੁਸਤਕਾਂ ਦੇ ਅਨੁਵਾਦ ਭਾਰਤੀ ਜ਼ਬਾਨਾਂ ਤੋਂ ਇਲਾਵਾ ਅੰਗਰੇਜ਼ੀ, ਫਰੈਂਚ, ਜਰਮਨ ਵਿਚ ਵੀ ਹੋ ਚੁੱਕੇ ਹਨ। ਉਸ ਦੇ ਨਾਵਲ 'ਮਾਈ' ਦਾ ਅਨੁਵਾਦ 'ਕ੍ਰਾਸਵਰਡ ਐਵਾਰਡ' ਲਈ ਵੀ ਨਾਮਜ਼ਦ ਹੋਇਆ ਸੀ।

'ਟੌਂਬ ਆਫ ਸੈਂਡ' ਨੂੰ ਬੁੱਕਰ ਪੁਰਸਕਾਰ ਮਿਲਣਾ ਹਿੰਦੀ ਅਤੇ ਦੂਸਰੀਆਂ ਭਾਸ਼ਾਵਾਂ ਲਈ ਮਾਣਨਯੋਗ ਪਲ ਹੈ। ਗੀਤਾਂਜਲੀ ਨੇ ਕਿਹਾ ਕਿ ਉਹ ਪਰੰਪਰਾਵਾਂ ਨਾਲ ਜੁੜੀ ਲੇਖਿਕਾ ਹੈ ਤੇ ਹਿੰਦੀ ਭਾਸ਼ਾ ਦੀ ਇਤਿਹਾਸਕ ਪਰੰਪਰਾ ਹੈ। ਇਸ ਮੁਕਾਬਲੇ ਵਿਚ ਪੰਜ ਹੋਰ ਅਨੁਵਾਦਤ ਪੁਸਤਕਾਂ ਸਨ ਪਰ ਜਿਵੇਂ ਜਿਊਰੀ ਨੇ ਕਿਹਾ- "ਇਹ ਨਾਵਲ ਸੀਮਾ ਤੋਂ ਪਰ੍ਹੇ ਜ਼ਿੰਦਗੀ ਦੀ ਕਹਾਣੀ ਹੈ। ਕਹਾਣੀ ਕਦੇ ਪੂਰੀ ਹੁੰਦੀ ਹੈ, ਕਦੇ ਅਧੂਰੀ ਰਹਿੰਦੀ ਹੈ ਪਰ ਇਹ ਇਕ ਮੁਕੰਮਲ ਤੇ ਦਿਲਚਸਪ ਕਹਾਣੀ ਹੈ।" ਅਨੁਵਾਦਕ ਡੇਜ਼ੀ ਰੌਕਵੈੱਲ ਨੇ ਕਿਹਾ ਕਿ ਇਹ ਉਸ ਦਾ ਹਿੰਦੀ ਭਾਸ਼ਾ ਲਈ ਪ੍ਰੇਮ ਹੀ ਹੈ ਕਿ ਉਸ ਦੀ ਅਨੁਵਾਦ ਕੀਤੀ ਪੁਸਤਕ ਬੁੱਕਰ ਤੀਕ ਪਹੁੰਚੀ ਹੈ।

ਗੀਤਾਂਜਲੀ ਦੀ ਇਸ ਪੁਸਤਕ ਨਾਲ ਅਨੁਵਾਦ ਦਾ ਰੁਤਬਾ ਵੀ ਵਧਿਆ ਹੈ ਜੋ ਆਉਣ ਵਾਲੇ ਸਮੇਂ ਵਿਚ ਦੂਸਰੀਆਂ ਭਾਸ਼ਾਵਾਂ 'ਚ ਦਿਖਾਈ ਦੇਵੇਗਾ।

12 ਜੂਨ 1957 ਨੂੰ ਉੱਤਰ ਪ੍ਰਦੇਸ਼ ਦੇ ਮੈਨਪੁਰੀ 'ਚ ਪੈਦਾ ਹੋਈ ਸੀ। ਬਾਅਦ ਵਿਚ ਸੂਬੇ ਦੇ ਕਈ ਸ਼ਹਿਰਾਂ 'ਚ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਦਿੱਲੀ ਦੇ ਲੇਡੀ ਸ੍ਰੀਰਾਮ ਕਾਲਜ ਤੋਂ ਬੀ.ਏ. ਤੇ ਜੇ.ਐੱਨ.ਯੂ. ਤੋਂ ਇਤਿਹਾਸ 'ਚ ਐਮ.ਏ. ਦੀ ਡਿਗਰੀ ਪ੍ਰਾਪਤ ਕੀਤੀ ਹੈ। ਐਮ.ਐਸ. ਯੂਨੀਵਰਸਿਟੀ ਬੜੌਦਾ ਤੋਂ ਉਸ ਨੇ ਪ੍ਰੇਮ ਚੰਦ 'ਤੇ ਪੀਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ ਅਤੇ ਬਾਅਦ ਵਿਚ ਜਾਮੀਆ ਯੂਨੀਵਰਸਿਟੀ 'ਚ ਪੜ੍ਹਾਇਆ। 1987 'ਚ ਪਹਿਲੀ ਕਹਾਣੀ 'ਬੇਲ ਪੱਤਰ' ਹਿੰਦੀ ਰਸਾਲੇ 'ਹੰਸ' ਵਿਚ ਛਪੀ ਸੀ। ਉਸ ਦੇ ਦੋ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। 2001 'ਚ ਉਸ ਨੂੰ ਦਿੱਲੀ ਅਕਾਦਮੀ ਨੇ ਸਨਮਾਨਿਤ ਕੀਤਾ ਸੀ। ਉਹ ਸਕਾਟਲੈਂਡ ਤੇ ਫਰਾਂਸ 'ਚ 'ਰਾਈਟਰ ਇਨ ਰੈਜ਼ੀਡੈਂਸੀ' ਵੀ ਰਹੀ ਹੈ। ਅੱਜ ਕੱਲ੍ਹ ਦਿੱਲੀ ਵਿਚ ਰਹਿ ਰਹੀ ਹੈ।

ਆਪਣੇ ਰਿਸ਼ਤਿਆਂ ਨੂੰ ਆਪਣੇ ਤੀਕ ਰੱਖਣ ਵਾਲੀ ਗੀਤਾਂਜਲੀ ਸ੍ਰੀ ਨਾਲ ਜੈਪੁਰ ਦੇ ਜਵਾਹਰ ਕਲਾ ਕੇਂਦਰ 'ਚ ਦਸੰਬਰ 2008 'ਚ ਮੁਲਾਕਾਤ ਹੋਈ ਸੀ। ਗੀਤਾਂਜਲੀ ਜ਼ਿੰਦਗੀ ਨਾਲ ਲਬਰੇਜ਼ ਦੋਸਤ ਹੈ ਅਤੇ ਉਸ ਨੇ ਵੰਡ ਦੇ ਦਰਦ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ। ਇਸ ਮੁਲਾਕਾਤ ਵਿਚ ਉਸ ਨੇ ਕਿਹਾ ਸੀ- "ਪੂਰੀ ਜ਼ਿੰਦਗੀ ਇਕ ਕਹਾਣੀ ਹੈ ਜੋ ਕਦੇ ਪੂਰੀ ਮੁਕੰਮਲ ਨਹੀਂ ਹੁੰਦੀ।"

ਅੱਜ ਇਹ ਕੌਮਾਂਤਰੀ ਪ੍ਰਾਪਤੀ, ਇਹ ਸਨਮਾਨ ਇਕੱਲਿਆਂ ਉਸ ਦਾ ਹੀ ਨਹੀਂ ਸਗੋਂ ਭਾਰਤੀ ਭਾਸ਼ਾਵਾਂ ਦੇ ਸਾਰੇ ਲੇਖਕਾਂ ਅਤੇ ਭਾਸ਼ਾਵਾਂ ਦਾ ਹੈ। ਉਹ ਫੋਨ 'ਤੇ ਦੱਸਦੀ ਹੈ, "ਮੈਂ ਤਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਬੁੱਕਰ ਵਰਗੇ ਪੁਰਸਕਾਰ ਲਈ ਮੇਰੀ ਕਿਸੇ ਪੁਸਤਕ ਨੂੰ ਚੁਣਿਆ ਜਾਵੇਗਾ। ਇਹ ਸੱਚਮੁੱਚ ਖੁਸ਼ੀ ਅਤੇ ਹੈਰਾਨੀ ਵਾਲਾ ਮੌਕਾ ਹੈ। ਸਰਹੱਦਾਂ ਤੋਂ ਪਾਰ ਮਾਨਵੀ ਰਿਸ਼ਤਿਆਂ ਦੀ ਹੋਂਦ ਹਮੇਸ਼ਾ ਜ਼ਿੰਦਾ ਰਹਿੰਦੀ ਹੈ।"

## ਮੋਦੀ ਸਰਕਾਰ ਨੇ ਸ਼ਬਾਸ਼ ਕਿਉਂ ਨਾ ਦਿੱਤੀ...

ਮੋਦੀ ਸਰਕਾਰ ਸੰਸਾਰ ਪੱਧਰ 'ਤੇ ਕਿਸੇ ਵੀ ਭਾਰਤੀ ਵੱਲੋਂ ਕੀਤੀ ਪ੍ਰਾਪਤੀ 'ਤੇ ਝੱਟ ਟਿੱਪਣੀ ਕਰਦੀ ਹੈ, ਵਧਾਈਆਂ ਦਿੰਦੀ ਹੈ ਅਤੇ ਨਾਲ ਹੀ ਭਾਰਤ ਦੇ ਸਭਿਆਚਾਰ ਦਾ ਗੁਣਗਾਨ ਕਰਦੀ। ਐਤਕੀਂ ਇਸ ਤੋਂ ਉਲਟ ਵਾਪਰਿਆ। ਬੁੱਕਰ ਪੁਰਸਕਾਰ ਦੇ ਐਲਾਨ ਨੂੰ 24 ਘੰਟੇ ਲੰਘ ਗਏ ਪਰ ਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਨਾ ਹੀ ਕਿਸੇ ਹੋਰ ਨੇ ਗੀਤਾਂਜਲੀ ਸ੍ਰੀ ਨੂੰ ਵਧਾਈ ਦਿੱਤੀ। ਇਸ ਬਾਰੇ ਨੁਕਤਾਚੀਨੀ ਸ਼ੁਰੂ ਹੋਣ ਤੋਂ ਬਾਅਦ ਕੇਂਦਰੀ ਕੈਬਨਿਟ ਮੰਤਰੀ ਹਰਦੀਪ ਪੁਰੀ ਦਾ ਟਵੀਟ ਆਇਆ ਅਤੇ ਉਨ੍ਹਾਂ ਗੀਤਾਂਧਜਲੀ ਸ੍ਰੀ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ। ਅਸਲ ਵਿਚ ਇਸ ਨਾਵਲ ਵਿਚ ਉਸ ਇਲਾਕੇ ਦਾ ਭਰਪੂਰ ਜ਼ਿਕਰ ਹੈ ਜੋ ਅੱਜ ਪਾਕਿਸਤਾਨ ਦਾ ਹਿੱਸਾ ਹੈ ਅਤੇ ਇਸ ਫਿਰਕਾਪ੍ਰਸਤੀ ਦੀ ਮਾਰ ਕਾਰਨ ਔਖੀਆਂ ਹੋਈਆਂ ਜਿੰਦੜੀਆਂ ਦੀ ਚੀਕਾਂ ਹਨ। ਇਸੇ ਕਰਕੇ ਸਰਕਰ ਨੇ ਖਾਮੋਸ਼ੀ ਧਾਰ ਲਈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਜੂਨ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-537



ਬਾਦਸ਼ਾਹੀ ਉਮਰ ਹੈ ਇਹ ਬਚਪਨ ਦੇ ਦਿਨ,
ਤਖ਼ਤ-ਏ-ਤਾਊਸ ਜਾਪਦਾ ਚੁੱਲ੍ਹਾ ਇੰਨ-ਬਿੰਨ।
ਨ ਕਾਲਖ਼ ਹੈ ਮਨ ਦੀ ਨ ਤਨ ਦੀ ਮੈਲ਼ ਭਾਸੇ,
ਬੈਠਾ ਹੈ ਸ਼ਾਹ-ਏ-ਜਹਾਂ ਜ਼ਰਾ ਤੱਕੋ ਪੈਣ ਹਾਸੇ।

### ਕੈਪਸ਼ਨ ਮੁਕਾਬਲਾ-535



ਆਟੇ ਵਾਂਗ ਗੁੰਨ ਕੇ ਮਿੱਟੀ,
ਚੱਕੇ ਉੱਤੇ ਘੁਮਿਆਰ ਧਰੇ।
ਕਲਾ ਨਾਲ ਮੇਰਾ ਰੂਪ ਬਣਾ ਕੇ,
ਆਵੀ ਵਿਚ ਅੱਗ ਦੀ ਭੇਟ ਕਰੇ।
ਨਾਲ ਤਪਸ਼ ਦੇ ਲੜ ਕੇ, 'ਰੜ ਕੇ',
ਰੂਪ ਘੜੇ ਦਾ ਧਾਰਾਂ ਮੈਂ।
ਗਰਮੀ ਨਾਲ ਜਦ ਛੁੱਟਣ ਪਸੀਨੇ,
ਤਪਦੇ ਸੀਨੇ ਠਾਰਾਂ ਮੈਂ।
*-ਗੁਰਦੇਵ ਸਿੰਘ ਢਪਾਲੀ*
*ਗੁਰੂ ਤੇਗ ਬਹਾਦਰ ਨਗਰ, ਬਠਿੰਡਾ।*
*ਫੋਨ: 94176-49275*

---

ਸੜਕ ਕਿਨਾਰੇ ਦੇਖ ਕਤਾਰਾਂ
ਬੀਤਿਆ ਵੇਲਾ ਯਾਦ ਹੈ ਆਉਂਦਾ।
ਕਿੰਨੀ ਕਦਰ ਸੀ ਏਸ ਘੜੇ ਦੀ
ਘਰ ਤੇ ਬਾਹਰ ਸਾਥ ਨਿਭਾਉਂਦਾ।
ਹੁਣ ਗਾਹਕ ਕੋਈ ਆ ਵੀ ਜਾਵੇ
ਨਿਰਖ ਪਰਖ ਲਈ ਠੋਲੇ ਲਾਉਂਦਾ।
*-ਜਗਮੀਤ ਸਿੰਘ ਪੰਧੇਰ*
*ਵਿੰਨੀਪੈਗ, ਕੈਨੇਡਾ*
*ਫੋਨ: +1 2042963177*

---

ਵਿਰਸੇ ਦੀ ਰਹਿ ਗਈ ਨਿਸ਼ਾਨੀ,
ਪਿੱਲੇ ਘੜੇ ਸੁਰਾਹੀਆਂ,
ਸੜਕ ਕੰਢੇ ਠੰਢੀ ਛਾਂ ਥੱਲੇ ਪਾਣੀ,
ਪਿਲਾਉਂਦੇ ਸੀ ਰਾਹੀਆਂ।
ਏ ਸੀ, ਕੂਲਰ ਫਰਿੱਜਾਂ ਆਈਆਂ,
ਘੁਮਿਆਰ ਹੋਏ ਵਿਹਲੇ,
ਨਾ ਸਾਈਕਲ ਨਾ ਪੈਦਲ ਤੁਰਦੇ,
ਨਵੇਂ ਯੁੱਗ ਦੇ ਨਵੇਂ ਝਮੇਲੇ।
*-ਸੇਵਾ ਸਿੰਘ ਨੂਰਪੁਰੀ*
*ਸੈਨ ਹੌਜ਼ੇ, ਕੈਲੀਫ਼ੋਰਨੀਆ*
*ਫ਼ੋਨ: 408 912 3438*

---

ਘੜਾ ਬਣਿਆ ਹੀ ਸੋਹਣਾ ਲੱਗਦਾ
ਗਰੀਬ ਵਿਚਾਰਾ ਗੁੰਨ ਗੁੰਨ
ਚੀਕਣੀ ਮਿੱਟੀ
ਪਾ ਸਾਂਚੇ 'ਚ ਦੇ ਤਾਅ
ਸਿਖਰਾਂ ਦਾ ਆਵੇ 'ਚ
ਬਣ ਘੜਾ ਹੋਂਦ 'ਚ ਆਉਂਦਾ।
ਵੇਚਣ ਲਈ ਲਾ ਪੂਰੀ ਨੁਮਾਇਸ਼
ਭਰ ਸ਼ੀਤਲ ਠੰਢਾ-ਠਾਰ ਪਾਣੀ
ਅੰਤਾਂ ਦੀ ਗਰਮੀ ਅਤੇ ਧੁੱਪ 'ਚ ਬਹਿ ਕੇ
ਜੇ ਖਰੀਦਦਾਰ ਹੀ ਆਵੇ ਟਾਵਾਂ-ਟਾਵਾਂ
ਸੱਟ ਵੱਜਦੀ, ਮੁਨਾਫਾ ਤਾਂ ਕੀ
ਮਿਹਨਤ ਹੀ ਮੁੜ ਆਵੇ
ਕਲਾ ਦਾ ਨਿਰਾਦਰ ਵੀ ਨਜ਼ਰ ਆਉਂਦਾ।
*-ਦਰਸ਼ਨ ਪਾਲ ਦੋਸਾਂਝ*

To Advertise with Punjab Times Call: 847-359-0746
Visit us on the web:wwwpunjabtimesusa.com

# ਸ਼ਬਦਾਂ ਦੀ ਦਰਗਾਹੇ

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਸ਼ਬਦਾਂ ਦਾ ਗੁਣਗਾਣ ਕੀਤਾ ਹੈ। ਉਹ ਦੱਸਦੇ ਹਨ ਕਿ ਉਹ ਅਕਸਰ ਸ਼ਬਦਾਂ ਦੀ ਦਰਗਾਹ 'ਤੇ ਜਾਂਦੇ ਹਨ ਤੇ ਇਹ ਦਰਗਾਹ ਮਨ ਦਾ ਸਕੂਨ, ਰੂਹ ਨੂੰ ਸੁਖਨ, ਸੋਚ ਵਿਚ ਸ਼ਾਂਤੀ ਅਤੇ ਅੰਤਰੀਵ ਦੀ ਯਾਤਰਾ ਦਾ ਸਬੱਬ ਬਣਦੀ ਹੈ। ਸ਼ਬਦ ਹੀ ਸਭ ਕੁਝ ਹੈ। ਸਮੁੱਚੀ ਗੁਰਬਾਣੀ ਸ਼ਬਦ ਦੀ ਮਹਿਮਾ ਨਾਲ ਭਰੀ ਹੋਈ ਹੈ ਕਿਉਂਕਿ ਸ਼ਬਦ ਹੀ ਜੀਵਨ ਦਾ ਸੱਚ ਤੇ ਸਾਰ ਹੈ।**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਮੈਂ ਅਕਸਰ ਹੀ ਸ਼ਬਦਾਂ ਦੀ ਦਰਗਾਹੇ ਜਾਂਦਾ ਹਾਂ। ਮੇਰੇ ਲਈ ਇਸ ਦਰਗਾਹ 'ਤੇ ਜਾਣਾ ਰੂਹੀ ਅਕੀਦਤ ਭੇਟ ਕਰਨਾ ਅਤੇ ਸ਼ਬਦਾਂ ਵਿਚੋਂ ਖੁਦ ਨੂੰ ਸਮਝਣਾ, ਸਮਝਾਉਣਾ ਅਤੇ ਉਲਥਾਉਣਾ ਵੀ ਸ਼ਾਮਲ ਹੈ।

ਸ਼ਬਦਾਂ ਦੀ ਦਰਗਾਹੇ ਕਦੇ ਅਵੇਰੇ, ਕਦੇ ਸਵੇਰੇ। ਕਦੇ ਢਲਦੇ ਪ੍ਰਛਾਂਵੀਂ, ਕਦੇ ਸਰਘੀ ਵੇਲੇ। ਕਦੇ ਤਿੱਖੜ ਦੁਪਹਿਰੀਂ ਤੇ ਕਦੇ ਲੌਢੇ ਵੇਲੇ ਮੈਂ ਇਨ੍ਹਾਂ ਦੀ ਇਬਾਦਤ ਕਰਦਾ ਹਾਂ।

ਸ਼ਬਦਾਂ ਦੀ ਦਰਗਾਹ ਮਨ ਦਾ ਸਕੂਨ, ਰੂਹ ਨੂੰ ਮਿਲਿਆ ਸੁਖਨ, ਸੋਚ ਵਿਚ ਸ਼ਾਂਤੀ ਅਤੇ ਅੰਤਰੀਵ ਦੀ ਯਾਤਰਾ ਦਾ ਸਬੱਬ। ਇਨ੍ਹਾਂ ਰਾਹੀਂ ਹੀ ਅਸੀਂ ਖੁਦ ਦੇ ਰੂਬਰੂ ਹੁੰਦੇ। ਸ਼ਬਦਾਂ ਦੀ ਦਰਗਾਹੇ ਜਾ ਕੇ ਅਸੀਂ ਖ਼ੁਦ ਨਾਲ ਸੰਵਾਦ ਰਚਾਉਂਦੇ। ਮਨ ਵਿਚ ਉਠੇ ਪ੍ਰਸ਼ਨਾਂ ਦਾ ਜਵਾਬ ਭਾਲਦੇ ਅਤੇ ਇਨ੍ਹਾਂ ਦੀ ਚੁੰਝ-ਚਰਚਾ ਨੂੰ ਸ਼ਬਦਾਂ ਰਾਹੀਂ ਵਰਕਿਆਂ ਦੇ ਨਾਮ ਕਰਦੇ। ਸ਼ਬਦਾਂ ਦੀ ਦਰਗਾਹੇ ਜਾਣਾ ਵਿਰਲਿਆਂ ਦਾ ਨਸੀਬ। ਬਹੁਤੇ ਲੋਕ ਇਸ ਦਰਗਾਹ ਤੋਂ ਪਾਸਾ ਵੱਟਦੇ। ਇਸਦੀ ਆਗੋਸ਼ ਦਾ ਨਿੱਘ ਮਾਨਣ ਤੋਂ ਨਾਬਰ। ਉਹ ਸਿਰਫ਼ ਭਰਮ-ਭੁਲੇਖਿਆਂ ਦਾ ਜੀਵਨ ਜਿਉਂਦੇ ਅਤੇ ਮੁਖੌਟਿਆਂ ਦੇ ਧਾਰਨੀ।

ਸ਼ਬਦਾਂ ਦੀ ਦਰਗਾਹ 'ਚ ਜਾ ਕੇ ਹੀ ਮੈਂ ਆਪਣੇ ਪਿੰਡ ਨੂੰ ਮਿਲਦਾ ਹਾਂ। ਇਸਦੀ ਫਿਰਨੀ ਦਾ ਗੇੜਾ ਲਾਉਂਦਾ ਹਾਂ। ਪਿੰਡ ਦੀਆਂ ਗਲੀਆਂ ਵਿਚ ਧੁੰਧਲੀ ਪੈ ਗਈ ਆਪਣੀ ਪੈੜ ਨੂੰ ਵੀ ਦੇਖਦਾ ਹਾਂ। ਫਿਰ ਆਪਣੇ ਉਸ ਸਫ਼ਰ ਨੂੰ ਨਿਹਾਰਦਾ ਜਦ ਨਿੱਕੇ ਨਿੱਕੇ ਪੈਰਾਂ ਤੋਂ ਸ਼ੁਰੂ ਹੋਇਆ ਸਫ਼ਰ ਦੇਸ਼ਾਂ-ਵਿਦੇਸ਼ਾਂ ਦੀ ਪਰਿਕਰਮਾ ਕਰਦਿਆਂ, ਉਨ੍ਹਾਂ ਸੁਪਨਿਆਂ ਦੀ ਸਾਜ਼ਗਾਰੀ ਨੂੰ ਮਾਣਦਾ ਹਾਂ ਜਿਹੜੇ ਸੁਪਨੇ ਚੜ੍ਹਦੀ ਉਮਰੇ ਲਏ ਸਨ।

ਸ਼ਬਦਾਂ ਦੀ ਦਰਗਾਹੇ ਜਾ ਕੇ ਹੀ ਮੈਨੂੰ ਚੇਤੇ ਆਉਂਦੀ ਹੈ ਪਿੰਡ ਦੀ ਫ਼ਿਜ਼ਾ ਵਿਚ ਖੇਤਾਂ, ਖੂਹਾਂ, ਖਲਿਆਣਾਂ ਤੇ ਖ਼ਰਾਸਾਂ 'ਚੋਂ ਪੈਦਾ ਹੋ ਰਹੀ ਸੰਗੀਤਧਾਰਾ ਜਿਸ ਵਿਚ ਮੌਲਦੀ ਸੀ ਜ਼ਿੰਦਗੀ। ਇਹ ਸੰਗੀਤਕ ਫ਼ਿਜ਼ਾ ਵਿਚ ਹੀ ਜ਼ਿੰਦਗੀ ਨੂੰ ਆਪਣੀ ਰੂਹ-ਰੇਜ਼ਤਾ 'ਤੇ ਮਾਣ ਹੁੰਦਾ ਸੀ। ਲਹਿਰਾਉਂਦੀਆਂ ਫਸਲਾਂ ਦਾ ਦ੍ਰਿਸ਼ ਅਤੇ ਆੜਾਂ ਵਿਚ ਵਗਦੇ ਚਾਂਦੀ ਰੰਗੇ ਪਾਣੀ ਵਿਚੋਂ ਭੁੱਕ ਭਰ ਕੇ ਪਿਆਸ ਮਿਟਾਉਣ ਦਾ ਚੇਤਾ, ਸ਼ਬਦਾਂ ਦੀ ਜੂਨੇ ਪੈ ਕੇ ਵਰਕਿਆਂ 'ਤੇ ਪਸਰਦਾ ਜਾਂਦਾ ਏ। ਇਸਦੀ ਵਸੀਹਤਾ ਵਿਚੋਂ ਹੀ ਬੰਦੇ ਨੂੰ ਆਪਣੀ ਜ਼ਿੰਦਗੀ ਦੇ ਉਨ੍ਹਾਂ ਪਲਾਂ ਦਾ ਖ਼ਿਆਲ ਆਉਂਦਾ ਜਦ ਬੀਜ ਦੇ ਕੇਰਨ ਤੋਂ ਲੈ ਕੇ ਫ਼ਸਲ ਦੀ ਕਟਾਈ ਵਿਚੋਂ ਨਿਕਲਿਆ ਸੋਰ-ਰੰਗੇ ਦਾਣਿਆਂ ਦਾ ਬੋਹਲ, ਖਾਲੀ ਭੜੋਲਿਆਂ ਲਈ ਵਰਦਾਨ ਬਣਦਾ ਸੀ।

ਸ਼ਬਦਾਂ ਦੀ ਦਰਗਾਹੇ ਜਾ ਕੇ ਹੀ ਅਸੀਂ ਆਪਣੇ ਵਡੇਰਿਆਂ ਨੂੰ ਮਿਲਦੇ ਹਾਂ। ਬਜ਼ੁਰਗ ਜਿਨ੍ਹਾਂ ਦੀਆਂ ਝੁਰੜੀਆਂ ਵਿਚੋਂ ਜੀਵਨ ਦਾ ਜਲੌਅ ਪ੍ਰਗਟਦਾ ਸੀ। ਜਿਨ੍ਹਾਂ ਦੀਆਂ ਮੱਤਾਂ ਨੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁਮੱਤ ਬਖ਼ਸ਼ੀ। ਜਿਨ੍ਹਾਂ ਦੀਆਂ ਤਜਵੀਜ਼ਾਂ ਤੇ ਤਦਬੀਰਾਂ ਵਿਚੋਂ ਹੀ ਸਮਾਜ ਨੇ ਮੌਜੂਦਾ ਮੁਹਾਂਦਰਾ ਅਖਤਿਆਰ ਕੀਤਾ ਜਿਸ 'ਤੇ ਸਭ ਨੂੰ ਨਾਜ਼ ਹੈ।

ਸ਼ਬਦਾਂ ਦੀ ਦਰਗਾਹ ਵਿਚ ਬੈਠ ਕੇ ਬੰਦਾ ਆਪਣੇ ਮਸਤਕ ਵਿਚ ਉਗੇ ਵਿਚਾਰਾਂ ਨੂੰ ਤਰਤੀਬ ਦਿੰਦਾ। ਇਨ੍ਹਾਂ ਵਿਚੋਂ ਜਗਦੇ ਚਿਰਾਗ ਹੀ ਇਸ ਦਰਗਾਹ ਨੂੰ ਰੌਸ਼ਨ ਕਰਦੇ। ਬੰਦਾ ਇਸ ਦਰਗਾਹ ਤੋਂ ਚਾਨਣ ਦੀ ਲੱਪ ਆਪਣੀ ਝੋਲੀ ਵਿਚ ਪਵਾ ਕੇ ਪਰਤਦਾ। ਇਹ ਚਾਨਣ ਹੀ ਹੁੰਦਾ ਜਿਸ ਨੇ ਜੀਵਨ ਦੀਆਂ ਰਾਹਾਂ ਨੂੰ ਰੁਸ਼ਨਾਉਣਾ ਹੁੰਦਾ ਅਤੇ ਇਨ੍ਹਾਂ 'ਤੇ ਤੁਰਦਿਆਂ ਮੰਜ਼ਲਾਂ ਦੀ ਨਿਸ਼ਾਨਦੇਹੀ ਕਰਨੀ ਹੁੰਦੀ।

ਸ਼ਬਦਾਂ ਦੀ ਦਰਗਾਹ ਦੀ ਅਸੀਮਤਾ, ਅਜ਼ੀਮਤਾ ਅਤੇ ਅਨੂਠੇਪਣ ਤੋਂ ਸਦਕੇ ਜਾਂਦਾ ਹਾਂ। ਇਸਦੇ ਭਰੇ ਭੰਡਾਰ ਵਿਚੋਂ ਅਸੀਂ ਮਨ-ਮਰਜ਼ੀ ਦੇ ਸ਼ਬਦਾਂ ਦੀ ਤਸ਼ਬੀਹ ਅਤੇ ਤਸਵੀਰ ਸਿਰਜ ਸਕਦੇ। ਇਹ ਸ਼ਬਦੀ ਆਵੇਸ਼ ਹੀ ਹੁੰਦਾ ਜੋ ਕਦੇ ਕਵਿਤਾ ਬਣ ਕੇ ਵਹਿ ਤੁਰਦਾ, ਕਦੇ ਕਹਾਣੀ ਦਾ ਰੂਪ ਧਾਰਦਾ ਅਤੇ ਕਦੇ ਇਹ ਵਹਿਣ ਕਿਸੇ ਹੋਰ ਕਲਾ-ਕਿਰਤ ਰਾਹੀਂ ਜ਼ਿੰਦਗੀ ਦੀਆਂ ਬਾਤਾਂ ਪਾਉਂਦਾ ਅਤੇ ਇਨ੍ਹਾਂ ਵਿਚ ਜੀਵਨ-ਨਾਦ ਗੁਣਗੁਣਾਉਂਦਾ।

ਸ਼ਬਦਾਂ ਦੀ ਦਰਗਾਹੇ ਜਾ ਕੇ ਹੀ ਇਉਂ ਲੱਗਦਾ ਹੈ ਜਿਵੇਂ ਮੈਂ ਆਪਣੇ ਪਿੰਡ ਵਿਚਲੀ ਬਾਬਾ ਸ਼ਾਹ ਅਨਾਇਤ ਅਲੀ ਦੀ ਦਰਗਾਹ 'ਤੇ ਗਿਆ ਹਾਂ ਜੋ ਮੇਰੇ ਪਿੰਡ ਵਾਸੀਆਂ ਲਈ ਅਕੀਦਤਯੋਗ ਸਥਾਨ ਹੈ। ਇਸਦੀ ਨਤਮਸਤਕਤਾ ਵਿਚੋਂ ਹੀ ਜੀਵਨ ਦੇ ਉਨ੍ਹਾਂ ਰਾਜ਼ਾਂ ਦੀ ਸੋਝੀ ਹੋਈ। ਅਜਿਹੀ ਰੂਹੇ ਦਰਗਾਹ ਨੂੰ ਸਿਜਦਾ ਕਰਦਿਆਂ ਹੀ ਬੁੱਲ੍ਹੇ ਸ਼ਾਹ ਨੇ ਨੱਚ ਕੇ ਆਪਣੇ ਪੀਰ ਬਾਬਾ ਸ਼ਾਹ ਅਨਾਇਤ ਅਲੀ ਜੀ ਨੂੰ ਮਨਾਇਆ ਸੀ। ਇਹ ਦਰਗਾਹ ਜਦ ਸ਼ਬਦਾਂ ਦੀ ਦਰਗਾਹ ਦਾ ਰੂਪ ਧਾਰਦੀ ਤਾਂ ਅਵਚੇਤਨ ਵਿਚ ਇਕ ਸੂਰਜੀ ਲੋਅ ਉਗਮਦੀ ਜਿਸਨੇ ਹਨੇਰਿਆਂ ਨਾਲ ਆਢਾ ਲਾਉਂਦਿਆਂ, ਕਾਲਖ਼ਾਂ ਦੀ ਰੁੱਤ ਨੂੰ ਚਾਨਣ ਦਾ ਆੜੀ ਬਣਾਉਣਾ ਹੁੰਦਾ।

ਸ਼ਬਦਾਂ ਦੀ ਦਰਗਾਹੇ ਜਾ ਕੇ ਹੀ ਮੈਂ ਆਪਣੇ ਆਪ ਨੂੰ ਮਿਲਦਾ ਹਾਂ। ਆਪਣੇ ਅੰਤਰੀਵ ਵਿਚ



ਬੈਠੀ ਖੁਦੀ ਨੂੰ ਮਿਲਦਾ ਹਾਂ। ਖ਼ੁਦਦਾਰੀ ਨੂੰ ਮਿਟਾ ਕੇ ਖ਼ੁਦਾਈ ਦੇ ਰਾਹ ਦਾ ਪਾਂਧੀ ਬਣਨ ਵੰਨੀਂ ਰੁਚਿਤ ਹੁੰਦਾ ਹਾਂ। ਸ਼ਬਦ ਹੀ ਮੇਰੇ ਅੰਦਰਲੇ ਕੂੜ-ਕਪਟ ਨੂੰ ਹੂੰਝਦੇ, ਮੇਰੇ ਅੰਤਰੀਵ ਨੂੰ ਸਾਫ਼-ਸੁਥਰਾ ਕਰਦੇ ਅਤੇ ਭਵਿੱਖ ਵਿਚ ਇਸਦੀ ਪਾਕੀਜ਼ਗੀ ਨੂੰ ਮਾਲੀਨ ਹੋਣ ਤੋਂ ਰੋਕਣ ਲਈ ਸਭ ਤੋਂ ਵੱਧ ਸਾਜ਼ਗਾਰ ਸਾਬਤ ਹੁੰਦੇ।

ਸ਼ਬਦਾਂ ਦੀ ਜੂਹੇ ਜਾਣ ਲਈ ਜ਼ਰੂਰੀ ਹੁੰਦਾ ਹੈ ਖੁਦ ਨੂੰ ਸੁੱਚਾ ਕਰਨਾ। ਇਸ ਵਿਚ ਪੈਰ ਧਰਦਿਆਂ ਹੀ ਬਾਹਰਲੇ ਸੁੱਚਮ ਤੋਂ ਅੰਦਰਲੇ ਸੁੱਚਮ ਦੀ ਯਾਤਰਾ 'ਤੇ ਤੁਰਨਾ। ਇਸ ਯਾਤਰਾ ਨੂੰ ਸਾਬਤ ਕਦਮੀਂ ਪੂਰਾ ਕਰਨਾ ਕਿਉਂਕਿ ਥਿੜਕਦੇ ਕਦਮਾਂ ਨਾਲ ਕਦੇ ਸਫ਼ਰ ਪੂਰੇ ਨਹੀਂ ਹੁੰਦੇ। ਇਹ ਦਰਗਾਹ ਹੀ ਬੰਦੇ ਨੂੰ ਖ਼ੁਦ 'ਤੇ ਵਿਸ਼ਵਾਸ ਕਰਨਾ ਅਤੇ ਖੁਦ 'ਤੇ ਭਰੋਸੇ ਕਰਦਿਆਂ ਖ਼ੁਦ ਵਿਚੋਂ ਹੀ ਉਨ੍ਹਾਂ ਰਾਹਾਂ ਦੀ ਤਲਾਸ਼ ਕਰਨ ਲਈ ਆਤਮ-ਵਿਸ਼ਵਾਸ਼ੀ ਬਣਾਉਂਦੀ ਜਿਹੜੇ ਰਾਹਾਂ 'ਤੇ ਤੁਰਦਾ ਬੰਦਾ ਬੰਦਿਆਈ ਦੇ ਮਾਰਗ ਨੂੰ ਅਪਣਾਉਂਦਾ।

ਸ਼ਬਦਾਂ ਦੀ ਦਰਗਾਹੇ ਜਾ ਕੇ ਮੈਂ ਇਸਦੀ ਚਾਨਣ-ਰੰਗੀ ਫ਼ਿਜ਼ਾ ਵਿਚ ਬੈਠੇ ਉਨ੍ਹਾਂ ਅਦੀਬਾਂ ਨੂੰ ਮਿਲਦਾ ਹਾਂ ਜਿਨ੍ਹਾਂ ਨੇ ਸ਼ਬਦਾਂ ਰਾਹੀਂ ਸ਼ਬਦ-ਜੋਤ ਜਗਾਈ। ਇਸ ਜੋਤ ਦਾ ਨਿਰਵਿਘਨ ਜਗਣਾ ਹੀ ਮਨੁੱਖ ਨੂੰ ਮਨੁੱਖਤਾ ਦੇ ਰਾਹ 'ਤੇ ਤੋਰਨ ਦਾ ਸਭ ਤੋਂ ਠੋਸ ਕਾਰਨ। ਅਦੀਬਾਂ ਨੂੰ ਮਿਲਦਿਆਂ ਹੀ ਸ਼ਬਦੀ ਲਹਿਰਾਂ ਵਿਚ ਗੜੁੱਚ ਹੋ, ਅੰਮ੍ਰਿਤ ਬੋਲਾਂ ਨੂੰ ਡੀਕ ਲਾ ਕੇ ਪੀਂਦਾ ਹਾਂ। ਸ਼ਬਦ-ਜੋਤ ਦਾ ਹੀ ਕਮਾਲ ਹੈ ਕਿ ਇਹ ਸ਼ਬਦ ਹੀ ਮੈਨੂੰ ਪਲੋਸਦੇ ਤੇ ਪਿਆਰ ਕਰਦੇ। ਇਨ੍ਹਾਂ ਸ਼ਬਦਾਂ ਦੇ ਸਾਥ ਵਿਚ ਜੀਵਨ ਦੀਆਂ ਉਹ ਬਖਸ਼ਿਸ਼ਾਂ ਮਿਲਦੀਆਂ ਜਿਨ੍ਹਾਂ ਨਾਲ ਜ਼ਿੰਦਗੀ ਜਿਊਣਜੋਗੀ ਹੋ ਜਾਂਦੀ।

ਸ਼ਬਦਾਂ ਦੀ ਦਰਗਾਹੇ ਜਾ ਕੇ ਹੀ ਬੰਦਾ ਆਪਣੀ ਵਿਰਾਸਤ ਨੂੰ ਮਿਲਦਾ। ਇਸਦੀ ਵਿਲੱਖਣਤਾ ਅਤੇ ਵਿਕਲੋਤਰੇਪਣ ਨੂੰ ਆਪਣੇ ਲਈ ਮੂਲ-ਮੰਤਰ ਸਮਝਦਾ। ਇਸ ਵਿਚੋਂ ਹੀ ਆਪਣੀ ਜ਼ਿੰਦਗੀ ਲਈ ਉਨ੍ਹਾਂ ਭਵਿੱਖੀ ਪਲਾਂ ਨੂੰ ਕਿਆਸਦਾ ਜਿਸ ਵਿਚੋਂ ਹੀ ਸੂਖ਼ਮ ਸੋਝੀ ਅਤੇ ਕਮਾਲ ਦੀਆਂ ਕਲਾਵਾਂ ਦੀ ਉਤਪਤੀ ਹੁੰਦੀ।

ਸ਼ਬਦਾਂ ਦੀ ਜੂਹੇ ਕਈ ਵਾਰ ਅਚੇਤ ਰੂਪ ਵਿਚ ਜਾਂਦਾ ਤੇ ਕਈ ਵਾਰ ਚੇਤਨ ਰੂਪ ਵਿਚ। ਕਦੇ ਸੁੰਨ-ਸਮਾਧੀ ਵਿਚ ਜਾਂਦਾ ਹਾਂ ਤੇ ਕਦੇ ਹੋਕਰੇ ਲਾਉਂਦਿਆਂ। ਕਦੇ ਪੋਲੇ ਪੱਬੀਂ ਪਰ ਕਈ ਵਾਰ ਨੱਚ ਕੇ ਇਸਦੀ ਸਰਦਲ ਦੀ ਧੂੜ ਨੂੰ ਮੱਥੇ 'ਤੇ ਲਾਉਣ ਦੀ ਤਮੰਨਾ ਪੂਰੀ ਕਰਦਾ ਹਾਂ।

ਸ਼ਬਦਾਂ ਦੀ ਦਰਗਾਹੇ ਜਾਣ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਮਨ ਵਿਚ ਜਾਣ ਦੀ ਤਾਂਘ ਹੋਵੇ ਤਾਂ ਜਾਣ ਦੀਆਂ ਤਦਬੀਰਾਂ ਬਣਦੀਆਂ ਨੇ। ਬਾਅਦ ਵਿਚ ਬੰਦਾ ਇਸ ਦਰਗਾਹ ਨੂੰ ਹਰ ਰੋਜ਼ ਮੱਥਾ ਟੇਕਣ ਲਈ ਅਹੁਲਦਾ ਜੋ ਉਸਦੇ ਜੀਵਨ ਦਾ ਨਿੱਤ ਦਾ ਕਰਮ ਬਣਦਾ।

ਸ਼ਬਦਾਂ ਦੀ ਦਰਗਾਹੇ ਜਾਣ ਤੋਂ ਕਿਸੇ ਨੂੰ ਨਾ ਹੋੜੋ ਕਿਉਂਕਿ ਤੁਹਾਡਾ ਰੋਕਣਾ ਸ਼ਬਦ-ਸ਼ਰਧਾਲੂ ਦੇ ਮਨ ਵਿਚ ਨਾਬਰੀ ਪੈਦਾ ਕਰ ਸਕਦਾ। ਇਹ ਨਾਬਰੀ ਹੀ ਬਗਾਵਤੀ ਸੁਰ ਨਾਲ ਸਮੁੱਚੀ ਫਿਜ਼ਾ ਨੂੰ ਆਪਣੀ ਲਪੇਟ ਵਿਚ ਲੈਂਦਾ, ਸ਼ਬਦਾਂ ਦੀ ਜੂਹ ਨੂੰ ਅਕੀਦਤਯੋਗ ਥਾਂ ਬਣਾਉਣ ਵਿਚ ਪ੍ਰਮੁੱਖ ਰੋਲ ਅਦਾ ਕਰਦਾ।

ਸ਼ਬਦਾਂ ਦੀ ਦਰਗਾਹ ਦਾ ਕੇਹਾ ਕਮਾਲ ਕਿ ਬੰਦੇ ਦੇ ਅੰਦਰ ਪ੍ਰਗਟਦਾ ਜਾਹੋ-ਜਲਾਲ। ਇਹ ਸ਼ਬਦਾ ਦਾ ਉਬਾਲ ਹੀ ਹੁੰਦਾ ਜਿਸ ਵਿਚੋਂ ਹੀ ਕਈ ਵਾਰ ਨਵੀਆਂ ਸੁਰਾਂ, ਨਵੇਂ ਗੀਤ, ਨਵੀਆਂ ਕਵਿਤਾਵਾਂ ਅਤੇ ਅਜ਼ੀਮ ਕਲਾ-ਕਿਰਤਾਂ ਜਨਮ ਲੈਂਦੀਆਂ।

ਸ਼ਬਦਾਂ ਦੀ ਦਰਗਾਹੇ ਵੱਸਦੇ
ਫੱਕਰਾਂ ਵਰਗੇ ਲੋਕ।
ਜਿਨ੍ਹਾਂ ਦੀ ਲੱਗੀ ਰਹਿੰਦੀ
ਖ਼ੁਦ ਦੀ ਖ਼ੁਦ ਨਾਲ ਝੋਕ।
ਸ਼ਬਦਾਂ ਦੀ ਦਰਗਾਹੇ ਜਾਂਦੇ,
ਮੰਗਣ ਵਾਲੇ ਫਕੀਰ।
ਉਨ੍ਹਾਂ ਦੀ ਖਾਲੀ ਝੋਲੀਏ,
ਲਿਸ਼ਕੇ ਚਾਨਣ ਲਕੀਰ।
ਸ਼ਬਦਾਂ ਦੀ ਦਰਗਾਹੇ ਓਟੀਂ,
ਜਗੇ ਚਿਰਾਗਾਂ ਦੀ ਡਾਰ।
ਜਿਸਦੇ ਚਾਨਣ 'ਚ ਹੁੰਦਾ,
ਬੰਦੇ ਦਾ ਪਾਰ-ਉਤਾਰ।
ਸ਼ਬਦਾਂ ਦੀ ਜੂਹੇ ਵਿਚ ਪਸਰੀ,
ਇਕ ਅਲਹਾਮੀ ਚੁੱਪ।
ਜਿਸਦੀ ਆਗੋਸ਼ 'ਚ ਬੈਠਿਆਂ,
ਦੁੱਖ ਵਟੇਂਦਾ ਸੁੱਖ।
ਸ਼ਬਦਾਂ ਦੀ ਜੂਹੇ ਸੁਣਦਾ,
ਸ਼ਬਦੀਂ ਰਚਿਆ ਨਾਦ।
ਜੋ ਮਨ ਦੀ ਸੱਖਣੇ ਖੂੰਝੇ,
ਭਰ ਦੇਂਦਾ ਵਿਸਮਾਦ।
ਸ਼ਬਦਾਂ ਦੇ ਰੂਹੀ ਰੰਗ 'ਚ,
ਜਾਂ ਰੱਤਿਆ ਜਾਵੇ ਬੰਦਾ।
ਤਾਂ ਕਰਮ-ਧਰਮ ਜਾਪਦਾ,
ਮਾਣਸ-ਰੱਤਾ ਧੰਦਾ।

ਸ਼ਬਦਾਂ ਦੀ ਦਰਗਾਹੇ ਜਾ ਕੇ ਹੀ ਅਸੀਂ ਆਪਣੇ ਬਚਪਨੇ ਨੂੰ ਮਿਲਦੇ। ਬਚਪਨੀ ਦੋਸਤਾਂ ਤੇ ਸ਼ਰਾਰਤਾਂ ਨੂੰ ਮਿਲਦੇ। ਉਨ੍ਹਾਂ ਪਲਾਂ ਨੂੰ ਸ਼ਬਦਾਂ ਵਿਚ ਉਲਥਾਉਂਦੇ ਜਦ ਬੇਫਿਕਰੀ ਨਾਲ ਜੀਵਨ ਦੀਆਂ ਸਭ ਨਿਆਮਤਾਂ ਨੂੰ ਮਾਣਦੇ ਸਾਂ। ਸੁਪਨਿਆਂ ਦੀ ਨਗਰੀ ਦੇ ਵਾਸੀ ਬਣੇ ਆਪਣੀਆਂ ਸੁਪਨ-ਉਡਾਰੀਆਂ ਵਿਚ ਵਕਤ ਦਾ ਵਿਸਥਾਰ ਕਰਦੇ ਸਾਂ।

ਇਹ ਸ਼ਬਦ ਹੀ ਹੁੰਦੇ ਜੋ ਸਾਨੂੰ ਕਿਤਾਬਾਂ ਅਤੇ ਧਾਰਮਿਕ ਗ੍ਰੰਥਾਂ ਰਾਹੀਂ ਸੰਬੋਧਤ ਹੁੰਦੇ। ਇਹ ਸ਼ਬਦ ਮਨੁੱਖ ਦਾ ਮਾਰਗ-ਦਰਸ਼ਨ ਕਰਦੇ ਅਤੇ ਇਸਨੂੰ ਜੀਵਨ-ਜਾਚ ਦਾ ਅੰਗ ਬਣਾਉਂਦੇ।

ਸ਼ਬਦਾਂ ਦੀ ਦਰਗਾਹੇ ਜਾਂਦੇ,
ਕੁਝ ਕੁ ਲੋਕ ਅਵੱਲੇ।
ਖ਼ੁਦ ਦੀ ਉਹ ਸਾਰ ਨਾ ਲੈਂਦੇ,
ਲੋਕੀਂ ਆਖਣ ਝੱਲੇ।
ਭੀੜ ਦਾ ਨਾ ਹਿੱਸਾ ਬਣਦੇ,
ਤੁਰਦੇ ਰਹਿੰਦੇ 'ਕੱਲੇ।
ਦੁਨੀਆਂ ਦੀ ਆਲਮੀ ਦੌਲਤਾਂ,
ਹੁੰਦੀਆਂ ਉਨ੍ਹਾਂ ਦੇ ਪੱਲੇ।

ਸ਼ਬਦਾਂ ਦੀ ਦਰਗਾਹੇ ਹੁੰਦਾ,
ਚੰਨ-ਤਾਰਿਆਂ ਦਾ ਡੇਰਾ
ਮੱਥੇ ਦੀਆਂ ਸੋਚਾਂ ਦਾ ਬਣਦਾ,
ਅੰਬਰ ਜੇਡਾ ਘੇਰਾ।
ਇਥੇ ਆਵਣ ਵਾਲਿਆਂ ਲਈ,
ਨਹੀਂ ਹੁੰਦਾ ਤੇਰਾ-ਮੇਰਾ
ਉਨ੍ਹਾਂ ਲਈ ਸਮੂਹ ਲੋਕਾਈ,
ਹੁੰਦੀ ਚਾਰ-ਚੁਫੇਰਾ।

ਸ਼ਬਦਾਂ ਦੀ ਦਰਗਾਹੇ ਵਗਦੀ,
ਅਰਥਾਂ ਦੀ ਪੁਰਵਾਈ।
ਕਲਮ-ਕਿਰਤਾਂ ਦੀ ਜੂਹ ਹੁੰਦੀ,
ਅਰਥਾਂ ਨੇ ਮਹਿਕਾਈ।
ਸਮਿਆਂ ਦੇ ਵਰਕੇ 'ਤੇ ਉਕਰੇ,
ਤਵਾਰੀਖ਼ੀ ਅਸ਼ਨਾਈ।
ਤੇ ਭਵਿੱਖ ਦੇ ਗਰਭ 'ਚ ਉਗਮੇ,
ਜੀਵਨ ਦੀ ਰੁਸ਼ਨਾਈ।

ਸਾਡੇ ਧਾਰਮਿਕ ਗ੍ਰੰਥ ਸ਼ਬਦਾਂ ਦੀ ਸਭ ਤੋਂ ਉਚੀ ਤੇ ਸੁੱਚੀ ਦਰਗਾਹ ਹੀ ਤਾਂ ਹਨ। ਇਨ੍ਹਾਂ ਵਿਚਲੀ ਸ਼ਬਦ-ਜੋਤ ਹੀ ਸਮੁੱਚੀ ਮਾਨਵਤਾ ਲਈ ਕਿਰਨਾਂ ਦਾ ਕਾਫ਼ਲ਼ਾ ਬਣਦੀ ਹੈ ਅਤੇ ਫਿਰ ਇਹ ਜੀਵਨ ਨੂੰ ਕਰਮ ਦਾਨ ਕਰਦੀਆਂ ਹਨ।

ਸ਼ਬਦਾਂ ਦੀ ਦਰਗਾਹੇ ਸ਼ਬਦ ਇਕ ਦੂਜੇ ਨੂੰ ਮਿਲਦੇ ਅਤੇ ਇਕ ਦੂਜੇ ਦਾ ਦਰਦ ਜਾਣਦੇ। ਇਕ ਦੂਜੇ ਨਾਲ ਸ਼ਬਦੀ ਸਾਂਝ ਵਧਾਉਂਦੇ ਅਤੇ ਅਰਥ ਗਲਵਕੜੀ ਪਾਉਂਦੇ। ਸ਼ਬਦਾਂ ਦਾ ਇਕ ਪ੍ਰਵਾਹ ਦਰਗਾਹ ਤੋਂ ਸ਼ੁਰੂ ਹੋ ਕੇ ਸਮੁੱਚੀ ਕਾਇਨਾਤ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਇਹ ਸ਼ਬਦਾਂ ਦੀ ਦਰਗਾਹ ਵਿਚ ਸ਼ਬਦਾਂ ਦੀ ਜੁਗਲਬੰਦੀ ਦਾ ਹੀ ਕਮਾਲ ਹੈ ਕਿ ਸ਼ਬਦਾਂ ਵਿਚੋਂ ਹੋਰ ਸ਼ਬਦ ਪੈਦਾ ਹੁੰਦੇ। ਫਿਰ ਕਿਤਾਬਾਂ ਜਨਮ ਲੈਂਦੀਆਂ। ਕਿਤਾਬਾਂ ਦਾ ਕਾਫ਼ਲਾ ਪਾਠਕ ਦੇ ਮਨ-ਮਸਤਕ ਵਿਚ ਬੈਠ ਕੇ ਜੀਵਨ-ਜੁਗਤਾਂ ਨੂੰ ਉਨ੍ਹਾਂ ਦੇ ਨਾਮ ਲਾਉਂਦਾ ਜਿਸਦੇ ਮਨ ਵਿਚ ਇਨ੍ਹਾਂ ਨੂੰ ਅਪਨਾਉਣ ਦੀ ਜਗਿਆਸਾ ਹੁੰਦੀ।

ਸ਼ਬਦਾਂ ਦੀ ਦਰਗਾਹ ਦਾ ਸਫ਼ਰ ਪੈਰਾਂ ਨਾਲ ਨਹੀਂ ਸਗੋਂ ਮਾਨਸਿਕ ਧਰਾਤਲ ਤੋਂ ਸ਼ੁਰੂ ਹੋ ਕੇ ਮਨਾਸਿਕ ਪੱਧਰ 'ਤੇ ਹੀ ਖ਼ਤਮ ਹੁੰਦਾ। ਇਹ ਮਨ ਤੋਂ ਸੋਚ ਅਤੇ ਫਿਰ ਇਹ ਸੋਚ ਕਰਮ ਵਿਚ ਤਬਦੀਲ ਹੋ ਕੇ ਨਵੇਂ ਕੀਰਤੀਮਾਨਾਂ ਦੀ ਸਿਰਹਜਣਹਾਰੀ ਬਣ ਜਾਂਦੀ। ਪੈਰੀਂ ਤੁਰ ਕੇ ਜਾਣ ਵਾਲੇ ਲੋਕ ਸਿਰਫ਼ ਆਉਣ ਜਾਣ ਦੇ ਪੈਂਡੇ ਵਿਚ ਹੀ ਆਪਣਾ ਜੀਵਨ ਵਿਅਰਥ ਵਿਹਾਜ ਦਿੰਦੇ। ਲੋੜ ਹੈ ਕਿ ਅਸੀਂ ਰੂਹ ਤੋਂ ਸ਼ਬਦਾਂ ਦੀ ਦਰਗਾਹੇ ਅਕੀਦਤ ਕਰਨ ਜਾਈਏ। ਅਕੀਦਤ ਵਿਚੋਂ ਮਨੁੱਖ ਉਹ ਸਭ ਕੁਝ ਹਾਸਲ ਕਰ ਲੈਂਦਾ ਜਿਸਦੀ ਲੋਚਾ ਉਸਨੇ ਕਦੇ ਆਪਣੇ ਮਨ ਵਚ ਪਾਲੀ ਹੁੰਦੀ ਆ।

ਜਦ ਕਿਸੇ ਦੇ ਅਵਚੇਤਨ ਵਿਚ 'ਸੁਰਤਿ ਸਬਦੁ ਧੁਨਿ ਅੰਤਰਿ ਜਾਗੀ' ਦਾ ਇਲਹਾਮ ਪੈਦਾ ਹੁੰਦਾ ਤਾਂ ਸ਼ਬਦ-ਸੋਝੀ ਨਾਲ ਅੰਤਰੀਵ ਜਗਮਗ ਕਰ ਉਠਦਾ। ਇਹ ਜਗਮਗਾਹਟ ਹੀ ਹੁੰਦੀ ਹੈ ਜਿਹੜੀ ਇਕ ਵਿਅਕਤੀ ਨੂੰ ਦੂਸਰੇ ਨਾਲੋਂ ਅੱਡਰਾ ਕਰਦੀ ਹੈ।

ਸ਼ਬਦ ਹੀ ਸਭ ਕੁਝ ਹੈ ਤਾਂ ਹੀ ਗੁਰਬਾਣੀ ਦਾ ਫ਼ੁਰਮਾਨ ਹੈ। 'ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ'। ਸਮੁੱਚੀ ਗੁਰਬਾਣੀ ਸ਼ਬਦ ਦੀ ਮਹਿਮਾ ਨਾਲ ਭਰੀ ਹੋਈ ਹੈ ਕਿਉਂਕਿ ਸ਼ਬਦ ਹੀ ਜੀਵਨ ਦਾ ਸੱਚ ਤੇ ਸਾਰ। ਜੀਵਨ ਦਾ ਜਲੌਅ ਅਤੇ ਅਧਾਰ। ਸ਼ਬਦ ਬਿਨ ਸਭ ਨਿਰਾਰਥ ਤੇ ਅਕਾਰਥ। ਸ਼ਬਦ ਵਿਚੋਂ ਹੀ ਪੈਦਾ ਹੁੰਦਾ ਸੁਰ ਤੇ ਸੰਗੀਤ। ਖਵਿਤਾ, ਗ਼ਜ਼ਲ ਤੇ ਗੀਤ। ਸ਼ਬਦ ਜੀਵਨੀ ਸਰੋਕਾਰ ਤੇ ਸ਼ਬਦ ਜੀਵਨੀ ਰੀਤ। ਸ਼ਬਦ ਨਾਲ ਹੀ ਵਕਤ ਦੀ ਵਹਿੰਗੀ ਪਾਲੇ ਸਰਵਣੀ ਪ੍ਰੀਤ।

ਸ਼ਬਦਾਂ ਦੀ ਦਰਗਾਹੇ ਬੈਠ ਕੇ, ਸ਼ਬਦ, ਸ਼ਬਦਾਂ ਦਾ ਭਰਨ ਹੁੰਗਾਰਾ। ਸ਼ਬਦ, ਸ਼ਬਦਾਂ ਦਾ ਭਾਈਚਾਰਾ ਅਤੇ ਸ਼ਬਦ ਹੀ ਸ਼ਬਦਾਂ ਦਾ ਸਮੁੱਚ-ਸੰਸਾਰਾ।

ਸ਼ਬਦਾਂ ਦੀ ਦਰਗਾਹੋਂ ਆਉਂਦੇ ਅਗੰਮੀ ਤੇ ਅਲਾਹੀ ਆਦੇਸ਼। ਇਥੇ ਬੈਠ ਕੇ ਮਨ ਵਿਚ ਪਨਪੇ ਇਕ ਆਵੇਸ਼। ਇਸ ਅਨੂਠੀ ਅਵਸਥਾ ਵਿਚ ਮਨ-ਪ੍ਰਦੇਸੀ ਫਿਰਦਾ ਏ ਕਈ ਦੇਸ਼ ਅਤੇ ਤਨ ਦੀ ਤਖ਼ਤੀ 'ਤੇ ਪਾਉਂਦਾ ਕਾਲਾ ਮੈਂਡਾ ਵੇਸ।

ਸ਼ਬਦਾਂ ਦੇ ਸੰਸਾਰ ਦੀਆਂ ਰੰਗੀਨੀਆਂ ਲੁਭਾਉਣੀਆਂ ਵੀ ਹੁੰਦੀਆਂ, ਮਨਮੋਹਣੀਆਂ ਵੀ ਅਤੇ ਭਰਮਾਉਣੀਆਂ ਵੀ ਹੁੰਦੀਆਂ। ਇਨ੍ਹਾਂ ਰੰਗਾਂ ਵਿਚੋਂ ਖੁਦ ਨੂੰ ਸਤਯੁੱਗੀ ਰੰਗਾਂ ਨਾਲ ਰੰਗਣਾ ਜਾਂ ਆਲੇ-ਦੁਆਲੇ ਵਿਚ ਕਾਲਖ਼ ਦਾ ਵਪਾਰ ਕਰਨਾ, ਇਹ ਮਨੁੱਖੀ ਤਾਸੀਰ ਅਤੇ ਤਰਬੀਅਤ 'ਤੇ ਨਿਰਭਰ।

ਸ਼ਬਦਾਂ ਦੀ ਦਰਗਾਹ ਵਿਚ ਜਾ ਕੇ ਰੂਹ ਨੂੰ ਸੁੱਚੇ ਸ਼ਬਦਾਂ ਦੇ ਰੰਗ ਵਿਚ ਰੰਗੋ। ਤੁਸੀਂ ਖ਼ੁਦ ਵੀ ਸੁੱਚਮ ਦੇ ਸਮੁੰਦਰ ਦਾ ਮੁਹਾਂਦਰਾ ਬਣ ਜਾਵੋਗੇ।

ਸ਼ਬਦਾਂ ਦੀ ਦਰਗਾਹ ਤੁਹਾਡੇ ਅੰਦਰ ਵੀ ਹੁੰਦੀ। ਇਸ ਦਰਗਾਹ ਨੂੰ ਕਦੇ ਵੀ ਨਾ ਵਿਸਾਰੋ। ਸਗੋਂ ਇਸਨੂੰ ਸਿਜਦਾ ਕਰਦੇ ਰਹੋ। ਇਸਦੀ ਸਦਾਕਤ ਵਿਚੋਂ ਹੀ ਮਨੁੱਖ ਨੂੰ ਮਿਲਦੀ ਹੈ ਸਫ਼ਾਕਤ। ਮਨ ਵਿਚ ਮੌਲਦੀ ਹੈ ਲਿਆਕਤ। ਤੁਸੀਂ ਕਰਦੇ ਹੋ ਖ਼ੁਦ ਹੀ ਖ਼ੁਦ ਦੀ ਜ਼ਿਆਰਤ ਅਤੇ ਇਹ ਜ਼ਿਆਰਤ ਹੀ ਬੰਦੇ ਲਈ ਹੁੰਦੀ ਏ ਇਨਾਇਤ।

## ਲੈ ਸੁਣ

ਲੈ ਸੁਣ, ਸੁਣਾਵਾਂ ਇਕ ਬਾਤ
ਇਕ ਰਾਤ
ਇਕ ਮਿੱਠਾ-ਮਿੱਠਾ ਗੀਤ
ਇਕ ਮਿੱਠਾ-ਮਿੱਠਾ ਸਾਜ਼
ਲੈ ਦੇਖ, ਦਿਖਾਵਾਂ ਇਕ ਝਾਤ।
ਇਕ ਠਾਠ, ਝੁੱਗੀ 'ਚ ਬਹਿ ਵੀ
ਦਿਖਾਵਾਂ, ਰੰਗਲਾ ਮਿਜਾਜ਼।
ਲੈ ਦੇਖ, ਪਾਟੇ ਨੇ ਲੀੜੇ
ਉੱਤੇ ਰੱਖੀ ਏ ਟਾਕ,
ਮੁੱਛ ਨੂੰ ਮਰੋੜੇ
ਨਾਲੇ ਦੇਖੇ, ਟੇਢਾ-ਟੇਢਾ ਝਾਕ।
ਇਕ ਡੰਗ ਖਾਵੇ, ਪਰ, ਹੱਕ ਦੀ ਹੰਢਾਵੇ
ਹਰਾਮ ਨੂੰ, ਮੰਨੇ ਕਮਜਾਤ।
ਦੇਖ, ਕਿਆ ਬਾਤ, ਲੈ ਦੇਖ
ਅਣਖੀ ਏ ਭਾਵੇਂ
'ਸ਼ਿਵ' ਨੂੰ ਦੇਵੇ, ਫੁੱਲਾਂ ਦੀ ਸੌਗਾਤ।
ਦੇਖ, ਟੁੱਟੇ ਛਿੱਤਰ ਭਾਵੇਂ ਪੈਰੀਂ
ਪਰ, ਕਾਟੋ ਦੇਖ ਪਿੱਛੇ ਲਾਈ ਹਰ ਜਾਤ।
ਦੇਖ, ਕਿਆ ਬਾਤ।

*-ਸ਼ਿਵ ਜਿੰਦਲ (ਕਾਟੋ)*
*ਫੋਨ: 9876627160*

# ਜੂਨ ਚੁਰਾਸੀ: ਟੀਸ ਦਾ ਮੁਜੱਸਮਾ

ਬੰਗਿਆਂ ਦੇ ਸਿੱਖ ਨੈਸ਼ਨਲ ਕਾਲਜ ਵਿਚ ਮੈਂ ਬੀ ਏ ਦੇ ਤੀਜੇ ਸਾਲ ਵਿਚ ਸੀ। ਕਿਸੇ ਕਾਰਨ ਮੇਰੇ ਲੈਕਚਰ ਪੂਰੇ ਨਾ ਹੋਏ। ਪ੍ਰੋ. ਗਿੱਲ ਨੇ ਮੈਨੂੰ ਦੱਸੇ ਬਿਨਾ ਮੇਰੇ ਲੈਕਚਰ ਕੰਡੋਨ ਕਰਵਾ ਦਿੱਤੇ। ਮੈਂ ਰੋਲ ਨੰਬਰ ਲੈਣ ਗਿਆ ਤਾਂ ਕਲਰਕ ਨੇ ਦੱਸਿਆ ਮੇਰੀਆਂ ਫੀਸਾਂ ਵੀ ਰਹਿੰਦੀਆਂ ਹਨ। ਫੀਸਾਂ ਦਾ ਬੰਦੋਬਸਤ ਨਾ ਹੋਣ ਕਾਰਨ, ਪੇਪਰ ਦੇਣੋਂ ਤਾਂ ਕਿਤੇ ਰਹੇ, ਮੈਂ ਆਪਣਾ ਰੋਲ ਨੰਬਰ ਹੀ ਨਾ ਲਿਆ। ਪ੍ਰੋ. ਗਿੱਲ ਨੂੰ, ਜੇ ਮੈਂ ਫ਼ੀਸ ਲਈ ਕਹਿ ਦਿੰਦਾ ਤਾਂ ਸ਼ਾਇਦ ਉਹ ਵੀ ਮੁਆਫ਼ ਹੋ ਜਾਂਦੀ। ਮੈਂ ਕਹਿ ਹੀ ਨਾ ਸਕਿਆ ਤੇ ਆਪਣਾ ਸਾਲ ਮਰਵਾ ਲਿਆ ਕਿ ਅਗਲੇ ਸਾਲ ਪ੍ਰਾਈਵੇਟ ਸਹੀ।

ਅਗਲੇ ਸਾਲ ਪ੍ਰਾਈਵੇਟ ਦਾਖਲਾ ਭਰ ਕੇ, ਪਹਿਲਾਂ ਘਰੇ ਪੜ੍ਹਦਾ ਰਿਹਾ, ਫਿਰ ਪ੍ਰੋ. ਹਰਪਾਲ

**ਅਵਤਾਰ ਸਿੰਘ**
**ਫ਼ੋਨ: 94175-18384**

ਸਿੰਘ ਦੇ ਦੋਸਤ ਜਸਮੇਰ ਸਿੰਘ ਕੋਲ, ਮੈਂ ਅੰਗਰੇਜ਼ੀ ਦੀ ਟਿਊਸ਼ਨ ਰੱਖ ਲਈ ਤੇ ਚਰਨ ਕੰਵਲ ਗੁਰਦੁਆਰੇ ਦੀ ਸਰਾਂ ਵਿਚ ਕਮਰਾ ਲੈ ਲਿਆ। ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਹੋ ਗਏ ਸਨ ਤੇ ਸਿੱਖ ਮੁੰਡਿਆਂ ਦੀ ਫੜੋਫੜੀ ਜ਼ੋਰਾਂ 'ਤੇ ਸੀ, ਜਿਸ ਕਰਕੇ ਮੇਰਾ ਦੋਸਤ ਪਰਗਣ ਵੀ ਮੇਰੇ ਨਾਲ ਹੀ ਰਹਿਣ ਲੱਗ ਪਿਆ ਤੇ ਕੁਝ ਦਿਨਾਂ ਬਾਅਦ, ਮੂਸਾ ਪੁਰ ਵਾਲਾ ਰਾਜਾ ਵੀ ਸਾਡੇ ਨਾਲ ਆ ਗਿਆ। ਮਿਲਦੇ ਅਸੀਂ ਪਹਿਲਾਂ ਵੀ ਸਾਂ, ਪਰ ਇਕੱਠੇ ਰਹਿਣ ਕਾਰਨ ਅਸੀਂ ਏਨੇ ਘੁਲ-ਮਿਲ ਗਏ ਕਿ ਰਲ-ਮਿਲ ਕੇ ਖ਼ੂਬ ਪੜ੍ਹਦੇ, ਗੱਲਾਂ ਕਰਦੇ, ਹੱਸਦੇ, ਖੇਡਦੇ ਤੇ ਬੜਾ ਕੁਝ ਸਿੱਖਣ ਦੀ ਕੋਸ਼ਿਸ਼ ਕਰਦੇ; ਵਿਚ ਵਿਚ ਮੱਛਰਦੇ।

ਅੱਜ ਵੀ ਯਾਦ ਹੈ, ਲੌਢੇ ਵੇਲੇ ਸਰੋਵਰ ਵਿਚ ਇਸ਼ਨਾਨ ਕਰਨਾ, ਸ਼ਾਮ ਨੂੰ ਤੇਗ ਸਾਹਿਬ ਨਾਲ ਸਰੋਵਰ ਦੀ ਪਰਿਕਰਮਾ ਵਿਚ ਸ਼ਤਰੰਜ ਖੇਡਣੀ। ਰਾਤ ਨੂੰ ਲੰਗਰ ਛਕ ਕੇ ਕਾਲਜ ਵਿਚ ਘੁੰਮਣ ਚਲੇ ਜਾਣਾ ਤੇ ਆ ਕੇ ਦੇਰ ਰਾਤ ਤੱਕ ਪੜ੍ਹਦੇ ਰਹਿਣਾ। ਤੜਕੇ ਫਿਰ ਚਾਹ ਪੀਣੀ ਤੇ ਪੜ੍ਹਨ ਬੈਠ ਜਾਣਾ। ਤਿਆਰ ਹੋ ਕੇ ਰਾਜੇ ਤੇ ਪਰਗਣ ਨੇ ਕਾਲਜ ਚਲੇ ਜਾਣਾ ਤੇ ਮੈਂ ਜਸਮੇਰ ਸਿੰਘ ਕੋਲ ਟਿਊਸ਼ਨ ਲਈ ਚਲੇ ਜਾਣਾ।

ਕਦੇ ਕਦੇ ਸ਼ਾਮ ਨੂੰ ਪ੍ਰੋ. ਹਰਪਾਲ ਸਿੰਘ ਨੇ ਸਾਡੇ ਕੋਲ ਆ ਜਾਣਾ। ਉਨ੍ਹਾਂ ਨੂੰ ਦੇਖ ਕੇ ਚਰਨ ਕੰਵਲ ਦੇ ਮੈਨੇਜਰ, ਤੇਗ ਸਾਹਿਬ ਨੇ ਵੀ ਆ ਜਾਣਾ ਤਾਂ ਦੇਰ ਰਾਤ ਤੱਕ ਕਿਸੇ ਨਾ ਕਿਸੇ ਵਿਸ਼ੇ 'ਤੇ ਚਰਚਾ ਛਿੜ ਜਾਣੀ। ਕਦੇ ਪ੍ਰੋ. ਹਰਪਾਲ ਸਿੰਘ ਨਾਲ ਪ੍ਰੋ. ਸ਼ਰਮਾ ਆ ਜਾਂਦੇ, ਕਦੇ ਜਸਮੇਰ ਸਿੰਘ ਤੇ ਕਦੇ ਦਿਲਬਾਗ ਸਿੰਘ ਗ਼ਾਲਿਬ। ਉਹ ਕਿਹੜਾ ਵਿਸ਼ਾ ਸੀ, ਜਿਹਦੇ ਬਾਰੇ ਉਥੇ ਗੱਲ ਨਾ ਹੁੰਦੀ। ਗੁਰੂ ਹਰਗੋਬਿੰਦ ਪਾਤਸ਼ਾਹ ਦੇ ਚਰਨ ਕੰਵਲਾਂ ਵਿਚ ਸਜਦਾ ਗਿਆਨ ਆਸ਼ਰਮ ਮੇਰੀ ਜ਼ਿੰਦਗੀ ਦਾ ਸੁਰਗ ਸੀ, ਜਿੱਥੇ ਮੈਨੂੰ ਗਿਆਨ ਦੀ ਲੋਅ ਨਜ਼ਰ ਆਈ।

ਤੇਗ ਸਾਹਿਬ ਕੋਲ ਬੜਾ ਅੱਛਾ ਰੇਡੀਓ ਸੀ, ਜਿਹਦਾ ਉਹ ਕਦੇ ਵਿਸਾਹ ਨਾ ਖਾਂਦੇ ਤੇ ਸ਼ਾਮ ਨੂੰ ਹਰ ਰੋਜ਼ ਸਾਡੇ ਨਾਲ ਬਹਿ ਕੇ ਬੀ ਬੀ ਸੀ ਸੁਣਦੇ। ਮਾਰਕ ਟੱਲੀ ਤੇ ਸਤੀਸ਼ ਜੈਕਬ ਦਾ ਨਾਂ ਸੁਣਦੇ ਹੀ ਸਾਡਾ ਸਾਹ ਰੁਕ ਜਾਂਦਾ ਤੇ ਸਾਡੀ ਸੁਰਤ ਅੰਮ੍ਰਿਤਸਰ ਦੇ ਮੰਜੀ ਸਾਹਿਬ ਦੀਵਾਨ ਹਾਲ ਵਿਚ ਪੁੱਜ ਜਾਂਦੀ ਕਿ ਸੰਤ ਲੌਂਗੋਵਾਲ ਕੀ ਬੋਲੇ, ਬਾਦਲ ਨੇ ਕੀ ਕਿਹਾ, ਟੌਹੜਾ ਕੀ ਬੋਲਿਆ ਤੇ ਸਰਕਾਰ ਨੇ ਕੀ ਕਿਹਾ। ਬੀ ਬੀ ਸੀ ਦੀ ਸੂਈ ਬਹੁਤੀ ਦੇਰ ਭਿੰਡਰਾਂਵਾਲੇ 'ਤੇ ਟਿਕਦੀ ਤੇ ਬੜੀ ਤਫ਼ਸੀਲ ਵਿਚ ਚਰਚਾ ਹੁੰਦੀ। ਆਲ ਇੰਡੀਆ ਰੇਡੀਓ ਦੀਆਂ ਖ਼ਬਰਾਂ ਤਸੱਲੀ ਨਾ ਦਿੰਦੀਆਂ ਤੇ ਸ਼ੱਕੀ ਲੱਗਦੀਆਂ। ਸਵੇਰ ਨੂੰ ਤੇਗ ਸਾਹਿਬ ਦੇ ਦਫਤਰ ਵਿਚ ਕਈ ਅਖ਼ਬਾਰਾਂ ਆਉਂਦੀਆਂ ਤੇ ਅਸੀਂ ਉਨ੍ਹਾਂ ਵਿਚੋਂ, ਰਾਤੀਂ ਸੁਣੀਆਂ ਬੀ ਬੀ ਸੀ ਦੀਆਂ ਖ਼ਬਰਾਂ ਦੀ ਪੁਸ਼ਟੀ ਕਰਦੇ। ਕਈ ਬਜ਼ੁਰਗ ਅਖ਼ਬਾਰ ਪੜ੍ਹਨ ਦੀ ਬਜਾਏ ਤੇਗ ਸਾਹਿਬ ਕੋਲੋਂ ਹੀ ਖ਼ਬਰਾਂ ਦੀ ਤਫ਼ਸੀਰ ਪੁੱਛਦੇ।

ਇਕ ਦਿਨ ਤੜਕੇ ਤੇਗ ਸਾਹਿਬ ਨੇ ਸਾਨੂੰ ਉਠਾਇਆ। ਉਹ ਤਿਆਰ ਬਰ ਤਿਆਰ ਸਨ। ਉਨ੍ਹਾਂ ਨੇ ਦੱਸਿਆ ਕਿ ਉਹ ਇੰਗਲੈਂਡ ਰਹਿੰਦੇ ਆਪਣੇ ਭਾਈ ਕੋਲ ਚੱਲੇ ਹਨ। ਉਨ੍ਹਾਂ ਨੇ ਸਾਨੂੰ ਚੇਤੰਨ ਰਹਿਣ ਲਈ ਕਿਹਾ ਤੇ ਆਪਣਾ ਰੇਡੀਓ ਸਾਨੂੰ ਦੇ ਗਏ।

ਤੇਗ ਸਾਹਿਬ ਨੂੰ ਗਿਆਂ ਹਾਲੇ ਚਾਰ ਦਿਨ ਹੀ ਹੋਏ ਸਨ, ਖ਼ਬਰ ਆਈ ਕਿ ਸਾਰੇ ਪੰਜਾਬ ਵਿਚ ਕਰਫਿਊ ਲਗਾ ਦਿੱਤਾ ਗਿਆ ਹੈ। ਖ਼ਬਰ ਸੁਣ ਕੇ, ਪਿੰਡੋਂ ਆਏ ਮੇਰੇ ਦੋਸਤ, ਪਾਲਾ ਤੇ ਹਰਜਿੰਦਰ ਵਾਪਸ ਚਲੇ ਗਏ ਤੇ ਅਸੀਂ ਸਹਿਮੇ-ਸਹਿਮੇ ਸਰਾਂ ਦੇ ਬਾਹਰ ਮੰਜੇ ਡਾਹ ਕੇ ਸੌਂ ਗਏ। ਅੱਧੀ ਰਾਤ ਨੂੰ ਗੱਡੀਆਂ ਦੀਆਂ ਅੰਧਾ-ਧੁੰਦ ਅਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ। ਅਸੀਂ ਖ਼ੌਫ਼ਜ਼ਦਾ ਹੋ ਗਏ ਤੇ ਚਾਦਰਾਂ ਨਾਲ ਮੂੰਹ ਢੱਕ ਕੇ ਇਸ ਤਰ੍ਹਾਂ ਪਏ ਰਹੇ, ਜਿਵੇਂ ਕੁਝ ਵੀ ਨਾ ਹੋਇਆ ਹੋਵੇ। ਫਿਰ ਸਾਨੂੰ ਫੌਜੀ ਬੂਟਾਂ ਦੀ ਟਾਪ ਸੁਣਾਈ ਦਿੱਤੀ ਤੇ ਅਸੀਂ ਉਠ ਕੇ ਦੇਖਿਆ ਤਾਂ ਸਰਾਂ ਦੀ ਛੱਤ ਉਤੇ ਸਰਚ ਲਾਈਟਾਂ ਵੱਜ ਰਹੀਆਂ ਸਨ। ਸਾਨੂੰ ਸਮਝ ਨਾ ਲੱਗੇ ਕਿ ਮਾਜਰਾ ਕੀ ਹੈ। ਫਿਰ ਚੁੱਪ ਪਸਰ ਗਈ ਤੇ ਅਸੀਂ ਫਿਰ ਸੌਣ ਦਾ ਯਤਨ ਕਰਨ ਲੱਗੇ। ਦਿਲ ਨੂੰ ਚੈਨ ਨਾ ਆਵੇ, ਸੰਸਾ ਵੱਧ ਵੱਧ ਖਾਵੇ ਤੇ ਨੀਂਦ ਦਾ ਨਾਮੋ ਨਿਸ਼ਾਨ ਨਾ ਰਿਹਾ।

ਰਤਾ ਲੋਅ ਹੋਈ ਤਾਂ ਦੇਖਿਆ ਕਿ ਸਾਨੂੰ ਫੌਜ ਨੇ ਚਾਰੇ ਪਾਸਿਓਂ ਘੇਰਿਆ ਹੋਇਆ ਸੀ ਤੇ ਸਰਾਂ ਵਾਲੇ ਪਾਸੇ ਛੱਤ ਉਪਰ ਸਾਡੇ ਵੱਲ ਨੂੰ ਰਫ਼ਲਾਂ ਤਾਣ ਕੇ ਫੌਜੀ ਲੇਟੇ ਹੋਏ ਸਨ। ਉਹ ਬਹੁਤੀ ਹਿਲ-ਜੁਲ ਨਹੀਂ ਸੀ ਕਰ ਰਹੇ ਤੇ ਵਾਕੀ ਟਾਕੀ ਰਾਹੀਂ ਸਾਡੇ ਬਾਰੇ ਪਿੱਛੇ ਖ਼ਬਰਾਂ ਭੇਜ ਰਹੇ ਸਨ। ਸਾਨੂੰ ਲੱਗਿਆ, ਜਿਵੇਂ ਉਹ ਸਾਡੀ ਗਿਣਤੀ ਕਰ ਰਹੇ ਹੋਣ। ਦੋ ਰਾਤਾਂ ਤੇ ਦੋ ਦਿਨ ਉਨ੍ਹਾਂ ਨੇ ਸਾਨੂੰ ਘੇਰੀ ਰੱਖਿਆ। ਸਾਨੂੰ ਆਪਣੇ ਉਤੇ ਵਿਸ਼ਵਾਸ ਤਾਂ ਸੀ, ਪਰ ਇਹ ਵੀ ਵਿਸ਼ਵਾਸ ਸੀ ਕਿ ਸਾਡੇ ਦੇਸ਼ ਵਿਚ, ਅਜਿਹੇ ਵੇਲੇ, ਵਿਸ਼ਵਾਸ ਕੰਮ ਨਹੀਂ ਆਉਂਦੇ। ਅਸੀਂ ਸੋਚਾਂ ਵਿਚ ਡੁੱਬੇ ਹੋਏ ਸਾਂ ਤੇ ਕੁਝ ਵੀ ਸੁੱਝ ਨਹੀਂ ਸੀ ਰਿਹਾ, ਕੀ ਕਰੀਏ ਕੀ ਨਾ ਕਰੀਏ।

ਸ਼ਾਮ ਨੂੰ ਬੀ ਬੀ ਸੀ ਤੋਂ ਪਤਾ ਲੱਗਾ ਕਿ ਫੌਜ ਨੇ ਕਈ ਗੁਰਦੁਆਰੇ ਘੇਰੇ ਹੋਏ ਹਨ ਤੇ ਸਭ ਤੋਂ ਵੱਡਾ ਘੇਰਾ ਹਰਿਮੰਦਰ ਸਾਹਿਬ ਨੂੰ ਪਿਆ ਹੋਇਆ ਹੈ। ਦਿਲ ਨੂੰ ਡੋਬੂ ਪੈਣ ਲੱਗੇ ਤੇ ਅਸੀਂ ਗੁਰਦੁਆਰੇ ਦੇ ਕੀਰਤਨੀਏ ਭਾਈ ਜੋਗਾ ਸਿੰਘ ਨਾਲ ਸਲਾਹ ਕੀਤੀ। ਉਹ ਬੇਹੱਦ ਚਿੰਤਾ ਵਿਚ ਸੀ ਤੇ ਉਹਦੇ ਤਬਲਚੀ ਮਨਜੀਤ ਸਿੰਘ ਦਾ ਤਾਂ ਪੁੱਛੋ ਕੁਝ ਨਾ। ਕਮਰੇ ਵਿਚ ਚਾਰ-ਪੰਜ ਬੰਦੇ ਡੌਰ-ਭੌਰ ਸਨ। ਲਾਂਗਰੀ ਬਾਬਾ, ਮੁੱਖ ਗ੍ਰੰਥੀ, ਭਾਈ ਜੋਗਾ ਸਿੰਘ, ਖ਼ਜ਼ਾਨਚੀ, ਜੋੜੇਦਾਰ ਤੇ ਅਸੀਂ ਮਿਲ ਕੇ ਗੁਰਦੁਆਰੇ ਦਾ ਨਿੱਤ-ਨੇਮ ਜਾਰੀ ਰੱਖਿਆ ਤੇ ਆਪਸ ਵਿਚ ਸਲਾਹ ਮਸ਼ਵਰਾ ਵੀ ਕਰਦੇ ਰਹੇ। ਵੈਸੇ ਸਾਡੇ ਕੋਲ ਸਲਾਹ ਮਸ਼ਵਰਾ ਕਰਨ ਲਈ ਕੁਝ ਨਹੀਂ ਸੀ ਬਚਿਆ। ਜੋ ਕਰਨਾ ਸੀ ਫੌਜ ਨੇ ਕਰਨਾ ਸੀ। ਅਸੀਂ ਤਾਂ ਜਿਵੇਂ, ਕਿਸੇ ਭਾਂਬੜ ਦਾ ਬਾਲਣ ਬਣਨਾ ਹੋਵੇ।

ਤੀਜੇ ਦਿਨ ਤੜਕੇ ਸਾਨੂੰ ਅਨਾਊਂਸਮੈਂਟ ਸੁਣਾਈ ਦਿੱਤੀ। ਮਿਲਟਰੀ ਵਾਲੇ ਸਾਨੂੰ ਨਿਸ਼ਾਨ ਸਾਹਿਬ ਕੋਲ ਬੁਲਾ ਰਹੇ ਸਨ। ਰਾਜਾ, ਪਰਗਣ ਤੇ ਮੈਂ ਅੱਭੜਵਾਹੇ ਉਠੇ ਤੇ ਅਸੀਂ ਭਾਈ ਜੋਗਾ ਸਿੰਘ ਨੂੰ ਉਠਾਇਆ। ਵਾਰ ਵਾਰ ਅਨਾਊਂਸਮੈਂਟ ਹੋ ਰਹੀ ਸੀ ਤੇ ਫੌਜੀ ਚੇਤਾਵਨੀ ਦੇ ਰਹੇ ਸਨ। ਸਾਰੇ ਉਠ ਖੜ੍ਹੇ ਹੋਏ ਤੇ ਆਪਣੇ ਆਪ ਹੀ ਤੇਗ ਸਾਹਿਬ ਦੇ ਦਫਤਰ ਮੋਹਰੇ ਇਕੱਠੇ ਹੋ ਗਏ। ਫੌਜ ਨੇ ਸਾਨੂੰ ਇਕ ਦਮ ਘੇਰਾ ਪਾ ਲਿਆ ਤੇ ਗ੍ਰਿਫਤਾਰ ਕਰ ਕੇ ਸਾਡੀ ਜਾਮਾ ਤਲਾਸ਼ੀ ਲਈ। ਫਿਰ ਸਾਡੇ ਹੱਥ ਬੰਨ੍ਹ ਕੇ ਕਾਲਜ ਲੈ ਗਏ, ਜਿੱਥੇ ਸਾਨੂੰ ਇਕ ਇਕ ਕਰਕੇ ਕਮਰਿਆਂ ਵਿਚ ਬੰਦ ਕਰ ਦਿੱਤਾ। ਸੱਤ ਨੰਬਰ ਕਮਰੇ ਵਿਚ ਮੈਂ ਸੀ, ਨਾਲ ਦੇ ਕਮਰੇ ਵਿਚ ਪਰਗਣ, ਉਸ ਤੋਂ ਅੱਗੇ ਰਾਜਾ ਤੇ ਬਾਕੀ ਸਾਰੇ ਅਲੱਗ ਅਲੱਗ ਕਮਰਿਆਂ ਵਿਚ ਬੰਦ ਸਨ, ਜਿਵੇਂ ਅਸੀਂ ਨਮੋਸ਼ੀ ਤੇ ਘਿਰਣਾ ਦੀ ਖੱਡ ਵਿਚ ਗ਼ਰਕ ਹੋ ਗਏ ਹੋਈਏ।

ਦਿਨ ਚੜ੍ਹੇ ਸਾਨੂੰ ਫੌਜੀ ਸੱਦਣ ਆਏ ਤੇ ਕੱਲੇ ਕੱਲੇ ਨੂੰ ਪੁੱਛ-ਗਿੱਛ ਲਈ ਪ੍ਰਿੰਸੀਪਲ ਦੇ ਦਫਤਰ ਲਿਜਾਣ ਲੱਗੇ। ਉਥੇ ਬੈਠਾ ਫੌਜੀ ਅਫਸਰ ਪੁੱਛ-ਗਿੱਛ ਕਰ ਰਿਹਾ ਸੀ ਤੇ ਨਵੇਂ ਸ਼ਹਿਰ ਦਾ ਐਸ ਡੀ ਐਮ ਇਸ ਤਰ੍ਹਾਂ ਬੈਠਾ ਸੀ, ਜਿਵੇਂ ਉਡਦੀ ਪਤੰਗ ਦੇਖ ਰਿਹਾ ਹੋਵੇ। ਫੌਜੀ ਅਫਸਰ ਇਲਾਕੇ ਵਿਚ ਹੋਈਆਂ ਵਾਰਦਾਤਾਂ ਬਾਰੇ ਪੁੱਛ ਰਿਹਾ ਸੀ, ਜਿਨ੍ਹਾਂ ਦਾ ਸਾਨੂੰ ਓਨਾ ਹੀ ਪਤਾ ਸੀ, ਜਿੰਨਾ ਅਖ਼ਬਾਰਾਂ ਵਿਚ ਛਪਿਆ ਸੀ।

ਇਸਦੇ ਇਲਾਵਾ ਸਾਨੂੰ ਪਤਾ ਸੀ ਕਿ ਸਰਾਂ ਦੇ ਕਮਰੇ ਵਿਚ ਦੋ ਜਣੇ ਅਕਸਰ ਆਉਂਦੇ ਹਨ, ਰਾਤ ਰਹਿੰਦੇ ਹਨ ਤੇ ਸਵੇਰ ਨੂੰ ਪਤਾ ਨਹੀਂ ਕਿਹੜੇ ਵੇਲੇ ਨਿਕਲ ਜਾਂਦੇ ਸਨ। ਉਹ ਯਾਤਰੂ ਸਨ ਜਾਂ ਤੇਗ ਸਾਹਿਬ ਦੇ ਮਹਿਮਾਨ ਸਨ, ਕੁਝ ਪਤਾ ਨਹੀਂ ਸੀ ਤੇ ਨਾ ਕਦੀ ਸਾਡਾ ਹੌਸਲਾ ਪਿਆ ਸੀ ਕਿ ਤੇਗ ਸਾਹਿਬ ਨੂੰ ਉਨ੍ਹਾਂ ਬਾਬਤ ਕੁਝ ਪੁੱਛੀਏ। ਉਹ ਪੈਦਲ ਆਉਂਦੇ ਤੇ ਪੈਦਲ ਨਿਕਲ ਜਾਂਦੇ। ਉਹ ਕਿਹਦੇ ਬੰਦੇ ਸਨ, ਕੀ ਕਰਦੇ ਸਨ, ਕਿੱਥੋਂ ਆਉਂਦੇ ਸਨ ਤੇ ਕਿੱਥੇ ਜਾਂਦੇ ਸਨ, ਕਿਸੇ ਨੂੰ ਕੁਝ ਪਤਾ ਨਹੀਂ ਸੀ। ਉਨ੍ਹਾਂ ਲਈ ਸਦਾ ਇਕ ਹੀ ਕਮਰਾ ਖੁੱਲ੍ਹਦਾ। ਸ਼ਾਇਦ ਉਹ ਤੇਗ ਸਾਹਿਬ ਦਾ ਕੋਈ ਰਾਜ਼ ਸੀ, ਜਿਸ ਬਾਰੇ ਸਾਡੇ ਕੋਲ ਕੁਝ ਵੀ ਦੱਸਣ ਜੋਗਾ ਨਹੀਂ ਸੀ।

ਫੌਜ ਨੇ ਸਰਾਂ ਦੀ ਤਲਾਸ਼ੀ ਲਈ। ਸਾਡੇ ਖੁੱਲ੍ਹੇ ਕਮਰੇ ਵਿਚੋਂ ਤਾਂ ਉਨ੍ਹਾਂ ਨੂੰ ਸਾਡੀਆਂ ਕਿਤਾਬਾਂ, ਕਾਪੀਆਂ, ਪੈਨ ਅਤੇ ਸਿਆਹੀ ਦੀ ਦਵਾਤ ਦੇ ਇਲਾਵਾ ਕੁਝ ਨਾ ਮਿਲਿਆ। ਸਿਵਾਇ ਤੇਗ ਸਾਹਿਬ ਵਾਲੀ ਚੈੱਸ ਦੇ, ਬੀ ਬੀ ਸੀ 'ਤੇ ਪੱਕੀ ਟਿਕੀ ਹੋਈ ਸੂਈ ਵਾਲੇ ਰੇਡੀਓ ਦੇ ਤੇ ਇੱਕ ਬੰਸਰੀ ਦੇ, ਜਿਸਨੂੰ ਅਸੀਂ ਕਦੇ ਕਦੇ ਬੇਹੱਦ ਬੇਸੁਰੇ ਅੰਦਾਜ਼ ਵਿਚ ਵਜਾਉਣ ਦੀ ਕੋਸ਼ਿਸ਼ ਕਰਦੇ। ਇਕ ਮੇਰਾ 'ਦੀਵਾਨਿ ਗ਼ਾਲਿਬ' ਸੀ, ਜਿਸਦੇ ਇਕ ਸ਼ਿਅਰ ਨੂੰ ਸਮਝਣ ਲਈ ਅਸੀਂ ਸਾਰਾ ਦਿਨ ਬਹਿਸਦੇ ਰਹਿੰਦੇ।

ਫੌਜ ਨੇ ਦੱਸਿਆ ਕਿ ਇਕ ਬੰਦ ਕਮਰੇ ਦੀ ਬੰਦ ਅਲਮਾਰੀ ਵਿਚੋਂ ਉਨ੍ਹਾਂ ਨੂੰ ਗਰਨੇਡ ਮਿਲਿਆ ਹੈ। ਇਹ ਕਮਰਾ ਉਹੀ ਸੀ, ਜਿਹੜਾ ਉਨ੍ਹਾਂ ਦੋ ਜਣਿਆਂ ਲਈ ਹਮੇਸ਼ਾ ਬੰਦ ਰਹਿੰਦਾ ਸੀ। ਸਾਨੂੰ ਨਹੀਂ ਪਤਾ ਕਿ ਉਸ ਕਮਰੇ ਵਿਚੋਂ ਗਰਨੇਡ ਮਿਲਿਆ ਸੀ ਕਿ ਨਹੀਂ, ਪਰ ਉਸ ਕਾਰਨ ਸਾਡੇ ਬੇਹੱਦ ਕੁੱਟ ਪਈ ਤੇ ਅਸੀਂ ਰੱਜ ਕੇ ਗਾਲ੍ਹਾਂ ਖਾਧੀਆਂ।

ਕਾਲਜ ਦੇ ਕਮਰਿਆਂ ਵਿਚ ਸਾਨੂੰ ਛੇ-ਸੱਤ ਦਿਨ ਬੰਦ ਰੱਖਿਆ ਗਿਆ। ਮੈਂ ਆਪਣਾ ਸਿਰ ਦਾ ਸਾਫ਼ਾ ਹੇਠਾਂ ਵਿਛਾਉਂਦਾ, ਕਮੀਜ਼ ਉਤਾਰ ਕੇ ਕੱਠੀ ਕਰ ਕੇ ਸਿਰਹਾਣਾ ਬਣਾਉਂਦਾ ਤੇ ਭੁੰਜੇ ਲੇਟ ਜਾਂਦਾ। ਕੀ ਪਤਾ ਸੀ ਕਿ ਜਿੱਥੇ ਸ਼ਾਨ ਨਾਲ ਮੈਂ ਕਲਾਸਾਂ ਲਾਉਂਦਾ ਰਿਹਾ ਸਾਂ, ਉਸ ਕਮਰੇ ਵਿਚ ਕਦੇ ਸੌਣਾ ਵੀ ਪਵੇਗਾ। ਰੋਟੀ ਦੇਣ ਆਏ ਫ਼ੌਜੀਆਂ ਦੇ ਇਕ ਹੱਥ ਵਿਚ ਬੀੜੀ ਹੁੰਦੀ ਤੇ ਦੂਜੇ ਹੱਥ ਵਿਚ ਥਾਲ ਹੁੰਦਾ। ਉਹ ਇਸ ਤਰ੍ਹਾਂ ਦੇਖਦੇ, ਜਿਵੇਂ ਅਸੀਂ ਬਹੁਤ ਵੱਡੇ ਦਰਿੰਦੇ, ਡਾਕੂ ਜਾਂ ਚੋਰ ਹੋਈਏ।

ਸਾਨੂੰ ਵਾਸ਼ਰੂਮ ਲਿਜਾਣ ਵੇਲੇ ਅਗਲੇ ਫ਼ੌਜੀਆਂ ਨੇ ਰਫ਼ਲਾਂ ਦੇ ਮੂੰਹ ਪਿੱਛੇ ਵੱਲ ਕੀਤੇ ਹੁੰਦੇ ਤੇ ਪਿਛਲੇ ਫ਼ੌਜੀਆਂ ਨੇ ਅੱਗੇ ਵੱਲ ਰਫ਼ਲਾਂ ਤਾਣੀਆਂ ਹੁੰਦੀਆਂ। ਨਹਾਉਣਾ ਤਾਂ ਕਿਤੇ ਰਿਹਾ ਅਸੀਂ ਹਫ਼ਤਾ ਭਰ ਕੁਰਲੀ ਵੀ ਨਾ ਕਰ ਸਕੇ। ਏਨੀ ਗਰਮੀ ਵਿਚ ਬੂੰਦ-ਬੂੰਦ ਪਾਣੀ ਮਿਲਦਾ।

ਅਸੀਂ ਉਥੇ ਦੱਬ ਕੇ ਕੁੱਟ ਖਾਧੀ ਤੇ ਰੱਜ ਕੇ ਜ਼ਲੀਲ ਹੋਏ। ਸਾਨੂੰ ਕਿਸੇ ਗੱਲ ਦਾ ਕੋਈ ਪਤਾ ਨਹੀਂ ਸੀ ਤੇ ਅਸੀਂ ਦੱਸਦੇ ਵੀ ਕੀ। ਦੱਸਦੇ ਵੀ ਤਾਂ ਉਸ ਉਤੇ ਕਿਸੇ ਨੂੰ ਯਕੀਨ ਨਹੀਂ ਸੀ। ਲੱਗਦਾ ਸੀ ਕਿ ਫੌਜ ਨੂੰ ਗੁਰਦੁਆਰੇ ਅੰਦਰ ਹੋਣ ਵਾਲੀ ਹਰ ਹਰਕਤ ਦਾ ਪਤਾ ਸੀ। ਉਨ੍ਹਾਂ ਨੂੰ ਇਹ ਤਾਂ ਪਤਾ ਸੀ ਕਿ ਅਸੀਂ ਅਤਿਵਾਦੀ ਨਹੀਂ ਹਾਂ, ਪਰ ਉਹ ਇਹ ਨਹੀਂ ਸੀ ਮੰਨ ਰਹੇ ਕਿ ਸਾਨੂੰ ਕਿਸੇ ਅਤਿਵਾਦੀ ਦਾ ਪਤਾ ਨਹੀਂ ਹੈ।

ਮੇਰਾ ਕਮਰਾ ਪ੍ਰਿੰਸੀਪਲ ਦੇ ਦਫਤਰ ਦੇ ਸਾਹਮਣੇ ਸੀ ਤੇ ਮੈਂ ਇਕ-ਦੋ ਵਾਰੀ ਪਰਗਣ ਨੂੰ ਆਉਂਦੇ ਦੇਖਿਆ। ਉਸਦੇ ਚਿਹਰੇ 'ਤੇ ਕੁੱਟ ਦੀ ਟੀਸ ਤੇ ਸ਼ਿਕਨ ਦੇ ਨਿਸ਼ਾਨ ਸਨ। ਜੇ ਮੈਂ ਆਪਣਾ ਚਿਹਰਾ ਦੇਖ ਸਕਦਾ ਤਾਂ ਉਸਤੋਂ ਵੀ ਵਧੇਰੇ ਸ਼ਿਕਨ ਨਜ਼ਰ ਆਉਣੇ ਸਨ ਤੇ ਕੁੱਟ ਵੱਖਰੀ। ਰਾਜੇ ਨੂੰ ਦੇਖਿਆ ਤਾਂ ਉਹ ਡਰਿਆ ਹੋਇਆ ਸੀ, ਜਿਵੇਂ ਉਹ ਸਾਨੂੰ ਹੀ ਆਪਣੇ ਦੁਸ਼ਮਣ ਸਮਝਣ ਲੱਗ ਪਿਆ ਹੋਵੇ।

ਸਾਡੇ ਕਿਸੇ ਦੇ ਵੀ ਘਰ ਕਿਸੇ ਨੂੰ ਕੁਝ ਪਤਾ ਨਹੀਂ ਸੀ ਕਿ ਅਸੀਂ ਕਿਸ ਹਾਲ ਵਿਚ ਹਾਂ; ਮਰੇ ਹਾਂ ਕਿ ਜਿਉਂਦੇ। ਸੁਨੇਹਾ ਭੇਜ ਸਕਣ ਦਾ ਕੋਈ ਜ਼ਰੀਆ ਨਹੀਂ ਸੀ। ਸਾਡਾ ਕਾਲਜ ਸਾਡੇ ਲਈ ਦੇਸ਼ ਨਿਕਾਲੇ ਤੋਂ ਵੱਧ, ਕਾਲੇ ਪਾਣੀ ਬਣਿਆ ਹੋਇਆ ਸੀ। ਉਨ੍ਹਾਂ ਸੱਤ ਦਿਨਾਂ ਦੀ ਜ਼ਿੱਲਤ ਸਾਡੇ ਲਈ ਜੰਨਤ ਦਾ ਵਿਰੋਧੀ ਸ਼ਬਦ ਬਣ ਗਿਆ ਸੀ।

ਇਕ ਦਿਨ ਮੈਂ ਦੇਖਿਆ ਕਿ ਫੌਜ ਵਿਚ ਅਫਰਾ-ਤਫਰੀ ਮਚੀ ਹੋਈ ਸੀ। ਮਿਲਟਰੀ ਦੀਆਂ ਗੱਡੀਆਂ ਦੀ ਅੰਧਾ-ਧੁੰਦ ਘੂੰ-ਘੂੰ ਸੁਣਾਈ ਦਿੱਤੀ। ਮੈਂ ਸੱਤ ਨੰਬਰ ਕਮਰੇ ਦੇ ਪਿਛਲੇ ਪਾਸਿਓਂ ਦੇਖਿਆ, ਗਰਾਊਂਡ ਵਿਚ ਹੈਲੀਕਾਪਟਰ ਉਤਰਿਆ। ਕੋਈ ਪ੍ਰਿੰਸੀਪਲ ਦੇ ਦਫਤਰ ਵਿਚ ਆਇਆ ਤੇ ਕੁਝ ਚਿਰ ਰੁਕਿਆ ਤੇ ਉਡੰਤਰ ਹੋ ਗਿਆ। ਦਿਲ ਵਿਚ ਸੰਸਾ ਵਧ ਗਿਆ ਤੇ ਅੱਖਾਂ ਅੱਗੇ ਹਨੇਰਾ ਆ ਗਿਆ।

ਰਾਤ ਨੂੰ ਇਕ ਇਕ ਕਰ ਕੇ ਸਾਡੇ ਦਰਵਾਜ਼ੇ ਖੁੱਲ੍ਹੇ ਤੇ ਸਾਨੂੰ ਗੁਰਦੁਆਰੇ ਦੇ ਮੋਹਰੇ ਲਿਜਾ ਕੇ ਟਰੱਕ ਵਿਚ ਚਾੜ੍ਹ ਲਿਆ ਗਿਆ। ਅਸੀਂ ਬਿਨ ਬੋਲੇ ਇਕ ਦੂਜੇ ਨੂੰ ਛੂਹ ਕੇ ਦੇਖਿਆ ਤੇ ਖ਼ਾਮੋਸ਼ ਭਾਸ਼ਾ ਵਿਚ ਆਪੋ-ਆਪਣਾ ਹਾਲ ਦੱਸਿਆ। ਅਸੀਂ ਬੇਹੱਦ ਘਬਰਾਏ ਹੋਏ ਸਾਂ। ਬੇਸ਼ੱਕ ਅਸੀਂ ਨਿਰਦੋਸ਼ ਸਾਂ, ਪਰ ਏਹੋ ਜਿਹੇ ਸਮੇਂ ਨਿਰਦੋਸ਼ਤਾ ਸਾਬਤ ਹੋਣ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਸਾਨੂੰ ਲੱਗਿਆ ਕਿ ਸਾਡੀ ਇਹ ਆਖ਼ਰੀ ਰਾਤ ਹੈ ਤੇ ਹੁਣ ਸਾਡਾ ਮੁਕਾਬਲਾ ਬਣਾ ਕੇ ਕਹਾਣੀ ਖ਼ਤਮ ਕਰ ਦਿੱਤੀ ਜਾਣੀ ਹੈ। ਸਾਡੀਆਂ ਡੌਰ-ਭੌਰ ਅੱਖਾਂ ਵਿਚ ਏਨੀ ਖ਼ੁਸ਼ਕੀ ਉਤਰੀ ਹੋਈ ਸੀ ਕਿ ਚਾਹੁਣ 'ਤੇ ਵੀ ਅੱਥਰੂ ਨਹੀਂ ਸੀ ਵਗ ਰਹੇ। ਸਾਡੇ ਨਿਰਅੱਥਰੂ ਨੇਤਰ ਇਸ ਤਰ੍ਹਾਂ ਅੱਡੇ ਹੋਏ ਸਨ, ਜਿਵੇਂ ਅਸੀਂ ਯਹੂਦੀ ਹੋਈਏ ਤੇ ਅਸੀਂ ਜਲਦੀ ਹੀ ਕਿਸੇ ਗੈਸ ਚੈਂਬਰ ਵਿਚ ਸੁੱਟੇ ਜਾਣਾ ਹੋਵੇ।

ਅਚਾਨਕ ਭਾਈ ਜੋਗਾ ਸਿੰਘ ਖੜ੍ਹੇ ਹੋ ਗਏ ਤੇ ਚਰਨ ਕੰਵਲ ਵੱਲ ਮੂੰਹ ਕਰ ਕੇ ਅਰਦਾਸ ਕਰਨ ਲੱਗ ਪਏ। ਫੌਜੀ ਟਰੱਕ ਵਿਚ ਅਸੀਂ ਸਾਰੇ ਖੜ੍ਹੇ ਸਾਂ, ਜਿਵੇਂ ਆਪਣੀ ਅੰਤਮ ਅਰਦਾਸ ਕਰ ਰਹੇ ਹੋਈਏ। ਅੰਤ ਵਿਚ ਭਾਈ ਜੋਗਾ ਸਿੰਘ ਨੇ ਕਿਹਾ, "ਹੇ ਸੱਚੇ ਪਾਤਸ਼ਾਹ ਅਸੀਂ ਅਦਨੇ ਇਨਸਾਨ ਹਾਂ, ਸਾਡੀ ਭੁੱਲ ਚੁੱਕ ਮਾਫ ਕਰਨੀ ਤੇ ਆਪਣੇ ਚਰਨਾਂ ਵਿਚ ਥਾਂ ਬਖ਼ਸ਼ਣੀ।" ਏਨੀ ਗੱਲ ਸੁਣਦੇ ਸਾਰ ਪਤਾ ਨਹੀਂ ਸਾਡੀਆਂ ਖ਼ੁਸ਼ਕ ਅੱਖਾਂ ਵਿਚ ਏਨਾ ਪਾਣੀ ਕਿੱਥੋਂ ਸਿੰਮ ਆਇਆ ਕਿ ਉਧਰੋਂ ਟਰੱਕ ਚੱਲ ਪਿਆ ਤੇ ਇੱਧਰੋਂ ਅੱਥਰੂ ਵਗ ਪਏ। ਅਸੀਂ ਇਕ ਦੂਜੇ ਨੂੰ ਨਾ ਕੁਝ ਪੁੱਛ ਰਹੇ ਸਾਂ ਨਾ ਦੱਸ ਰਹੇ ਸਾਂ, ਸਿਰਫ ਰੋ ਰਹੇ ਸਾਂ ਤੇ ਹਨੇਰੇ ਵਿਚ ਸਾਨੂੰ ਇਕ ਦੂਜੇ ਦਾ ਕੁਝ ਪਤਾ ਨਹੀਂ ਸੀ ਲੱਗ ਰਿਹਾ। ਰੋਣ ਦਾ ਪਤਾ ਵੀ ਸਿਰਫ ਸਿਸਕੀਆਂ ਤੋਂ ਲੱਗ ਰਿਹਾ ਸੀ। ਇਸ ਤਰ੍ਹਾਂ ਲੱਗਦਾ ਸੀ, ਜਿਵੇਂ ਪਹਿਲੀ ਵਾਰੀ ਅਰਦਾਸ ਸੁਣੀ ਹੋਵੇ। ਨਾ ਹੀ ਏਨੀ ਆਸਥਾ ਨਾਲ ਭਾਈ ਜੋਗਾ ਸਿੰਘ ਨੇ ਕਦੇ ਅਰਦਾਸ ਕੀਤੀ ਸੀ ਤੇ ਨਾ ਹੀ ਅਸੀਂ ਏਨੀ ਨਿਰਬਲਤਾ ਨਾਲ ਕਦੇ ਅਰਦਾਸ ਵਿਚ ਸ਼ਾਮਲ ਹੋਏ ਸਾਂ।

ਸਾਨੂੰ ਏਨਾ ਪਤਾ ਸੀ ਕਿ ਟਰੱਕ ਚੱਲਦਾ ਹੈ, ਪਰ ਇਹ ਜਾ ਕਿੱਥੇ ਰਿਹਾ ਹੈ, ਕੁਝ ਪਤਾ ਨਹੀਂ ਸੀ। ਘੰਟੇ ਕੁ ਬਾਅਦ ਸਾਨੂੰ ਉਤਰਨ ਲਈ ਕਿਹਾ ਗਿਆ ਤੇ ਕਿਸੇ ਠਾਣੇ ਦੀ ਹਵਾਲਾਤ ਵਿਚ ਹੁਝੜ ਦਿੱਤਾ ਗਿਆ। ਸਵੇਰ ਨੂੰ ਪਤਾ ਲੱਗਾ ਕਿ ਉਹ ਫਿਲੌਰ ਦਾ ਠਾਣਾ ਸੀ ਤੇ ਠਾਣੇਦਾਰ ਸਾਡੇ ਪ੍ਰਤੀ ਰਹਿਮ-ਦਿਲ ਸੀ। ਕਹਿਣ ਲੱਗਾ ਉਹ ਸਾਨੂੰ ਛੱਡ ਨਹੀਂ ਸਕਦਾ, ਪਰ ਸਾਡਾ ਹਰ ਤਰ੍ਹਾਂ ਨਾਲ ਖ਼ਿਆਲ ਰੱਖੇਗਾ। ਉਸਨੇ ਤਿੰਨ ਵੇਲੇ ਕਿਸੇ ਦੇ ਘਰੋਂ ਮੰਗਵਾ ਕੇ ਸਾਨੂੰ ਖਾਣਾ ਖਵਾਉਣਾ, ਵਧੀਆ ਚਾਹ ਪਿਲਾਉਣੀ ਤੇ ਡਿਓੜ੍ਹੀ 'ਚ ਖੜ੍ਹ ਕੇ ਸਾਡੇ ਨਾਲ ਗੱਪ-ਸ਼ੱਪ ਮਾਰਨੀ। ਸਾਡੇ ਬੁੱਝੇ ਹੋਏ ਮਨ ਕੁਝ ਕੁਝ ਜਾਗ ਪਏ ਤੇ ਲੱਗਣ ਲੱਗਾ ਕਿ ਅਸੀਂ ਹੁਣ ਮਾਰੇ ਨਹੀਂ ਜਾਵਾਂਗੇ।

ਨਿੱਕੀ ਜਿਹੀ ਉਸ ਹਵਾਲਾਤ ਵਿਚ ਦਸ-ਬਾਰਾਂ ਜਣਿਆਂ ਦੇ ਬਹਿਣ ਜੋਗੀ ਥਾਂ ਸੀ ਤੇ ਅਸੀਂ ਦਿਨ-ਰਾਤ ਬੈਠੇ ਰਹਿੰਦੇ ਤੇ ਕੱਠੇ ਜਿਹੇ ਹੋ ਕੇ ਦੋ ਜਣਿਆਂ ਦੇ ਲੇਟਣ ਲਈ ਥਾਂ ਬਣਾਉਂਦੇ। ਪੱਖੇ ਦੇ ਬਗੈਰ ਏਨੀ ਗਰਮੀ ਵਿਚ ਸਾਹ ਘੁੱਟਦਾ ਤੇ ਅਸੀਂ ਖਜੂਰ ਦੇ ਪੱਖਿਆਂ ਨੂੰ ਬਿਜਲੀ ਦੇ ਪੱਖੇ ਨਾਲੋਂ ਵੀ ਤੇਜ਼ ਹਿਲਾਉਂਦੇ। ਉਸ ਹਵਾਲਾਤ ਵਿਚ ਅਸੀਂ ਸੱਤ ਦਿਨ ਰਹੇ ਤੇ ਜਿੰਨਾ ਅਸੀਂ ਉਥੇ ਜਾਗੇ, ਜਿੰਨੀਆਂ ਗੱਲਾਂ ਕੀਤੀਆਂ ਤੇ ਜਿੰਨਾ ਪੱਖਾ ਝੱਲਿਆ, ਪੁੱਛੋ ਕੁਝ ਨਾ।

ਸੱਤ ਦਿਨ ਬਾਅਦ, ਅੱਧੀ ਰਾਤ ਨੂੰ ਫੌਜੀ ਫਿਰ ਆਏ ਤੇ ਸਾਨੂੰ ਉਸੇ ਟਰੱਕ ਵਿਚ ਲੱਦ ਕੇ ਲੈ ਤੁਰੇ। ਹੁਣ ਸਾਨੂੰ ਮਾਰੇ ਜਾਣ ਦਾ ਡਰ ਨਹੀਂ ਸੀ, ਪਰ ਪਤਾ ਵੀ ਕੁਝ ਨਹੀਂ ਸੀ ਲੱਗ ਰਿਹਾ ਕਿ ਇਹ ਜਾ ਕਿੱਥੇ ਰਹੇ ਹਨ। ਟਰੱਕ ਦੇ ਚੱਲਣ ਦਾ ਪਤਾ ਲੱਗੇ, ਪਰ ਜਾਣਾ ਕਿੱਥੇ ਹੈ ਕੁਝ ਪਤਾ ਨਹੀਂ ਸੀ। ਘੰਟੇ ਕੁ ਬਾਅਦ ਸਾਨੂੰ ਟਰੱਕ ਵਿਚੋਂ ਉਤਾਰ ਲਿਆ ਗਿਆ ਤੇ ਕਿਸੇ ਨਵੇਂ ਬਣੇ ਸਰਕਾਰੀ ਕੁਆਰਟਰਾਂ ਵਿਚ ਕੱਲੇ ਕੱਲੇ ਨੂੰ ਹੁੱਝ ਕੇ ਬਾਹਰੋਂ ਜਿੰਦਰਾ ਮਾਰ ਦਿੱਤਾ ਗਿਆ। ਸਾਨੂੰ ਕੁਝ ਨਹੀਂ ਸੀ ਪਤਾ ਕਿ ਇਹ ਕਿਹੜੀ ਥਾਂ ਹੈ।

ਮੇਰੇ ਵਾਲੇ ਕੁਆਰਟਰ ਵਿਚ ਪਾਣੀ ਖੜ੍ਹਾ ਸੀ, ਮੱਛਰ ਦਾ ਕੋਈ ਅੰਤ ਨਹੀਂ ਸੀ ਤੇ ਵਿਚ ਵਿਚ ਡੱਡੂ ਵੀ ਬੂਥੀਆਂ ਚੁੱਕ ਚੁੱਕ ਦੇਖਦੇ ਸਨ। ਇਕ ਖੂੰਜੇ ਵਿਚ ਕੁਝ ਥਾਂ ਸੁੱਕੀ ਸੀ, ਜਿੱਥੇ ਮੈਂ ਆਪਣਾ ਸਾਫ਼ਾ ਵਿਛਾ ਕੇ ਗੁੱਛਮੁੱਛ ਕਰ ਕੇ ਕਮੀਜ਼ ਦਾ ਸਿਰਹਾਣਾ ਬਣਾਇਆ ਤੇ ਲੇਟ ਗਿਆ। ਉਹ ਘੜੀ ਅਜਿਹੀ ਸੀ ਕਿ ਨਾ ਸਹਿਮ ਸੌਣ ਦੇਵੇ ਨਾ ਮੱਛਰ ਤੇ ਪਾਣੀ 'ਚ ਘੁੰਮਦੇ ਡੱਡੂਆਂ ਦਾ ਡਰ ਵੱਖਰਾ।

ਸਵੇਰ ਹੋਈ, ਖਿੜਕੀ ਦੇ ਬਾਹਰ ਦੇਖਿਆ ਤਾਂ ਫੌਜੀ ਪਹਿਰਾ ਦੇ ਰਹੇ ਸਨ। ਬਾਹਰ ਖੜ੍ਹੇ ਫੌਜੀ ਨੂੰ ਮੈਂ ਜਗ੍ਹਾ ਬਾਰੇ ਪੁੱਛਿਆ। ਉਹਨੇ ਦੱਸਿਆ ਕਿ ਇਹ ਜਲੰਧਰ ਛਾਉਣੀ ਹੈ ਤੇ ਅਸੀਂ ਮਿਲਟਰੀ ਦੇ ਕੁਆਰਟਰਾਂ ਵਿਚ ਕੈਦ ਹਾਂ। ਉਥੇ ਵੀ ਰੋਜ਼ ਸ਼ਾਮ ਨੂੰ ਸਾਨੂੰ ਕੱਲੇ ਕੱਲੇ ਨੂੰ ਕਿਸੇ ਅਫਸਰ ਮੋਹਰੇ ਪੇਸ਼ ਕਰਦੇ। ਇਕ ਫੌਜੀ ਮੋਢੇ 'ਤੇ ਡਾਂਗ ਰੱਖ ਦਿੰਦਾ ਤੇ ਦੂਜਾ ਪਿਛਲੇ ਪਾਸੇ ਡਾਂਗ ਲੈ ਕੇ ਬਹਿ ਜਾਂਦਾ। ਅਫਸਰ ਸਵਾਲ ਕਰਦਾ ਤੇ ਫੌਜੀ ਡਾਂਗ ਦਿਖਾਉਂਦੇ। ਉਨ੍ਹਾਂ ਮੁਤਾਬਕ ਤਸੱਲੀਬਖ਼ਸ਼ ਜਵਾਬ ਨਾ ਮਿਲਣ 'ਤੇ ਪਿਛਲੇ ਪਾਸਿਓਂ ਡਾਂਗ ਉਲਰਦੀ ਤੇ ਉਹ ਅਸਹਿ ਤੇ ਅਕਹਿ ਡਰਾਵੇ ਦਿੰਦੇ। ਮੈਂ ਹੈਰਾਨ ਸੀ ਕਿ ਉਨ੍ਹਾਂ ਨੂੰ ਮੇਰੇ ਹਰ ਰਿਸ਼ਤੇਦਾਰ ਦਾ ਪਤਾ ਸੀ ਕਿ ਉਹ ਕਿੱਥੇ ਰਹਿੰਦੇ ਹਨ ਤੇ ਕੀ ਕਰਦੇ ਹਨ। ਉਹ ਇਹ ਵੀ ਕਹਿੰਦੇ ਕਿ ਮੇਰੇ ਭੈਣ ਭਾਈ ਸਾਰੇ ਗ੍ਰਿਫਤਾਰ ਕਰ ਲਏ ਗਏ ਹਨ ਤੇ ਉਹ ਤਾਂ ਬਚਣਗੇ, ਜੇ ਮੈਂ ਸੱਚੋ ਸੱਚ ਦੱਸ ਦੇਵਾਂ। ਉਸ ਵਕਤ ਮੈਂ ਉਨ੍ਹਾਂ ਨੂੰ ਜੋ ਵੀ ਦੱਸਦਾ, ਉਹੀ ਸੱਚ ਸੀ, ਸਿਰਫ ਉਸ ਸੱਚ 'ਤੇ ਯਕੀਨ ਕਰਾਉਣ ਦਾ ਕੋਈ ਚਾਰਾ ਨਹੀਂ ਸੀ।

*(ਬਾਕੀ ਅਗਲੇ ਸਫੇ 'ਤੇ)*



# ਨੰਦ ਲਾਲ ਨੂਰਪੁਰੀ

ਪੰਜਾਬੀ ਕਾਵਿ-ਜਗਤ ਵਿਚ ਸਾਹਿਤਕ ਗੀਤਕਾਰੀ ਨੂੰ ਨਿਭਾਉਣ ਵਾਲ਼ੀ ਜੇ ਕਿਸੇ ਕਲਮ ਨੂੰ ਸਭ ਤੋਂ ਵੱਧ ਸਤਿਕਾਰ ਦੇਣਾ ਹੋਵੇ ਤਾਂ ਪਹਿਲਾ ਨਾਂ ਨੰਦ ਲਾਲ ਨੂਰਪੁਰੀ ਦਾ ਹੀ ਆਉਂਦਾ ਹੈ। ਨੂਰਪੁਰੀ ਦੇ ਗੀਤਾਂ ਨੇ ਆਪਣੇ-ਆਪ ਨੂੰ ਲੋਕ ਗੀਤਾਂ ਦੇ ਹਾਣੀ ਬਣਾ ਕੇ ਨੂਰਪੁਰੀ ਨੂੰ ਜਿਉਂਦੇ ਰੱਖਿਆ ਹੋਇਆ ਹੈ। ਨੂਰਪੁਰੀ ਨੂੰ ਸਾਹਿਤਕ ਗੀਤਕਾਰੀ ਦੇ ਬਾਦਸ਼ਾਹ ਹੋਣ ਦਾ ਮਾਣ ਦਿੰਦਿਆਂ ਇੱਥੇ ਉਨ੍ਹਾਂ ਦੀ ਜ਼ਿੰਦਗੀ ਦੇ ਹਾਲਾਤ, ਸਾਹਿਤਕ ਸਫ਼ਰ ਤੇ ਗੀਤਕਾਰੀ ਬਾਰੇ ਵਿਚਾਰਾਂ ਦੀ ਸਾਂਝ ਬਣਾਵਾਂਗੇ।

ਨੰਦ ਲਾਲ ਦਾ ਜਨਮ 3 ਜੂਨ, 1906 ਨੂੰ ਪਿੰਡ ਨੂਰਪੁਰ, ਜ਼ਿਲ੍ਹਾ ਲਾਇਲਪੁਰ, ਪਾਕਿਸਤਾਨ ਵਿਚ ਪਿਤਾ ਬਿਸ਼ਨ ਸਿੰਘ ਅਤੇ ਮਾਤਾ ਹੁਕਮ ਦੇਈ ਦੇ ਘਰ ਹੋਇਆ। ਆਪਣੇ ਪਿੰਡ ਦੇ ਨਾਂ ਨੂੰ ਹੀ ਆਪਣੇ ਨਾਂ ਨਾਲ਼ ਜੋੜ ਕੇ ਨੂਰਪੁਰੀ ਨੇ ਨੂਰਪਰ ਪਿੰਡ ਦੇ ਮਾਣ ਨੂੰ ਦੁਨੀਆਂ ਵਿਚ ਪਹਿਚਾਣ ਦਿੱਤੀ। ਮੈਟ੍ਰਿਕ ਦੀ ਪ੍ਰੀਖਿਆ ਖ਼ਾਲਸਾ ਹਾਈ ਸਕੂਲ ਲਾਇਲਪੁਰ ਤੋਂ ਪਾਸ ਕਰਨ ਤੋਂ ਬਾਅਦ ਉਸ ਨੇ ਖ਼ਾਲਸਾ ਕਾਲਜ ਵਿਖੇ ਦਾਖ਼ਲਾ ਲੈ ਲਿਆ। ਬੀਕਾਨੇਰ ਸੁਮਿੱਤਰਾ ਦੇਵੀ ਨਾਲ ਨੰਦ ਲਾਲ ਨੂਰਪੁਰੀ ਦਾ ਵਿਆਹ ਹੋ ਗਿਆ, ਜਿਸਦੀ ਕੁੱਖੋਂ ਛੇ ਲੜਕੀਆਂ ਅਤੇ ਦੋ ਲੜਕੇ (ਸਤਿਨਾਮ ਤੇ ਸਤਿਕਰਤਾਰ) ਪੈਦਾ ਹੋਏ।



**ਸੁਖਚੈਨ ਸਿੰਘ ਕੁਰੜ**
**ਪੰਜਾਬੀ ਅਧਿਆਪਕ ਤੇ ਭਾਸ਼ਾ ਮੰਚ ਸਰਪ੍ਰਸਤ**

1934 ਤੋਂ 1940 ਤੱਕ ਨੂਰਪੁਰੀ ਨੇ ਪੁਲਿਸ ਦੀ ਨੌਕਰੀ ਕੀਤੀ। ਪੁਲਿਸ ਦੀ ਨੌਕਰੀ ਦੌਰਾਨ ਇੱਕ ਮੁਕਾਬਲੇ ਨੇ ਉਸ ਦੇ ਮਨ ਨੂੰ ਕਾਫ਼ੀ ਠੇਸ ਪਹੁੰਚਾਈ। ਉਹਦਾ ਕਵੀ ਮਨ ਕੁਰਲਾ ਉਠਿਆ:

ਏਥੋਂ ਉਡਜਾ ਭੋਲਿਆ ਪੰਛੀਆ,
ਵੇ ਤੂੰ ਆਪਣੀ ਜਾਨ ਬਚਾ।
ਏਥੇ ਘਰ ਘਰ ਫਾਹੀਆਂ ਗੱਡੀਆਂ,
ਵੇ ਤੂੰ ਛੁਰੀਆਂ ਹੇਠ ਨਾ ਆ।

ਪੁਲਿਸ ਦੀ ਨੌਕਰੀ ਛੱਡਣ ਤੋਂ ਬਾਅਦ ਪਰਿਵਾਰ ਦੇ ਗੁਜ਼ਾਰੇ ਲਈ ਨੂਰਪੁਰੀ ਨੇ ਉਸ ਸਮੇਂ ਲੋਕ ਸਪੰਰਕ ਵਿਭਾਗ ਤੇ ਰੇਡੀਓ ਰਾਹੀਂ ਕੁਝ ਸਮਾਂ ਆਪਣਾ ਵਕਤ ਲੰਘਾਇਆ। ਭਾਸ਼ਾ ਵਿਭਾਗ ਵਿਚ ਕੁੱਝ ਸਮੇਂ ਲਈ ਨੌਕਰੀ ਕੀਤੀ ਪਰ ਉਥੇ ਵੀ ਉਹ ਬਹੁਤਾ ਸਮਾਂ ਟਿਕ ਨਾ ਸਕਿਆ। ਇੱਕ ਸਮੇਂ ਉਸ ਦੀ ਸਾਹਿਤ-ਸੇਵਾ ਤੇ ਦੇਸ-ਸੇਵਾ ਨੂੰ ਧਿਆਨ ਵਿਚ ਰੱਖਦਿਆਂ ਪੰਜਾਬ ਸਰਕਾਰ ਨੇ 75 ਰੁਪਏ ਮਹੀਨਾ ਵਜ਼ੀਫ਼ਾ ਵੀ ਲਗਾ ਦਿੱਤਾ। ਮੁੱਖ ਮੰਤਰੀ ਕਾਮਰੇਡ ਰਾਮ ਕਿਸ਼ਨ ਝਾਂਗੀ ਨੇ ਆਪਣੇ ਸਮੇਂ ਨੂਰਪੁਰੀ ਨੂੰ ਦਿੱਤੀ ਜਾਂਦੀ ਸਰਕਾਰੀ ਸਹਾਇਤਾ ਬੰਦ ਕਰ ਦਿੱਤੀ ਸੀ। ਉਸ ਤੋਂ ਬਾਅਦ ਦੇ ਹਾਲਾਤਾਂ ਨੇ ਨੂਰਪੁਰੀ ਨੂੰ ਕਾਫ਼ੀ ਨਿਰਾਸ਼ ਕਰ ਦਿੱਤਾ, ਉਹ ਖ਼ੁਦ ਲਿਖਦਾ ਹੈ:

ਬੜਾ ਦੁਨੀਆਂ ਦਾ ਮੈਂ
ਸਤਾਇਆ ਹੋਇਆ ਹਾਂ।
ਕਿ ਤੰਗ ਇਸ ਜ਼ਿੰਦਗੀ ਤੋਂ
ਆਇਆ ਹੋਇਆ ਹਾਂ।
ਕੱਫ਼ਨ ਵਿਚ ਜ਼ਰਾ
ਸੌਣ ਦੇਵੋ ਨਾ ਬੋਲੋ,
ਮੈਂ ਜ਼ਿੰਦਗੀ ਦੇ ਪੰਧ ਦਾ
ਥਕਾਇਆ ਹੋਇਆ ਹਾਂ।


1940 ਵਿਚ ਨੂਰਪੁਰੀ ਬੀਕਾਨੇਰ ਤੋਂ ਪੰਜਾਬ ਆ ਗਿਆ। ਪ੍ਰੋ. ਮੋਹਨ ਸਿੰਘ ਅਨੁਸਾਰ, '1940 ਵਿਚ ਸ਼ੋਰੀ ਫ਼ਿਲਮ ਕੰਪਨੀ ਦੀ ਫ਼ਰਮਾਇਸ਼ 'ਤੇ ਨੂਰਪੁਰੀ ਨੇ ਪ੍ਰਸਿੱਧ ਫ਼ਿਲਮ 'ਮੰਗਤੀ' ਦੇ ਗਾਣੇ ਲਿਖੇ, ਜਿਸ ਨਾਲ਼ ਇੱਕ ਫਿਲਮੀ ਗੀਤਕਾਰ ਵਜੋਂ ਉਸ ਦੀ ਧਾਂਕ ਬੈਠ ਗਈ।' ਇਸ ਤੋਂ ਇਲਾਵਾ 'ਗੀਤ ਬਹਾਰਾਂ ਦੇ' ਅਤੇ 'ਵਲਾਇਤ ਪਾਸ' ਫ਼ਿਲਮਾਂ ਦੇ ਗੀਤਾਂ ਨੇ ਆਪਣੇ ਸਮੇਂ ਨੂਰਪੁਰੀ ਦੇ ਨਾਂ ਨੂੰ ਖ਼ੂਬ ਚਮਕਾਇਆ।

ਇਸ ਰਾਂਗਲੇ ਕਵੀ ਨੇ ਸਵਾ ਕੁ ਸੌ ਕਾਵਿ-ਵੰਨਗੀਆਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ, ਜਿਨ੍ਹਾਂ ਵਿਚ ਕਵਿਤਾਵਾਂ, ਗੀਤ ਤੇ ਗ਼ਜ਼ਲਾਂ ਸ਼ਾਮਲ ਹਨ। ਇਨ੍ਹਾਂ ਵਿਚ ਗੀਤਾਂ ਦੀ ਗਿਣਤੀ ਸਭ ਤੋਂ ਵੱਧ ਲੱਗਪਗ ਛੇ ਦਰਜਨ ਅਤੇ ਸਭ ਤੋਂ ਘੱਟ ਗ਼ਜ਼ਲਾਂ, ਜਿੰਨ੍ਹਾਂ ਦੀ ਗਿਣਤੀ 12 ਹੀ ਮਿਲ਼ਦੀ ਹੈ ।

ਨੰਦ ਲਾਲ ਨੂਰਪੁਰੀ ਦੀਆਂ ਪੁਸਤਕਾਂ ਵਿਚ ਸਭ ਤੋਂ ਪਹਿਲਾਂ 'ਨੂਰੀ ਪਰੀਆਂ' ਦਾ ਨਾਂ ਆਉਂਦਾ ਹੈ ਜੋ ਕਿ ਉਸ ਸਮੇਂ ਲਾਹੌਰ ਤੋਂ ਛਪੀ ਸੀ। ਉਸ ਤੋਂ ਬਾਅਦ 'ਵੰਗਾਂ', ਜਿਸ ਦੇ ਗੀਤਾਂ ਨੂੰ "ਰੂਹ ਦੀ ਗਜ਼ਾ" ਦੇ ਤੌਰ 'ਤੇ ਵਡਿਆਇਆ ਹੋਇਆ ਮਿਲਦਾ ਹੈ। 'ਜਿਊਂਦਾ ਪੰਜਾਬ' ਦੀ ਗੱਲ ਕਰੀਏ ਤਾਂ ਉਸ ਦਾ ਮੁੱਖ ਵਿਸ਼ਾ ਪੰਜਾਬ ਹੀ ਹੈ। ਫਿਰ ਨੂਰਪੁਰੀ ਦੇ ਗੀਤ', ਉਸ ਤੋਂ ਬਾਅਦ 'ਸੁਗਾਤ' ਪੁਸਤਕ ਜਿਸਨੂੰ ਭਾਸ਼ਾ ਵਿਭਾਗ ਪੰਜਾਬ ਵਲੋਂ ਪਹਿਲਾ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਇਸ ਦੀ ਭੂਮਿਕਾ ਲਿਖਦਿਆਂ 'ਹੀਰਾ ਸਿੰਘ ਦਰਦ' ਨੂਰਪੁਰੀ ਦੇ ਗੀਤਾਂ ਨੂੰ "ਸਮਾਜ ਲਈ ਸੌਗਾਤ" ਮੰਨਦਾ ਹੈ।

ਨੂਰਪੁਰੀ ਦੀ ਸਮੁੱਚੀ ਰਚਨਾ ਨੂੰ ਪੰਜਾਬੀ ਯੂਨੀਵਰਸਟੀ ਪਟਿਆਲਾ ਵੱਲੋਂ ਪ੍ਰੋਫ਼ੈਸਰ ਮੋਹਨ ਸਿੰਘ ਦੀ ਸੰਪਾਦਨਾ ਹੇਠ 1969 ਵਿਚ 'ਨੰਦ ਲਾਲ ਨੂਰਪੁਰੀ ਕਾਵਿ-ਸੰਗ੍ਰਹਿ' ਨਾਂ ਹੇਠ ਛਾਪਿਆ ਗਿਆ ਸੀ। ਇਸ ਪੁਸਤਕ ਦੀ ਭੂਮਿਕਾ ਪ੍ਰੋ ਮੋਹਨ ਸਿੰਘ ਨੇ ਲਿਖੀ ਜੋ ਕਿ 11 ਸਫ਼ਿਆਂ ਦੀ ਲੰਮੀ ਭੂਮਿਕਾ ਸੀ।

ਹੁਣ ਅੱਗੇ ਗੀਤਾਂ ਦੇ ਬਾਦਸ਼ਾਹ ਦੀ ਗੀਤਕਾਰੀ ਦੀ ਸ਼ੁਰੂਆਤ ਦੀ ਗੱਲ ਕਰਨ ਤੋਂ ਪਹਿਲਾਂ ਨੂਰਪੁਰੀ ਦੇ ਗੀਤ ਲਿਖਣ ਸੰਬੰਧੀ ਇਹ ਵਿਚਾਰ ਸਮਝਣੇ ਬਹੁਤ ਜ਼ਰੂਰੀ ਹੋ ਜਾਂਦੇ ਹਨ। ਨੂਰਪੁਰੀ ਲਿਖਦਾ ਹੈ ਕਿ "ਗੀਤ ਲਿਖਣਾ ਕਵਿਤਾ ਲਿਖਣ ਨਾਲੋਂ ਔਖਾ ਹੈ। ਜਿਸ ਦੇਸ਼ ਦੇ ਗੀਤ ਜਿਊਂਦੇ ਹਨ, ਉਹ ਦੇਸ਼ ਸਦਾ ਜਿਊਂਦਾ ਰਹਿੰਦਾ ਹੈ। ਮੈਂ ਕੋਸ਼ਿਸ਼ ਕਰਦਾ ਰਿਹਾ ਹਾਂ ਕਿ ਅਪਣੇ ਗੀਤਾਂ ਰਾਹੀਂ ਲੋਕਾਂ ਨੂੰ ਕੁੱਝ



ਦੇ ਸਕਾਂ, ਅਪਣੇ ਗੀਤਾਂ ਰਾਹੀਂ ਕੌਮ ਤੇ ਦੇਸ਼ ਦੀ ਖ਼ਿਦਮਤ ਕਰ ਸਕਾਂ।" ਨੂਰਪੁਰੀ ਨੇ ਉਪਰੋਕਤ ਵਿਚਾਰ ਨੂੰ ਸਿਰਫ ਕਹਿਣ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਸਾਰੀ ਜ਼ਿੰਦਗੀ ਆਪਣੀ ਕਲਮ ਦੀ ਨੋਕ 'ਤੇ ਆਪਣੇ ਕਹੇ ਬੋਲਾਂ ਨੂੰ ਮਾਣ ਬਖ਼ਸ਼ਿਆ।

ਉਸ ਦਾ ਸਭ ਤੋਂ ਪਹਿਲਾ ਗੀਤ 'ਮੈਂ ਵਤਨ ਦਾ ਸ਼ਹੀਦ' ਜੋ ਉਸਨੇ 1925 ਵਿਚ ਲਿਖਿਆ ਸੀ।

ਮੈਂ ਵਤਨ ਦਾ ਸ਼ਹੀਦ ਹਾਂ,
ਮੇਰੀ ਯਾਦ ਭੁਲਾ ਦੇਣੀ।
ਮੇਰੇ ਖ਼ੂਨ ਦੀ ਇਕ ਪਿਆਲੀ,
ਕਿਸੇ ਪਿਆਸੇ ਨੂੰ ਪਿਲਾ ਦੇਣੀ।

ਇੱਥੇ ਅਸੀਂ ਮਹਿਸੂਸ ਕਰ ਸਕਦੇ ਹਾਂ ਕਿ ਸ਼ੁਰੂਆਤ ਵਿਚ ਹੀ ਦੇਸ਼-ਪਿਆਰ ਨਾ਼ਲ ਭਰੀ ਭਾਵਨਾ ਨਾ਼ਲ ਨੂਰਪੁਰੀ ਆਪਣੀ ਕਲਮ ਨੂੰ ਗੁੜ੍ਹਤੀ ਦਿੰਦਾ ਹੋਇਆ ਮਿ਼ਲਦਾ ਹੈ।

ਉਸ ਦੇ ਗੀਤਾਂ ਨੂੰ ਉਸ ਸਮੇਂ ਦੇ ਚਰਚਿਤ ਕਲਾਕਾਰ ਗਾ ਕੇ ਆਪਣੇ ਆਪ ਨੂੰ ਭਾਗਾਂ ਵਾ਼ਲਾ ਸਮਝਦੇ ਸਨ। ਉਸ ਸਮੇਂ ਲਿਖੇ ਤੇ ਗਾਏ ਨੂਰਪੁਰੀ ਦੇ ਗੀਤ ਅੱਜ ਦੀ ਨਵੀਂ ਪੀੜ੍ਹੀ ਨੂੰ ਵੀ ਆਪਣੇ ਹਾਣੀ ਲੱਗਦੇ ਹਨ, ਮੱਲੋ-ਮੱਲੀ ਇਨ੍ਹਾਂ ਗੀਤਾਂ ਦੇ ਬੋਲ ਜਵਾਨ ਮੁੰਡੇ-ਕੁੜੀਆਂ ਦੇ ਬੁੱਲਾਂ 'ਤੇ ਥਿਰਕਣ ਲੱਗ ਜਾਂਦੇ ਹਨ। ਨੂਰਪੁਰੀ ਦੇ ਲਿਖੇ ਗੀਤਾਂ ਨੂੰ ਸਭ ਤੋਂ ਵੱਧ ਗਾਉਣ ਦਾ ਮਾਣ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦੇ ਹਿੱਸੇ ਹੀ ਆਇਆ, ਆਓ ਆਪਾਂ ਨੂਰਪੁਰੀ ਦੇ ਲਿਖੇ ਉਨ੍ਹਾਂ ਗੀਤਾਂ ਵੱਲ ਇੱਕ ਝਾਤ ਪਾਈਏ, ਜੋ ਅੱਜ ਵੀ ਲੋਕ ਮਨਾਂ ਉਪਰ ਆਪਣੀ ਪਹਿਚਾਣ ਬਣਾਈ ਬੈਠੇ ਹਨ।

1.ਚੰਨ ਵੇ ! ਕਿ ਸ਼ੌਂਕਣ ਮੇਲੇ ਦੀ।
ਪੈਰ ਧੋ ਕੇ ਝਾਂਜਰਾਂ ਪੌਂਦੀ,
ਮੇਲ੍ਹਦੀ ਆਉਂਦੀ
ਕਿ ਸ਼ੌਂਕਣ ਮੇਲੇ ਦੀ।

2. ਗੋਰੀ ਦੀਆਂ ਝਾਂਜਰਾਂ
ਬੁਲਾਉਂਦੀਆਂ ਗਈਆਂ,
ਗਲੀਆਂ ਦੇ ਵਿਚ
ਡੰਡ ਪਾਉਂਦੀਆਂ ਗਈਆਂ-ਪ੍ਰਕਾਸ਼ ਕੌਰ

3. ਹਟੋ ਨੀ ਸਹੇਲੀਓ
ਹਟਾਓ ਨਾ ਨੀ ਗੋਰੀਓ
ਗੁੜ ਵਾਂਗੂੰ ਮਿੱਠੀਓ ਨੀ, ਗੰਨੇ ਦੀਓ ਪੋਰੀਓ
ਨੀ ਮੈਨੂੰ ਅੱਗ ਦੇ ਭਬੂਕੇ ਵਾਂਗੂੰ
ਮੱਚ ਲੈਣ ਦੇ
ਨੀ ਮੈਨੂੰ ਦਿਓਰ ਦੇ ਵਿਆਹ ਵਿਚ
ਨੱਚ ਲੈਣ ਦੇ-ਸੁਰਿੰਦਰ ਕੌਰ, ਪ੍ਰਕਾਸ਼ ਕੌਰ

4. ਜੁੱਤੀ ਕਸੂਰੀ ਪੈਰੀਂ ਨਾ ਪੂਰੀ,
ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ।
ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ,
ਉਨ੍ਹੀਂ ਰਾਹੀਂ ਵੇ ਮੈਨੂੰ ਮੁੜਨਾ ਪਿਆ'
-ਸੁਰਿੰਦਰ ਕੌਰ

ਨੂਰਪੁਰੀ ਦਿਖਾਵੇ ਦੀ ਥਾਂ ਰੂਹ ਤੋਂ ਧਰਮ ਨੂੰ ਸਤਿਕਾਰ ਦੇਣ ਵਾ਼ਲਾ ਇਨਸਾਨ ਸੀ, ਉਸਦੀ ਇਹ ਸੱਚੀ-ਸੁੱਚੀ ਭਾਵਨਾ ਨੂੰ ਵੀ ਉਸ ਦੇ ਲਿਖੇ ਧਾਰਮਿਕ ਗੀਤਾਂ ਤੋਂ ਸਮਝਿਆ ਜਾ ਸਕਦਾ ਹੈ:

1. ਕਿੱਡੇ ਸੋਹਣੇ ਚੰਦ ਨੀ ਤੇ
ਕਿੱਡੇ ਸੋਹਣੇ ਬਾਲ ਨੀ,
ਟੁਰੇ ਜਾਂਦੇ ਸੂਬੇ ਦੇ
ਸਿਪਾਹੀਆਂ ਦੇ ਜੋ ਨਾਲ ਨੀ
- ਪ੍ਰਕਾਸ਼ ਕੌਰ, ਸੁਰਿੰਦਰ ਕੌਰ

2. ਕਿੱਥੇ ਮਾਤਾ ਤੋਰਿਆ
ਅਜੀਤ ਤੇ ਜੁਝਾਰ ਨੂੰ,
ਵੇਹੜੇ ਦੀਆਂ ਰੌਣਕਾਂ ਤੇ
ਮਹਿਲਾਂ ਦੀ ਬਹਾਰ ਨੂੰ
-ਪ੍ਰਕਾਸ਼ ਕੌਰ, ਸੁਰਿੰਦਰ ਕੌਰ

3. ਚੁੰਮ ਚੁੰਮ ਰੱਖੋ ਨੀ
ਇਹ ਕਲਗੀ ਜੁਝਾਰ ਦੀ
ਫੁੱਲਾਂ ਨਾਲ ਗੁੰਦੋ ਲੜੀ
ਹੀਰਿਆਂ ਦੇ ਹਾਰ ਦੀ
-ਸੁਰਿੰਦਰ ਕੌਰ, ਪ੍ਰਕਾਸ਼ ਕੌਰ

ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾ਼ਲ ਮੋਹ ਰੱਖਣ ਵਾ਼ਲੇ ਨੂਰਪੁਰੀ ਦੇ ਗੀਤਾਂ ਦਾ ਹਰ ਉਮਰ ਨੇ ਚਾਅ ਨਾ਼ਲ ਹਾਣ ਪ੍ਰਵਾਨ ਕੀਤਾ, ਲੋਕਾਈ ਨੇ ਉਹਦੀ ਕਲਮ ਨੂੰ ਸਤਿਕਾਰ ਦਿੱਤਾ। ਔਰਤ ਦੇ ਵੱਖੋ-ਵੱਖ ਰਿਸ਼ਤਿਆਂ ਤੇ ਮਨ ਦੀਆਂ ਭਾਵਨਾਵਾਂ, ਉਨ੍ਹਾਂ ਦੇ ਚਾਵਾਂ ਨੂੰ ਸੱਚੇ-ਸੁੱਚੇ ਸ਼ਬਦਾਂ ਨਾ਼ਲ ਗੀਤਾਂ ਵਿਚ ਪਰੋਣ ਦਾ ਸਭ ਤੋਂ ਵੱਡਾ ਮਾਣ ਵੀ ਨੂਰਪੁਰੀ ਦੀ ਕਲਮ ਦੇ ਹਿੱਸੇ ਹੀ ਆਇਆ ਹੈ। ਨੂਰਪੁਰੀ ਦੇ ਗੀਤ ਪੰਜਾਬੀ ਸੱਭਿਆਚਾਰ ਦਾ ਸ਼ੀਸ਼ਾ ਹਨ। ਨੂਰਪੁਰੀ ਦੇ ਗੀਤਾਂ 'ਤੇ ਜਿੰਨੀ ਵੀ ਚਰਚਾ ਕੀਤੀ ਜਾਵੇ ਥੋੜ੍ਹੀ ਹੀ ਰਹੇਗੀ, ਕਿਉਂਕਿ ਹਰ ਗੀਤ ਵਿਚ ਪੰਜਾਬੀ ਸੁਭਾਅ ਦੀ ਸੱਭਿਅਕ ਪਹਿਚਾਣ ਨੂੰ ਮਾਣ ਬਖ਼ਸ਼ਿਆ ਹੋਇਆ ਹੈ। ਸੱਭਿਆਚਾਰਕ ਪੱਖ ਤੋਂ ਸ਼ਬਦਾਵਲੀ ਅਧਾਰਿਤ ਇੱਕ ਕਿਤਾਬ ਲਿਖੀ ਜਾ ਸਕਦੀ ਹੈ। ਇਸ ਮਹਾਨ ਕਲਮਕਾਰ ਨੂੰ ਜੋ ਮਾਣ-ਸਨਮਾਨ ਉਹਦੇ ਜਿਉਂਦੇ ਜੀਅ ਮਿ਼ਲਣਾ ਚਾਹੀਦਾ ਸੀ, ਉਹ ਨਹੀਂ ਮਿ਼ਲਿਆ। ਨੂਰਪੁਰੀ ਨੇ ਆਪਣੀ ਜ਼ਿੰਦਗੀ ਦਾ ਗੁਜ਼ਾਰਾ ਚੱਪਲਾਂ ਨਾ਼ਲ ਅਤੇ ਸਾਈਕਲ ਨਾ਼ਲ ਹੀ ਕੀਤਾ, ਪਰ ਉਸ ਦੇ ਲਿਖੇ ਗੀਤਾਂ ਨੇ ਉਸ ਸਮੇਂ ਦੇ ਨਾਮਵਰ ਗਾਇਕਾਂ ਨੂੰ ਕੋਠੀਆਂ ਵਾਲੇ ਜ਼ਰੂਰ ਬਣਾ ਦਿੱਤਾ ਸੀ।

ਨੂਰਪੁਰੀ ਖ਼ੁਦ ਅਕਸਰ ਆਖਿਆ ਕਰਦਾ ਸੀ, "ਸ਼ੇਅਰ ਕਹਿਣਾ ਜਾਂ ਤਾਂ ਬਾਦਸ਼ਾਹਾਂ ਦਾ ਕੰਮ ਹੈ ਜਾਂ ਫਿਰ ਫ਼ਕੀਰਾਂ ਦਾ ਕਿਉਂਕਿ ਇਹ ਦੋਵੇਂ ਹੀ ਆਰਥਿਕ ਪੱਖੋਂ ਪੂਰੀਆਂ ਹੋਣ ਵਾਲੀਆਂ ਸਮੂਹਿਕ ਲੋੜਾਂ ਲਈ ਕਿਸੇ ਦੇ ਮੁਥਾਜ ਨਹੀਂ ਹੁੰਦੇ।"

ਨੰਦ ਲਾਲ ਨੂਰਪੁਰੀ ਦਾ ਇੱਕ ਵਿਸ਼ੇਸ਼ ਗੁਣ ਇਹ ਵੀ ਸੀ ਕਿ ਉਹਨੇ ਹੁਣ ਦੇ ਰਿਵਾਜ਼ਾਂ ਵਾਂਗ ਇਨਾਮ-ਸਨਮਾਨ ਲੈਣ, ਆਪਣੇ 'ਤੇ ਗੋਸ਼ਟੀਆਂ ਕਰਾਉਣ, ਖੋਜ ਪ੍ਰਬੰਧ ਲਿਖਵਾ ਕੇ ਚਰਚਾ ਕਰਾਉਣ ਲਈ ਕਦੇ ਤਰਲੇ ਨਹੀਂ ਸੀ ਮਾਰੇ। ਬੇਸ਼ੱਕ ਆਪਣੀ ਨਿੱਜੀ ਜ਼ਿੰਦਗੀ ਦੇ ਫ਼ਕੀਰਪੁਣੇ 'ਚ ਨੂਰਪੁਰੀ ਨੇ ਸ਼ਬਦਾਂ ਦਾ ਤਾਜ ਪਹਿਨ ਕੇ ਗੀਤਕਾਰੀ ਦੀ ਬਾਦਸ਼ਾਹੀ ਦਾ ਮਾਣ ਖੱਟਿਆ ਪਰ ਪਰਿਵਾਰ ਨੂੰ ਪਾਲਦਿਆਂ ਆਰਥਿਕ ਤੰਗੀਆਂ ਨਾ਼ਲ ਜੂਝਦਾ ਅੰਦਰੋਂ-ਅੰਦਰੀ ਮਾਨਸਿਕ ਤੌਰ 'ਤੇ ਹਾਰਦਾ ਆਖਿਰ 13 ਮਈ 1966 ਨੂੰ ਖੂਹ ਵਿਚ ਛਾਲ ਮਾਰ ਕੇ ਖੁਦਕੁਸ਼ੀ ਕਰ ਗਿਆ।

---

ਇਕ ਦਿਨ ਦੁਪਹਿਰ ਵੇਲੇ ਖਿੜਕੀ ਦੇ ਬਾਹਰ ਖੜ੍ਹੇ ਫੌਜੀ ਨੇ ਮੈਨੂੰ ਪੁੱਛਿਆ, "ਯੇ ਭੀਂਡਰੀ ਕੌਨ ਹੈ?" ਮੈਂ ਕੁਝ ਨਾ ਦੱਸਿਆ ਤੇ ਚੁੱਪ ਹੀ ਰਿਹਾ। ਉਹਨੇ ਦੱਸਿਆ ਕਿ ਅੰਮ੍ਰਿਤਸਰ ਦਾ ਸਫਾਇਆ ਕਰ ਦਿੱਤਾ ਗਿਆ ਹੈ ਤੇ ਸਾਰੇ ਅਤਿਵਾਦੀ ਮਾਰ ਦਿੱਤੇ ਗਏ ਹਨ। ਮੈਨੂੰ ਉਸ ਵੇਲੇ ਤੱਕ ਪਤਾ ਨਹੀਂ ਸੀ ਕਿ ਪੰਜਾਬ ਵਿਚ ਕੀ ਹੋ ਰਿਹਾ ਹੈ ਤੇ ਅੰਮ੍ਰਿਤਸਰ ਵਿਚ ਕੀ ਵਾਪਰਿਆ ਹੈ। ਉਹਦੀ ਗੱਲ ਸੁਣ ਕੇ ਦਿਲ ਨੂੰ ਡੋਬੂ ਪੈਣ ਲੱਗ ਪਏ ਤੇ ਅੱਖਾਂ ਅੱਗੇ ਅੰਮ੍ਰਿਤਸਰ ਦੇ ਖ਼ੂਨ ਨਾਲ ਲੱਥ-ਪਥ ਨਕਸ਼ੇ ਬਣਨ ਲੱਗੇ। ਲਿੱਬੜੀਆਂ ਦਾਹੜੀਆਂ ਤੇ ਰੁ਼ਲਦੀਆਂ ਪੱਗਾਂ ਦੇ ਸੀਨ ਸਾਕਾਰ ਹੋਣ ਲੱਗੇ। ਮੈਂ ਅੱਖਾਂ ਬੰਦ ਕਰ ਲਈਆਂ ਤੇ ਰੂਹ ਸੁੰਨ ਹੋ ਗਈ।

ਮੈਂ ਉਸ ਕੁਆਰਟਰ ਵਿਚ ਪਲ-ਪਲ ਪਾਠ ਕਰਦਾ ਰਿਹਾ ਤੇ ਬਾਣੀ ਦੇ ਜਿੰਨੇ ਸ਼ਬਦ, ਤੁਕਾਂ ਤੇ ਅੱਖਰ ਮੈਨੂੰ ਯਾਦ ਸਨ, ਮੈਂ ਰਾਤ-ਦਿਨ ਉਚੀ-ਉਚੀ ਬੋਲਦਾ ਰਿਹਾ ਪਰ ਉਹ ਲਹੂ-ਲੁਹਾਨ ਨਕਸ਼ੇ ਮਨ ਨੂੰ ਚੈਨ ਨਾ ਲੈਣ ਦਿੰਦੇ, ਬਲਕਿ ਹੋਰ ਪ੍ਰਤੱਖ ਹੁੰਦੇ। ਇਕ ਦਿਨ ਪਰਗਣ ਦੀ ਆਵਾਜ਼ ਮੇਰੇ ਕੰਨੀਂ ਪਈ। ਉਹ ਦਸਮ ਪਾਤਸ਼ਾਹ ਦੇ ਸਵੱਈਏ ਵੀ ਇੰਝ ਗਾਉਂਦਾ ਸੀ, ਜਿਵੇਂ ਨੌਵੇਂ ਪਾਤਸ਼ਾਹ ਦੇ ਸਲੋਕ ਹੋਣ। ਮੈਂ ਸਮਝ ਗਿਆ ਕਿ ਉਹਦਾ ਕੁਆਰਟਰ ਵੀ ਮੇਰੇ ਨਜ਼ਦੀਕ ਹੀ ਹੈ ਤੇ ਉਹਨੂੰ ਵੀ ਪਤਾ ਲੱਗ ਗਿਐ, ਅੰਮ੍ਰਿਤਸਰ ਕੀ ਵਾਪਰਿਆ ਹੈ। ਉਸ ਵੇਲੇ ਮਨ ਨੂੰ ਜੇ ਕੋਈ ਚੀਜ਼ ਤਾਕਤ ਦਿੰਦੀ ਸੀ ਤਾਂ ਉਹ ਕੰਠ ਹੋਈ ਬਾਣੀ ਸੀ ਤੇ ਉਸ ਵੇਲੇ ਆਪਣੇ ਆਪ 'ਤੇ ਖਿਝ ਆਉਂਦੀ ਸੀ ਕਿ ਜੇ ਸਿੱਖਾਂ ਦੇ ਘਰ ਜਨਮ ਲੈਣਾ ਸੀ ਤਾਂ ਹੋਰ ਬਾਣੀ ਕੰਠ ਕਿਉਂ ਨਾ ਕੀਤੀ। ਮੈਂ ਅੱਖਾਂ ਬੰਦ ਕਰ ਕੇ ਬੈਠ ਜਾਂਦਾ, ਨੌਵੇਂ ਪਾਤਸ਼ਾਹ ਦਾ ਧਿਆਨ ਧਰਦਾ ਤੇ ਮੈਨੂੰ ਉਨ੍ਹਾਂ ਦੇ ਸਲੋਕ ਯਾਦ ਆਉਂਦੇ।

ਇਕ ਦਿਨ ਮੈਨੂੰ ਪੁੱਛ-ਗਿੱਛ ਲਈ ਬੁਲਾਇਆ ਗਿਆ ਤੇ ਫੌਜੀ ਅਫਸਰ ਕਹਿਣ ਲੱਗਾ ਰਾਜੇ ਤੇ ਪਰਗਣ ਨੇ ਉਨ੍ਹਾਂ ਨੂੰ ਮੇਰੇ ਬਾਰੇ ਸਭ ਕੁਝ ਦੱਸ ਦਿੱਤਾ ਹੈ ਹੁਣ ਮੈਂ ਉਨ੍ਹਾਂ ਨੂੰ ਰਾਜੇ ਤੇ ਪਰਗਣ ਬਾਰੇ ਦੱਸਾਂ। ਮੈਂ ਸਮਝ ਗਿਆ ਕਿ ਇਹ ਇਨ੍ਹਾਂ ਦੀ ਚਾਲ ਹੈ। ਮੈਂ ਉਨ੍ਹਾਂ ਬਾਰੇ ਉਹੀ ਕੁਝ ਦੱਸਿਆ, ਜਿਸਦਾ ਮੈਨੂੰ ਪਤਾ ਸੀ ਤੇ ਜਿਸ ਵਿਚ ਕੁਝ ਵੀ ਖ਼ਤਰਨਾਕ ਨਹੀਂ ਸੀ।

ਇਕ ਦਿਨ ਅਫਸਰ ਨੇ ਕੁਝ ਹੋਰ ਪੁੱਛਿਆ ਤੇ ਮੈਂ ਕੁਝ ਹੋਰ ਬੋਲ ਦਿੱਤਾ ਤਾਂ ਪਿੱਛੇ ਬੈਠੇ ਫੌਜੀ ਨੇ ਮੇਰੀ ਧੌਣ ਕੋਲ ਡੰਡਾ ਮਾਰਿਆ ਤੇ ਮੇਰੇ ਏਨੀ ਕਸੂਤੀ ਸੱਟ ਵੱਜੀ ਕਿ ਬੜੀ ਦੇਰ ਤੱਕ ਦਰਦ ਨਾ ਗਿਆ। ਨਾ ਕੋਈ ਧੌਣ ਨੂੰ ਦੁਆਈ ਮਿਲੀ ਤੇ ਨਾ ਕਿਸੇ ਨੇ ਮਲਿਆ। ਧੌਣ ਵਿੰਗੀ ਰਹਿਣ ਕਾਰਨ ਟੇਢਾ ਜਿਹਾ ਤੁਰਨ ਦੀ ਮੈਨੂੰ ਆਦਤ ਪੈ ਗਈ। ਸਿੱਲ੍ਹੇ ਕੁਆਰਟਰ ਦੇ ਫ਼ਰਸ਼ 'ਤੇ ਖੜ੍ਹੇ ਪਾਣੀ ਵਿਚ ਡੱਡੂ ਛੜੱਪੇ ਮਾਰਦੇ, ਮੱਛਰ ਭੀਂ ਭੀਂ ਕਰਦਾ, ਨਾ ਚਿੜੀ ਨਾ ਪਰਿੰਦਾ। ਬੀਆਬਾਨ ਜਿਹੀ ਭਿਆਨਕ ਇਕੱਲਤਾ ਤੇ ਮਿਲਟਰੀ ਦੇ ਖ਼ੌਫ਼ ਵਿਚ ਬਿਤਾਇਆ ਉਹ ਸਮਾਂ ਮੇਰੀ ਸਿਮਰਤੀ ਦਾ ਰਿਸਦਾ ਨਾਸੂਰ ਹੈ।

ਇਕ ਦਿਨ ਸਵੇਰੇ ਦਸ ਵਜੇ ਹੀ ਸਾਨੂੰ ਬੁਲਾ ਲਿਆ ਗਿਆ ਤੇ ਕਾਫੀ ਸਾਰੀ ਕਾਗਜ਼ੀ ਕਾਰਵਾਈ ਕਰਨ ਉਪਰੰਤ ਸਾਨੂੰ ਫਿਰ ਟਰੱਕ ਉਤੇ ਚਾੜ੍ਹ ਕੇ ਜਲੰਧਰ ਜੇਲ੍ਹ ਵਿਚ ਛੱਡ ਦਿੱਤਾ ਗਿਆ। ਹੁਣ ਸਾਨੂੰ, ਜਿਵੇਂ ਸਾਹ ਆਇਆ ਤੇ ਅਸੀਂ ਕਿਸੇ ਨੂੰ ਮਿਲਣ ਜੋਗੇ ਹੋਏ। ਤਸੱਲੀ ਹੋਈ ਕਿ ਹੁਣ ਅਸੀਂ ਕਦੀ ਨਾ ਕਦੀ ਘਰ ਪਰਤ ਜਾਵਾਂਗੇ। ਸਾਨੂੰ ਉਥੇ ਚੱਕੀਆਂ ਵਿਚ ਹੁਬੜ ਦਿੱਤਾ ਗਿਆ। ਚੱਕੀਆਂ ਖੁੱਲ੍ਹਦੀਆਂ ਤੇ ਅਸੀਂ ਇਕ ਦੂਜੇ ਨੂੰ ਮਿਲਦੇ, ਦੁੱਖ ਸਾਂਝੇ ਕਰਦੇ ਤੇ ਕਿਸਮਤ ਨੂੰ ਕੋਸਦੇ। ਸਾਨੂੰ ਉਥੇ ਕਿੰਨੇ ਹੀ ਜਾਣ-ਪਛਾਣ ਵਾਲੇ ਅਕਾਲੀ ਮਿਲੇ, ਜਿਨ੍ਹਾਂ ਨੂੰ ਘਰਾਂ 'ਚੋਂ ਗ੍ਰਿਫਤਾਰ ਕਰ ਲਿਆ ਗਿਆ ਸੀ। ਇਨ੍ਹਾਂ ਵਿਚ ਅਜਿਹਾ ਜਥੇਦਾਰ ਵੀ ਸੀ, ਜਿਹੜਾ ਕਿਸੇ ਅਕਾਲੀ ਦਲ ਦਾ ਪ੍ਰੌਪੇਗੈਂਡਾ ਸਕੱਤਰ ਸੀ। ਉਹਦੇ ਚਿਹਰੇ ਉਤੇ ਗ਼ਮ, ਉਦਾਸੀ ਅਤੇ ਸ਼ਿਕਨ ਦਾ ਨਾਮੋ-ਨਿਸ਼ਾਨ ਨਹੀਂ ਸੀ, ਜਿਵੇਂ ਪੰਜਾਬ ਵਿਚ ਕੱਖ ਵੀ ਨਾ ਹੋਇਆ ਹੋਵੇ। ਗਾਲ੍ਹਾਂ ਕੱਢਣਾ ਉਹਦਾ ਨਿੱਤ-ਨੇਮ ਸੀ। ਹਰੇਕ ਨੂੰ ਉਹ ਗਾਲ੍ਹ ਕੱਢ ਕੇ ਬੁਲਾਉਂਦਾ। ਉਹਦੀਆਂ ਗਾਲ੍ਹਾਂ ਵੀ ਮੀਲ-ਮੀਲ ਲੰਮੀਆਂ ਹੁੰਦੀਆਂ। ਪਤਾ ਨਾ ਲੱਗਦਾ, ਕੱਢੀ ਕਿਹਨੂੰ ਤੇ ਲੱਗੀ ਕਿਹਨੂੰ ਹੈ। ਉਹਦੇ ਮੂੰਹ 'ਚੋਂ ਗਾਲ੍ਹਾਂ ਦੇ ਰੱਸੇ ਨਿਕ਼ਲਦੇ, ਜਿਨ੍ਹਾਂ ਦੀ ਲਪੇਟ 'ਚ ਉਹ ਆਪ ਹੀ ਆ ਜਾਂਦਾ। ਕੋਈ ਦੱਸਦਾ ਤਾਂ ਇਸ ਤਰ੍ਹਾਂ ਹੱਸਦਾ, ਜਿਵੇਂ ਤੌੜੀ 'ਚ ਗੰਦ ਉਬ਼ਲਦਾ ਹੋਵੇ। ਉਹ ਪੱਕਾ ਅਕਾਲੀ ਸੀ ਤੇ ਦੇਖਣ ਨੂੰ ਲੱਗਦਾ, ਜਿਵੇਂ ਗੁਰੂਘਰ ਦਾ ਕੀਰਤਨੀਆ ਹੋਵੇ। ਮੈਂ ਸੋਚਦਾ ਕਿ ਅਜਿਹੇ ਲੋਕ ਹੀ ਪੰਜਾਬ ਨੂੰ ਨਮੋਸ਼ੀ ਅਤੇ ਨਰਕ ਦੀ ਖੱਡ ਵਿਚ ਸੁੱਟਣ ਲਈ ਜ਼ਿੰਮੇਵਾਰ ਹਨ, ਜਿਨ੍ਹਾਂ ਦੇ ਦਿਲ ਪੱਥਰ ਤੇ ਮਸਤਕ, ਜਿਵੇਂ ਹੋਵੇ ਹੀ ਨਾ।

ਬੜੀ ਦੇਰ ਬਾਅਦ ਸਾਡੇ ਘਰ ਪਤਾ ਲੱਗਾ ਕਿ ਅਸੀਂ ਕਿੱਥੇ ਹਾਂ। ਪੁੱਛਦੇ-ਪੁਛਾਉਂਦੇ ਉਹ ਜਲੰਧਰ ਜੇਲ੍ਹ ਤੱਕ ਪੁੱਜ ਗਏ। ਵਾਰੀ-ਵਾਰੀ ਰਿਸ਼ਤੇਦਾਰ ਜੇਲ੍ਹ ਵਿਚ ਮਿਲਣ ਆਉਂਦੇ ਤੇ ਸਭ ਦੇ ਹਾਲ ਮਾਲੂਮ ਹੁੰਦੇ। ਪਤਾ ਲੱਗਾ ਕਿ ਮੇਰੀ ਮਾਂ ਨੇ ਕਦੀ ਰੱਜ ਕੇ ਰੋਟੀ ਨਹੀਂ ਖਾਧੀ। ਉਹ ਢਿੱਡ 'ਚ ਮੁੱਕੀਆਂ ਦੇ ਦੇ ਰੋਂਦੀ ਹੈ। ਮੈਂ ਸੁਨੇਹਾ ਘੱਲਿਆ ਕਿ ਬੀਬੀ ਰੋਵੇ ਨਾ। ਹੁਣ ਅਸੀਂ ਮਰਨ ਤੋਂ ਬਚ ਗਏ ਹਾਂ ਤੇ ਜਲਦੀ ਘਰ ਵਾਪਸ ਆਵਾਂਗੇ। ਨਵੇਂ ਸ਼ਹਿਰ ਦੇ ਲੋਕਾਂ ਨੇ ਇਕੱਠੇ ਹੋ ਕੇ ਵਕੀਲ ਕਰ ਲਏ ਤੇ ਸਾਡੀ ਸਾਰਿਆਂ ਦੀ ਪੈਰਵੀ ਸ਼ੁਰੂ ਕਰ ਦਿੱਤੀ। ਸਾਡੀ ਤਰੀਕ ਪੈਂਦੀ ਤਾਂ ਡੰਡਾ ਬੇੜੀਆਂ ਲਗਾ ਕੇ ਸਾਨੂੰ ਨਵੇਂ ਸ਼ਹਿਰ ਐਸ ਡੀ ਐਮ ਦੇ ਪੇਸ਼ ਕੀਤਾ ਜਾਂਦਾ। ਵਕੀਲ ਜਿਰ੍ਹਿਆ ਕਰਦੇ ਤੇ ਅਸੀਂ ਮੁੜ ਜੇਲ੍ਹ ਵਿਚ ਡੱਕ ਦਿੱਤੇ ਜਾਂਦੇ। ਸਾਨੂੰ ਲੱਗਦਾ, ਜਿਵੇਂ ਅਸੀਂ ਬਹੁਤ ਵੱਡੇ ਯੋਧੇ ਹੋਈਏ ਤੇ ਬਹੁਤ ਵੱਡੀ ਜੰਗ ਹਾਰ ਗਏ ਹੋਈਏ।

ਇੱਕ ਦਿਨ ਸ਼ਾਮ ਨੂੰ ਚਾਰ ਵਜੇ ਪਤਾ ਲੱਗਿਆ ਕਿ ਮੇਰੇ ਘਰਦਿਆਂ ਨੇ ਮੇਰੀ ਜ਼ਮਾਨਤ ਕਰਵਾ ਲਈ ਹੈ। ਉਹ ਮੈਨੂੰ ਲੈਣ ਆਏ ਤੇ ਮੈਂ ਉਨ੍ਹਾਂ ਨਾਲ ਪਿੰਡ ਪਰਤ ਗਿਆ। ਮੇਰੀ ਬੀਬੀ ਮੈਨੂੰ ਏਦਾਂ ਮਿਲੀ, ਜਿਵੇਂ ਮੈਂ ਜਲਾਦਾਂ ਕੋਲੋਂ ਛੁੱਟ ਕੇ ਆਇਆ ਹੋਵਾਂ। ਉਹ ਮੈਨੂੰ ਕਲਾਵੇ ਵਿਚ ਲੈ ਕੇ ਘੰਟਾ ਭਰ ਰੋਂਦੀ ਰਹੀ ਤੇ ਬਿਆਨ ਤੋਂ ਬਾਹਰਾ ਮੰਜ਼ਰ ਦੇਖ ਕੇ, ਲੁਕ ਲੁਕ ਕੇ ਮਿਲਣ ਆਏ ਲੋਕ ਵੀ ਭਾਵੁਕ ਹੋ ਗਏ। ਯਕੀਨ ਨਹੀਂ ਸੀ ਹੋ ਰਿਹਾ ਕਿ ਮੈਂ ਘਰੇ ਪਰਤ ਆਇਆ ਹਾਂ। ਮੁੜ-ਮੁੜ ਮੈਂ ਆਪਣੇ ਘਰ ਦੀਆਂ ਕੰਧਾਂ ਵੱਲ ਦੇਖਦਾ, ਦਰਵਾਜ਼ੇ ਦੇਖਦਾ ਤੇ ਕਿੰਨੀ ਦੇਰ ਛੱਤ ਵੱਲ ਦੇਖਦਾ ਰਿਹਾ। ਮੈਂ ਆਪਣੀ ਟੇਪ ਚਲਾ ਕੇ ਦੇਖੀ, ਨ਼ਲਕਾ ਗੇੜ ਕੇ ਦੇਖਿਆ, ਪੈਨ ਚਲਾ ਕੇ ਦੇਖਿਆ ਤੇ ਆਪਣੀ ਨਿੰਮ ਦੇਖੀ। ਸਭ ਕੁਝ ਉਹੀ ਸੀ ਤੇ ਉਸੇ ਤਰ੍ਹਾਂ ਸੀ। ਮੈਨੂੰ ਲੱਗਦਾ, ਜਿਵੇਂ ਮੈਂ ਕੋਈ ਹੋਰ ਹੋਵਾਂ। ਮੇਰੇ ਅਤੇ ਮੇਰੇ ਘਰ ਦੇ ਵਿਚਕਾਰ ਗ਼ਮ, ਉਦਾਸੀ, ਪੀੜ ਅਤੇ ਹੰਝੂਆਂ ਦੀ ਨਦੀ ਵਗਦੀ ਸੀ, ਜਿਹਨੂੰ ਪਾਰ ਕਰਨ ਲਈ ਸਮਾਂ, ਤਾਕਤ ਅਤੇ ਮੁਹੱਬਤ ਚਾਹੀਦੀ ਸੀ। ਏਨਾ ਸਮਾਂ, ਏਨੀ ਤਾਕਤ ਤੇ ਏਨੀ ਮੁਹੱਬਤ ਬੱਚਿਆਂ ਤੋਂ ਹੀ ਮਿ਼ਲਦੀ ਹੈ।

ਮੈਂ ਆਪਣੇ ਭਤੀਜੇ ਹਰਦੀਪ, ਬੱਲੀ ਤੇ ਨਿੱਕੀ ਜਿਹੀ ਬਾਵੀ ਨੂੰ ਵਾਰ ਵਾਰ ਚੁੱਕਦਾ, ਚੁੰਮਦਾ ਤੇ ਘੁੱਟ-ਘੁੱਟ ਗਲੇ ਲਾਉਂਦਾ। ਰਾਤ ਨੂੰ ਕਦੇ ਬੱਲੀ ਮੇਰੇ ਨਾਲ ਸੌਂਦਾ, ਕਦੇ ਹਰਦੀਪ, ਜਿਹਨੂੰ ਉਦੋਂ ਸੋਨੂੰ ਕਹਿੰਦੇ ਸਾਂ। ਮੈਂ ਉਨ੍ਹਾਂ ਨੂੰ ਛੇੜਦਾ, ਤੰਗ ਕਰਦਾ ਤੇ ਉਹ ਮੇਰੇ ਨਾਲ ਖ਼ੂਬ ਮੱਛਰਦੇ। ਉਨ੍ਹਾਂ ਦੇ ਤੋਤਲੇ ਬੋਲ ਮੇਰੇ ਜ਼ਖ਼ਮਾਂ 'ਤੇ ਮੱਲ੍ਹਮ ਵਾਂਗ ਲਗਦੇ। ਉਹ ਮੈਨੂੰ 'ਚਾਚਾ ਜੀ' ਕਹਿੰਦੇ ਤਾਂ ਲੱਗਦਾ, ਜਿਵੇਂ ਕੋਈ ਸੰਗੀਤ ਦੀ ਧੁਨ ਕੰਨੀ ਪਈ ਹੋਵੇ। ਉਹ ਮੇਰੇ ਕੋਲ ਹੁੰਦੇ ਤਾਂ ਮੈਂ ਉਨ੍ਹਾਂ ਕੋਲ ਹੁੰਦਾ; ਪਰੇ ਹੁੰਦੇ ਤਾਂ ਮੁੜ ਮੈਂ ਉਥੇ ਪੁੱਜ ਜਾਂਦਾ, ਜਿੱਥੋਂ ਮਸਾਂ ਬਚ ਕੇ ਆਇਆ ਸੀ ਤੇ ਸੋਚਣ ਲੱਗ ਪੈਂਦਾ-ਤੇਗ ਸਾਹਿਬ ਦੀ ਸ਼ਤਰੰਜ ਬਾਰੇ, ਸਰਾਂ ਦੇ ਬੰਦ ਕਮਰੇ ਬਾਰੇ, ਨਵੇਂ ਸ਼ਹਿਰ ਦੇ ਐਸ ਡੀ ਐਮ ਬਾਰੇ, ਜਿਹੜਾ ਕਿਸੇ ਦੀ ਕੁੱਟ ਨੂੰ ਉਡਦੇ ਪਤੰਗ ਵਾਂਗ ਦੇਖ ਸਕਦਾ ਸੀ, ਉਸ ਫੌਜੀ ਅਫਸਰ ਬਾਰੇ, ਜਿਹਦੇ ਦਿਲ ਵਿਚ ਰੱਤੀ ਭਰ ਰਹਿਮ ਨਹੀਂ ਸੀ ਤੇ ਉਸ ਅਕਾਲੀ ਬਾਰੇ, ਜਿਹਦੇ ਮੱਥੇ ਉਤੇ ਪੰਜਾਬ ਵਿਚ ਮਚੇ ਭਾਂਬੜ ਦਾ ਕੋਈ ਸ਼ਿਕਨ ਨਹੀਂ ਸੀ, ਜਿਹਨੂੰ ਗਾਲ੍ਹਾਂ ਦੀ ਏਨੀ ਲਤ ਸੀ ਕਿ ਉਹ ਕਿਸੇ ਦੀ ਵੀ ਧੀ, ਭੈਣ ਅਤੇ ਭਰਜਾਈ ਦੀ ਸ਼ਰਮ ਨਹੀਂ ਸੀ ਕਰਦਾ।

ਕਈ ਦਿਨ ਮੇਰੇ ਦੋਸਤ ਮਿਲਣ ਆਉਂਦੇ ਰਹੇ ਤੇ ਇਕਬਾਲ ਤਾਂ ਮੈਨੂੰ ਦੇਖ ਕੇ ਰੋਣ ਹੀ ਲੱਗ ਪਿਆ। ਦੋਸਤਾਂ ਦੇ ਪਿਆਰ ਨਾਲ ਮੇਰੇ ਦਿਲ ਦੇ ਜ਼ਖ਼ਮ ਠੀਕ ਹੋਣ ਲੱਗੇ। ਧੌਣ ਦੀ ਸੱਟ ਦਾ ਚੇਤਾ ਭੁੱਲਣ ਲੱਗਾ। ਮੈਂ ਕੱਲਾ ਹੋਣਾ ਤਾਂ ਬੀਬੀ ਨੇ ਮੇਰੇ ਕੋਲ ਆ ਬਹਿਣਾ ਤੇ ਵਾਰ ਵਾਰ 'ਪੁੱਤ, ਜੱਲਾਦਾਂ ਨੇ ਬਹੁਤ ਮਾਰਿਆ' ਪੁੱਛ ਕੇ ਮੇਰੇ ਹੱਥ ਚੁੰਮਣ ਲੱਗ ਜਾਣਾ। ਮੈਂ ਕੁਝ ਨਾ ਦੱਸਣਾ ਤੇ ਫਿੱਕਾ ਜਿਹਾ ਹੱਸਣਾ। ਬੀਬੀ ਸਮਝ ਜਾਂਦੀ ਤੇ ਰੋਣ ਲੱਗ ਪੈਂਦੀ। ਬੇਸ਼ੱਕ ਉਸਦੇ ਅੱਥਰੂ ਮਮਤਾ ਦਾ ਹੜ੍ਹ ਬਣ ਜਾਂਦੇ, ਜਿਸ ਵਿਚ ਮੇਰਾ ਗ਼ਮ ਮਿਟ ਜਾਂਦਾ ਤੇ ਉਦਾਸੀ ਸਿਮਟ ਜਾਂਦੀ। ਪਰ ਇਕ ਟੀਸ ਬਚ ਜਾਂਦੀ ਤੇ ਮੈਨੂੰ ਲੱਗਦਾ, ਜਿਵੇਂ ਮੈਂ ਉਸ ਟੀਸ ਦਾ ਮੁਜੱਸਮਾ ਹੋਵਾਂ, ਜਿਸਦਾ ਕੋਈ ਇਲਾਜ ਨਾ ਹੋਵੇ।

# ਹਾਕੀ ਦਾ ਆਸ਼ਕ ਪ੍ਰੋ. ਪਰਮਜੀਤ ਰੰਧਾਵਾ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਪ੍ਰੋ. ਪਰਮਜੀਤ ਸਿੰਘ ਰੰਧਾਵਾ ਐਸਾ ਹਾਕੀ ਲੇਖਕ ਹੈ ਜਿਸ ਨੇ ਹਾਕੀ ਦੀ ਖੇਡ ਬਾਰੇ ਹੀ ਲਿਖਿਆ ਹੈ। ਉਹ ਵੀਹ ਸਾਲਾਂ ਤੋਂ ਅਖ਼ਬਾਰਾਂ ਵਿਚ ਛਪ ਰਿਹੈ। ਹਾਕੀ ਬਾਰੇ ਉਸ ਦੇ ਸੈਂਕੜੇ ਆਰਟੀਕਲ ਪ੍ਰਕਾਸ਼ਤ ਹੋ ਚੁੱਕੇ ਹਨ ਪਰ ਅਜੇ ਉਨ੍ਹਾਂ ਨੂੰ ਕਿਤਾਬੀ ਰੂਪ ਨਹੀਂ ਦਿੱਤਾ ਗਿਆ। ਹਾਕੀ ਉਸ ਲਈ ਧਰਮ ਹੈ, ਇਬਾਦਤ ਹੈ, ਮਿਸ਼ਨ ਹੈ, ਜਨੂੰਨ ਹੈ। ਉਸ ਦੇ ਖੇਡ ਲੇਖਕ ਬਣਨ ਦੀ ਸ਼ੁਰੂਆਤ ਇੰਜ ਹੋਈ: ਸਿਡਨੀ ਓਲੰਪਿਕ ਖੇਡਾਂ-2000 ਵਿਚ ਜਦੋਂ ਭਾਰਤੀ ਹਾਕੀ ਟੀਮ ਸੈਮੀ ਫਾਈਨਲ 'ਚ ਪੁੱਜਦੀ-ਪੁੱਜਦੀ 7ਵੇਂ ਸਥਾਨ 'ਤੇ ਰਹਿ ਗਈ ਤਾਂ ਭਾਰਤ ਭਰ ਦੇ ਹਾਕੀ ਪ੍ਰੇਮੀਆਂ ਨੂੰ ਬੜੀ ਨਮੋਸ਼ੀ ਹੋਈ। ਨਮੋਸ਼ੀ ਦੇ ਅਹਿਸਾਸ ਨੂੰ ਬਿਆਨ ਕਰਦਾ ਇਕ ਖੁੱਲ੍ਹਾ ਖ਼ਤ ਭਾਰਤੀ ਹਾਕੀ ਟੀਮ ਦੇ ਕਪਤਾਨ ਰਮਨਦੀਪ ਸਿੰਘ ਤੇ ਉਹਦੇ ਸਾਥੀਆਂ ਦੇ ਨਾਂ ਅਖ਼ਬਾਰਾਂ ਵਿਚ ਛਪਿਆ। ਖ਼ਤ ਲਿਖਣ ਵਾਲਾ ਖੇਡ ਪਾਠਕਾਂ ਲਈ ਅਜਨਬੀ ਸੀ। ਭਾਰਤੀ ਹਾਕੀ ਦੀ ਨਿਘਰਦੀ ਦਸ਼ਾ ਨੂੰ ਜਜ਼ਬਾਤੀ ਸ਼ਬਦਾਂ 'ਚ ਬਿਆਨ ਕਰਨ ਵਾਲਾ ਉਹ ਹਾਕੀ ਪ੍ਰੇਮੀ ਉਦੋਂ ਖੇਡ ਲੇਖਕ ਦੇ ਤੌਰ 'ਤੇ ਨਹੀਂ ਸੀ ਜਾਣਿਆ ਜਾਂਦਾ ਪਰ ਖੇਡ ਪਾਰਖੂਆਂ ਨੂੰ ਉਸ ਦੀ ਲੇਖਣੀ 'ਚੋਂ ਇਕ ਚੰਗਾ ਖੇਡ ਲੇਖਕ ਬਣਨ ਦੀਆਂ ਸੰਭਾਵਨਾਵਾਂ ਜ਼ਰੂਰ ਨਜ਼ਰ ਆਈਆਂ।

ਉਸ ਦੀ ਪਹਿਲੀ ਲਿਖਤ ਤੋਂ ਹੀ ਖੇਡ ਲੇਖਕਾਂ ਨੂੰ ਅੰਦਾਜ਼ਾ ਹੋ ਗਿਆ ਸੀ ਕਿ ਉਹ ਹਾਕੀ ਨੂੰ ਹੀ ਆਪਣੀ ਲਿਖਤ ਦਾ ਮੁੱਖ ਵਿਸ਼ਾ ਬਣਾਏਗਾ। ਉਦੋਂ ਤੋਂ ਹੀ ਉਸ ਦਾ ਦੇਸ਼ ਦੇ ਹਾਕੀ ਖਿਡਾਰੀਆਂ, ਹਾਕੀ ਪ੍ਰੇਮੀਆਂ, ਹਾਕੀ ਕੋਚਾਂ ਤੇ ਹਾਕੀ ਪ੍ਰਮੋਟਰਾਂ ਨਾਲ ਨਿੱਤ ਦਾ ਵਾਹ ਹੈ। ਡੀਏਵੀ ਕਾਲਜ ਅੰਮ੍ਰਿਤਸਰ ਵਿਚ ਪੰਜਾਬੀ ਪੜ੍ਹਾਉਣ ਵਾਲੇ ਹਾਕੀ ਦੇ ਉਸ ਲੇਖਕ ਦਾ ਪੂਰਾ ਨਾਂ ਹੈ ਪ੍ਰੋਫ਼ੈਸਰ ਪਰਮਜੀਤ ਸਿੰਘ ਰੰਧਾਵਾ। ਬਤੌਰ ਪੰਜਾਬੀ ਲੈਕਚਰਾਰ ਉਸ ਦੀ ਨੌਕਰੀ ਤਾਂ ਬਾਬਾ ਫਰੀਦ, ਗੁਰੂ ਨਾਨਕ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਵਾਰਸ ਸ਼ਾਹ, ਸ਼ਾਹ ਮੁਹੰਮਦ, ਭਾਈ ਵੀਰ ਸਿੰਘ, ਗੁਰਬਖ਼ਸ਼ ਸਿੰਘ, ਨਾਨਕ ਸਿੰਘ, ਧਨੀ ਰਾਮ ਚਾਤ੍ਰਿਕ, ਪ੍ਰੋ. ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ, ਬਲਵੰਤ ਗਾਰਗੀ, ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ ਤੇ ਸ਼ਿਵ ਕੁਮਾਰ ਹੋਰਾਂ ਦੀਆਂ ਰਚਨਾਵਾਂ ਪੜ੍ਹਾਉਣ ਤੇ ਸਮਝਾਉਣ ਦੀ ਹੈ, ਪਰ ਉਹ ਨਾਲ ਦੀ ਨਾਲ ਗੱਲਾਂ ਕਰੀ ਜਾਂਦੈ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ, ਗੋਲ ਕਿੰਗ ਬਲਬੀਰ ਸਿੰਘ, ਹਾਕੀ ਦੇ ਬਾਬਾ ਬੋਹੜ ਊਧਮ ਸਿੰਘ, ਪੈਨਲਟੀ ਕਾਰਨਰ ਦੇ ਬਾਦਸ਼ਾਹ ਪ੍ਰਿਥੀਪਾਲ ਸਿੰਘ, ਆਲਰਾਊਂਡਰ ਅਜੀਤਪਾਲ ਸਿੰਘ, ਧਨਰਾਜ ਪਿੱਲੇ, ਅਜਿੰਦਰ ਕੌਰ, ਰੂਪਾ ਸੈਣੀ, ਰਾਜਬੀਰ ਕੌਰ ਤੇ ਸਰਦਾਰਾ ਸਿੰਘ ਹੋਰਾਂ ਦੀਆਂ। ਉਸ ਦੇ ਆਪਣੇ ਸ਼ਬਦਾਂ ਵਿਚ 'ਪੰਜਾਬੀ ਅਧਿਆਪਨ ਮੇਰਾ ਪੇਸ਼ਾ ਹੈ ਤੇ ਹਾਕੀ ਬਾਰੇ ਲਿਖਣਾ ਮੇਰਾ ਮਿਸ਼ਨ।' ਹਾਕੀ ਦੀ ਖੇਡ ਉਸ ਦੀ ਇਬਾਦਤ ਹੈ। ਇਹ ਸਮਝ ਲਓ ਕਿ ਉਸ ਉਤੇ ਖੇਡ ਸਾਹਿਤ ਦਾ ਇਸ਼ਕ ਹਾਵੀ ਹੈ।

ਇਹ ਹਕੀਕਤ ਹੈ ਕਿ ਭਾਰਤ ਦੀ ਓਲੰਪਿਕ ਖੇਡਾਂ ਵਿਚ ਹੋਂਦ ਹਾਕੀ ਦੀ ਖੇਡ ਕਰਕੇ ਹੀ ਹੈ ਤੇ ਭਾਰਤੀ ਹਾਕੀ ਦੀ ਹੋਂਦ ਪੰਜਾਬੀ ਖਿਡਾਰੀਆਂ ਕਰਕੇ ਹੈ। ਭਾਰਤ ਨੇ ਹਾਕੀ ਦੇ 8 ਸੋਨ, 1 ਚਾਂਦੀ ਤੇ 3 ਤਾਂਬੇ ਦੇ ਤਮਗੇ ਜਿੱਤੇ ਹਨ। ਹਾਕੀ ਦੇ ਏਨੇ ਓਲੰਪਿਕ ਗੋਲਡ ਮੈਡਲ ਕੋਈ ਹੋਰ ਮੁਲਕ ਨਹੀਂ ਜਿੱਤ ਸਕਿਆ। ਭਾਰਤ ਵਿਚ ਹਾਕੀ ਦੀ ਖੇਡ ਅੰਗਰੇਜ਼ ਲਿਆਏ ਸਨ। ਚਾਰ ਹਜ਼ਾਰ ਸਾਲ ਪਹਿਲਾਂ ਹਾਕੀ ਵਰਗੀ ਖੇਡ ਮਿਸਰ ਵਿਚ ਖੇਡੀ ਜਾਂਦੀ ਸੀ। ਉਥੋਂ ਇਹ ਯੂਨਾਨ ਗਈ ਤੇ ਰੋਮਨਾਂ 'ਚ ਪ੍ਰਚੱਲਤ ਹੋਈ। ਰੋਮਨਾਂ ਨੇ ਇਹਦਾ ਨਾਂ 'ਪਗਨੇਸ਼ੀਆ' ਰੱਖਿਆ ਤੇ ਉਹ ਇਹਨੂੰ ਯੂਰਪ ਦੇ ਹੋਰਨਾਂ ਮੁਲਕਾਂ ਵਿਚ ਲੈ ਗਏ। ਆਇਰਲੈਂਡ ਵਾਲੇ ਇਸ ਨੂੰ 'ਹਰਲੇ' ਕਹਿਣ ਲੱਗੇ ਤੇ ਸਕਾਟਲੈਂਡ ਵਾਲੇ 'ਸ਼ਿੰਟੀ'। ਫਰਾਂਸ ਵਿਚ ਇਸ ਨੂੰ 'ਹੌਕਿਟ' ਕਿਹਾ ਜਾਣ ਲੱਗਾ। ਇੰਗਲੈਂਡ 'ਚ ਪਹਿਲਾਂ ਇਸ ਦਾ ਨਾਂ 'ਕਾਮਕ' ਰੱਖਿਆ ਗਿਆ ਤੇ ਪਿੱਛੋਂ 'ਬੈਂਡੀ'। 'ਹਾਕੀ' ਨਾਂ ਪਹਿਲੀ ਵਾਰ 1838 ਵਿਚ ਵਰਤਿਆ ਗਿਆ।

1908 ਵਿਚ ਹਾਕੀ ਪਹਿਲੀ ਵਾਰ ਲੰਡਨ ਦੀਆਂ ਓਲੰਪਿਕ ਖੇਡਾਂ 'ਚ ਖੇਡੀ ਗਈ ਜਿਸ ਦਾ ਗੋਲਡ ਮੈਡਲ ਬਰਤਾਨੀਆ ਨੇ ਜਿੱਤਿਆ। 1920 ਵਿਚ ਐਂਟਵਰਪ ਦੀਆਂ ਓਲੰਪਿਕ ਖੇਡਾਂ 'ਚ ਹਾਕੀ ਦੁਬਾਰਾ ਸ਼ਾਮਲ ਕੀਤੀ ਤਾਂ ਬਰਤਾਨੀਆ ਫਿਰ ਜੇਤੂ ਰਿਹਾ। ਤਦ ਤਕ ਅੰਗਰੇਜ਼ਾਂ ਨੇ ਹਾਕੀ ਭਾਰਤ ਵਿਚ ਵੀ ਪਹੁੰਚਾ ਦਿੱਤੀ ਸੀ। ਪੰਜਾਬ ਵਿਚ ਹਾਕੀ ਵਰਗੀ ਖੇਡ ਖਿੱਦੋ ਖੂੰਡੀ ਪਹਿਲਾਂ ਹੀ ਖੇਡੀ ਜਾਂਦੀ ਸੀ ਜਿਸ ਕਰਕੇ ਹਾਕੀ ਪੰਜਾਬੀਆਂ ਵਿਚ ਹਰਮਨ ਪਿਆਰੀ ਹੋ ਗਈ। 1928 ਦੀਆਂ ਓਲੰਪਿਕ ਖੇਡਾਂ ਵਿਚ ਭਾਰਤੀ ਹਾਕੀ ਟੀਮ ਨੇ ਪਹਿਲੀ ਵਾਰ ਭਾਗ ਲਿਆ ਤੇ ਸੋਨੇ ਦਾ ਤਮਗ਼ਾ ਜਿੱਤਿਆ। 1932 ਵਿਚ ਲਾਸ ਏਂਜਲਸ, 1936 'ਚ ਬਰਲਿਨ, 1948 'ਚ ਲੰਡਨ, 1952 'ਚ ਹੈੱਲਸਿੰਕੀ ਤੇ 1956 ਵਿਚ ਮੈੱਲਬੌਰਨ ਦੀਆਂ ਓਲੰਪਿਕ ਖੇਡਾਂ




'ਚੋਂ ਭਾਰਤੀ ਹਾਕੀ ਟੀਮ ਲਗਾਤਾਰ ਸੋਨੇ ਦੇ ਤਮਗ਼ੇ ਜਿੱਤਦੀ ਰਹੀ। ਮੈੱਲਬੌਰਨ ਵਿਚ ਭਾਰਤੀ ਟੀਮ ਨੇ 38 ਗੋਲ ਕੀਤੇ ਪਰ ਆਪਣੇ ਸਿਰ ਇੱਕ ਵੀ ਗੋਲ ਨਾ ਹੋ ਸਕਿਆ! ਰੋਮ-1960 ਵਿਚ ਭਾਰਤੀ ਟੀਮ ਪਾਕਿਸਤਾਨ ਤੋਂ 0-1 ਗੋਲ 'ਤੇ ਹਾਰੀ ਪਰ ਟੋਕੀਓ-1964 'ਚੋਂ ਫਿਰ ਸੋਨੇ ਦਾ ਤਮਗ਼ਾ ਜਿੱਤ ਲਿਆ। ਮਾਸਕੋ ਓਲੰਪਿਕ-1980 'ਚੋਂ ਆਖ਼ਰੀ ਵਾਰ ਸੋਨੇ ਦਾ ਤਮਗ਼ਾ ਹਾਸਲ ਕੀਤਾ। ਉਸ ਪਿਛੋਂ ਚਾਲੀ ਸਾਲ ਭਾਰਤੀ ਹਾਕੀ ਖੇਤਰ 'ਚ ਓਲੰਪਿਕ ਮੈਡਲ ਜਿੱਤਣ ਦਾ ਸੋਕਾ ਪਿਆ ਰਿਹਾ। ਲੰਮੀ ਔੜ ਬਾਅਦ 2021 ਵਿਚ ਹੋਈਆਂ ਟੋਕੀਓ ਦੀਆਂ ਓਲੰਪਿਕ ਖੇਡਾਂ 'ਚੋਂ ਭਾਰਤੀ ਹਾਕੀ ਟੀਮ ਨੇ ਬਰਾਂਜ਼ ਮੈਡਲ ਜਿੱਤ ਕੇ ਚਾਰ ਦਹਾਕੇ ਪੁਰਾਣਾ ਜੰਗਾਲ ਲਾਹਿਆ।

### ਇੰਜ ਹੋਇਆ ਹਾਕੀ ਦਾ ਇਸ਼ਕ

ਪ੍ਰੋ. ਪਰਮਜੀਤ ਰੰਧਾਵਾ ਦਾ ਮੱਤ ਹੈ ਕਿ ਖੇਡਾਂ ਖੇਡਣ ਤੇ ਵੇਖਣ ਵਾਂਗ ਖੇਡਾਂ ਤੇ ਖਿਡਾਰੀਆਂ ਬਾਰੇ ਉਸਾਰੂ ਲਿਖਣਾ ਵੀ ਜ਼ਰੂਰੀ ਹੈ। ਖੇਡ ਸਭਿਆਚਾਰ ਦੀ ਉਸਾਰੀ ਬਗੈਰ ਕੋਈ ਵੀ ਸਮਾਜ ਪੂਰਨ ਵਿਕਾਸ ਨਹੀਂ ਕਰ ਸਕਦਾ। ਇਹੀ ਸੋਚ ਲੈ ਕੇ ਸ. ਗੁਲਜ਼ਾਰ ਸਿੰਘ ਰੰਧਾਵਾ, ਹੈਡਮਾਸਟਰ ਸ਼ਹੀਦ ਲਛਮਣ ਸਿੰਘ ਸਰਕਾਰੀ ਹਾਈ ਸਕੂਲ ਧਾਰੋਵਾਲੀ ਦਾ ਬੇਟਾ ਪਰਮਜੀਤ ਹਾਕੀ ਦੀ ਖੇਡ ਬਾਰੇ ਲਿਖਣ ਲਈ ਪ੍ਰੇਰਤ ਹੋਇਆ ਸੀ। ਉਸ ਦਾ ਹਾਕੀ ਵੱਲ ਝੁਕਾਅ ਉਹਦੇ ਪਿਤਾ ਦੁਆਰਾ ਉਮਰ ਦੇ ਛੇਵੇਂ ਸਾਲ 'ਚ ਲੈ ਕੇ ਦਿੱਤੀ ਹਾਕੀ ਦੀ ਸਟਿੱਕ ਤੋਂ ਸ਼ੁਰੂ ਹੋ ਗਿਆ ਸੀ। ਆਪਣੀ ਛੋਟੀ ਉਮਰ ਵਿਚ ਹੀ ਆਪਣੇ ਪਿਤਾ ਜੀ ਦੇ ਅਕਾਲ ਚਲਾਣੇ ਪਿੱਛੋਂ ਹਾਲਾਤ ਕੁਝ ਐਸੇ ਬਣੇ ਕਿ ਉਸ ਨੂੰ ਦਸਵੀਂ ਤਕ ਦੀ ਪੜ੍ਹਾਈ ਆਪਣੇ ਨਾਨਕੇ ਪਿੰਡ ਰਾਜਾਸਾਂਸੀ ਦੇ ਸਰਕਾਰੀ ਹਾਈ ਸਕੂਲ ਤੋਂ ਕਰਨੀ ਪਈ। ਕਿਸੇ ਵੇਲੇ ਰਾਜਾਸਾਂਸੀ, ਜੋ ਅੰਮ੍ਰਿਤਸਰ ਦੇ ਹਵਾਈ ਅੱਡੇ ਦੇ ਅਸਲੋਂ ਨੇੜੇ ਹੈ, ਹਾਕੀ ਦਾ ਗੜ੍ਹ ਸੀ। ਮੇਜਰ ਹਰਿੰਦਰ ਸਿੰਘ ਦੀ ਕੋਠੀ ਲਾਗਲੀ ਗਰਾਊਂਡ 'ਚ ਮੁੰਡੇ ਦੁਪਹਿਰਾ ਢਲਦੇ ਹੀ ਤਿੰਨ ਵਜੇ ਪਹੁੰਚ ਜਾਂਦੇ ਤੇ ਸ਼ਾਮ ਦੇ ਸੱਤ ਅੱਠ ਵਜੇ ਤਕ ਹਾਕੀ ਖੇਡਦੇ ਰਹਿੰਦੇ। ਪਰਮਜੀਤ ਨੂੰ ਹਾਕੀ ਖੇਡਣ ਦੀ ਪ੍ਰੇਰਨਾ ਇਸੇ ਸਕੂਲ ਵਿਚ ਪੀਟੀ ਮਾਸਟਰ ਜੋਗਿੰਦਰ ਸਿੰਘ ਤੋਂ ਮਿਲੀ। ਫਿਰ ਡੀਏਵੀ ਕਾਲਜ ਅੰਮ੍ਰਿਤਸਰ ਤੋਂ ਬੀਏ ਕੀਤੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐੱਮ ਏ; ਐੱਮ ਫਿੱਲ ਕਰ ਕੇ ਉਸੇ ਕਾਲਜ ਵਿਚ ਪੜ੍ਹਾਉਣਾ ਸ਼ੁਰੂ ਕਰ ਲਿਆ। ਨਾਲ ਦੀ ਨਾਲ ਕਾਲਜ ਅਤੇ ਅੰਮ੍ਰਿਤਸਰ ਦੀਆਂ ਸਾਹਿਤਕ, ਸਭਿਆਚਾਰਕ ਤੇ ਖੇਡ ਸਰਗਰਮੀਆਂ 'ਚ ਯੋਗਦਾਨ ਪਾਉਣਾ ਆਪਣਾ ਮਿਸ਼ਨ ਮਿਥ ਲਿਆ।

ਲਗਭਗ 20 ਸਾਲਾਂ ਤੋਂ ਹਾਕੀ ਦੀ ਪ੍ਰਮੋਸ਼ਨ ਤੇ ਪੱਤਰਕਾਰੀ 'ਚ ਰੁੱਝੇ ਪ੍ਰੋ. ਰੰਧਾਵਾ ਅਨੁਸਾਰ ਇਹੋ ਜਿਹੇ ਕਾਰਜਾਂ ਲਈ ਕਈ ਵਾਰ ਅਨੀਂਦਰੀਆਂ ਰਾਤਾਂ ਵੀ ਬਰਦਾਸ਼ਤ ਕਰਨੀਆਂ ਪੈਂਦੀਆਂ ਹਨ ਅਤੇ ਇਕ ਮਿਸ਼ਨਰੀ ਬਣ ਕੇ ਨੰਗੇ ਧੜ ਕੰਮ ਕਰਨਾ ਪੈਂਦਾ ਹੈ। ਪਰਮਜੀਤ ਰੰਧਾਵਾ ਐਸਾ ਹਾਕੀ ਲੇਖਕ ਹੈ ਜੋ ਕਈ ਵਾਰ ਇਸ ਖੇਡ ਨਾਲ ਕੌਮੀ ਪੱਧਰ 'ਤੇ ਹੁੰਦੀਆਂ ਬੇਇਨਸਾਫ਼ੀਆਂ ਵਿਰੁੱਧ ਰੋਸ ਮੁਜ਼ਾਹਰੇ ਤੇ ਰੈਲੀਆਂ ਕਰਨ ਲਈ ਸੜਕਾਂ 'ਤੇ ਆਉਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਉਹ ਬੇਖ਼ੌਫ਼ ਬੋਲਦਾ ਤੇ ਲਿਖਦਾ ਹੈ। ਅਸਲੀ ਖੇਡ ਲੇਖਕ ਉਹੋ ਹੁੰਦੈ ਜੋ ਖੇਡ ਪੱਤਰਕਾਰੀ ਸਦਕਾ ਮਾੜੇ ਖੇਡ ਸਿਸਟਮ 'ਚ ਚੰਗੇਰੇ ਪਰਿਵਰਤਨ ਦੇ ਮਿਸ਼ਨ ਨੂੰ ਲੈ ਕੇ ਚੱਲੇ। ਲਗਾਤਾਰ ਅੱਠ ਸਾਲ ਲਿਖਣ ਬਾਅਦ ਉਸ ਨੇ ਸੋਚਿਆ ਸੀ ਕਿ ਵੱਖ-ਵੱਖ ਸਕੂਲਾਂ 'ਚ ਜਾ ਕੇ ਹਾਕੀ 'ਤੇ ਲੈਕਚਰ ਦਿੱਤੇ ਜਾਣ ਅਤੇ ਪ੍ਰਿੰਸੀਪਲਾਂ ਤੇ ਖੇਡ ਵਿਭਾਗ ਦੇ ਅਧਿਆਪਕਾਂ ਨੂੰ ਵਿਦਿਅਕ ਸੰਸਥਾਵਾਂ 'ਚ ਹਾਕੀ ਨੂੰ ਸ਼ਾਮਲ ਕਰਨ ਲਈ ਪ੍ਰੇਰਿਆ ਜਾਵੇ। ਪ੍ਰੋ. ਰੰਧਾਵਾ ਹੁਣ ਤਕ 22 ਸਕੂਲਾਂ 'ਚ ਹਾਕੀ 'ਤੇ ਲੈਕਚਰ ਦੇ ਚੁੱਕਾ ਹੈ ਅਤੇ ਕਾਨਵੈਂਟ ਤੇ ਪਬਲਿਕ ਸਕੂਲਾਂ 'ਚ ਜਿਥੇ ਹਾਕੀ ਦਾ ਕੋਈ ਨਾਂ ਥਾਂ ਨਹੀਂ ਸੀ, ਉਥੇ ਹਾਕੀ ਦੀ ਖੇਡ ਸ਼ੁਰੂ ਕਰਵਾ ਚੁੱਕਾ ਹੈ। ਉਸ ਨੇ ਦੇਸ਼ ਭਰ ਦੇ ਹਾਕੀ ਪ੍ਰੇਮੀਆਂ ਦਾ ਇਕ ਕਾਰਵਾਂ ਤਿਆਰ ਕੀਤਾ ਹੈ। ਉਸ ਦੇ ਦੱਸਣ ਅਨੁਸਾਰ ਹੁਣ ਤਕ ਇਕ ਲੱਖ ਐਸ ਐਮ ਐਸ ਭਾਰਤ ਤੇ ਵਿਦੇਸ਼ ਦੇ ਲੋਕਾਂ ਨੂੰ ਭੇਜ ਚੁੱਕਾ ਹੈ। ਮਿਸ਼ਨ ਇਕੋ ਹੈ, ਹਾਕੀ ਦਾ ਵਿਕਾਸ, ਹਾਕੀ ਦੀ ਹਰਮਨ-ਪਿਆਰਤਾ ਤੇ ਹਾਕੀ ਦੀ ਚੜ੍ਹਦੀ ਕਲਾ।

ਉਸ ਦੇ ਡਰਾਇੰਗ ਰੂਮ ਵਿਚ ਹਰ ਵੇਲੇ ਇਕ ਨੁੱਕਰੇ ਹਾਕੀ ਸਟਿੱਕ ਤੇ ਗੇਂਦ ਪਈ ਰਹਿੰਦੀ ਹੈ। ਕਿਤੇ ਛੋਟੇ-ਛੋਟੇ ਬੱਚਿਆਂ ਦੀਆਂ ਹਾਕੀ ਖੇਡਦਿਆਂ ਦੀਆਂ ਤਸਵੀਰਾਂ ਲਟਕ ਰਹੀਆਂ ਹੁੰਦੀਆਂ, ਕਿਤੇ ਮੇਜਰ ਧਿਆਨ ਚੰਦ ਤੇ ਧਨਰਾਜ ਪਿੱਲੇ ਦੇ ਚਿੱਤਰ, ਜੋ ਘਰ ਆਉਣ ਵਾਲੇ ਮਹਿਮਾਨਾਂ ਨੂੰ ਜੀ ਆਇਆਂ ਆਖਦੇ ਲੇਖਕ ਨੂੰ ਲਿਖਣ ਲਈ ਉਤਸ਼ਾਹ ਤੇ ਬਲ ਬਖ਼ਸ਼ਦੇ ਹਨ। ਨੇੜਲੇ ਪਰਿਵਾਰਾਂ ਵਿਚ ਕਿਸੇ ਵੀ ਬੱਚੇ ਦੇ ਜਨਮ ਦਿਨ 'ਤੇ ਉਹ ਹਾਕੀ ਸਟਿੱਕ ਤੇ ਗੇਂਦ ਹੀ ਤੋਹਫ਼ੇ ਵਜੋਂ ਭੇਟ ਕਰਦਾ ਹੈ। ਉਸ ਨੂੰ ਫੋਨ ਕਰ ਕੇ ਵੇਖ ਲਵੋ 'ਚੱਕ ਦੇ ਓ ਚੱਕ ਦੇ... ਇੰਡੀਆ... ਓ ਚੱਲ ਕੋਈ ਜ਼ਿੱਦ ਫੜੀਏ' ਗਾਣੇ ਦੀ ਟਿਊਨ ਤੁਹਾਡਾ ਸਵਾਗਤ ਕਰਦੀ ਤੁਹਾਨੂੰ ਵੀ ਹਾਕੀ ਨੂੰ ਉਤਸ਼ਾਹਿਤ ਕਰਨ ਦੀ ਜ਼ਿੱਦ ਫੜਣ ਲਈ ਮਜਬੂਰ ਕਰੇਗੀ। ਮੋਬਾਈਲ ਦੀ ਸਕਰੀਨ 'ਤੇ ਵੀ ਹਾਕੀ ਦੇ ਐਕਸ਼ਨ ਪੇਜ ਹੀ ਹੁੰਦੇ ਹਨ। ਕਾਰ 'ਤੇ ਵੀ ਹਾਕੀ ਦੀ ਖੇਡ ਵੱਲ ਵੇਖਣ ਵਾਲਿਆਂ ਦਾ ਧਿਆਨ ਖਿੱਚਣ ਲਈ ਕੁਝ ਨਾ ਕੁਝ ਛਪਿਆ ਮਿਲ ਜਾਂਦੈ। ਅੰਮ੍ਰਿਤਸਰ ਦੇ ਇਸ ਹਾਕੀ ਉਪਾਸ਼ਕ ਨੂੰ ਅਕਸਰ ਖੇਡ ਮੇਲਿਆਂ 'ਚ ਬੁਲਾਇਆ ਜਾਂਦਾ ਹੈ ਤੇ ਮਾਨ-ਸਨਮਾਨ ਬਖ਼ਸ਼ੇ ਜਾਂਦੇ ਹਨ। ਉਹ ਪਾਕਿਸਤਾਨੀ ਸੰਗੀਤ ਦਾ ਰਸੀਆ ਹੈ, ਕੁਝ ਵੱਖਰਾ ਕਰਨ ਦੀ ਜ਼ਿੱਦ ਰੱਖਣ ਵਾਲਾ ਉਤਸ਼ਾਹੀ ਤੇ ਹਿੰਮਤੀ ਜਿਊੜਾ ਹੈ ਜੋ ਮਾਤਾ ਰੁਪਿੰਦਰ ਕੌਰ, ਪਤਨੀ ਪ੍ਰੋ. ਰਾਜਵਿੰਦਰ ਕੌਰ ਰੰਧਾਵਾ ਤੇ ਹਾਕੀ ਦੇ ਸ਼ੌਂਕੀ ਬੱਚਿਆਂ ਨਾਲ ਆਪਣਾ ਮਿਸ਼ਨ ਪੂਰਾ ਕਰਨ ਵੱਲ ਲੱਗਾ ਹੋਇਆ ਹੈ। ਪੇਸ਼ ਹਨ ਉਹਦੀਆਂ ਲਿਖਤਾਂ ਦੇ ਕੁਝ ਟੋਟੇ:




### ਖੇਡਾਂ ਅਤੇ ਭਾਰਤੀ ਸਰਕਾਰਾਂ

ਖੇਡਾਂ ਪੱਖੋਂ ਭਾਰਤ 'ਮਹਾਨ' ਦਾ ਜੋ ਮਿਆਰ ਹੈ, ਉਹ ਕਿਸੇ ਕੋਲੋਂ ਛੁਪਿਆ ਹੋਇਆ ਨਹੀਂ। ਇਸ ਦੇ ਮੁਕਾਬਲੇ ਚੀਨ, ਰੂਸ, ਅਮਰੀਕਾ, ਬਰਤਾਨੀਆ, ਦੱਖਣੀ ਕੋਰੀਆ, ਆਸਟ੍ਰੇਲੀਆ ਆਦਿ ਦੇਸ਼ ਹਨ ਜਿਨ੍ਹਾਂ ਦੀ ਖੇਡਾਂ ਦੇ ਖੇਤਰ 'ਚ ਸਰਦਾਰੀ ਹੈ। ਭਾਰਤ ਸਰਕਾਰ ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਵਾਂਗ ਨਹੀਂ, ਜੋ ਦੇਸ਼ 'ਚ ਖੇਡ ਕ੍ਰਾਂਤੀ ਲਿਆਉਣ ਲਈ ਯਤਨਸ਼ੀਲ ਹੋਣ। ਉਹ ਆਪਣੇ ਬਜਟ ਦਾ ਕਾਫੀ ਹਿੱਸਾ ਖੇਡਾਂ ਦੇ ਵਿਕਾਸ ਲਈ ਰਖਦੀਆਂ ਹਨ। ਭਾਰਤ ਵਿਚ ਖੇਡਾਂ ਲਈ ਨਾਮਾਤਰ ਬਜਟ ਰੱਖਿਆ ਜਾਂਦਾ ਹੈ। ਸਾਨੂੰ ਤਾਂ ਇੰਜ ਲਗਦਾ ਹੈ ਜਿਵੇਂ ਖੇਡਾਂ ਸਾਡੀ ਕੇਂਦਰ ਸਰਕਾਰ ਤੇ ਰਾਜ ਸਰਕਾਰਾਂ 'ਤੇ ਇੱਕ ਬੇਲੋੜਾ ਬੋਝ ਹੋਣ। ਇਸ ਲਈ ਖੇਡ ਮੈਦਾਨ ਬਣਾਉਣ, ਖੇਡ ਸਮਾਨ ਮੁਹੱਈਆ ਕਰਨ ਤੇ ਲੋੜੀਂਦੇ ਕੋਚ ਰੱਖਣ ਵੱਲ ਧਿਆਨ ਹੀ ਨਹੀਂ ਦਿੱਤਾ ਜਾਂਦਾ। ਨਰੋਈ ਸਿਹਤ, ਸਿਹਤਮੰਦ ਸਮਾਜ, ਤੰਦਰੁਸਤ ਸਰੀਰ ਤੇ ਤੰਦਰੁਸਤ ਦਿਮਾਗ ਅਤੇ ਨਸ਼ਿਆਂ ਤੋਂ ਦੂਰੀ ਖੇਡਾਂ ਅਤੇ ਖੇਡ ਮੈਦਾਨਾਂ ਦੀ ਬਦੌਲਤ ਹੀ ਹੋ ਸਕਦੀ ਹੈ। ਇਹ ਗੱਲ ਪਤਾ ਨਹੀਂ ਸਾਡੇ ਮਨਾਂ ਵਿਚ ਕਿਉਂ ਨਹੀਂ ਆਉਂਦੀ ਕਿ ਖੇਡਾਂ ਦੀ ਬਦੌਲਤ ਸਾਡੇ ਦੇਸ਼ 'ਚ ਸਿਹਤਮੰਦ ਮਾਹੌਲ ਮਿਲ ਸਕਦਾ ਹੈ। ਚੰਗੀ ਸਿਹਤ ਨਾਲ ਸਾਡੇ ਦੇਸ਼ ਅਤੇ ਸਮਾਜ ਦਾ ਵਿਕਾਸ ਹਰ ਪੱਖੋਂ ਹਰ ਖੇਤਰ 'ਚ ਹੋਰ ਤੇਜ਼ ਗਤੀ ਨਾਲ ਹੋ ਸਕਦਾ ਹੈ। ਇਹਦੇ ਨਾਲ ਕੌਮਾਂਤਰੀ ਪੱਧਰ 'ਤੇ ਵੀ ਸਾਡੇ ਦੇਸ਼ ਅਤੇ ਸਮਾਜ ਦਾ ਵਿਕਾਸ ਹਰ ਪੱਖੋਂ ਹਰ ਖੇਤਰ 'ਚ ਹੋਰ ਤੇਜ਼ ਗਤੀ ਨਾਲ ਹੋ ਸਕੇਗਾ। ਇਸ ਨਾਲ ਦੇਸ਼ ਨੂੰ ਹੋਰ ਇੱਜ਼ਤ ਤੇ ਮਾਣ ਵਡਿਆਈ ਮਿਲ ਸਕੇਗੀ...।

ਇਸ ਪੱਖੋਂ ਅਸੀਂ ਭਾਰਤੀ ਖੇਡਾਂ ਦਾ ਸੁਨਹਿਰੀ ਅੱਖਰਾਂ 'ਚ ਨਾਂਅ ਲਿਖਵਾਉਣ ਵਾਲੀਆਂ ਕੁੱਝ ਖੇਡ ਹਸਤੀਆਂ ਨਾਲ ਸੰਪਰਕ ਕੀਤਾ ਤਾਂ ਉਹ ਰਾਜਨੀਤਕ ਲੀਡਰਾਂ ਦੇ ਖੇਡਾਂ ਪ੍ਰਤੀ ਲਾਪ੍ਰਵਾਹੀ ਵਾਲੇ ਰਵੱਈਏ ਤੋਂ ਬਹੁਤ ਨਾਰਾਜ਼ ਨਜ਼ਰ ਆਏ। ਉਨ੍ਹਾਂ ਰਾਜਨੇਤਾਵਾਂ ਨੂੰ ਖੇਡਾਂ ਪ੍ਰਤੀ ਸੰਜੀਦਾ ਹੋਣ ਦਾ ਸੁਝਾਅ ਦਿੱਤਾ। ਪੰਜਾਬ 'ਚ ਹੀ ਨਹੀਂ ਸਗੋਂ ਲੋੜ ਹੈ ਵੱਖ-ਵੱਖ ਰਾਜਾਂ ਦਾ ਖਿਡਾਰੀ ਵਰਗ ਰਾਜ ਭਰ 'ਚ ਛੋਟੇ-ਛੋਟੇ ਯੂਨਿਟ ਬਣਾ ਕੇ ਇੱਕ ਸਾਂਝੇ ਮੰਚ ਹੇਠ ਜੁੜੇ ਤਾਂ ਕਿ ਉਹ ਖੇਡਾਂ ਦੇ ਖੇਤਰ 'ਚ ਹੋ ਰਹੀਆਂ ਬੇਇਨਸਾਫੀਆਂ ਖਿਲਾਫ਼ ਆਪਣੀ ਆਵਾਜ਼ ਬੁਲੰਦ ਕਰ ਸਕੇ। ਆਓ, ਖੇਡਾਂ ਨਾਲ ਮੋਹ ਰੱਖਣ ਵਾਲੇ ਸਾਰੇ ਵੋਟਰ ਆਪੋ-ਆਪਣੇ ਇਲਾਕਿਆਂ 'ਚ ਇੱਕ ਅਜਿਹੀ ਖੇਡ ਮੁਹਿੰਮ ਚਲਾਈਏ ਕਿ ਚੋਣਾਂ 'ਚ ਖੇਡਾਂ ਵੀ ਚੋਣ ਮੁੱਦਾ ਬਣ ਸਕਣ। ਰਾਜਨੀਤਕ ਲੀਡਰ ਤੇ ਚੋਣ ਮੈਦਾਨ 'ਚ ਉਤਰੇ ਉਮੀਦਵਾਰ ਖਿਡਾਰੀ ਵਰਗ ਦੀ ਸ਼ਕਤੀ ਨੂੰ ਪਹਿਚਾਣਨ ਕਿ ਇਹ ਵੀ ਵਕਤ ਆਉਣ 'ਤੇ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

### ਖੇਡ ਭਾਵਨਾ ਤੇ ਮੀਡੀਆ

ਕਿਸੇ ਦੇਸ਼ ਦੀ ਕੋਈ ਵੀ ਖੇਡ ਹੋਵੇ, ਉਹਦੇ ਸਮਰਥਕ ਇਹੀ ਚਾਹੁੰਦੇ ਹਨ ਕਿ ਉਨ੍ਹਾਂ ਦੇ ਖਿਡਾਰੀ ਜਿੱਤ ਕੇ ਹੀ ਆਉਣ। ਰਾਸ਼ਟਰ ਭਗਤੀ ਦੀ ਆਪਣੀ ਮਹੱਤਤਾ ਹੈ, ਪਰ ਨਾਲ-ਨਾਲ ਉਨ੍ਹਾਂ ਨੂੰ ਦੂਜੇ ਦੇਸ਼ਾਂ ਦੇ ਬਿਹਤਰੀਨ ਖਿਡਾਰੀਆਂ ਨੂੰ ਦਾਦ ਦੇਣੀ ਵੀ ਆਉਣੀ ਚਾਹੀਦੀ ਹੈ। ਸੱਚ ਤਾਂ ਇਹ ਹੈ ਕਿ ਖੇਡ 'ਚ ਜਿੱਤ-ਹਾਰ ਦਾ ਮਜ਼ਾ ਹੀ ਇਸ ਦੀ ਅਨਿਸ਼ਚਤਤਾ ਵਿਚ ਹੁੰਦਾ ਹੈ। ਇਹ ਕੋਈ ਨਹੀਂ ਕਹਿ ਸਕਦਾ ਕਿ ਕਿਸੇ ਖ਼ਾਸ ਦਿਨ ਖੇਡ ਰਹੇ ਖਿਡਾਰੀ ਕਿਹੋ ਜਿਹਾ ਪ੍ਰਦਰਸ਼ਨ ਕਰਨਗੇ ਅਤੇ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਕਿਸਮਤ ਕਦੋਂ ਕਿਸੇ ਖਿਡਾਰੀ ਦਾ ਸਾਥ ਦੇ ਦੇਵੇ। ਇਸ ਲਈ ਖੇਡਾਂ ਵਿਚਲੀ ਹਾਰ-ਜਿੱਤ ਨੂੰ ਖੇਡ ਭਾਵਨਾ ਨਾਲ ਹੀ ਲਿਆ ਜਾਣਾ ਚਾਹੀਦਾ ਹੈ। ਇਹ ਭਾਵਨਾ ਬਿਮਾਰ ਮਾਨਸਿਕਤਾ ਵੱਲ ਨਹੀਂ ਵਧਣੀ ਚਾਹੀਦੀ, ਸਗੋਂ ਤੰਦਰੁਸਤ ਸੋਚ ਦੀ ਧਾਰਨੀ ਹੋਣੀ ਚਾਹੀਦੀ ਹੈ।

ਇਸ ਪੱਖੋਂ ਮੀਡੀਆ ਨੂੰ ਵੀ ਆਪਣਾ ਰੋਲ ਨਿਰਪੱਖ ਨਿਭਾਉਣਾ ਚਾਹੀਦਾ ਹੈ। ਭਾਰਤ 'ਚ ਮੀਡੀਆ ਨੇ ਹੀ ਕ੍ਰਿਕਟ ਨੂੰ ਖ਼ਾਸ ਤਰ੍ਹਾਂ ਦਾ ਜਨੂੰਨ ਬਣਾ ਦਿੱਤਾ ਹੈ। ਕ੍ਰਿਕਟਰਾਂ ਦੇ ਨਾਲ ਮੀਡੀਆ ਦੀ ਆਪਣੀ ਕਮਾਈ ਵੀ ਇਸੇ 'ਚ ਲੁਕੀ ਹੋਈ ਹੈ। ਅੱਜ ਕਲ੍ਹ ਯੂ-ਟਿਊਬ ਚੈਨਲਾਂ ਦਾ ਵੀ ਜ਼ਮਾਨਾ ਹੈ। ਹਰ ਕੋਈ ਆਪਣੇ ਚੈਨਲ ਵੱਲ ਲੋਕਾਂ ਨੂੰ ਆਕਰਸ਼ਿਤ ਕਰਨ ਲਈ ਆਮ ਖ਼ਬਰ ਨੂੰ ਖ਼ਾਸ ਬਣਾ ਕੇ ਪੇਸ਼ ਕਰਨਾ ਚਾਹੁੰਦਾ ਹੈ। ਕਈ ਵਾਰ ਲੋਕ ਇਨ੍ਹਾਂ ਖ਼ਾਸ ਬਣੀਆਂ ਖ਼ਬਰਾਂ ਨਾਲ ਭਾਵੁਕ ਜਿਹੇ ਹੋ ਜਾਂਦੇ ਹਨ। ਸਾਡੇ ਦੇਸ਼ 'ਚ ਕ੍ਰਿਕਟ ਦੇ ਹਾਰਨ ਦਾ ਦੁੱਖ ਉਸ ਸ਼ਿੱਦਤ ਨਾਲ ਖੇਡ ਪ੍ਰੇਮੀਆਂ ਨੂੰ ਨਹੀਂ ਹੁੰਦਾ, ਜਿਸ ਤੀਬਰਤਾ ਨਾਲ ਮੀਡੀਆ ਨੂੰ ਹੁੰਦਾ ਹੈ। ਖਾਸ ਕਰਕੇ ਬਿਜਲਈ ਮੀਡੀਆ ਨੂੰ ਭਾਰਤ 'ਚ ਕ੍ਰਿਕਟ ਦੀ ਹਾਰ ਕਰ ਕੇ ਵੱਖ-ਵੱਖ ਬਿਜਲਈ ਚੈਨਲਾਂ ਦੀ ਦਿਲਚਸਪ ਸਮੱਗਰੀ ਜੋ ਉਨ੍ਹਾਂ ਨੇ ਆਪਣੇ ਦਰਸ਼ਕਾਂ ਅੱਗੇ ਪਰੋਸਣੀ ਹੁੰਦੀ ਹੈ, ਉਹ ਰਹਿ ਜਾਂਦੀ ਹੈ। ਜਿੱਤ ਦੇ ਜਸ਼ਨ 'ਚ ਜੋ ਪਰੋਸਣਾ ਰਹਿ ਜਾਂਦਾ, ਚਾਲੂ ਮੀਡੀਆ ਉਸ ਨੂੰ ਫਿਰ ਦੇਸ਼ 'ਚ ਪਿੱਟ-ਸਿਆਪਾ ਪਾ ਕੇ ਪੂਰਾ ਕਰਨਾ ਚਾਹੁੰਦਾ ਹੈ!

ਜੋ ਲੋਕ ਹਾਰਨ ਵਿਰੁੱਧ ਮੁਜ਼ਾਹਰੇ ਕਰਦੇ ਹਨ, ਉਨ੍ਹਾਂ ਨੂੰ ਸਹੀ ਅਰਥਾਂ ਵਿਚ ਖੇਡ ਦੇ ਫੈਨ ਨਹੀਂ ਕਿਹਾ ਜਾ ਸਕਦਾ। ਇਹ ਲੋਕ ਇੱਕ ਤਰ੍ਹਾਂ ਨਾਲ ਪ੍ਰਚਾਰ ਦੇ ਭੁੱਖੇ ਹੁੰਦੇ ਹਨ। ਮੀਡੀਆ ਨੂੰ ਅਜਿਹੇ ਲੋਕਾਂ ਦੀ ਲੋੜ ਹੁੰਦੀ ਹੈ। ਜੇ ਟੀਵੀ ਕੈਮਰਾ ਸ਼ੁਹਰਤ ਦੇ ਭੁੱਖੇ ਇਨ੍ਹਾਂ ਲੋਕਾਂ ਅੱਗੇ ਨਾ ਘੁੰਮੇ ਤਾਂ ਤੁਸੀਂ ਯਕੀਨ ਕਰੋ ਕਿ ਕੋਈ ਵੀ ਅਜਿਹਾ ਮੁਜ਼ਾਹਰਾ ਕਰਨ ਲਈ ਤਿਆਰ ਨਹੀਂ ਹੋਵੇਗਾ। ਦੂਜੇ ਪਾਸੇ ਦੇਖਿਆ ਜਾਵੇ ਤਾਂ ਇਹ ਠੀਕ ਹੈ ਕਿ ਦੇਸ਼ ਵਾਸੀਆਂ ਨੂੰ ਆਪਣੇ ਖਿਡਾਰੀਆਂ ਦੀ ਜਿੱਤ 'ਤੇ ਖੁਸ਼ੀ ਹੁੰਦੀ ਹੈ, ਪਰਹਾਰ ਵੀ ਤਾਂ ਉਸੇ ਖੇਡ ਦਾ ਇੱਕ ਪਹਿਲੂ ਹੁੰਦਾ ਹੈ। ਉਸ 'ਤੇ ਹੱਦ ਦਰਜੇ ਦੀ ਨਾਰਾਜ਼ਗੀ ਪ੍ਰਗਟਾਉਣਾ ਜਾਂ ਨਾਰਾਜ਼ਗੀ ਪ੍ਰਗਟਾਉਣ ਲਈ ਦੇਸ਼ ਦੇ ਮੀਡੀਆ ਵਲੋਂ ਹੱਲਾਸ਼ੇਰੀ ਦੇਣੀ ਕਿਸੇ ਤਰ੍ਹਾਂ ਵੀ ਅਸਲੀ ਖੇਡ ਭਾਵਨਾ ਨਹੀਂ। ਸਾਡੇ ਬਹੁਤੇ ਲੋਕਾਂ ਦਾ ਖੇਡਾਂ ਵਿਚਲੀ ਜਿੱਤ ਹਾਰ ਪ੍ਰਤੀ ਅਜੀਬ ਵਰਤਾਰਾ ਹੈ। ਨਾ ਸਾਡੇ ਤੋਂ ਹਾਰ ਸਹਾਰੀ ਜਾਂਦੀ ਹੈ, ਨਾ ਜਿੱਤ ਪਚਾਈ ਜਾਂਦੀ ਹੈ। ਆਪਣੀ ਟੀਮ ਜਿੱਤ ਜਾਵੇ ਤਾਂ ਸਾਨੂੰ ਜਿੱਤ ਦਾ ਬੁਖਾਰ ਚੜ੍ਹ ਜਾਂਦਾ ਹੈ, ਜੇ ਹਾਰ ਜਾਵੇ ਤਾਂ ਹਾਰ ਦੇ ਨਮੂਨੀਏ ਤੋਂ ਵੀ ਨਹੀਂ ਬਚ ਸਕਦੇ। ਪਰ ਇੱਕ ਸਿਹਤਮੰਦ ਖੇਡ ਪ੍ਰੇਮੀ ਕਦੇ ਵੀ ਇੰਜ ਨਾ ਸੋਚੇ, ਉਸਨੂੰ ਤਾਂ ਬਸ ਖੇਡ ਹੀ ਪਿਆਰੀ ਹੋਵੇ ਕਿ ਖੇਡ ਕਿੰਨੀ ਚੰਗੀ ਜਾਂ ਮਾੜੀ ਖੇਡੀ ਗਈ।

### ਹਾਕੀ ਕਲੱਬ ਤੇ ਆਸਟਰੋ ਟਰਫ

1955 ਤੋਂ ਬਾਅਦ ਪੰਜਾਬ ਦੇ ਕਈ ਇਲਾਕਿਆਂ ਵਿਚ ਹਾਕੀ ਦੇ ਕਾਫੀ ਕਲੱਬ ਬਣੇ ਸਨ। ਪਰ ਸਰਕਾਰੀ ਸਹਾਇਤਾ ਨਾ ਮਿਲਣ ਕਾਰਨ ਦਮ ਤੋੜਦੇ ਗਏ। ਕਈ ਨਵਿਆਂ ਕਲੱਬਾਂ ਨੇ ਫਿਰ ਆਪਣੀ ਹੋਂਦ ਜਤਾਉਣ ਦੀ ਕੋਸ਼ਿਸ਼ ਕੀਤੀ। ਕਈ ਪਿੰਡਾਂ 'ਚ ਸਿਰਫ਼ ਟੂਰਨਾਮੈਂਟਾਂ ਦਾ ਆਯੋਜਨ ਹੀ ਹੁੰਦਾ ਰਿਹਾ। ਫਿਰ ਹੌਲੀ-ਹੌਲੀ 1985 ਤੋਂ ਇਨ੍ਹਾਂ ਦਾ ਕੰਮ ਵੀ ਠੰਢਾ ਪੈ ਗਿਆ। 1990 ਤੋਂ ਬਾਅਦ ਪਿੰਡਾਂ ਵਿਚ ਕ੍ਰਿਕਟ ਦਾ ਕ੍ਰੇਜ ਵਧਦਾ ਗਿਆ ਅਤੇ ਕੁੱਝ ਲੋਕਾਂ ਨੇ ਜਾਂ ਕਹਿ ਲਵੋ ਨੌਜਵਾਨ ਵਰਗ ਨੇ ਪੇਂਡੂ ਕ੍ਰਿਕਟ ਟੂਰਨਾਮੈਂਟਾਂ ਦਾ ਪ੍ਰਬੰਧ ਕਰਨਾ ਸ਼ੁਰੂ ਕਰ ਦਿੱਤਾ। ਇਹ ਉਹ ਕਾਰਨ ਹਨ ਜਿਨ੍ਹਾਂ ਨੇ ਪੰਜਾਬ ਦੀ ਧਰਤੀ ਤੇ ਹਾਕੀ ਦੇ ਖੇਡ ਪਿਆਰ ਨੂੰ ਠੇਸ ਪਹੁੰਚਾਈ। ਹਾਕੀ ਲਈ ਮਸ਼ਹੂਰ ਰਹੀ ਪੰਜਾਬ ਦੀ ਧਰਤੀ ਨੂੰ ਉਸ ਵਕਤ 'ਹਰੀ ਕ੍ਰਾਂਤੀ' ਵਾਂਗ 'ਹਾਕੀ ਕ੍ਰਾਂਤੀ' ਲਿਆਉਣ ਲਈ ਸਰਕਾਰ, ਪਿੰਡਾਂ ਦੇ ਪੰਚਾਂ ਸਰਪੰਚਾਂ ਅਤੇ ਕ੍ਰਾਂਤੀਕਾਰੀ ਹਾਕੀ ਪ੍ਰੇਮੀਆਂ ਦੀ ਲੋੜ ਸੀ ਜੋ ਹਾਕੀ ਦੇ ਮਸੀਹੇ ਬਣਦੇ। ਪਰ ਇੰਜ ਹੋ ਨਾ ਸਕਿਆ। ਪੂਰੀ ਸ਼ਿੱਦਤ ਨਾਲ ਪਿੰਡਾਂ 'ਚ ਹਾਕੀ ਦੀ ਲਹਿਰ ਉਭਾਰਨ ਲਈ, ਹਾਕੀ ਕ੍ਰਾਂਤੀ ਲਿਆਉਣ ਲਈ ਵੱਧ ਤੋਂ ਵੱਧ ਹਾਕੀ ਕਲੱਬ ਬਣਾਏ ਜਾਣ ਦੀ ਜ਼ਰੂਰਤ ਹੈ। ਇਹੀ ਕਲੱਬ ਬਾਅਦ 'ਚ ਹਾਕੀ ਟੂਰਨਾਮੈਂਟ ਕਰਵਾਉਣ ਤਾਂ ਕੋਈ ਕਾਰਨ ਨਹੀਂ ਕਿ ਸਾਰਾ ਸਾਲ ਸਵੇਰੇ-ਸ਼ਾਮ ਪਿੰਡਾਂ 'ਚ ਹਾਕੀ ਦਾ ਬੋਲਬਾਲਾ ਨਾ ਹੋਵੇ। ਇਸ ਤਰ੍ਹਾਂ ਪਿੰਡਾਂ 'ਚੋਂ ਨਿਕਲਣ ਵਾਲੀ ਹਾਕੀ ਪ੍ਰਤਿਭਾ 'ਚ ਹੋਰ ਨਿਖਾਰ ਹੋਵੇਗਾ।

25 ਪਿੰਡਾਂ ਕੋਲ ਇੱਕ ਐਸਟਰੋਟਰਫ਼ ਮੈਦਾਨ ਦੀ ਵੀਜ਼ਰੂਰਤ ਹੈ। ਪਰ ਇਸ ਸਭ ਕਾਸੇ ਲਈ ਸਰਕਾਰੀ ਮਦਦ ਦੀ ਲੋੜ ਹੈ।

(ਬਾਕੀ ਅਗਲੇ ਸਫੇ 'ਤੇ)

# ਸਮਾਜਿਕ ਰਿਸ਼ਤਿਆਂ ਦੀ ਮਰਿਆਦਾ ਦੇ ਨਵੇਂ ਮਾਪਦੰਡ ਸਥਾਪਿਤ ਕਰਦੀਆਂ ਕਹਾਣੀਆਂ

## ‘ਬੰਦਾ ਮਾਰਨਾ ਕਿਹੜਾ ਸੌਖਾ ਕੰਮ ਐ’

ਪੁਸਤਕ ਚਰਚਾ

ਨਿਰੰਜਣ ਬੋਹਾ
ਫੋਨ: 91-89682-82700

ਸਵਾਮੀ ਸਰਬਜੀਤ ਪੰਜਾਬੀ ਭਾਸ਼ਾ ਦਾ ਸਰਬਾਂਗੀ ਲੇਖਕ ਹੈ। ਉਸਦੇ ਹਥਲੇ ਕਹਾਣੀ ਸੰਗ੍ਰਹਿ ‘ਬੰਦਾ ਮਾਰਨਾ ਕਿਹੜਾ ਸੌਖਾ ਕੰਮ ਐ’ ਦੇ ਪ੍ਰਕਾਸ਼ਨ ਤੋਂ ਪਹਿਲਾਂ ਉਹ ਪੰਜਾਬੀ ਸਾਹਿਤ ਦੇ ਖੇਤਰ ਵਿਚ ਪੰਜਾਬੀ ਨਾਟਕ, ਕਵਿਤਾ, ਹਾਸ ਵਿਅੰਗ, ਆਲੋਚਨਾ, ਵਾਰਤਕ ਤੇ ਮਿੰਨੀ ਕਹਾਣੀ ਵਿਧਾ ਨਾਲ ਸੰਬੰਧਤ ਵੀਹ ਮੌਲਿਕ ਤੇ ਅਨੁਵਾਦਤ ਪੁਸਤਕਾਂ ਦਾ ਵਡਮੁੱਲਾ ਯੋਗਦਾਨ ਪਾ ਚੁੱਕਾ ਹੈ। ਇਸ ਸੰਗ੍ਰਹਿ ਵਿਚ ਉਸ ਦੀਆਂ ਪੰਜ ਲੰਬੀਆਂ ਕਹਾਣੀਆਂ ਸ਼ਾਮਲ ਹਨ। ਇਨ੍ਹਾਂ ਕਹਾਣੀਆਂ ਦੇ ਪਾਤਰ ਆਰਥਿਕ, ਸਮਾਜਿਕ ਤੇ ਸਭਿਆਚਾਰਕ ਦਬਾਵਾਂ ਕਾਰਨ ਆਪਣੇ ਹਿੱਸੇ ਆਈ ਜ਼ਿੰਦਗੀ ਨੂੰ ਆਪਣੀ ਮਰਜ਼ੀ ਨਾਲ ਨਾ ਜਿਉਂ ਸਕਣ ਦੀ ਮਜਬੂਰੀ ਵਿਚੋਂ ਲੰਘਦਿਆਂ ਮਾਨਸਿਕ ਤੌਰ ’ਤੇ ਬੇਚੈਨ ਤੇ ਅਸ਼ਾਂਤ ਵਿਖਾਈ ਦਿੰਦੇ ਹਨ ਅਤੇ ਉਨ੍ਹਾਂ ਅੰਦਰਲੀ ਇਹ ਅਸ਼ਾਂਤੀ ਹੀ ਉਨ੍ਹਾਂ ਨੂੰ ਆਪਣੇ ਕਾਰਜ ਖੇਤਰ ਵਿਚ ਨਿਰੰਤਰ ਸਰਗਰਮ ਰੱਖਦੀ ਹੈ। ਉਸ ਦੀਆਂ ਕਹਾਣੀਆਂ ਵਿਅਕਤੀਗਤ ਪੱਧਰ ’ਤੇ ਅਨੇਕ ਤਰ੍ਹਾਂ ਦੀਆਂ ਮਨੋ-ਸਮਾਜਿਕ ਸਮੱਸਿਆਵਾਂ ਨਾਲ ਜੂਝ ਰਹੇ ਅਜੋਕੇ ਮਨੁੱਖ ਅੰਦਰਲੀ ਮਨੋ-ਉਤੇਜਨਾ ਨੂੰ ਉਸਦੀ ਤੀਬਰਤਾ ਤੇ ਤੀਖਣਤਾ ਸਮੇਤ ਰੂਪਮਾਨ ਕਰਦੀਆਂ ਹਨ। ਇਹ ਕਹਾਣੀਆਂ ਆਪਣੇ ਮਨੁੱਖੀ ਹੱਕ ਦਬਾਏ ਜਾਣ ਤੋਂ ਆਹਤ ਭਾਰਤੀ ਔਰਤ ਦੀਆਂ ਮਾਨਸਿਕ ਪੀੜਾਂ ਨੂੰ ਬਿਆਨਣ ਦੇ ਨਾਲ ਨਾਲ ਉਨ੍ਹਾਂ ਦੀ ਮਨੋ-ਸੰਵੇਦਨਾ ਨੂੰ ਸੰਘਰਸ਼ੀ ਭਾਵਨਾਵਾਂ ਵਿਚ ਤਬਦੀਲ ਕਰਨ ਦਾ ਕਾਰਜ ਵੀ ਇਮਾਨਦਾਰੀ ਨਾਲ ਕਰਦੀਆਂ ਹਨ।

ਸੰਗ੍ਰਹਿ ਦੀ ਪਹਿਲੀ ਕਹਾਣੀ ‘ਬਾਬਲ ਹੋਇਆ ਬੇਗਨੜਾ’ ਸਮਾਜਿਕ ਰਿਸ਼ਤਿਆਂ ਦੀ ਪਰੰਪਰਿਕ ਮਰਿਆਦਾ ਨੂੰ ਕਾਇਮ ਰੱਖਣ ਜਾਂ ਤੋੜਨ ਦੇ ਦਵੰਦ ਵਿਚੋਂ ਉਪਜੀ ਖ਼ੂਬਸੂਰਤ ਕਹਾਣੀ ਹੈ। ਇਹ ਕਹਾਣੀ ਯੂਨੀਵਰਸਿਟੀਆਂ ਵਿਚ ਖੋਜ ਕਾਰਜ ਦੇ ਨਾਂ ’ਤੇ ਹੁੰਦੇ ਗੋਰਖ ਧੰਦੇ ਦਾ ਪਰਦਾਫਾਸ਼ ਕਰਦਿਆਂ ਖੋਜ ਕਾਰਜਾਂ ਦੇ ਮਰਦ ਨਿਗਰਾਨਾਂ ਵਲੋਂ ਆਪਣੇ ਅਧੀਨ ਖੋਜ ਕਰਨ ਵਾਲੀਆਂ ਕੁੜੀਆਂ ਦਾ ਜਿਨਸੀ ਸ਼ੋਸ਼ਣ ਕੀਤੇ ਜਾਣ ਦੀਆਂ ਚਰਚਾਵਾਂ ਨੂੰ ਫੋਕਸ ਵਿਚ ਰੱਖਦੀ ਹੈ। ਅਧਿਆਪਕ ਤੇ ਵਿਦਿਆਰਥੀ ਦੇ ਰਿਸ਼ਤੇ ਵਿਚਲੀ ਟੁੱਟ ਤੇ ਤਿੜਕ ਰਹੀ ਨੈਤਿਕ ਮਰਿਆਦਾ ਬਾਰੇ ਸੰਵਾਦਕ ਚਰਚਾ ਛੇੜਦੀ ਇਸ ਕਹਾਣੀ ਦੀ ਪਾਤਰ ਤ੍ਰਿਸ਼ਨਾ ਸੰਗੀਤ ਖੇਤਰ ਵਿਚ ਡਾਕਟਰੇਟ ਦੀ ਡਿਗਰੀ ਹਾਸਲ ਕਰਨ ਦਾ ਸੁਪਨਾ ਲੈ ਕੇ ਯੂਨੀਵਰਸਿਟੀ ਦੇ ਨਾਮਵਰ ਪ੍ਰੋਫੈਸਰ ਡਾ: ਵਿਦਵਾਨ ਕੋਲ ਜਾਂਦੀ ਹੈ ਤਾਂ ਉਹ ਸ਼ੁਰੂ ਵਿਚ ਹੀ ਆਪਣੇ ਗਾਈਡ ਅੰਦਰ ਬੈਠੇ ਕਾਮੀ ਤੇ ਠਰਕੀ ਮਨੁੱਖ ਨੂੰ ਪਛਾਣ ਲੈਂਦੀ ਹੈ। ਆਪਣੇ ਸਵਰਗੀ ਬਾਪ ਦਾ ਸੁਪਨਾ ਪੂਰਾ ਕਰਨ ਲਈ ਉਹ ਆਪਣਾ ਖੋਜ ਕਾਰਜ ਵਿਚਾਲੇ ਨਹੀਂ ਛੱਡ ਸਕਦੀ ਇਸ ਲਈ ਸਾਰਾ ਕੁਝ ਸਮਝਦਿਆਂ ਵੀ ਚੁੱਪ ਰਹਿਣ ਲਈ ਮਜਬੂਰ ਹੈ। ਡਾ. ਵਿਦਵਾਨ ਆਪਣੇ ਸਮਾਜਿਕ ਰੁਤਬੇ ਤੇ ਆਪਣੀ ਹਰਮਨ-ਪਿਆਰਤਾ ਨੂੰ ਵੀ ਕਾਇਮ ਰੱਖਣਾ ਚਾਹੁੰਦਾ ਹੈ, ਇਸ ਲਈ ਉਹ ਆਪਣੀਆਂ ਵਿਦਿਅਰਥਣਾਂ ਨਾਲ ਜ਼ੋਰ-ਜ਼ਬਰਦਸਤੀ ਕਰਨ ਦੀ ਬਜਾਏ ਉਨ੍ਹਾਂ ਨੂੰ ਭਾਵਨਾਤਮਕ ਤੌਰ ’ਤੇ ਬਲੈਕਮੇਲ ਕਰ ਕੇ ਆਪਣੇ ਜਾਲ ਵਿਚ ਫਸਾਉਂਦਾ ਹੈ ਪਰ ਇਹ ਨਵੀਂ ਵਿਦਿਆਰਥਣ ਉਸ ਵਲੋਂ ਫੈਲਾਏ ਹਰ ਭਰਮ ਜਾਲ ਨੂੰ ਤੋੜ ਕੇ ਆਪਣੇ ਆਪ ਨੂੰ ਬਚਾਉਣ ਵਿਚ ਸਫ਼ਲ ਰਹਿੰਦੀ ਹੈ।




ਕਹਾਣੀ ਉਸ ਵੇਲੇ ਵੱਡਾ ਨਾਟਕੀ ਮੋੜ ਕੱਟਦੀ ਹੈ ਜਦੋਂ ਕਹਾਣੀਕਾਰ ਅਧਿਆਪਕ ਤੇ ਵਿਦਿਆਰਥਣ ਦੇ ਰਿਸ਼ਤੇ ਨੂੰ ਪਿਓ-ਧੀ ਦੇ ਰਿਸ਼ਤੋਂ ਵਜੋਂ ਪਰਿਭਾਸ਼ਤ ਕਰਦਿਆਂ ਅਜਿਹੀ ਸਥਿਤੀ ਦੀ ਸਿਰਜਣਾ ਕਰ ਦਿੰਦਾ ਹੈ ਕਿ ਇਸ ਪ੍ਰੋਫੈਸਰ ਨੂੰ ਹੀ ਅਣਚਾਹੇ ਤੌਰ ‘ਤੇ ਤ੍ਰਿਸ਼ਨਾ ਦੇ ਵਿਆਹ ਸਮੇਂ ਉਸਦੇ ਬਾਪੂ ਦੀ ਭੂਮਿਕਾ ਨਿਭਾਉਣੀ ਪੈਂਦੀ ਹੈ। ਇਹ ਸਥਿਤੀ ਪੈਦਾ ਹੋਣ ‘ਤੇ ਭਾਵੇਂ ਕਹਾਣੀ ਆਪਣੇ ਮੰਤਵੀ ਉਦੇਸ਼ ਨੂੰ ਹਾਸਲ ਕਰ ਲੈਂਦੀ ਹੈ ਪਰ ਜੇ ਸਾਡੇ ਸਮਾਜਿਕ ਤਾਣੇ-ਬਾਣੇ ਤੇ ਬਣਤਰ ਨੂੰ ਨੇੜਿਉਂ ਵੇਖਿਆ ਜਾਵੇ ਤਾਂ ਕਿਸੇ ਕੁੜੀ ਦਾ ਪਿਓ ਨਾ ਹੋਣ ਦੀ ਸਥਿਤੀ ਵਿਚ ਉਸਦੇ ਵਿਆਹ ਸਮੇਂ ਉਸਦਾ ਪੱਲੂ ਉਸਦੇ ਹੋਣ ਵਾਲੇ ਪਤੀ ਨੂੰ ਫੜਾਉਣ ਦਾ ਮਾਮਲਾ ਯਕਦਮ ਸਾਹਮਣੇ ਨਹੀਂ ਆਉਂਦਾ, ਸਗੋਂ ਅਜਿਹੀਆਂ ਸਮੱਸਿਆਵਾਂ ਦਾ ਹੱਲ ਪਹਿਲਾਂ ਹੀ ਤਲਾਸ਼ ਲਿਆ ਜਾਂਦਾ ਹੈ। ਚਾਚੇ, ਤਾਏ ਜਾਂ ਮਾਮੇ ਦੇ ਹੁੰਦਿਆਂ ਇਹ ਕਾਰਜ ਉਸਦੇ ਪ੍ਰੋਫੈਸਰ ਤੋਂ ਕਰਾਏ ਜਾਣ ਦੀ ਗੱਲ ਵੀ ਸੁਭਾਵਿਕਤਾ ਦੇ ਦਾਇਰੇ ‘ਚੋਂ ਥੋੜ੍ਹਾ ਬਾਹਰ ਜਾਂਦੀ ਵਿਖਾਈ ਦਿੰਦੀ ਹੈ।

ਸੰਗ੍ਰਹਿ ਦੀ ਦੂਜੀ ਕਹਾਣੀ ‘ਜੁਗਨੂੰ ਸਦਾ ਜਗਮਗਾਉਂਦੇ ਰਹਿਣਗੇ’ ਆਪਣੇ ਨਾਂ ਦੇ ਅਨੁਰੂਪ ਹੀ ਜੁਗਨੂੰਆਂ ਦੀ ਜਗਮਗਾਹਟ ਨੂੰ ਮਨੁੱਖੀ ਆਜ਼ਾਦੀ ਦੇ ਚਿੰਨ੍ਹਾਤਮਕ ਪ੍ਰਗਟਾਵੇ ਵਜੋਂ ਪੇਸ਼ ਕਰਦੀ ਹੈ। ਇਹ ਕਹਾਣੀ ਔਰਤ ਤੋਂ ਉਸਦੇ ਮਨੁੱਖੀ ਹੱਕ ਖੋਹ ਕੇ ਉਸਨੂੰ ਅਮੀਰਾਂ ਦੇ ਮਨ ਪ੍ਰਚਾਵੇ ਲਈ ਭੋਗ ਦੀ ਵਸਤੂ ਬਣਾਉਂਦੀ ਰਹੀ ਦੇਵਦਾਸੀ ਪ੍ਰਥਾ ਦਾ ਤਰਕ ਭਰਪੂਰ ਢੰਗ ਨਾਲ ਵਿਰੋਧ ਕਰਦਿਆਂ ਉਸਨੂੰ ਆਪਣੇ ’ਤੇ ਹੋਣ ਵਾਲੇ ਕਾਮੁਕ ਅਤਿਆਚਾਰ ਵਿਰੁੱਧ ਲੜਨ ਤੇ ਬੋਲਣ ਸਬੰਧੀ ਨੈਤਿਕ ਬਲ ਪ੍ਰਦਾਨ ਕਰਦੀ ਹੈ। ਕਹਾਣੀ ਅਨੁਸਾਰ ਸਦੀਆਂ ਤੋਂ ਪੁਸ਼ਪਾ, ਰਜਨੀ, ਹੇਮਲਤਾ ਕਾਮਿਨੀ ਤੇ ਮੰਗਲਾ ਆਦਿ ਕੁੜੀਆਂ ਦੇਵਦਾਸੀ ਬਣਨ ਨੂੰ ਆਪਣੀ ਹੋਣੀ ਸਮਝ ਕੇ ਸਵਰਨ ਲੋਕਾਂ ਦੀ ਕਾਮੁਕ ਵਹਿਸ਼ਤ ਦਾ ਸ਼ਿਕਾਰ ਹੁੰਦੀਆਂ ਆਈਆਂ ਹਨ ਪਰ ਬਚਪਨ ਤੋਂ ਹੀ ਤੇਜ਼ ਤਰਾਰ ਤੇ ਚੁਸਤ ਦਿਮਾਗ ਵਿਧੂ ਇਹ ਅਤਿਆਚਾਰ ਸਹਿਣ ਲਈ ਤਿਆਰ ਨਹੀਂ ਹੈ। ਉਸ ਨੇ ਦੇਵ ਦਾਸੀ ਬਣੀ ਆਪਣੀ ਸਕੀ ਭੈਣ ਪੁਸ਼ਪਾ ਨੂੰ ਸੁਜਾਕ ਨਾਂ ਦੀ ਬਿਮਾਰੀ ਨਾਲ ਤੜਫ਼ ਕੇ ਮਰਦਿਆਂ ਵੇਖਿਆ ਹੈ ਇਸ ਲਈ ਉਹ ਪੱਕਾ ਮਨ ਬਣਾ ਲੈਂਦੀ ਹੈ ਕਿ ਉਹ ਆਪਣੇ ’ਤੇ ਹੋਣ ਵਾਲੇ ਇਸ ਜਬਰ ਜ਼ੁਲਮ ਦਾ ਡਟ ਕੇ ਮੁਕਾਬਲਾ ਕਰੇਗੀ।

ਉਹ ਸਵਰਨ ਜਾਤੀ ਦੇ ਲੋਕਾਂ ਤੇ ਪਿੰਡ ਦੇ ਮੁਖੀਆ ਨਾਲ ਸਿੱਧੀ ਟੱਕਰ ਲੈਣ ਦੀ ਸਥਿਤੀ ਵਿਚ ਨਹੀਂ ਹੈ। ਜਦੋਂ ਉਸਨੂੰ ਆਪਣੇ ਦੇਵ ਦਾਸੀ ਬਣਾਏ ਜਾਣ ਬਾਰੇ ਪਤਾ ਚੱਲਦਾ ਹੈ ਤਾਂ ਉਹ ਆਪਣੇ ‘ਤੇ ਪਈ ਬਿਪਤਾ ਦਾ ਹੱਲ ਤਲਾਸ਼ਦਿਆਂ ਆਪਣੇ ਪ੍ਰੇਮੀ ਇਤਿਆਦੀ ਨਾਲ ਮਿਲ ਕੇ ਲੁਕਵੇਂ ਦਾਅਪੇਚ ਵਰਤਣ ਦੀ ਨੀਤੀ ਅਪਣਾਉਂਦੀ ਹੈ। ਦੇਵ ਦਾਸੀ ਬਣਾ ਕੇ ਦਲਿਤ ਕੁੜੀਆਂ ਨੂੰ ਭੋਗਣ ਦੀ ਚਾਲ ਦੀ ਕਾਟ ਕਰਦਿਆਂ ਉਹ ਮੁਖੀਏ ਦੇ ਛੋਟੇ ਪੁੱਤਰ ਕੰਸੀ ‘ਤੇ ਆਪਣੇ ਨਾਲ ਜ਼ੋਰ-ਜ਼ਬਰਦਸਤੀ ਕਰਨ ਦਾ ਦੋਸ਼ ਲਾ ਕੇ ਆਪਣੇ ਆਪ ਨੂੰ ਦੇਵੀ ਦੇ ਚਰਨਾਂ ਵਿਚ ਚੜ੍ਹਾਏ ਜਾਣ ਦੇ ਅਯੋਗ ਸਿੱਧ ਦਿੰਦੀ ਹੈ। ਜਦੋਂ ਪਿੰਡ ਦਾ ਮੁਖੀਆ ਆਪਣੇ ਪੁੱਤਰ ਨੂੰ ਬਚਾਉਣ ਤੇ ਉਸਨੂੰ ਪੱਥਰ ਮਾਰ ਕੇ ਮਾਰਨ ਦੀ ਸਜ਼ਾ ਸੁਣਾਉਂਦਾ ਹੈ ਤਾਂ ਉਸ ਦੇ ਹੱਕ ਵਿਚ ਆਏ ਦਲਿਤ ਵਰਗ ਤੇ ਕੁਝ ਇਨਸਾਫ਼ ਪਸੰਦ ਸਵਰਨਾਂ ਦਾ ਏਕਾ ਉਸਦੀ ਢਾਲ ਬਣ ਜਾਂਦਾ ਹੈ। ਚਾਹੇ ਕਹਾਣੀ ਦਾ ਵਿਸ਼ਾ ਪੁਰਾਣਾ ਹੈ ਪਰ ਇਸ ਵਲੋਂ ਵਿਖਾਇਆ ਨਾਰੀ ਮੁਕਤੀ ਦਾ ਰਾਹ ਨਵੇਂਪਣ ਦਾ ਲਿਖਾਇਕ ਹੈ।

ਸੰਗ੍ਰਹਿ ਦੀ ਤੀਸਰੀ ਕਹਾਣੀ ‘ਖੱਲਾਸੀ’ ਔਰਤ ਦੀ ਸਮਾਜਿਕ ਹੋਂਦ ਦੇ ਵਰਤਮਾਨ ਅਰਥਾਂ ਨੂੰ ਬਿਆਨਦੀ ਹੈ ਤਾਂ ਇਹ ਸਿੱਟਾ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਉਸਦੀ ਲੜਾਈ ਅਜੇ ਮੁੱਕੀ ਨਹੀਂ ਤੇ ਉਸਨੂੰ ਇਸ ਕਹਾਣੀ ਦੀ ਮੁੱਖ ਪਾਤਰ ਗੁੱਡੂ ਵਾਂਗ ਆਪਣੀ ਹੋਂਦ ਤੇ ਆਜ਼ਾਦੀ ਨੂੰ ਕਾਇਮ ਰੱਖਣ ਲਈ ਸਮਾਜ ਨਾਲ ਤਿੱਖੀ ਟੱਕਰ ਲੈਣੀ ਪਵੇਗੀ। ਗੁੱਡੂ ਦੇ ਪੜ੍ਹੇ-ਲਿਖੇ ਪਤੀ ਰਾਹੁਲ ਵਲੋਂ ਉਸਨੂੰ ਵਾਰ ਵਾਰ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਉਹ ਔਰਤ ਹੈ, ਇਸ ਲਈ ਉਸ ਨਾਲ ਬਰਾਬਰੀ ਦੀ ਹਰਗਿਜ਼ ਕੋਸ਼ਿਸ਼ ਨਾ ਕਰੇ। ਉਸ ਵਲੋਂ ਗਰਭ ਧਾਰਨ ਕਰਨ ’ਤੇ ਉਸਦਾ ਸਹੁਰਾ ਪਰਿਵਾਰ ਹੀ ਨਹੀਂ ਸਗੋਂ ਉਸਦੀ ਮਾਂ ਵਲੋਂ ਵੀ ਉਸ ਤੋਂ ਇਹੀ ਉਮੀਦ ਰੱਖੀ ਜਾਂਦੀ ਹੈ ਕਿ ਉਹ ਕੇਵਲ ਪੁੱਤਰ ਨੂੰ ਹੀ ਜਨਮ ਦੇਵੇ। ਆਪਣੇ ਪਰਿਵਾਰਕ ਮੈਂਬਰਾਂ ਦਾ ਅਜਿਹਾ ਵਿਹਾਰ ਉਸਨੂੰ ਮਾਨਸਿਕ ਤੌਰ ’ਤੇ ਬਹੁਤ ਪ੍ਰੇਸ਼ਾਨ ਕਰਦਾ ਹੈ ਪਰ ਆਪਣੀ ਸਮਾਜਿਕ ਹੋਂਦ ਕਮਜ਼ੋਰ ਹੋਣ ਕਾਰਨ ਉਹ ਇਸ ਵਿਰੁੱਧ ਖੁੱਲ੍ਹ ਕੇ ਨਹੀਂ ਬੋਲ ਸਕਦੀ। ਉਸ ਦੀ ਗੋਦ ਵਿਚ ਕੁੜੀ ਆਉਣ ’ਤੇ ਘਰ ਦਾ ਬਣਿਆ ਸੋਗੀ ਵਾਤਾਵਰਨ ਪੜ੍ਹੇ ਲਿਖੇ ਪਰਿਵਾਰਾਂ ਵਿਚ ਵੀ ਔਰਤ ਦੀ ਸਮਾਜਿਕ ਹੋਂਦ ਨੂੰ ਸਵੀਕ੍ਰਿਤੀ ਨਾ ਦਿੱਤੇ ਜਾਣ ਦੀ ਪੁਸ਼ਟੀ ਕਰਦਾ ਹੈ।

ਦੂਸਰੀ ਵਾਰੀ ਗਰਭ ਠਹਿਰਣ ‘ਤੇ ਉਸਦਾ ਸਹੁਰਾ ਪਰਿਵਾਰ ਖਾਨਦਾਨ ਦੇ ਵਾਰਿਸ ਦੀ ਪ੍ਰਾਪਤੀ ਸਬੰਧੀ ਕੋਈ ਰਿਸਕ ਨਹੀਂ ਲੈਣਾ ਚਾਹੁੰਦਾ। ਇਸ ਲਈ ਉਸ ਦੇ ਪੇਟ ਵਿਚਲੇ ਬੱਚੇ ਦਾ ਲਿੰਗ ਟੈਸਟ ਕਰਨ ਲਈ ਕਿਸੇ ਡਾਕਟਰ ਨਾਲ ਗੱਲ ਕਰ ਲਈ ਜਾਂਦੀ ਹੈ। ਉਸਨੂੰ ਆਪਣੇ ਪੇਟ ਵਿਚ ਫਿਰ ਕੁੜੀ ਹੋਣ ਬਾਰੇ ਪਤਾ ਚੱਲਦਾ ਹੈ ਤਾਂ ਉਹ ਮਨ ਹੀ ਮਨ ਫੈਸਲਾ ਲੈ ਲੈਂਦੀ ਹੈ ਕਿ ਉਹ ਆਪਣੇ ਸਹੁਰੇ ਪਰਿਵਾਰ ਨੂੰ ਆਪਣੀ ਅਣਜੰਮੀ ਧੀ ਦੇ ਭਰੂਣ ਦੀ ਹੱਤਿਆ ਕਰਨ ਦੀ ਸਹਿਮਤੀ ਕਿਸੇ ਵੀ ਕੀਮਤ ‘ਤੇ ਨਹੀਂ ਦੇਵੇਗੀ। ਇਸ ਮੌਕੇ ਵਿਦਿਆਰਥੀ ਕਾਲ ਸਮੇਂ ਨਾਰੀ ਚੇਤਨਾ ਸਬੰਧੀ ਦਿੱਤਾ ਉਸਦਾ ਆਪਣਾ ਹੀ ਭਾਸ਼ਣ ਉਸਦਾ ਮਾਰਗ ਦਰਸ਼ਕ ਬਣ ਜਾਂਦਾ ਹੈ ਤੇ ਉਹ ਆਪਣੇ ਸਹੁਰੇ ਪਰਿਵਾਰ ਨਾਲ ਫੈਸਲਾਕੁਨ ਲੜਾਈ ਲੜਨ ਲਈ ਆਪਣੇ ਆਪ ਨੂੰ ਤਿਆਰ ਕਰ ਲੈਂਦੀ ਹੈ।

ਕਹਾਣੀ ‘ਪਾਵਰ ਡਿਸਕੋਰਸ’ ਮਨੁੱਖ ਦੇ ਅਵਚੇਤਨ ਵਿਚ ਪਈਆਂ ਬਚਪਨ ਦੀਆਂ ਯਾਦਾਂ ਤੇ ਸੰਸਕਾਰਾਂ ਵਲੋਂ ਉਸਦੇ ਭਵਿੱਖਤ ਜੀਵਨ ਵਿਚ ਨਿਭਾਈ ਜਾਣ ਵਾਲੀ ਭੂਮਿਕਾ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦੀ ਹੈ। ਦਲਿਤ ਸ਼੍ਰੇਣੀ ਵਿਚ ਪੈਦਾ ਹੋਏ ਡਾ. ਬਾਲੀ ਦਾ ਸਾਰਾ ਬਚਪਨ ਧਨਾਢ ਸਵਰਨ ਸ਼੍ਰੇਣੀ ਦੀਆਂ ਵਧੀਕੀਆਂ ਨੂੰ ਸਹਿਣ ਕਰਦਿਆਂ ਬਿਤਿਆ ਹੈ, ਇਸ ਲਈ ਉਸਦੇ ਅਵਚੇਤਨ ਵਿਚ ਪਈਆਂ ਬਚਪਨ ਦੀਆਂ ਕੌੜੀਆਂ ਯਾਦਾਂ ਭਵਿੱਖ ਦੀਆਂ ਬਦਲਾ ਲਊ ਪ੍ਰਵਿਰਤੀਆਂ ਬਣ ਜਾਂਦੀਆਂ ਹਨ। ਉਸਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਸਾਹਮਣੇ ਦੀ ਲੜਾਈ ਵਿਚ ਰਮਾਇਣ ਕਾਲ ਦੇ ਰਾਜਾ ਬਾਲੀ ਵਾਂਗ ਉਸਦੀ ਹਾਰ ਨਿਸ਼ਚਿਤ ਹੈ ਇਸ ਲਈ ਉਹ ਆਪਣੀ ਤੀਖਣ ਬੁੱਧੀ ਨਾਲ ਪਹਿਲਾਂ ਅਗਲੇ ਦਾ ਵਿਸ਼ਵਾਸ ਜਿੱਤਦਾ ਹੈ ਤੇ ਫਿਰ ਉਸਨੂੰ ਪੌੜ੍ਹੀ ਬਣਾ ਕੇ ਸਫਲਤਾ ਦੇ ਮੁਕਾਮ ਤੱਕ ਪੁਜਦਾ ਹੈ। ਪਹਿਲੇ ਪੜਾਅ ’ਤੇ ਉਹ ਦਲਿਤ ਸ਼੍ਰੇਣੀ ਨਾਲ ਹੀ ਸਬੰਧਤ ਆਪਣੇ ਗਾਈਡ ਡਾ. ਮੰਗਤ ਨੂੰ ਪ੍ਰਭਾਵਿਤ ਕਰ ਕੇ ਯੂਨਿਵਰਸਿਟੀ ਵਿਚ ਨੌਕਰੀ ਪ੍ਰਾਪਤ ਕਰਦਾ ਹੈ ਤੇ ਅਗਲੇ ਪੜਾਅ ’ਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦਾ ਵਿਸ਼ਵਾਸ ਪਾਤਰ ਬਣ ਕੇ ਯੂਨੀਵਰਸਿਟੀ ਦੇ ਸਾਰੇ ਪ੍ਰਬੰਧਕੀ ਢਾਂਚੇ ਨੂੰ ਆਪਣੇ ਪ੍ਰਭਾਵ ਵਿਚ ਲੈ ਲੈਂਦਾ ਹੈ। ਉਸਦਾ ਗਾਈਡ ਡਾ. ਮੰਗਤ ਉਸ ਨਾਲ ਆਪਣੀ ਧੀ ਦਾ ਵਿਆਹ ਕਰਨਾ ਚਾਹੁੰਦਾ ਹੈ ਪਰ ਉਹ ਆਪਣੀ ਹੀ ਨਿਗਰਾਨੀ ਹੇਠ ਖੋਜ ਕਾਰਜ ਕਰਨ ਵਾਲੀ ਅਮੀਰ ਕੁੜੀ ਪੂਜਾ ਨੂੰ ਆਪਣੀ ਸਫਲਤਾ ਦੀ ਅਗਲੀ ਪੌੜੀ ਬਣਾਉਂਦਿਆਂ ਉਸ ਨਾਲ ਵਿਆਹ ਕਰ ਲੈਂਦਾ ਹੈ।

ਉਸਦੇ ਬਚਪਨ ਵਿਚ ਉਸ ਨਾਲ ਹੋਈਆਂ ਵਧੀਕੀਆਂ ਬਾਰੇ ਪੜ੍ਹ ਕੇ ਪਾਠਕਾਂ ਦੇ ਮਨ ਵਿਚ ਉਸ ਨਾਲ ਹਮਦਰਦੀ ਜ਼ਰੂਰ ਪੈਦਾ ਹੁੰਦੀ ਹੈ ਪਰ ਯੂਨੀਵਰਸਿਟੀ ਦੇ ਸਨਮਾਨਿਤ ਅਹੁਦੇ ‘ਤੇ ਹੁੰਦਿਆਂ ਉਸ ਵਲੋਂ ਵਲ ਛੱਲ ਦੀ ਨੀਤੀ ਲਗਾਤਾਰ ਜਾਰੀ ਰੱਖੇ ਜਾਣ ‘ਤੇ ਪਾਠਕੀ ਮਨਾਂ ਵਿਚ ਉਸਦਾ ਅਕਸ ਆਪਣੀ ਤਾਕਤ ਦੀ ਨਾਜਾਇਜ਼ ਵਰਤੋਂ ਕਰਨ ਵਾਲੇ ਚਾਲਬਾਜ਼ ਮਨੁੱਖ ਦਾ ਹੀ ਬਣਦਾ ਹੈ। ਉਸਦੇ ਅਵਚੇਤਨ ਵਿਚ ਪਿੰਡ ਦੇ ਧਨਾਢ ਹਰਮੇਲ ਸਿੰਘ ਵਲੋਂ ਉਸਦੀ ਭੈਣ ਦੀ ਇੱਜ਼ਤ ਲੁੱਟੇ ਜਾਣ ਦੀ ਘਟਨਾ ਪਈ ਹੈ ਪਰ ਜਦੋਂ ਉਹ ਚੇਤੰਨ ਤੌਰ ‘ਤੇ ਇਸਦਾ ਬਦਲਾ ਹਰਮੇਲ ਦੀ ਭਤੀਜੀ ਤੇ ਆਪਣੀ ਵਿਦਿਆਰਥਣ ਦੀ ਇੱਜ਼ਤ ਨਾਲ ਖਿਲਵਾੜ ਕਰ ਕੇ ਲੈਣ ਦਾ ਰਾਹ ਚੁਣਦਾ ਹੈ ਤਾਂ ਪਾਠਕਾਂ ਦੀ ਨਜ਼ਰ ਵਿਚ ਉਸ ਤੇ ਹਰਮੇਲ ‘ਚ ਕੋਈ ਫਰਕ ਨਹੀਂ ਰਹਿੰਦਾ।

ਸੰਗ੍ਰਹਿ ਦੀ ਆਖਰੀ ਕਹਾਣੀ ‘ਬੰਦਾ ਮਾਰਨਾ ਕਿਹੜਾ ਸੌਖਾ ਐ’ ਮਨੁੱਖ ਦੀ ਵਿਅਕਤੀਗਤ ਆਜ਼ਾਦੀ ਦੇ ਅਰਥਾਂ ਨੂੰ ਨਵੇ ਸਿਰਿਉਂ ਪਰਿਭਾਸ਼ਤ ਕਰਦੀ ਹੈ। ਕਹਾਣੀ ਵਿਚਲੀ ਗੌਰੀ ਆਪਣੇ ਪਤੀ ਨੂੰ ਪੂਰੀ ਤਰ੍ਹਾਂ ਸਮਰਪਿਤ ਸੰਸਕਾਰੀ ਪਤਨੀ ਹੈ ਪਰ ਉਸਦੀ ਇਹ ਸਮਰਪਿਤ ਭਾਵਨਾ ਹੀ ਉਸਦੇ ਪਤੀ ਦੀ ਮਾਨਸਿਕ ਪ੍ਰੇਸ਼ਾਨੀ ਦਾ ਕਾਰਨ ਬਣ ਜਾਂਦੀ ਹੈ। ਆਪਣੇ ਵੱਲ ਸਮਰਪਿਤ ਭਾਵਨਾ ਦਾ ਗਲਤ ਅਨੁਵਾਦ ਕਰਦਿਆਂ ਉਹ ਸੋਚਦਾ ਹੈ ਕਿ ਗੋਰੀ ਉਸਨੂੰ ਪਿਆਰ ਨਾਲ ਆਪਣਾ ਗੁਲਾਮ ਬਣਾਉਣਾ ਚਾਹੁੰਦੀ ਹੈ। ਆਪਣੀ ਵਿਅਕਤੀਗਤ ਆਜ਼ਾਦੀ ਵਿਚ ਉਸਦੇ ਦਖ਼ਲ ਨੂੰ ਬੰਦ ਕਰਨ ਲਈ ਪਤੀ ਉਸਨੂੰ ਨੀਂਦ ਵਾਲੀਆਂ ਗੋਲੀਆਂ ਘੋਲ ਕੇ ਪਿਆ ਦਿੰਦਾ ਹੈ। ਅਜਿਹੇ ਮੌਕੇ ’ਤੇ ਕਹਾਣੀ ਦੇ ਪਾਠਕ ਦੇ ਜ਼ਿਹਨ ਵਿਚ ਇਹ ਸੁਆਲ ਪੈਦਾ ਹੁੰਦਾ ਕਿ ਕੀ ਕੇਵਲ ਐਨੀ ਕੁ ਗੱਲ ’ਤੇ ਹੀ ਕੋਈ ਪਤੀ ਆਪਣੀ ਪਤਨੀ ਦਾ ਕਤਲ ਕਰ ਸਕਦਾ ਹੈ? ਉਸ ਵੱਲੋਂ ਪਤਨੀ ਦੀ ਲਾਸ਼ ਦੇ ਨੇੜੇ ਬੈਠ ਕੇ ਦੂਸਰੀਆਂ ਔਰਤਾਂ ਨਾਲ ਚੈਟਿੰਗ ਕਰਨਾ ਵੀ ਪਾਠਕਾਂ ਨੂੰ ਸਹਿਜ ਵਰਤਾਰਾ ਨਹੀਂ ਲੱਗਦਾ।

ਜਦੋਂ ਉਸ ਅੰਦਰਲੀਆਂ ਉਤੇਜਿਤ ਭਾਵਨਾਵਾਂ ਵਿਚ ਕੁਝ ਠਹਿਰਾਉ ਆਉਂਦਾ ਹੈ ਤਾਂ ਉਸਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਉਹ ਕਿੱਡੀ ਵੱਡੀ ਗਲਤੀ ਕਰ ਚੁੱਕਾ ਹੈ। ਪਤਨੀ ਦੇ ਮੁਰਦਾ ਸਮਝੇ ਜਾ ਰਹੇ ਸਰੀਰ ਵਿਚ ਹਰਕਤ ਹੋਣ ‘ਤੇ ਉਸਨੂੰ ਮਿਲੀ ਮਾਨਸਿਕ ਰਾਹਤ ਹੀ ਇਸ ਕਹਾਣੀ ਦੇ ਗਲਪੀ ਬਿੰਬ ਨੂੰ ਠੀਕ ਤਰ੍ਹਾਂ ਉਘੇੜਦੀ ਹੈ। ਇਹ ਰਾਹਤ ਉਸ ਅੰਦਰ ਪੈਦਾ ਹੋਏ ਪਛਤਾਵੇ ਦੀ ਵੀ ਸੂਚਕ ਬਣਦੀ ਹੈ ਤੇ ਪਤੀ-ਪਤਨੀ ਦੇ ਰਿਸ਼ਤੇ ਵਿਚਲੇ ਨਿੱਘ ਤੇ ਸਦੀਵਤਾ ਨੂੰ ਵੀ ਸਨਮਾਨ ਦੇਣ ਦਾ ਕਾਰਜ ਕਰਦੀ ਹੈ।

ਪੰਜਾਬੀ ਰੰਗਮੰਚ ਨਾਲ ਉਸਦੀ ਵੱਧ ਮਾਨਸਿਕ ਨੇੜਤਾ ਕਾਰਨ ਉਸ ਦੀਆਂ ਸਾਰੀਆਂ ਕਹਾਣੀਆਂ ਵਿਚ ਕੁਝ ਨਾਟਕੀ ਅੰਸ਼ ਸੁਭਾਵਿਕ ਰੂਪ ਵਿਚ ਹੀ ਪ੍ਰਵੇਸ਼ ਕਰ ਗਏ ਹਨ। ਉਸਦੀ ਕਹਾਣੀ ‘ਪਾਵਰ ਡਿਸਕੋਰਸ’ ਵਿਚਲਾ ਮੁੱਖ ਪਾਤਰ ਡਾ. ਬਾਲੀ ਤਾਂ ਸਿੱਧੇ ਤੌਰ ’ਤੇ ਨਾਟਕੀ ਵਿਧੀ ਵਾਂਗ ਹੀ ਸੂਤਰਧਾਰ ਦੇ ਰੂਪ ’ਚ ਕਹਾਣੀਆਂ ਦੀਆਂ ਖਿੰਡੀਆਂ ਕੜੀਆਂ ਨੂੰ ਸੂਤਰਬੱਧ ਕਰਦਾ ਹੈ। ਉਸ ਦੀਆਂ ਕਹਾਣੀਆਂ ਵਿਚਲੇ ਇਹ ਨਾਟਕੀ ਅੰਸ਼ ਕਹਾਣੀ ਦੀ ਤੋਰ ਨੂੰ ਤੇਜ਼ ਕਰਨ ਵਿਚ ਸਹਾਈ ਬਣਦੇ ਹਨ। ਉਸ ਦੀਆਂ ਕਹਾਣੀਆਂ ਆਪਣੀ ਸਮਕਾਲੀ ਸਮਾਜਿਕ ਵਿਵਸਥਾ ਦੀਆਂ ਅੱਖਾਂ ’ਚ ਅੱਖਾਂ ਪਾ ਕੇ ਵੇਖਣ ਦੀ ਕੋਸ਼ਿਸ਼ ਕਰਦੀਆਂ ਹਨ ਤੇ ਇਸਦੇ ਨੰਗੇਜ਼ ’ਤੇ ਪਰਦਾ ਪਾਉਣ ਦੀ ਬਜਾਇ ਇਸਨੂੰ ਸਰਵਜਨਕ ਕਰਨ ਦਾ ਦਮ ਵੀ ਰੱਖਦੀਆਂ ਹਨ। ਕਹਾਣੀਆਂ ਦੇ ਪਾਤਰਾਂ ਦਾ ਆਪਸੀ ਸੰਵਾਦ ਕਹਾਣੀ ਦੇ ਗਹਿਰੇ ਅਰਥਾਂ ਤੱਕ ਲੈ ਕੇ ਜਾਣ ਵਿਚ ਪਾਠਕਾਂ ਦੀ ਮਦਦ ਕਰਦਾ ਹੈ। 176 ਪੰਨਿਆਂ ਵਾਲੀ ਇਸ ਪੁਸਤਕ ਦਾ ਮੁੱਲ 250 ਰੁਪਏ ਹੈ ਤੇ ਇਸਨੂੰ ਚੇਤਨਾ ਪਿਊਪਲ ਆਰਟ ਪਟਿਆਲਾ ਵਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ।

## ਹਾਕੀ ਦਾ ਆਸ਼ਕ ਪ੍ਰੋ. ਪਰਮਜੀਤ ਰੰਧਾਵਾ

(ਪਿਛਲੇ ਸਫੇ ਦਾ ਬਾਕੀ)

ਸਰਕਾਰੀ ਥਾਪੀ ਚਾਹੀਦੀ ਹੈ। ਖੇਡਾਂ ਲਈ ਵਚਨਬੱਧ ਸਰਕਾਰ ਨੂੰ ਇਸ ਪੱਖੋਂ ਪੇਂਡੂ ਹਾਕੀ ਕਲੱਬਾਂ ਨੂੰ ਉਤਸ਼ਾਹਿਤ ਕਰਨ ਲਈ ਅੱਗੇ ਆਉਣਾ ਚਾਹੀਦੈ। ਇਸ ਮੁਹਿਮ ਤਹਿਤ ਹੀ ਹਾਕੀ ਪਿੰਡ-ਪਿੰਡ ਤੱਕ ਜਾਵੇਗੀ। ਜਦੋਂ ਕਿਸੇ ਪੇਂਡੂ ਹਾਕੀ ਕਲੱਬ ਦੀ ਟੀਮ ਆਲ ਇੰਡੀਆ ਪੱਧਰ ਦੇ ਟੂਰਨਾਮੈਂਟ ‘ਚ ਆਪਣੇ ਖੇਡ ਹੁਨਰ ਸਦਕਾ ਛਾਏਗੀ ਤਾਂ ਫਿਰ ਹੋਰਨਾਂ ਕਲੱਬਾਂ ਨੂੰ ਵੀ ਉਤਸ਼ਾਹ ਮਿਲੇਗਾ। ਪੇਂਡੂ ਹਾਕੀ ਕਲੱਬਾਂ ਦੇ ਦਮਦਾਰ ਪ੍ਰਦਰਸ਼ਨ ਲਈ ਆਸਟਰੋਟਰਫ਼ ਮੈਦਾਨਾਂ ਦੀ ਵੀ ਜ਼ਰੂਰਤ ਹੈ। ਪੇਂਡੂ ਹਾਕੀ ਕਲੱਬਾਂ ਦੇ ਪ੍ਰਬੰਧਕ ਇਹ ਇੰਤਜ਼ਾਮ ਕਿਵੇਂ ਕਰਨ? ਮਾਝੇ, ਮਾਲਵੇ ਅਤੇ ਦੁਆਬੇ ਦੇ ਕਈ ਪੇਂਡੂ ਹਾਕੀ ਕਲੱਬਾਂ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਜਿਨ੍ਹਾਂ ਨੂੰ ਨਾ ਤਾਂ ਕਿਸੇ ਪ੍ਰਵਾਸੀ ਵਲੋਂ ਕੋਈ ਸਹਿਯੋਗ ਮਿਲਿਆ, ਨਾ ਸਰਕਾਰੇ-ਦਰਬਾਰੇ, ਮੰਤਰੀਆਂ, ਵਿਧਾਇਕਾਂ ਨੇ ਕਦੇ ਕੋਈ ਸਾਰ ਲਈ, ਬਸ ਪਿੰਡ ਦੇ ਕੁੱਝ ਪਤਵੰਤੇ ਹੀ ਹਾਕੀ ਦੀ ਖਾਤਰ ਇਹ ਹਾਕੀ ਕਲੱਬ ਚਲਾਉਂਦੇ ਰਹੇ ਤੇ ਕਈ ਮਾਣਯੋਗ ਪ੍ਰਾਪਤੀਆਂ ਕੀਤੀਆਂ। ਕਈ ਵਾਰ ਕਿਸੇ ਜ਼ਿਮੀਂਦਾਰ ਨੇ ਆਪਣੀ ਜ਼ਮੀਨ ਨੂੰ ਹਾਕੀ ਗਰਾਊਂਡ ਬਣਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਇਹੀ ਕਾਰਨ ਹੈ ਕਿ ਪਿਛਲੇ ਬੁਰੇ ਵਕਤਾਂ ‘ਚ ਪੰਜਾਬ ਦੇ ਪਿੰਡਾਂ ‘ਚ ਹਾਕੀ ਦੀ ਖੇਤੀ ਵੀ ਹੁੰਦੀ ਰਹੀ। ਉੱਦਮੀ ਲੋਕਾਂ ਨੇ ਖੇਡ ਸਟੇਡੀਅਮ ਵੀ ਆਪਣੇ ਹੀ ਬਲਬੂਤੇ ਬਣਾ ਦਿੱਤੇ ਪਰ ਪਿੰਡਾਂ ਦੀਆਂ ਪੰਚਾਇਤਾਂ ਕੁੰਭਕਰਨੀ ਨੀਂਦ ਸੁੱਤੀਆਂ ਰਹੀਆਂ। ਮੌਜੂਦਾ ਦੌਰ ‘ਚ ਸਰਕਾਰ ਨੂੰ ਇਸ ਹੰਭਲੇ ਤਹਿਤ ਪਿੰਡਾਂ ‘ਚ ਲੋਕ ਭਲਾਈ ਦੇ ਕੰਮਾਂ ‘ਚ ਜ਼ੀਰੋ ਹੋ ਚੁੱਕੀਆਂ ਪੰਚਾਇਤਾਂ ਨਾਲ ਵੀ ਸਖ਼ਤੀ ਨਾਲ ਪੇਸ਼ ਆਉਣਾ ਪਵੇਗਾ। ਸਰਕਾਰੀ ਗਰਾਂਟਾਂ ਖਾਣ ਦੀ ਇਨ੍ਹਾਂ ਦੀ ਆਦਤ ਹੈ, ਕਿਸੇ ਖੇਡ ਦੇ ਵਿਕਾਸ ਲਈ ਅੱਗੇ ਆਉਣ ਦੀ ਥਾਂ ਉਹ ਸਿਰਫ਼ ਰਾਜਨੀਤੀ ਅਤੇ ਧੜੇਬੰਦੀ ਦੀਆਂ ਝੰਡਾ ਬਰਦਾਰ ਹੀ ਬਣ ਬੈਠੀਆਂ ਹਨ।

ਸਰਕਾਰ ਹਾਕੀ ਉਤਸ਼ਾਹਿਤ ਕਰਨ ਦਾ ਟੀਚਾ ਲੈ ਕੇ ਕਾਰਵਾਂ ਬਣਾ ਕੇ ਚੱਲਣ ਵਾਲੇ ਪਿੰਡ ਦੇ ਪਤਵੰਤੇ ਲੋਕਾਂ ਦੀ ਹਰ ਪੱਖੋਂ ਮਦਦ ਕਰਨ ਲਈ ਅੱਗੇ ਆਏ। ਵੱਧ ਤੋਂ ਵੱਧ ਹਾਕੀ ਕਲੱਬ ਹੋਂਦ ‘ਚ ਲਿਆਉਣ ਦਾ ਸਰਕਾਰੀ ਫੁਰਮਾਨ ਹੋਵੇ। ਪਿੰਡਾਂ ‘ਚ ਚੰਗੀਆਂ ਗਰਾਊਂਡਾਂ ਬਣਾਉਣ ਦਾ ਪ੍ਰਬੰਧ ਕਰੇ। ਸਰਕਾਰੀ ਫੰਡਾਂ ਤੋਂ ਬਗੈਰ ਹਾਕੀ ਕਲੱਬ ਨਾ ਪੈਦਾ ਹੋ ਸਕਦੇ ਹਨ ਤੇ ਨਾ ਹੀ ਸੁਰਜੀਤ ਰਹਿ ਸਕਦੇ ਹਨ ਅਤੇ ਪੇਂਡੂ ਹਾਕੀ ਕਲੱਬਾਂ ਦੀ ਹੋਂਦ ਤੋਂ ਬਗੈਰ ਹਾਕੀ ਦੀ ਪੁਨਰ ਸੁਰਜੀਤੀ ਦੀ ਗੱਲ ਕਰਨੀ ਸੰਭਵ ਨਹੀਂ ਲਗਦੀ। ਸੰਸਾਰ ਨੇ ਭਾਰਤ ਦੇ ਜਾਦੂਗਰ ਹਾਕੀ ਖਿਡਾਰੀਆਂ ਦਾ ਕਮਾਲ ਵੇਖਿਆ ਹੈ ਤੇ ਸਾਡੇ ਦੇਸ਼ ਨੂੰ ‘ਹਾਕੀ’ ਦੇ ਜਾਦੂਗਰਾਂ ਦਾ ਦੇਸ਼ ਵੀ ਕਿਹਾ ਜਾਂਦਾ ਹੈ। ਪਰ ਦੁੱਖ ਤੇ ਸ਼ਰਮ ਦੀ ਗੱਲ ਹੈ ਕਿ ਹਾਕੀ ਜਾਦੂਗਰਾਂ ਦੇ ਇਸ ਦੇਸ਼ ਵਿਚ ਆਸਟਰੋਟਰਫ਼ ਮੈਦਾਨ ਉਂਗਲਾਂ ‘ਤੇ ਗਿਣੇ ਜਾਣ ਜੋਗੇ ਹੀ ਬਣ ਸਕੇ ਹਨ।

ਖਿਡਾਰੀਆਂ ਲਈ ਮਿਆਰੀ ਖੇਡ ਮੈਦਾਨ ਬਣਾਉਣੇ, ਖੇਡ ਵਿੰਗਾਂ ਦੀ ਰਾਸ਼ੀ ਨੂੰ ਸਹੀ ਇਸਤੇਮਾਲ ਕਰਨਾ, ਪ੍ਰਦਰਸ਼ਨੀ ਮੈਚਾਂ ਦਾ ਆਯੋਜਨ ਕਰਵਾਉਣਾ, ਖੇਡ ਟੂਰਨਾਮੈਂਟਾਂ ਨੂੰ ਸਹੀ ਤਰੀਕੇ ਨਾਲ ਨੇਪਰੇ ਚਾੜ੍ਹਨੇ, ਖੇਡ ਪ੍ਰੇਮੀਆਂ ਦੇ ਭਰਵੇਂ ਇਕੱਠ ਕਰਨੇ, ਨੌਜਵਾਨ ਪੀੜ੍ਹੀ ਦੀ ਸ਼ਮੂਲੀਅਤ ਯਕੀਨੀ ਬਣਾਉਣੀ, ਖਿਡਾਰੀਆਂ ਦਾ ਪੜ੍ਹਾਈ ਵੱਲ ਵੀ ਉਚਿਤ ਧਿਆਨ ਰੱਖਣਾ, ਉਨ੍ਹਾਂ ਦੀ ਸ਼ਖ਼ਸੀਅਤ ਬਹੁਪੱਖੀ ਬਣਾਉਣੀ, ਉਨ੍ਹਾਂ ਲਈ ਉਚਿਤ ਮੈਡੀਕਲ ਸਹੂਲਤਾਂ ਦਾ ਇੰਤਜ਼ਾਮ ਕਰਨਾ, ਇਨ੍ਹਾਂ ਸਾਰੇ ਪੱਖਾਂ ਦੀ ਜਿਨ੍ਹਾਂ ਖੇਡ ਸੰਸਥਾਵਾਂ ‘ਚ ਕਮੀ ਹੋਵੇ ਉਹ ਪੂਰੀ ਕਰਨ ਦੀ ਲੋੜ ਹੈ। ਤਦ ਹੀ ਹਾਕੀ ਦਾ ਸੁਨਹਿਰੀ ਭਵਿੱਖ ਸਿਰਜਿਆ ਜਾ ਸਕਦੈ।

# ਮੁਜ਼ਾਰਾ ਘੋਲ ਦਾ ਆਰੰਭ

***ਜਦੋਂ ਰਿਆਸਤ ਅੰਦਰ ਹਲਵਾਹਕ ਕਿਸਾਨਾਂ ਦੀ ਕੋਈ ਗੱਲ ਨਾ ਸੁਣੀ ਗਈ, ਕੋਈ ਮੰਗ ਨਾ ਮੰਨੀ ਗਈ ਤਾਂ ਇਲਾਕਾ ਮਾਨਸਾ ਦੇ ਹਲਵਾਹਕ ਕਿਸਾਨਾਂ ਦਾ ਇੱਕ ਸੌ ਦਾ ਜਥਾ ਕੂੱਬਾ ਸਿੰਘ ਮਾਨਸਾ ਦੀ ਅਗਵਾਈ ਵਿਚ ਪੰਜਾਬ ਰਿਆਸਤਾਂ ਦੇ ਪੋਲੀਟੀਕਲ ਏਜੰਟ ਨੂੰ ਮਿਲਣ ਤੇ ਉਸ ਦੇ ਮੂਹਰੇ ਆਪਣੀਆਂ ਮੰਗਾਂ ਰੱਖਣ ਲਈ ਲਾਹੌਰ ਵੱਲ ਤੁਰ ਪਿਆ। ਜਥਾ ਪੈਦਲ ਚੱਲ ਕੇ ਲਾਹੌਰ ਪੁੱਜਾ, ਪੋਲੀਟੀਕਲ ਏਜੰਟ ਨੂੰ ਮਿਲਿਆ, ਆਪਣੀਆਂ ਮੰਗਾਂ ਉੱਪਰ ਆਧਾਰਿਤ ਯਾਦ ਪੱਤਰ ਪੇਸ਼ ਕੀਤਾ। ਇਹ ਸਭ ਦੌੜ-ਭੱਜ ਬੇਅਰਥ ਰਹੀ। ਪੋਲੀਟੀਕਲ ਏਜੰਟ ਨੇ ਕੋਈ ਲੋੜੀਂਦਾ ਢੁਕਵਾਂ ਧਿਆਨ ਨਾ ਦਿੱਤਾ।***

ਰਿਆਸਤ ਪਟਿਆਲਾ ਵਿਚ ਆਪਣੀ ਹਲ ਹੇਠ ਭੂਮੀ ਉੱਪਰ ਮਾਲਕੀ ਹੱਕਾਂ ਲਈ ਮੁਜ਼ਾਰਾ ਲਹਿਰ 1870-80 ਦੇ ਜ਼ਮੀਨੀ ਬੰਦੋਬਸਤ ਦੌਰਾਨ ਹੀ ਚੱਲ ਪਈ ਸੀ। ਮਹਾਰਾਜੇ ਦੇ ਸਕੇ-ਸਕੀਰੀਆਂ, ਪ੍ਰਬੰਧਕ ਢਾਂਚੇ ਦੇ ਉੱਚ ਅਧਿਕਾਰੀਆਂ ਅਤੇ ਮੁਨਸਿਫ ਜੱਜ ਕਚਹਿਰੀਆਂ ਦੀ ਆਪਸੀ ਗੰਢ-ਤੁੱਪ ਦਾ ਅਤੇ ਹਲਵਾਹਕ ਕਿਸਾਨਾਂ ਦੀ ਹਲ ਹੇਠਾਂ ਜ਼ਮੀਨ ਖੋਹਣ ਦੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹਲਵਾਹਕ ਕਿਸਾਨ ਇਹਨਾਂ ਵਿਰੁੱਧ ਉੱਠ/ਜਾਗ ਚੁੱਕੇ ਸਨ ਤੇ ਆਪਣੇ ਹੱਕਾਂ ਲਈ ਦੌੜ-ਭੱਜ ਕਰ ਰਹੇ ਸਨ। ਉਹ ਬੰਦੋਬਸਤ ਅਫਸਰਾਂ ਨੂੰ ਮਿਲਦੇ, ਪੁਰਾਣੇ ਰਿਕਾਰਡ ਪੇਸ਼ ਕਰਦੇ ਤੇ ਆਪਣਾ ਹੱਕ ਮੰਗਦੇ ਸਨ।

ਜਦੋਂ ਰਿਆਸਤ ਅੰਦਰ ਹਲਵਾਹਕ ਕਿਸਾਨਾਂ ਦੀ ਕੋਈ ਗੱਲ ਨਾ ਸੁਣੀ ਗਈ, ਕੋਈ ਮੰਗ ਨਾ ਮੰਨੀ ਗਈ ਤਾਂ ਇਲਾਕਾ ਮਾਨਸਾ ਦੇ ਹਲਵਾਹਕ ਕਿਸਾਨਾਂ ਦਾ ਇੱਕ ਸੌ ਦਾ ਜਥਾ ਕੂੱਬਾ ਸਿੰਘ ਮਾਨਸਾ ਦੀ ਅਗਵਾਈ ਵਿਚ ਪੰਜਾਬ ਰਿਆਸਤਾਂ ਦੇ ਪੋਲੀਟੀਕਲ ਏਜੰਟ ਨੂੰ ਮਿਲਣ ਤੇ ਉਸ ਦੇ ਮੂਹਰੇ ਆਪਣੀਆਂ ਮੰਗਾਂ ਰੱਖਣ ਲਈ ਲਾਹੌਰ ਵੱਲ ਤੁਰ ਪਿਆ। ਜਥਾ ਪੈਦਲ ਚੱਲ ਕੇ ਲਾਹੌਰ ਪੁੱਜਾ, ਪੋਲੀਟੀਕਲ ਏਜੰਟ ਨੂੰ ਮਿਲਿਆ, ਆਪਣੀਆਂ ਮੰਗਾਂ ਉੱਪਰ ਆਧਾਰਿਤ ਯਾਦ ਪੱਤਰ ਪੇਸ਼ ਕੀਤਾ। ਇਹ ਸਭ ਦੌੜ-ਭੱਜ ਬੇਅਰਥ ਰਹੀ। ਪੋਲੀਟੀਕਲ ਏਜੰਟ ਨੇ ਕੋਈ ਲੋੜੀਂਦਾ ਢੁਕਵਾਂ ਧਿਆਨ ਨਾ ਦਿੱਤਾ।

1902-04 'ਚ ਬਕਾਇਦਾ ਪੱਕਾ ਬੰਦੋਬਸਤ ਹੋਇਆ, ਮੁਜ਼ਾਰਿਆਂ ਦੀ ਲਹਿਰ

**ਛੱਜੂ ਮੱਲ ਵੈਦ**

ਉੱਠੀ ਪਹਿਲਾਂ ਨਾਲੋਂ ਵਿਸ਼ਾਲ, ਤਿੱਖੀ ਤੇ ਤੇਜ਼। ਉਹ ਬੰਦੋਬਸਤ ਅਫਸਰਾਂ ਨੂੰ ਮਿਲੇ, ਆਪਣੇ ਹੱਕ ਵਿਚ ਕਾਗਜ਼ ਪੱਤਰ ਪੇਸ਼ ਕੀਤੇ, ਕਚਹਿਰੀਆਂ ਵਿਚ ਗਏ। ਆਪਣੇ ਹੱਕ ਵਿਚ ਸਬੂਤ ਪੇਸ਼ ਕੀਤੇ। ਇਹ ਸਾਰੀ ਦੌੜ-ਭੱਜ ਤੇ ਯਤਨਾਂ ਦਾ ਹੀ ਸਿੱਟਾ ਸੀ ਕਿ ਉਹਨਾਂ ਨੂੰ ਆਪਣੀ ਹਲ ਹੇਠਾਂ ਜ਼ਮੀਨ ਸੰਬੰਧੀ ਮੌਰੂਸੀ ਹੱਕ ਮਿਲੇ। ਮਹਾਰਾਜੇ ਦੇ ਰਿਸ਼ਤੇਦਾਰਾਂ, ਮਿੱਤਰਾਂ ਤੇ ਅਹਿਲਕਾਰਾਂ ਤੇ ਉੱਚ ਅਧਿਕਾਰੀਆਂ ਨੂੰ ਭਾਵੇਂ ਮਾਲਕੀ ਹੱਕ ਮਿਲੇ ਪਰ ਹਲਵਾਹਕਾਂ ਨੂੰ ਬੇਦਖਲ ਕਰਨ ਤੇ ਉਹਨਾਂ ਦੇ ਹਲ ਹੇਠਲੀ ਜ਼ਮੀਨ ਖੋਹਣ ਦਾ ਹੱਕ ਇਹਨਾਂ ਮਾਲਕਾਂ ਨੂੰ ਨਹੀਂ ਸੀ।

ਸੋ ਜਾਗੀਰਦਾਰਾਂ-ਬਿਸਵੇਦਾਰਾਂ ਤੇ ਮੌਰੂਸੀ ਮੁਜ਼ਾਰਿਆਂ ਵਿਚਕਾਰ ਇੱਕ-ਦੂਜੇ ਵਿਰੁੱਧ ਕੁਤੱਤਣ ਦੇ ਕੁਰਹਿਤ ਦੇ ਬੀਜ ਪਹਿਲਾਂ 1870-80 ਦੇ ਕੱਚੇ ਬੰਦੋਬਸਤ ਤੇ ਫੇਰ 1902-04 ਤੇ ਪੱਕੇ ਬੰਦੋਬਸਤ ਦੌਰਾਨ ਹੀ ਬੀਜੇ ਜਾ ਚੁੱਕੇ ਸਨ।

ਇਸੇ ਪ੍ਰਕਾਰ ਕੱਚੇ ਮੁਜ਼ਾਰੇ ਭਾਵੇਂ ਕਈ ਭਾਂਤ ਦੇ ਸਨ, ਜਗੀਰਦਾਰ ਦਾ ਹਿੱਸਾ ਅੱਧ ਤੋਂ ਚੌਥੇ ਹਿੱਸੇ ਤੱਕ ਸੀ। ਵਾਹੁਣ ਬੀਜਣ ਦੇ ਸਾਰੇ ਖਰਚੇ ਮੁਜ਼ਾਰੇ ਝਲਦੇ ਤੇ ਪੈਦਾਵਾਰ ਸਮੇਂ ਜਾਗੀਰਦਾਰਾਂ ਨੂੰ ਮਿਥਿਆ ਹਿੱਸਾ ਦੇ ਦੇਂਦੇ। ਸਿੱਟੇ ਵਜੋਂ ਆਮ ਵਾਹੀਕਾਰਾਂ ਪਾਸ ਬਚਦੀ ਪੈਦਾਵਾਰ ਉਹਨਾਂ ਦੇ ਗੁਜ਼ਾਰੇ ਲਈ ਵੀ ਕਾਫੀ ਨਹੀਂ ਸੀ ਹੁੰਦੀ ਤੇ ਉਹ ਆਪਣੀਆਂ ਘਰੇਲੂ ਲੋੜਾਂ ਲਈ ਸੂਦਖੋਰ ਸ਼ਾਹੂਕਾਰਾਂ ਪਾਸੋਂ ਕਰਜ਼ਾ ਲੈ ਕੇ ਡੰਗ ਲੰਘਾਉਂਦੇ ਤੇ ਸਮਾਂ ਟਪਾਉਂਦੇ ਸਨ। ਆਰਥਿਕ ਔਕੜਾਂ ਕਾਰਨ ਮੁਜ਼ਾਰੇ ਆਪਣੀ ਹਲ ਹੇਠਲੀ ਜ਼ਮੀਨ ਵਿਚ ਵੀ ਕੋਈ ਸੁਧਾਰ ਨਾ ਕਰ ਸਕਦੇ ਤੇ ਭੂਮੀ ਦੀ ਪੈਦਾਵਾਰ ਸ਼ਕਤੀ ਵੀ ਸਾਲੋ-ਸਾਲ ਡਿਗਦੀ ਘਟਦੀ ਤੁਰੀ ਜਾਂਦੀ। ਇਸ ਅਮਲ ਦਾ ਕੌਮੀ ਪੈਦਾਵਾਰ ਉੱਪਰ ਵੀ ਮਾੜਾ ਅਸਰ ਪੈਂਦਾ। ਕੌਮੀ ਆਮਦਨ ਵੀ ਡਿਗਦੀ ਘਟਦੀ ਕਿਉਂਕਿ ਉਹਨਾਂ ਦਿਨਾਂ ਵਿਚ ਉਦਯੋਗ ਦੀ ਘਾਟ ਕਾਰਨ ਕੌਮੀ ਆਮਦਨ ਦਾ ਮੁੱਖ ਸੋਮਾ ਖੇਤੀਬਾੜੀ ਸੀ।

ਫੇਰ, ਕੱਚੇ ਮੁਜ਼ਾਰਿਆਂ ਨੂੰ ਜ਼ਮੀਨ ਉੱਪਰ ਕਬਜ਼ੇ ਦੀ ਕੋਈ ਗਾਰੰਟੀ ਨਹੀਂ ਸੀ। ਇਸ ਦਾ ਵੀ ਖੇਤੀਬਾੜੀ ਦੀ ਪੈਦਾਵਾਰ ਉੱਪਰ ਅਸਰ ਸੀ। ਮਾਲਕ ਬਿਸਵੇਦਾਰ ਵੀ ਖੇਤੀਬਾੜੀ ਵਿਚ ਸੁਧਾਰ ਕਰਨ, ਵਧਾਉਣ-ਫੈਲਾਉਣ ਤੇ ਵਧੇਰੀ ਪੈਦਾਵਾਰ ਦੇ ਯੋਗ ਬਣਾਉਣ ਵਿਚ ਕੋਈ ਦਿਲਚਸਪੀ ਨਹੀਂ ਸੀ ਰੱਖਦਾ। ਉਹ ਸਮਝਦਾ ਸੀ, ਇਸ ਦਾ ਲਾਭ ਮੁਜ਼ਾਰਿਆਂ ਨੂੰ ਪੁੱਜੇਗਾ।

ਸਿੱਟੇ ਵਜੋਂ ਜ਼ਮੀਨ ਦੀ ਯੋਗ ਵਰਤੋਂ ਕਰਨ ਤੇ ਇਸਨੂੰ ਵਧੇਰੇ ਲਾਭਦਾਇਕ ਬਣਾਉਣ ਵੱਲ ਕਿਸੇ ਪੱਖ ਦਾ ਵੀ ਕੋਈ ਧਿਆਨ ਨਹੀਂ ਸੀ। ਸੋ, ਭੂਮੀ ਦੀ ਸੁਯੋਗ ਵਰਤੋਂ ਦੀ ਅਣਹੋਂਦ ਕਾਰਨ ਇਸਦੀ ਪੈਦਾਵਾਰ ਸ਼ਕਤੀ ਡਿਗਦੀ-ਘਟਦੀ ਤੁਰੀ ਗਈ।

ਪੈਦਾਵਾਰ ਸ਼ਕਤੀ ਦੇ ਡਿਗਣ-ਘਟਣ ਦੇ ਉਪਰੋਕਤ ਅਮਲ ਨੂੰ ਅੱਖੋਂ-ਪਰੋਖੇ ਕਰਦੇ ਬਿਸਵੇਦਾਰ ਮੁਜ਼ਾਰਿਆਂ ਤੋਂ ਮੰਗ ਕਰਦੇ ਸਨ ਕਿ ਉਹਨਾਂ ਨੂੰ ਪਿਛਲੇ ਸਾਲ ਦੇ ਬਰਾਬਰ ਹਿੱਸਾ ਦਿੱਤਾ ਜਾਏ। ਆਪਣੇ ਹਿੱਸੇ ਤੋਂ ਛੁਟ, ਉਹ ਆਪਣੇ ਕੰਮੀਆਂ ਆਦਿ ਦੇ ਲਾਗ ਵੀ ਵਸੂਲ ਕਰਦੇ ਤੇ ਕਈ ਪ੍ਰਕਾਰ ਦੇ ਹੋਰ ਭਾਰ ਮੁਜ਼ਾਰਿਆਂ ਉੱਪਰ ਲੱਦਦੇ ਸਨ।

ਆਮ ਤੌਰ ਉੱਪਰ ਸਾਲ ਦੇ ਅੰਤਲੇ ਦਿਨਾਂ ਵਿਚ ਮੁਜ਼ਾਰੇ ਬਿਸਵੇਦਾਰਾਂ ਪਾਸੋਂ ਅੰਨ ਦਾਣਾ ਉਧਾਰ ਲੈਂਦੇ ਜੋ ਫਸਲ ਸਮੇਂ ਡੂਢਾ ਦੁੱਗਣਾ ਅਦਾ ਕਰਨਾ ਪੈਂਦਾ। ਸੋ ਕਈ ਵਾਰ ਹਿੱਸਾ ਪੱਤੀ ਦੇ ਨਾਲ ਆਪਣੇ ਕੰਮੀਆਂ-ਕਿਰਤੀਆਂ ਲਈ ਲਾਗ ਤੇ ਕਰਜ਼ਾ ਵਸੂਲੀ ਦੇ ਨਾਂ ਹੇਠ ਬਿਸਵੇਦਾਰ ਪੈਦਾਵਾਰ ਦੀ ਸਮੁੱਚੀ ਢੇਰੀ ਉਠਾ ਲੈ ਜਾਂਦੇ। ਮੁਜ਼ਾਰੇ ਖੜ੍ਹੇ ਖਲੋਤੇ ਮੂੰਹ ਦੇਖਦੇ ਰਹਿ ਜਾਂਦੇ। ਸਾਲ ਭਰ ਦੀ ਕਿਰਤ ਕਮਾਈ ਵਜੋਂ ਉਹਨਾਂ ਪੱਲੇ ਕੁਝ ਨਾ ਪੈਂਦਾ ਸਗੋਂ ਕਰਜ਼ਾਈ ਹੀ ਰਹਿੰਦੇ।



ਉਪਜਾਊ ਸ਼ਕਤੀ ਦੇ ਡਿੱਗਣ ਕਾਰਨ ਘਟ ਪੈਦਾਵਾਰ ਦੇਖ ਕੇ ਬਿਸਵੇਦਾਰ ਮੁਜ਼ਾਰਿਆਂ ਦੀ ਨੀਯਤ ਉੱਪਰ ਸ਼ੱਕ ਕਰਦੇ ਕਿ ਬਟਾਈ ਤੋਂ ਪਹਿਲਾਂ ਪੈਦਾਵਾਰ ਦਾ ਕੁੱਝ ਹਿੱਸਾ ਉਸ ਨੇ ਚੁਰਾ-ਛੁਪਾ ਲਿਆ ਹੈ। ਸੋ ਇਸ ਚੋਰੀ-ਚਕਾਈ ਉੱਪਰ ਰੋਕਥਾਮ ਲਾਉਣ ਲਈ ਬਿਸਵੇਦਾਰ ਵੱਲੋਂ 'ਠੱਪਾ ਰਸਮ' ਚਾਲੂ ਕੀਤੀ ਗਈ। ਜਦੋਂ ਫਸਲ ਵੱਢ ਗਾਹ ਕੇ ਢੇਰ ਦਾ ਰੂਪ ਲੈਂਦੀ ਬਿਸਵੇਦਾਰ ਜਾਂ ਉਸ ਦਾ ਮੁਖਤਿਆਰ ਮੌਕੇ ਉੱਪਰ ਪਹੁੰਚ ਕੇ ਢੇਰ ਉੱਪਰ ਥਾਂ-ਥਾਂ ਠੱਪੇ ਲਾ ਦੇਂਦਾ। ਢੇਰ ਉਠਾਉਣ ਤੱਕ ਮੁਜ਼ਾਰਿਆਂ ਨੂੰ ਇਸ ਦੀ ਰਾਖੀ ਕਰਨੀ ਪੈਂਦੀ। ਇਹ 'ਠੱਪਾ ਰਸਮ' ਮੁਜ਼ਾਰਿਆਂ ਦੀ ਨੇਕ ਨੀਯਤੀ ਨੂੰ ਵੰਗਾਰ ਸੀ। ਮੁਜ਼ਾਰਿਆਂ ਵੱਲੋਂ ਇਸ ਬੇਇੱਜ਼ਤ ਰਸਮ ਵਿਰੁੱਧ ਆਵਾਜ਼ ਉਠਾਈ ਗਈ। ਪਿੰਡ ਭਦੌੜ (ਬਰਨਾਲਾ), ਨੰਗਲ ਕਲਾਂ, ਕਿਸ਼ਨਗੜ੍ਹ (ਮਾਨਸਾ), ਬਖਸ਼ੀਵਾਲਾ, ਗੋਬਿੰਦਗੜ੍ਹ (ਸੁਨਾਮ) ਇਸ ਲਹਿਰ ਦੇ ਮੋਹਰੀ ਆਗੂ ਗੜ੍ਹ ਸਨ।

ਪਹਿਲੇ ਜਗਤ ਯੁੱਧ ਦੇ ਅੰਤ ਦੇ ਝੱਬਦੇ ਮਗਰੋਂ 1919 ਵਿਚ ਮਹਾਤਮਾ ਗਾਂਧੀ ਵੱਲੋਂ ਰੌਲਟ ਕਾਨੂੰਨ ਵਿਰੋਧੀ ਲਹਿਰ ਚਲਾਈ ਗਈ। ਪੰਜਾਬ ਵਿਚ ਇਸ ਲਹਿਰ ਦਾ ਸਿਖਰ ਜੱਲ੍ਹਿਆਂਵਾਲਾ ਬਾਗ ਕਤਲ ਕਾਂਡ ਸੀ।

ਇਹਨਾਂ ਘਟਨਾਵਾਂ ਦਾ ਦੇਸੀ ਰਿਆਸਤਾਂ ਦੀ ਵਸੋਂ ਉੱਪਰ ਚੋਖਾ ਡੂੰਘਾ ਅਸਰ ਪਿਆ। ਕਾਮਰੇਡ ਜੰਗੀਰ ਸਿੰਘ ਜੋਗਾ ਸਮੇਤ ਸੈਂਕੜੇ ਕਿਸਾਨਾਂ ਨੇ ਇਸ ਵਿਚ ਹਿੱਸਾ ਲਿਆ ਤੇ ਪੰਜਾਬ ਦੀ ਫਿਰੋਜ਼ਪੁਰ ਜੇਲ੍ਹ ਵਿਚ ਡੱਕੇ ਰਹੇ। ਬਹੁਤ ਸਾਰੇ ਫੌਜੀ, ਜੋ ਜੰਗ ਕਾਰਨ ਦੇਸ਼ ਤੋਂ ਬਾਹਰ ਦੁਜਿਆਂ ਦੇਸ਼ਾਂ ਵਿਚ ਸਨ, ਜ਼ਿਲ੍ਹਿਆਂ ਵਾਲਾ ਬਾਗ ਦੇ ਹੱਤਿਆ ਕਾਂਡ ਦੀਆਂ ਖਬਰਾਂ ਸੁਣ ਕੇ ਪ੍ਰਭਾਵਿਤ ਹੋਏ। ਦੇਸ਼ ਵਿਚ ਪਰਤਣ ਤੇ ਫੌਜ ਵਿਚੋਂ ਕੱਢੇ ਜਾਣ ਮਗਰੋਂ ਇਹਨਾਂ ਫੌਜੀਆਂ ਨੇ ਰਿਆਸਤ ਵਿਚ ਚੱਲੇ ਜਨਤਕ ਘੋਲਾਂ ਦੀ ਅਗਵਾਈ ਕੀਤੀ। ਕਈ ਮੁਜ਼ਾਰਾ ਲਹਿਰ ਦੇ ਆਗੂ ਬਣੇ।

ਕੁਝ ਸਮਾਂ ਮਗਰੋਂ 1923-24 ਵਿਚ ਰਿਆਸਤ ਨਾਭਾ ਵਿਚ ਜੈਤੋਂ ਮੋਰਚਾ ਲੱਗਾ। 21 ਫਰਵਰੀ 1924 ਨੂੰ 500 ਸਵੈਮ ਸੇਵਕਾਂ ਦੇ ਸ਼ਹੀਦੀ ਜਥੇ ਉੱਪਰ ਗੋਲੀ ਚੱਲੀ, ਬਹੁਤ ਸਾਰੇ ਮਾਰੇ ਗਏ, 300 ਜ਼ਖਮੀ ਹੋਏ। ਪੰਡਿਤ ਜਵਾਹਰ ਲਾਲ ਨਹਿਰੂ ਨੇ ਇਸ ਮੋਰਚੇ ਵਿਚ ਹਿੱਸਾ ਲਿਆ। ਆਪ ਗ੍ਰਿਫਤਾਰ ਹੋਏ ਤੇ ਨਾਭਾ ਜੇਲ੍ਹ ਵਿਚ ਰੱਖੇ ਗਏ।

ਇਸ ਪ੍ਰਕਾਰ 'ਗੁਰਦੁਆਰਾ ਸੁਧਾਰ' ਲਹਿਰ ਦਾ ਸਿੱਖ ਕਿਸਾਨੀ ਉੱਪਰ ਅਸਰ ਪਿਆ। ਦੇਸੀ ਰਿਆਸਤਾਂ ਵਿਚ ਇੱਕ ਪੁਰਖੀ ਦਬਾਉ ਰਾਜ ਪ੍ਰਬੰਧ, ਆਰਥਿਕ ਲੁੱਟ ਖੋਹ ਅਤੇ ਵਧ ਚੜ੍ਹ ਰਹੇ ਕਰਜ਼ਾ ਬੋਝ ਕਾਰਨ ਕਿਸਾਨੀ ਪਹਿਲਾਂ ਹੀ ਬੁਰੀ ਤਰ੍ਹਾਂ ਦਬੀ ਕੁਚਲੀ ਆਪਣੀਆਂ ਮੰਗਾਂ ਲਈ ਖੜਨ-ਲੜਨ ਦੇ ਰੌਂਅ ਵਿਚ ਸੀ। ਸੈਂਕੜਿਆਂ ਨੇ ਅੱਗੇ ਆ ਕੇ ਪਹਿਲਾਂ 'ਗੁਰੂ ਕਾ ਬਾਗ ਮੋਰਚਾ' ਤੇ ਫੇਰ 'ਜੈਤੋਂ ਮੋਰਚਾ' ਵਿਚ ਹਿੱਸਾ ਲਿਆ।

ਜਨਤਾ ਦੇ ਹੱਕਾਂ ਲਈ ਨੌਕਰਸ਼ਾਹੀ ਵਿਰੁੱਧ ਨਿਡਰਤਾ ਨਾਲ ਖੜਨ, ਲੜਨ, ਭਿੜਨ ਵਾਲਾ ਆਗੂ ਸੇਵਾ ਸਿੰਘ ਠੀਕਰੀਵਾਲਾ ਗੁਰਦੁਆਰਾ ਸੁਧਾਰ ਲਹਿਰ ਦੀ ਹੀ ਦੇਣ ਸੀ।

ਰਿਆਸਤ ਮਾਲੇਰਕੋਟਲਾ ਵਿਚ ਨਵਾਬ ਰਿਆਸਤ ਦੀ ਕੁੱਲ ਜ਼ਮੀਨ ਦਾ ਮਾਲਕ ਆਲ੍ਹਾ ਸੀ ਹਲਵਾਹਕ ਕਿਸਾਨ 'ਅਦਨਾ ਮਾਲਕ' ਕਹੇ ਜਾਂਦੇ ਸਨ ਜਿਹਨਾਂ ਨੂੰ ਆਪਣੀਆਂ ਘਰੇਲੂ ਲੋੜਾਂ, ਵਿਆਹ-ਸ਼ਾਦੀ ਲਈ ਜ਼ਮੀਨ ਵੇਚਣ ਜਾਂ ਗਹਿਣੇ ਰੱਖਣ ਦੇ ਅਧਿਕਾਰ ਨਹੀਂ ਸਨ। ਜ਼ਮੀਨੀ ਮਾਲੀਆ ਆਬਿਆਨਾ ਨਾਲ ਲਗਦੇ ਅੰਗਰੇਜ਼ੀ ਇਲਾਕੇ ਦੇ ਮੁਕਾਬਲੇ ਚਾਰ ਗੁਣਾ, ਛੇ ਗੁਣਾ ਸਗੋਂ ਕਈ ਥਾਈਂ 8 ਗੁਣਾ ਸੀ। ਇੱਥੇ ਕਿਸਾਨ ਪੂਰੇ ਮਾਲਕੀ ਹੱਕ ਤੇ ਅੰਗਰੇਜ਼ ਹੇਠ ਇਲਾਕੇ ਦੇ ਬਰਾਬਰ ਜ਼ਮੀਨੀ ਮਾਲੀਆ, ਆਬਿਆਨੇ ਵਿਚ ਕਟੌਤੀ ਆਦਿ ਮੰਗਾਂ ਉਪਰ ਪ੍ਰਚਾਰ ਕਰਨ ਤੇ ਲਹਿਰ ਜਥੇਬੰਦ ਕਰਨ ਦੀ ਤਿਆਰੀ ਵਿਚ ਸਨ।

10 ਜਨਵਰੀ 1927 ਦੇ ਦਿਨ ਪਿੰਡ ਕੁਠਾਲਾ ਵਿਖੇ ਸੰਮੇਲਨ ਹੋਇਆ ਜਿਸ ਵਿਚ ਵਿਚਾਰ-ਵਟਾਂਦਰੇ ਮਗਰੋਂ ਇਹ ਫੈਸਲਾ ਹੋਇਆ ਕਿ ਜ਼ਿਮੀਂਦਾਰਾ ਐਸੋਸੀਏਸ਼ਨ ਜਥੇਬੰਦ ਕੀਤੀ ਜਾਏ ਅਤੇ ਉਪਰੋਕਤ ਮੰਗਾਂ ਨੂੰ ਲੈ ਕੇ ਇਸ ਵੱਲੋਂ ਲਹਿਰ ਛੇੜੀ ਜਾਏ। ਲਹਿਰ ਦਾ ਆਰੰਭ ਕਰਨ ਲਈ ਪ੍ਰਤੀਨਿਧ ਮੰਡਲ ਸ਼ਿਮਲਾ ਜਾਏ ਅਤੇ ਅੰਗਰੇਜ਼ ਵਾਇਸਰਾਏ ਮੂਹਰੇ ਆਪਣੀਆਂ ਮੰਗਾਂ ਰੱਖੇ।

ਫੈਸਲੇ ਅਨੁਸਾਰ ਪ੍ਰਤੀਨਿਧ ਮੰਡਲ ਸ਼ਿਮਲਾ ਗਿਆ ਤੇ ਕਿਸਾਨ ਮੰਗਾਂ ਸਬੰਧੀ ਯਾਦ ਪੱਤਰ ਵਾਇਸਰਾਏ ਨੂੰ ਪੇਸ਼ ਕੀਤਾ। ਇਸ ਪ੍ਰਤੀਨਿਧ ਮੰਡਲ ਦੇ ਵਾਪਸ ਮੁੜਨ ਉੱਤੇ ਇਸ ਨੂੰ 'ਜੀ ਆਇਆਂ'' ਕਹਿਣ ਲਈ ਪਹਿਲੀ ਜੁਲਾਈ 1927 ਨੂੰ ਪਿੰਡ ਕੁਠਾਲਾ ਵਿਖੇ ਕਿਸਾਨਾਂ ਦਾ ਭਾਰੀ ਇੱਕਠ ਜਮ੍ਹਾਂ ਹੋ ਗਿਆ। ਮਾਲੇਰਕੋਟਲਾ ਪੁਲਿਸ ਨੇ ਬਿਨਾਂ ਕਿਸੇ ਚਿਤਾਵਨੀ ਇਸ ਕਿਸਾਨ ਇਕੱਠ ਉੱਪਰ ਗੋਲੀਆਂ ਦੀ ਬੁਛਾੜ ਕਰ ਦਿੱਤੀ। 14 ਆਦਮੀ, ਇਸਤਰੀਆਂ, ਬੱਚੇ ਮੌਕੇ ਉੱਪਰ ਹੀ ਮਾਰੇ ਗਏ ਅਤੇ ਸੈਂਕੜੇ ਜ਼ਖ਼ਮੀ ਹੋਏ, ਗ੍ਰਿਫਤਾਰ ਕਰ ਲਏ ਗਏ। ਸੇਵਾ ਸਿੰਘ ਬਾਪਲਾ, ਕਿਹਰ ਸਿੰਘ ਚੱਕ, ਗੰਡਾ ਸਿੰਘ ਕੁੱਪ ਇਸ ਲਹਿਰ ਦੇ ਆਗੂ ਸਨ।

ਪੰਜਾਬ ਦੀਆਂ ਰਿਆਸਤਾਂ ਵਿਚ ਆਮ ਜਨਤਾ ਖਾਸ ਕਰ ਕਿਸਾਨੀ ਮੁਜ਼ਾਰਿਆਂ ਦੀ ਰੋਜ਼ਾਨਾ ਲੁੱਟ-ਖਸੁੱਟ ਤੇ ਮਾਰ-ਪਿੱਟ, ਤਸੀਹੇ ਕਸ਼ਟ ਦੇ ਬਾਵਜੂਦ ਕੋਈ ਅਜਿਹੀ ਜਥੇਬੰਦੀ ਨਹੀਂ ਸੀ ਜੋ ਰਿਆਸਤਾਂ ਦੀ ਵਸੋਂ ਦੀਆਂ ਸਥਾਨਕ, ਇਲਾਕਾ ਜਾਂ ਰਿਆਸਤ ਪੱਧਰ ਦੀਆਂ ਮੰਗਾਂ ਉਮੰਗਾਂ ਦੀ ਪ੍ਰਾਪਤੀ ਲਈ ਅੱਗੇ ਵਧੇ ਤੇ ਲੜੇ।

1927 ਵਿਚ ਜਦੋਂ ਬੰਬਈ ਵਿਖੇ ਅਖਿਲ ਭਾਰਤੀ ਰਿਆਸਤੀ ਲੋਕ ਕਾਨਫਰੰਸ ਹੋਈ ਤਾਂ ਪੰਜਾਬ ਦੀਆਂ ਰਿਆਸਤਾਂ ਵੱਲੋਂ ਇਸ ਵਿਚ ਕੋਈ ਪ੍ਰਤੀਨਿਧ ਨਹੀਂ ਸੀ। ਬੰਬਈ ਕਾਨਫਰੰਸ ਵਿਚ ਚੁਣੇ ਗਏ ਆਹੁਦੇਦਾਰਾਂ ਨੇ ਇੱਕ ਜਾਣੇ-ਮਾਣੇ ਕੌਮੀ ਆਗੂ ਸ. ਖੜਕ ਸਿੰਘ ਨਾਲ ਸੰਪਰਕ ਕੀਤਾ ਜਿਸ ਨੇ ਉਹਨਾਂ ਦੀਆਂ ਹਦਾਇਤਾਂ ਅਨੁਸਾਰ ਰਿਆਸਤ ਪਟਿਆਲਾ ਦਾ ਦੌਰਾ ਕੀਤਾ। ਸੁਨਾਮ, ਮਾਨਸਾ ਤੇ ਠੀਕਰੀਵਾਲਾ ਵਿਖੇ ਕਾਨਫਰੰਸਾਂ ਕੀਤੀਆਂ। ਇਸ ਦੌਰੇ ਵਿਚ ਹੀ 7 ਜੁਲਾਈ 1927 ਨੂੰ ਮਾਨਸਾ ਵਿਖੇ ਪਟਿਆਲਾ ਰਿਆਸਤੀ ਪਰਜਾ ਮੰਡਲ ਦੀ ਨੀਂਹ ਰੱਖੀ ਗਈ, ਜਿੱਥੇ ਸੇਵਾ ਸਿੰਘ ਠੀਕਰੀਵਾਲਾ ਪ੍ਰਧਾਨ ਤੇ ਭਗਵਾਨ ਸਿੰਘ ਲੌਂਗੋਵਾਲੀਆ ਮੁੱਖ ਸਕੱਤਰ ਚੁਣੇ ਗਏ। ਇਹ ਦੋਵੇਂ ਕਾਨਫਰੰਸ ਦੇ ਇਕੱਠ ਵਿਚ ਨਹੀਂ ਸਨ। ਉਹ ਗੁਪਤਵਾਸ ਵਿਚ ਸਨ। ਬਾਬਾ ਹਰਨਾਮ ਸਿੰਘ ਧਰਮਗੜ੍ਹ, ਅਜਮੇਰ ਸਿੰਘ ਤਾਮਕੋਟ, ਧਰਮ ਸਿੰਘ ਫੱਕਰ ਆਹੁਦੇਦਾਰਾਂ ਵਿਚ ਸਨ। ਪਰਜਾ ਮੰਡਲ ਵੱਲੋਂ ਸੇਵਾ ਸਿੰਘ ਠੀਕਰੀਵਾਲਾ ਦੀ ਰਿਹਾਈ ਲਈ ਮੁਹਿੰਮ ਚਲਾਈ ਗਈ।ਆਪ ਅਗਸਤ 1929 ਵਿਚ ਰਿਹਾਅ ਹੋਏ।

ਪੰਜਾਬ ਰਿਆਸਤੀ ਪਰਜਾ ਮੰਡਲ ਦੀ ਬਕਾਇਦਾ ਕਾਨਫਰੰਸ ਪਹਿਲੀ ਵਾਰ 27 ਤੋਂ 29 ਦਸੰਬਰ 1929 ਲਾਹੌਰ ਵਿਖੇ ਹੋਈ ਜਿਸਦੀ ਪ੍ਰਧਾਨਗੀ ਮਿਸਟਰ ਚੁਡਗਿਰ ਬੈਰਿਸਟਰ ਨੇ ਕੀਤੀ। ਕਸ਼ਮੀਰ ਦੇ ਸ਼ੇਖ ਅਬਦੁੱਲਾ ਤੇ ਰਿਆਸਤ ਕਪੂਰਥਲਾ ਦੇ ਮਾਸਟਰ ਹਰੀ ਸਿੰਘ ਨੇ ਕਾਨਫਰੰਸ ਵਿਚ ਭਾਸ਼ਣ ਦਿੱਤੇ। ਇਹਨਾਂ ਦੋਹਾਂ ਆਗੂਆਂ ਨੇ ਪਰਜਾ ਮੰਡਲ ਦੇ ਲੀਡਰਾਂ ਤੇ ਸਰਗਰਮ ਕਾਮਿਆਂ ਨੂੰ ਅਪੀਲ ਕੀਤੀ ਕਿ ਉਹ ''ਮੁਜ਼ਾਰਿਆਂ ਦੇ ਮਸਲੇ ਨੂੰ ਆਪਣਾ ਮਸਲਾ ਸਮਝ ਕੇ ਇਖਲਾਕੀ, ਮਾਦੀ, ਮਾਲੀ, ਹਰ ਰੂਪ ਵਿਚ ਉਹਨਾਂ ਦੇ ਘੋਲ ਵਿਚ ਸਹਾਈ ਹੋਣ।'' ਇਸ ਕਾਨਫਰੰਸ ਵਿਚ ਇਹ ਵੀ ਫੈਸਲਾ ਹੋਇਆ ਕਿ ਪਰਜਾ ਮੰਡਲ ਵੱਲੋਂ 'ਰਿਆਸਤੀ ਦੁਨੀਆ' ਹਫਤਾਵਾਰ ਅਖਬਾਰ ਪ੍ਰਕਾਸ਼ਿਤ ਕੀਤਾ ਜਾਏ। ਇਸ ਲਈ ਫੰਡ ਦੀ ਅਪੀਲ ਦੇ ਉੱਤਰ ਵਿਚ ਕਾਨਫਰੰਸ ਵਿਚ ਹਾਜ਼ਰ ਮੁਜ਼ਾਰਿਆਂ ਨੇ ਬੜਾ ਤਸੱਲੀ ਯੋਗ ਵਧ-ਚੜ੍ਹ ਕੇ ਫੰਡ ਇਕੱਠਾ ਕਰਨ ਵਿਚ ਸਹਿਯੋਗ ਦਿੱਤਾ।

1930 ਵਿਚ ਜਦੋਂ ਕੌਮਾਂਤਰੀ ਸਰਮਾਏਦਾਰੀ ਮੰਦਵਾੜਾ ਜਗਤ ਪੈਮਾਨੇ ਉੱਪਰ ਦੂਰ ਦੁਰੇਡੇ ਇਲਾਕਿਆਂ ਵਿਚ ਪਹੁੰਚ ਫੈਲ ਕੇ ਜਨਤਾ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਸੀ ਤਾਂ ਕਿਰਤੀ ਕਾਮੇ ਲੋਕਾਂ ਦੇ ਜੀਵਨ ਉੱਪਰ ਇਸ ਮੰਦਵਾੜੇ ਦਾ ਸਭ ਤੋਂ ਭੈੜਾ ਅਸਰ ਪਿਆ ਸੀ। ਉਪਰੋਕਤ ਪੰਜਾਬ ਰਿਆਸਤਾਂ ਵਿਚ ਵਸਦੇ ਮੁਜ਼ਾਰੇ ਕਿਸਾਨ, ਉਹਨਾਂ ਉਪਰ ਬਿਸਵੇਦਾਰਾਂ ਵੱਲੋਂ ਲੱਦੇ ਗਏ ਲਗਾਨ, ਕਰਜ਼ੇ ਬਕਾਏ ਅਦਾ ਨਹੀਂ ਸਨ ਕਰ ਸਕਦੇ। ਬਿਸਵੇਦਾਰ ਕਚਹਿਰੀਆਂ ਵਿਚ ਗਏ ਜਿੱਥੇ ਉਹਨਾਂ ਦੇ ਆਪਣੇ ਪੁੱਤ, ਭਤੀਜੇ, ਚਾਚੇ, ਤਾਏ, ਮਾਮੇ, ਫੁੱਫੜ ਤੇ ਸਾਲੇ, ਸਹੁਰੇ ਭਾਰੂ ਸਨ, ਸੈਂਕੜੇ ਮੌਰੂਸੀ ਮੁਜ਼ਾਰੇ ਲਗਾਨ ਕਰਜ਼ਾ ਨਾ ਦੇ ਸਕਣ ਕਾਰਨ ਆਪਣੀ ਹਲ ਹੇਠ ਜ਼ਮੀਨ ਉੱਪਰ ਮੌਰੂਸੀ ਹੱਕਾਂ ਤੋਂ ਵਾਂਝੇ ਕਰ ਦਿੱਤੇ ਗਏ। ਕਈਆਂ ਨੂੰ ਕੱਚੇ ਮੁਜ਼ਾਰੇ ਬਣਾ ਦਿੱਤਾ ਗਿਆ ਤੇ ਕਈਆਂ ਨੂੰ ਜ਼ਮੀਨ ਤੋਂ ਉੱਕਾ ਹੀ ਬੇਦਖਲ ਕਰ ਦਿੱਤਾ ਗਿਆ।

1931 ਵਿਚ ਸ਼ਿਮਲਾ ਵਿਖੇ ਹੋਈ ਪਰਜਾ ਮੰਡਲ ਦੀ ਕਾਨਫਰੰਸ ਨੇ ਮੁਜ਼ਾਰਿਆਂ ਦੇ ਮਸਲੇ ਬਾਰੇ ਇੱਕ ਸਰਬਪੱਖੀ ਮਤਾ ਅਪਣਾਇਆ ਅਤੇ ਮੁਜ਼ਾਰਿਆਂ ਦੀਆਂ ਅੰਨ੍ਹੇਵਾਹ ਕੀਤੀਆਂ ਜਾ ਰਹੀਆਂ ਬੇਦਖਲੀਆਂ ਦੀ ਕਰੜੀ ਨਿੰਦਾ ਕੀਤੀ।

ਸਮੁੱਚੀ ਜ਼ਮੀਨੀ ਪੈਦਾਵਾਰ ਦੀ ਲੁੱਟ-ਖੋਹ, ਕਚਹਿਰੀਆਂ ਵੱਲੋਂ ਕਾਨੂੰਨੀ ਫੈਸਲੇ, ਮੌਰੂਸੀ ਮੁਜ਼ਾਰਿਆਂ ਨੂੰ ਕੱਚੇ ਮੁਜ਼ਾਰਿਆਂ ਅਤੇ ਬੇਦਖਲੀਆਂ ਦੇ ਹੁਕਮ ਇਹ ਹਰ ਕਾਰ ਦਾ ਜਬਰ-ਜ਼ੁਲਮ ਤੇ ਦਬਾਅ ਮੁਜ਼ਾਰਿਆਂ ਨੂੰ ਆਪਣੀਆਂ ਠੀਕ ਤੇ ਹੱਕੀ ਮੰਗਾਂ ਲਈ ਘੋਲ ਦੇ ਰਾਹ ਤੋਂ ਨਹੀਂ ਹਟਾ ਸਕੇ। ਹਰ ਪ੍ਰਕਾਰ ਦੀਆਂ ਔਕੜਾਂ ਔਖਿਆਈਆਂ, ਮੁਸ਼ਕਿਲਾਂ ਮੁਸੀਬਤਾਂ, ਜਬਰ-ਜ਼ੁਲਮ ਦੇ ਬਾਵਜੂਦ ਮੁਜ਼ਾਰਿਆਂ ਨੇ ਆਪਣੀਆਂ ਹੱਕੀ ਮੰਗਾਂ ਦੇ ਨਾਲ-ਨਾਲ 'ਠੱਪਾ ਰਸਮ' ਵਿਰੁੱਧ ਆਪਣਾ ਘੋਲ ਚਾਲੂ ਰੱਖਿਆ। ਪਿੰਡ ਮੀਟਿੰਗਾਂ ਕੀਤੀਆਂ ਮਤੇ ਅਪਨਾਏ। ਉੱਚ ਅਧਿਕਾਰੀਆਂ ਨੂੰ ਮਿਲੇ, ਕਚਹਿਰੀਆਂ ਵਿਚ ਲੜਨ ਲਈ ਵਕੀਲ ਕੀਤੇ। ਦਿੱਲੀ, ਲਾਹੌਰ, ਸ਼ਿਮਲਾ, ਅੰਮ੍ਰਿਤਸਰ ਮੁਜ਼ਾਰਿਆਂ ਦੀਆਂ ਸਰਗਰਮੀਆਂ ਦੇ ਮੁੱਖ ਕੇਂਦਰ ਬਣੇ ਰਹੇ।

ਸਾਲਾਂ ਤੱਕ ਲੰਮੀ ਲੜਾਈ ਮਗਰੋਂ 1933-34 ਵਿਚ ਮਹਾਰਾਜਾ ਪਟਿਆਲਾ ਵੱਲੋਂ ਸ਼ਾਹੀ ਫਰਮਾਨ ਰਾਹੀਂ 'ਠੱਪਾ ਰਸਮ' ਦਾ ਭੋਗ ਪਿਆ ਤੇ ਇਸ ਦੀ ਥਾਂ ਕਨਕੂਤ ਰਸਮ ਚਾਲੂ ਕਰ ਦਿੱਤੀ। ਇਸ ਫਰਮਾਨ ਦੇ ਆਧਾਰ ਉੱਪਰ ਤਿੰਨ ਮੈਂਬਰੀ ਕਮੇਟੀ ਬਣਾਈ ਜਾਂਦੀ ਹੈ ਜਿਸ ਵਿਚ ਇੱਕ ਪ੍ਰਤੀਨਿਧ ਬਿਸਵੇਦਾਰਾਂ ਵੱਲੋਂ, ਦੂਜਾ ਪ੍ਰਤੀਨਿਧ ਮੁਜ਼ਾਰਿਆਂ ਵੱਲੋਂ ਤੇ ਤੀਜਾ ਮੈਂਬਰ ਸਰਕਾਰੀ ਮਹਿਕਮਾ ਮਾਲ ਵੱਲੋਂ ਹੋਵੇਗਾ। ਇਹ ਕਮੇਟੀ ਖੇਤਾਂ ਵਿਚ ਜਾ ਕੇ ਖੜ੍ਹੀਆਂ ਫਸਲਾਂ ਨੂੰ ਦੇਖੇਗੀ, ਪੈਦਾਵਾਰ ਦਾ ਅੰਦਾਜ਼ਾ ਲਗਾਏਗੀ ਤੇ ਆਪਣੇ ਅੰਦਾਜ਼ੇ ਅਨੁਸਾਰ ਮੁਜ਼ਾਰਿਆਂ ਨੂੰ ਬਟਾਈ ਦੇਣ ਲਈ ਹੁਕਮ ਕਰੇਗੀ। ਇਸ ਵਿਰੁੱਧ ਕੋਈ ਅਪੀਲ ਨਹੀਂ ਹੋਵੇਗੀ।

ਇੱਕ ਸਾਲ ਦੇ ਤਜਰਬੇ ਨੇ ਹੀ ਦਿਖਾ ਦਿੱਤਾ ਕਿ ਮੁਜ਼ਾਰਿਆਂ ਦੇ ਪ੍ਰਤੀਨਿਧ ਨੂੰ ਕੋਈ ਨਹੀਂ ਪੁੱਛਦਾ, ਕੋਈ ਖੜ੍ਹੀਆਂ ਫਸਲਾਂ ਦਾ ਦੌਰਾ ਨਹੀਂ ਕਰਦਾ। ਮਹਿਕਮਾ ਮਾਲ ਦਾ ਸਰਕਾਰੀ ਅਫਸਰ ਤੇ ਬਿਸਵੇਦਾਰਾਂ ਦਾ ਪ੍ਰਤੀਨਿਧ ਕੋਠੀਆਂ ਵਿਚ ਬੈਠ ਕੇ ਹੀ ਫੈਸਲੇ ਕਰਦੇ ਤੇ ਮੁਜ਼ਾਰਿਆਂ ਨੂੰ ਹੁਕਮ ਦਿੰਦੇ ਕਿ ਇਤਨੀ ਬਟਾਈ ਅਦਾ ਕਰੋ। ਇਸ ਕਾਰ ਮਿਥੀ ਤੇ ਮੁਜ਼ਾਰਿਆਂ ਨੂੰ ਹੁਕਮ ਕੀਤੀ ਬਟਾਈ ਮੁਜ਼ਾਰੇ ਅਦਾ ਨਹੀਂ ਸਨ ਕਰ ਸਕਦੇ। ਸੋ ਮੁਜ਼ਾਰਿਆਂ ਵੱਲੋਂ 'ਕਨਕੂਤ ਰਸਮ' ਦੇ ਖਾਤਮੇ ਦੀ ਮੰਗ ਉਠਾਈ ਗਈ। ਨਾਲ ਹੀ ਮੰਗ ਰੱਖੀ ਕਿ ਨਹਿਰੀ ਆਬਿਆਨੇ ਦੇ ਰੇਟ ਪੰਜਾਬ ਬਰਾਬਰ ਨੀਯਤ ਕੀਤੇ ਜਾਣ। ਇਹ ਮੰਗਾਂ ਲੈ ਕੇ ਮੁਜ਼ਾਰੇ ਅਹਿਲਕਾਰਾਂ ਅਧਿਕਾਰੀਆਂ ਨੂੰ ਮਿਲੇ।

ਪੰਜਾਬ ਵਿਚ ਨਹਿਰੀ ਪਾਣੀ ਦਾ ਰੇਟ 88 ਪੈਸੇ ਇੱਕ ਵਾਰੀ ਇੱਕ ਏਕੜ ਸੀ, ਪਟਿਆਲਾ ਵਿਚ ਇਹ ਰੇਟ ਇੱਕ ਰੁਪਏ 50 ਪੈਸੇ (1.50 ਰੁਪਏ) ਸੀ। ਦੂਜੀਆਂ ਰਿਆਸਤਾਂ ਵਿਚ ਆਬਿਆਨਾ ਰੇਟ ਬਹੁਤ ਜ਼ਿਆਦਾ ਸਨ ਤੇ ਉਪਰੋਕਤ ਮੰਗ ਥਾਂ-ਥਾਂ ਉਠ ਰਹੀ ਸੀ। ਘਨੌਰ ਸਬ-ਤਹਿਸੀਲ ਦੇ ਘੱਗਰ ਇਲਾਕੇ ਵਿਚ ਇਹ ਰੇਟ ਹੋਰ ਵਧਾ ਦਿੱਤੇ ਗਏ ਸਨ। ਸੋ ਕਿਸਾਨੀ ਵਿਚ ਨਹਿਰੀ ਪਾਣੀ ਦੇ ਰੇਟ ਘਟਾਉਣ ਦੀ ਮੰਗ ਜ਼ੋਰ ਪਕੜਦੀ ਗਈ ਜਿਸ ਵਿਚ ਮਾਲਕ ਕਿਸਾਨੀ ਦੀ ਭਾਰੀ ਗਿਣਤੀ ਸ਼ਾਮਲ ਸੀ।

ਇਸ ਸਮੇਂ ਤੱਕ ਬਾਬਾ ਕਰਮ ਸਿੰਘ ਧੂਤ ਰਿਆਸਤ ਕਪੂਰਥਲਾ ਅਤੇ ਬਾਬਾ ਦੂਲਾ ਸਿੰਘ ਜੀ ਜਲਾਲਦੀਵਾਲ ਰਿਆਸਤ ਪਟਿਆਲਾ ਗ਼ਦਰ ਪਾਰਟੀ ਨਾਲ ਸੰਬੰਧ ਰੱਖਦੇ ਕੱਟੜ ਇਨਕਲਾਬੀ ਮਾਸਕੋ ਵਿਚ ਮਾਰਕਸਵਾਦੀ ਸਿਧਾਂਤ ਦੀ ਸਿੱਖਿਆ ਲੈ ਕੇ ਪਹੁੰਚ ਚੁੱਕੇ ਸਨ। ਉਹ ਦਿਲੋਂ ਮਨੋਂ ਪੂਰੇ ਦ੍ਰਿੜ ਤੇ ਸਿਰੜ ਨਾਲ ਲਹਿਰ ਵਿਚ ਸਰਗਰਮ ਹੋ ਗਏ। ਪਰਜਾ ਮੰਡਲ ਤੇ ਮੁਜ਼ਾਰਾ ਲਹਿਰਾਂ ਨੂੰ ਨਵਾਂ ਹੁਲਾਰਾ ਮਿਲਿਆ। ਆਬਿਆਨਾ ਘਟਾਉਣ ਤੇ ਕਨਕੂਤ ਰਸਮ ਹਟਾਉਣ ਸੰਬੰਧੀ ਮੀਟਿੰਗਾਂ, ਜਲਸਿਆਂ, ਕਿਸਾਨੀ ਇਕੱਠਾਂ ਵਿਚ ਆਪ ਹਿੱਸਾ ਲੈਂਦੇ, ਭਾਸ਼ਣ ਦਿੰਦੇ ਰਹੇ। ਕਪੂਰ ਸਿੰਘ ਮੰਡੀ ਤੇ ਅਮਰ ਸਿੰਘ ਰੁੜਕੀ ਰਿਆਸਤ ਪਟਿਆਲਾ ਵਿਚ ਕਨਕੂਤ ਵਿਰੋਧੀ ਲਹਿਰ ਦੇ ਮੁੱਖ ਆਗੂ ਸਨ।

11-13 ਸਤੰਬਰ 1935 ਨੂੰ ਰਿਆਸਤ

***(ਬਾਕੀ ਅਗਲੇ ਸਫੇ 'ਤੇ)***

# ਮਨੁੱਖੀ ਹੋਂਦ ਅਤੇ ਜੈਵਿਕ ਵੰਨ-ਸਵੰਨਤਾ

**ਵਿਜੈ ਬੰਬੇਲੀ**

ਜੈਵਿਕ ਵੰਨ-ਸਵੰਨਤਾ ਧਰਤੀ ਉੱਤੇ ਜੀਵਨ ਦੇ ਆਧਾਰ ਦਾ ਵਿਗਿਆਨਕ ਸਰੋਤ ਹੈ। ਵੰਨ-ਸਵੰਨੇ ਪੌਦੇ ਅਤੇ ਜੀਵ ਸਾਨੂੰ ਬਹੁਪਰਤੀ ਜ਼ਰੂਰੀ ਸੇਵਾਵਾਂ ਅਤੇ ਸਾਵਾਂ ਜੀਵਨ ਮੁਹੱਈਆ ਕਰਦੇ ਹਨ। ਪੌਦਿਆਂ, ਜੀਵਾਂ, ਵਾਤਾਵਰਨ, ਕੁਦਰਤੀ ਸੋਮਿਆਂ ਅਤੇ ਮਨੁੱਖੀ ਗਤੀਵਿਧੀਆਂ ਦਾ ਪਰਸਪਰ ਸਬੰਧ ਹੈ। ਇਹੀ ਉਹ ਕੜੀ ਹੈ ਜਿਹੜੀ ਅਸੀਂ ਬੁੱਝ ਨਹੀਂ ਰਹੇ। ਸਿੱਟੇ ਵਜੋਂ ਪੌਦਿਆਂ ਅਤੇ ਜੀਵਾਂ ਦੀਆਂ ਅਨੇਕਾਂ ਕਿਸਮਾਂ ਲੁਪਤ ਹੋ ਗਈਆਂ ਹਨ ਜਾਂ ਹੋ ਰਹੀਆਂ ਹਨ। ਇਹ ਮਨੁੱਖ ਲਈ ਖ਼ਤਰੇ ਦੀ ਘੰਟੀ ਹੈ।

ਕੁਲ ਮਿਲਾ ਕੇ ਧਰਤੀ 'ਤੇ 15,36,663 ਕਿਸਮਾਂ ਦੇ ਪੌਦੇ ਅਤੇ ਜੀਵ ਹਨ: 2,87,655 ਕਿਸਮਾਂ ਦੇ ਪੌਦੇ ਅਤੇ 12,49,008 ਤਰ੍ਹਾਂ ਦੇ ਜੀਵ। ਇਨ੍ਹਾਂ ਵਿਚ ਮਨੁੱਖੀ ਨਸਲ ਵੀ ਸ਼ਾਮਿਲ ਹੈ। ਕੁਝ ਕੁ ਮਾਰੂਥਲੀ ਭਾਗਾਂ, ਬੰਜਰ ਚਟਾਨਾਂ ਜਾਂ ਫਿਰ ਉੱਚਤਮ ਪਰਬਤੀ ਸਿਖਰਾਂ ਛੱਡ ਕੇ ਬਾਕੀ ਸਭ ਥਾਂ ਇਹ ਕੁਦਰਤੀ ਭੰਡਾਰ ਮੌਜੂਦ ਹਨ। ਧਰਾਤਲੀ ਬਣਤਰ, ਜਲਵਾਯੂ, ਬਨਸਪਤੀ ਦੀ ਕਿਸਮ ਤੇ ਘਣਤਾ, ਜਲ ਸੋਮਿਆਂ ਦੀ ਮਿਕਦਾਰ ਤੇ ਡੂੰਘਾਈ ਅਤੇ ਮਿੱਟੀ ਦੀ ਕਿਸਮ ਤੇ ਕਿਸੇ ਖਿੱਤੇ ਦੀ ਕੁਦਰਤੀ ਬਨਸਪਤੀ ਵੀ ਜੀਵੀ ਮੰਡਲ ਉੱਪਰ ਪ੍ਰਭਾਵ ਪਾਉਂਦੇ ਹਨ।

ਹਵਾ, ਨਮੀ, ਧੁੱਪ, ਮਿੱਟੀ ਅਤੇ ਪਾਣੀ ਤਕ ਸਾਰਾ ਤਾਣਾਬਾਣਾ ਪੌਦਿਆਂ-ਪ੍ਰਾਣੀਆਂ ਦੀਆਂ ਨਸਲਾਂ ਅਤੇ ਉਨ੍ਹਾਂ ਦੇ ਇਕ ਦੂਜੇ ਨਾਲ ਗੂੜ੍ਹੇ ਸਬੰਧਾਂ ਨਾਲ ਆਦਰਸ਼ਕ ਸੰਤੁਲਨ ਵਜੋਂ ਜੁੜਿਆ ਹੋਇਆ ਹੈ। ਮਨੁੱਖ ਨੇ ਇਹ ਸੰਤੁਲਨ ਵਿਗਾੜ ਦਿਤਾ ਹੈ। ਹੁਣ ਧਰਤੀ ਤੋਂ ਕੁੱਲ ਪੌਦ ਅਤੇ ਜੀਵ ਨਸਲਾਂ ਦੀ ਗਿਣਤੀ ਨੇ ਪਿਛਲਮੋੜਾ ਲੈ ਲਿਆ ਹੈ। ਮਨੁੱਖ ਦੀਆਂ ਅਚੇਤ-ਸੁਚੇਤ ਗਤੀਵਿਧੀਆਂ ਕਾਰਨ ਬਹੁਤ ਸਾਰੀਆਂ ਕਿਸਮਾਂ ਨਸ਼ਟ ਹੋ ਗਈਆਂ ਹਨ ਜਾਂ ਨਸ਼ਟ ਹੋਣ ਕੰਢੇ ਹਨ। ਇਸ ਵਿਚ ਭਾਵੇਂ ਵਾਤਾਵਰਨ ਹਾਲਾਤ ਅਤੇ ਕੁਦਰਤੀ ਘਟਨਾਕ੍ਰਮ ਵੀ ਅਹਿਮ ਰੋਲ ਨਿਭਾਉਂਦੇ ਹਨ ਪਰ ਮਨੁੱਖੀ ਆਪ-ਹੁਦਰੀਆਂ ਦੀ ਭੂਮਿਕਾ ਦਾ ਰੋਲ ਸਿਫ਼ਤੀ ਹੈ।

ਕੁਦਰਤੀ ਤੌਰ 'ਤੇ ਵਾਤਾਵਰਨ ਹਾਲਾਤ ਬਦਲਦੇ ਰਹਿੰਦੇ ਹਨ। ਕਦੀ ਇਹ ਤਬਦੀਲੀ ਸਹਿਜ ਚਾਲ ਆਉਂਦੀ ਹੈ ਅਤੇ ਜੀਵ-ਜੰਤੂ ਉਸੇ ਅਨੁਸਾਰ ਆਪਣੇ-ਆਪ ਨੂੰ ਢਾਲ ਲੈਂਦੇ ਹਨ। ਕਦੇ-ਕਦੰਤ ਇਹ ਤਬਦੀਲੀ ਬੜੀ ਤਿੱਖੀ ਤੇ ਚਾਣਚੱਕ ਹੁੰਦੀ ਹੈ ਜਿਹੜੀ ਜੀਵ ਜਗਤ ਲਈ ਬੜੀ ਹਾਨੀਕਾਰਕ ਸਿੱਧ ਹੁੰਦੀ ਹੈ। ਜਿਹੜੇ ਪੌਦੇ ਜਾਂ ਪ੍ਰਾਣੀ ਤਬਦੀਲੀਆਂ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦੇ ਹਨ, ਉਹ ਤਾਂ ਬਚ ਜਾਂਦੇ ਹਨ, ਬਾਕੀ ਮਾਰੇ ਜਾਂਦੇ ਹਨ।

ਉਂਜ ਮਨੁੱਖ ਨੇ ਜੈਵਿਕ ਵੰਨ-ਸਵੰਨਤਾ ਖਤਮ ਕਰਨ ਵਿਚ ਬੜਾ ਕੁਢਰ ਰੋਲ ਨਿਭਾਇਆ ਹੈ, ਸਿੱਧਾ ਅਤੇ ਅਸਿੱਧਾ; ਸਿੱਧੇ ਵਿਚ ਵਧਦੀ ਆਬਾਦੀ, ਜੰਗਲਾਂ ਦਾ ਉਜਾੜਾ, 'ਅਧੁਨਿਕ' ਖੇਤੀ, ਪਦਾਰਥਕ 'ਸਹੂਲਤਾਂ', ਧਨ-ਕੁਬੇਰੀ ਰੁਝਾਨ ਆਦਿ ਸ਼ਾਮਿਲ ਹਨ। ਅਸਿੱਧੇ ਵਿਚ ਪ੍ਰਦੂਸ਼ਤ ਵਾਤਾਵਰਨ, ਰੌਲਾ-ਰੱਪਾ, ਰਸਾਇਣਾਂ ਦੀ ਬੇਕਿਰਕ ਵਰਤੋਂ, ਕੁਦਰਤੀ ਸੋਮਿਆਂ ਦਾ ਅਚੇਤ-ਸੁਚੇਤ ਘਾਣ ਅਤੇ 'ਹਰ ਵਸਤ ਮਨੁੱਖ ਲਈ' ਵਾਲੀ ਧਾਰਨਾ।

ਇਵੇਂ ਹੀ ਜੈਵਿਕ ਵੰਨ-ਸਵੰਨਤਾ ਦੇ ਲਾਭਾਂ ਨੂੰ ਵੀ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਸਿੱਧੇ ਲਾਭ; ਭਾਵ, ਖਾਧ ਪਦਾਰਥ ਤੇ ਉਤਪਾਦਨੀ ਵਰਤੋਂ ਵਾਲੇ ਲਾਭ। ਅਸਿੱਧੇ ਲਾਭ; ਭਾਵ, ਖਾਧ ਪਦਾਰਥਾਂ ਵਜੋਂ ਤਾਂ ਅਯੋਗ ਪਰ ਭਵਿੱਖ ਲਈ ਲਾਹੇਵੰਦ। ਬਨਸਪਤੀ ਅਤੇ ਜੀਵਾਂ ਤੋਂ ਮਨੁੱਖੀ ਜੀਵਨ ਨੂੰ ਪ੍ਰਾਪਤ ਹੋਣ ਵਾਲੇ ਸਿੱਧੇ ਲਾਭਾਂ ਤੋਂ ਤਕਰੀਬਨ ਅਸੀਂ ਸਾਰੇ ਜਾਣੂ ਹਾਂ। ਬੋਹੜ ਦਾ ਰੁੱਖ ਇਕ ਦਿਨ ਵਿਚ 400 ਲਿਟਰ ਪਾਣੀ ਹਵਾ ਵਿਚ ਰਲਾ ਦਿੰਦਾ ਹੈ।

ਜੰਗਲ ਦਾ ਇਕ ਵਰਗ ਕਿਲੋਮੀਟਰ ਰਕਬਾ 50,000 ਲਿਟਰ ਪਾਣੀ ਆਪਣੀਆਂ ਜੜ੍ਹਾਂ ਰਾਹੀਂ ਸਾਡੇ ਲਈ ਸੰਭਾਲ ਦਿੰਦਾ ਹੈ ਅਤੇ ਮਹਿਜ਼ ਇਕ ਹੈਕਟੇਅਰ ਰਕਬਾ ਵਾਯੂਮੰਡਲ ਦੀ 30 ਟਨ ਧੂੜ ਅਤੇ 3.7 ਮੀਟਰ ਟਨ ਕਾਰਬਨ ਡਾਇਆਕਸਾਈਡ ਸਮੇਟ ਸਕਦਾ ਹੈ, ਮੋੜਵੇ ਰੂਪ ਮਣਾਂ-ਮੂੰਹੀਂ ਆਕਸੀਜਨ ਦਿੰਦਾ ਹੈ। ਇਹੀ ਨਹੀਂ, 50 ਮੀਟਰ ਹਰੀ ਪੱਟੀ 20 ਤੋਂ 30 ਡੈਸੀਮਲ ਸ਼ੋਰ ਘਟਾ ਸਕਦੀ ਹੈ।

ਅਸਿੱਧੇ ਲਾਭਾਂ ਹਿੱਤ ਖ਼ੂਬਸੂਰਤ ਮਿਸਾਲ ਪਰਾਗਦਾਨੀਆਂ ਦੀ ਹੈ। ਪੌਦਿਆਂ ਦਾ ਜੀਵਨ-ਚੱਕਰ ਬਣੇ ਰਹਿਣ ਵਿਚ ਕੀਟਾਂ, ਤਿਤਲੀਆਂ, ਸ਼ਹਿਦ ਦੀਆਂ ਮੱਖੀਆਂ ਅਤੇ ਪੰਛੀਆਂ ਦਾ ਵੱਡਾ ਯੋਗਦਾਨ ਹੁੰਦਾ ਹੈ। ਧਰਤੀ ਉੱਤੇ ਲੱਗਭੱਗ 2,50,000 ਕਿਸਮ ਦੇ ਫੁੱਲਾਂ ਵਾਲੇ ਪੌਦੇ ਮੌਜੂਦ ਹਨ। ਇਨ੍ਹਾਂ ਵਿਚੋਂ 60 ਫੀਸਦੀ ਪੌਦੇ, ਪਰਾਗਦਾਨੀ ਜੀਵਾਂ ਦੀ ਮਦਦ ਨਾਲ ਫਲ ਅਤੇ ਬੀਜ ਪੈਦਾ ਕਰਦੇ ਹਨ। ਪਰਾਗਦਾਨੀਆਂ ਦੀ ਮਦਦ ਤੋਂ ਬਿਨਾਂ ਪੌਦਿਆਂ ਅੰਦਰ ਨਰ ਅਤੇ ਮਾਦਾ ਵੰਨਗੀਆਂ ਦਾ ਆਪਸੀ ਸੰਸੇਚਨ ਸੰਭਵ ਨਹੀਂ ਹੁੰਦਾ। ਕੌਮਾਂਤਰੀ ਕੁਦਰਤੀ ਸੁਰੱਖਿਆ ਸੰਸਥਾ ਮੁਤਾਬਿਕ, ਜੇ ਹੁਣ ਵਾਲੀ ਚਾਲ ਹੀ ਰਹੀ ਤਾਂ ਕੁਝ ਕੁ ਦਹਾਕਿਆਂ 'ਚ ਪਰਾਗਦਾਨੀਆਂ ਦੇ ਨਿਘਾਰ ਕਾਰਨ ਫੁੱਲਾਂ ਵਾਲੇ ਪੌਦਿਆਂ ਦੀਆਂ 20,000 ਵੰਨਗੀਆਂ ਖਤਮ ਹੋ ਜਾਣਗੀਆਂ।

ਜੀਵ ਵੰਨ-ਸਵੰਨਤਾ ਕ੍ਰਿਆਸ਼ੀਲ ਪ੍ਰਣਾਲੀ ਹੈ ਜਿਸ ਵਿਚ ਸਦਾ ਤਬਦੀਲੀ ਆਉਂਦੀ ਰਹਿੰਦੀ ਹੈ। ਲੱਖਾਂ ਸਾਲਾਂ ਦੀ ਉਥਲ-ਪੁਥਲ ਅਤੇ ਵਿਕਾਸ ਮਗਰੋਂ ਕੁਦਰਤ ਨੇ ਜੀਵਤ ਅਤੇ ਅਜੀਵਤ ਵਾਤਾਵਰਨ/ਹਾਲਾਤ ਵਿਚਕਾਰ ਹਾਂ-ਪੱਖੀ ਸੰਤੁਲਨ ਕਾਇਮ ਕੀਤਾ ਹੈ। ਇਸ ਸੰਤੁਲਨ ਵਿਚ ਆਈ ਰਤਾ ਜਿੰਨੀ ਤਬਦੀਲੀ ਵੀ ਕਿਸੇ ਨਸਲ ਲਈ ਖ਼ਤਰਾ ਬਣ ਜਾਂਦੀ ਹੈ। ਮਾਹਿਰਾਂ ਅਨੁਸਾਰ, ਹਰ ਵੰਨਗੀ ਇਕ ਖਾਸ ਅਰਸੇ ਤਕ ਧਰਤੀ ਉੱਤੇ ਜਿਊਂਦੀ ਹੈ, ਫਿਰ ਸਮਾਂ ਪਾ ਕੇ ਖ਼ਤਮ ਹੋ ਜਾਂਦੀ ਹੈ ਤੇ ਨਵੀਂ ਪੈਦਾ ਹੋ ਜਾਂਦੀ ਹੈ। ਅਤੀਤ ਵਿਚ ਇਹ ਸਭ ਲੁਪਤ ਹੋਣ ਦੀ ਦਰ ਬੜੀ ਧੀਮੀ ਸੀ; ਹੁਣ ਜਿਸ ਤੇਜ਼ੀ ਨਾਲ ਜੀਵ ਤੇ ਪੌਦ ਵੰਨਗੀਆਂ ਸਦਾ ਲਈ ਲੁਪਤ ਹੋ ਰਹੀਆਂ ਹਨ, ਚਿੰਤਾ ਦਾ ਵਿਸ਼ਾ ਹੈ।

ਪ੍ਰਾਚੀਨ ਸਮਿਆਂ ਵਿਚ ਕੁਦਰਤੀ ਵਿਕਾਸ ਦੌਰਾਨ ਜੀਵ ਵੰਨਗੀਆਂ ਦੇ ਖ਼ਤਮ ਹੋਣ ਦੀ ਦਰ 60-70 ਸਾਲਾਂ ਦੌਰਾਨ ਸਿਰਫ ਇਕ ਵੰਨਗੀ ਦਾ ਖ਼ਾਤਮਾ ਹੀ ਸੀ। ਦੁਧਾਰੂ ਜੀਵਾਂ ਦੀ ਇਕ ਵੰਨਗੀ ਤਾਂ ਕਰੀਬ 400 ਸਾਲਾਂ ਦੇ ਅਰਸੇ ਬਾਅਦ ਹੀ ਖ਼ਤਮ ਹੁੰਦੀ ਨੋਟ ਹੋਈ ਅਤੇ ਪੰਛੀਆਂ ਦੀ 200 ਸਾਲਾਂ ਪਿਛੋਂ। ਮਨੁੱਖੀ ਆਪ-ਹੁਦਰੀਆਂ ਕਾਰਨ ਹੁਣ ਹਾਲਾਤ ਚਿੰਤਾਜਨਕ ਹਨ।

ਸੰਨ 1600 ਤੋਂ 1900 ਦੌਰਾਨ ਹਰ ਚਾਰ ਸਾਲਾਂ ਵਿਚ ਇਕ ਜੀਵ ਵੰਨਗੀ ਨਸ਼ਟ ਹੋਣ ਲੱਗੀ ਅਤੇ 1900 ਮਗਰੋਂ ਤਾਂ ਹਰ ਸਾਲ ਇਕ। ਹੁਣ ਰੋਜ਼ਾਨਾ ਇਕ ਜੀਵ ਜਾਂ ਪੌਦ ਨਸਲ ਖ਼ਤਮ ਹੋਣ ਦਾ ਅਨੁਮਾਨ ਹੈ। ਜੇ ਇਹੀ ਦਰ ਰਹੀ ਤਾਂ 2050 ਤੱਕ ਪ੍ਰਤੀ ਦਿਨ 100 ਵੰਨਗੀਆਂ ਦੇ ਜੀਵ ਜਾਂ ਪੌਦੇ ਸਦਾ ਲਈ ਲੁਪਤ ਹੋ ਰਹੇ ਹੋਣਗੇ।

ਕੁੱਲੀ, ਗੁੱਲੀ ਅਤੇ ਜੁਲੀ ਮੁਹੱਈਆ ਕਰਵਾਉਣ ਤੋਂ ਬਿਨਾਂ ਪੌਦੇ ਅਤੇ ਜੀਵ ਸਾਨੂੰ ਰੁਜ਼ਗਾਰ, ਸੁੱਖ-ਸਹੂਲਤਾਂ ਅਤੇ ਸ਼ਾਂਤੀ ਵੀ ਬਖਸ਼ਦੇ ਹਨ। ਧਰਤੀ ਦੀ ਖ਼ੂਬਸੂਰਤੀ ਵਧਾਉਣ ਦੇ ਨਾਲ ਨਾਲ ਇਹ ਵਾਤਾਵਰਨ ਨੂੰ ਸੁਖਾਵਾਂ ਬਣਾਉਣ ਵਿਚ ਖਾਸ ਯੋਗਦਾਨ ਪਾਉਂਦੇ ਹਨ। ਜਿਨ੍ਹਾਂ ਕਾਰਨਾਂ ਤੇ ਕਾਰਕਾਂ ਕਰਕੇ ਜੈਵਿਕ ਵੰਨ-ਸਵੰਨਤਾ ਖ਼ਤਰੇ ਵਿਚ ਹੈ, ਉਨ੍ਹਾਂ ਵਿਚੋਂ ਬਹੁਤੇਰੇ ਉਹ ਹਨ ਜਿਹੜੇ ਮਨੁੱਖ ਨੇ ਖੁਦ ਸਿਰਜੇ ਹਨ।

ਇਸ ਲਈ ਹੁਣ ਸਾਨੂੰ ਕੁਦਰਤ ਪ੍ਰੇਮੀ ਅਤੇ ਸਰਬੱਤ ਦੇ ਭਲੇ ਵਾਲੇ ਨਿਜ਼ਾਮ ਦੀ ਲੋੜ ਹੈ। ਸਭਿਅਤਾ ਦੇ ਜਿਸ ਵਰਤਮਾਨ ਪੜਾਅ ਵਿਚੋਂ ਮਨੁੱਖ ਜਾਤੀ ਲੰਘ ਰਹੀ ਹੈ, ਉਸ ਵਿਚ ਕੁਦਰਤ ਨਾਲ ਮਨੁੱਖੀ ਰਿਸ਼ਤੇ ਦੇ ਮੁੜ ਮੁਲਾਂਕਣ ਦੀ ਲੋੜ ਹੈ। ਸਾਡੀਆਂ ਸਮਾਜਿਕ ਆਰਥਿਕ ਚਿੰਤਾਵਾਂ ਵਿਚ ਜਿਹੜਾ ਵਾਧਾ ਹੋ ਰਿਹਾ ਹੈ, ਉਸ ਦਾ ਮੂਲ ਆਧਾਰ ਕੁਦਰਤ ਦਾ ਉਜਾੜਾ ਵੀ ਹੈ।

ਸ਼ਾਇਦ ਸਾਨੂੰ ਨਹੀਂ ਪਤਾ ਕਿ ਇਕ ਵੰਨਗੀ ਦੇ ਪੌਦ ਜਾਂ ਜੀਵ ਖ਼ਤਮ ਹੋਣ 'ਤੇ ਉਸ ਉੱਤੇ ਨਿਰਭਰ 10 ਤੋਂ 20 ਵੰਨਗੀਆਂ ਦੇ ਜੀਵਾਂ ਦਾ ਜੀਵਨ ਖ਼ਤਰੇ ਵਿਚ ਪੈ ਜਾਂਦਾ ਹੈ। ਮਨੁੱਖੀ ਹੋਛਾਪਣ ਇਹੀ ਰਿਹਾ ਤਾਂ ਬੰਦੇ ਦੀ ਸਲਾਮਤੀ ਦੀ ਵੀ ਕੀ ਗਰੰਟੀ ਹੈ? ਇਸ ਲਈ ਮਨੁੱਖ ਨੂੰ ਇਸ ਤਬਾਹੀ ਨੂੰ ਰੋਕਣ ਖਾਤਰ ਹੁਣੇ ਹੀ ਇਸ ਪਾਸੇ ਸੰਜੀਦਾ ਕੋਸ਼ਿਸ਼ਾਂ ਆਰੰਭ ਕਰ ਦੇਣੀਆਂ ਚਾਹੀਦੀਆਂ ਹਨ।

---

ਨਾਲ ਲਗਦੇ ਪਿੰਡ 'ਛਪਾਰ' ਵਿਚ ਮੇਲਾ ਲੱਗਾ ਜਿਸ ਵਿਚ ਲੱਖਾਂ ਕਿਸਾਨ ਇਕੱਠੇ ਹੋਏ ਸਨ। 'ਜਥਾ ਦੁਖੀ ਜ਼ਿਮੀਂਦਾਰਾਂ' ਦੇ ਨਾਂ ਹੇਠ ਕਿਸਾਨਾਂ ਦਾ ਟੋਲਾ ਉਦਾਲੇ ਪਦਾਲੇ ਦੇ ਪਿੰਡਾਂ ਦਾ ਦੌਰਾ ਕਰਦਾ, ਜਲਸੇ-ਮੀਟਿੰਗਾਂ ਲਾਉਂਦਾ ਆਪਣੀਆਂ ਮੰਗਾਂ ਦਾ ਪ੍ਰਚਾਰ ਕਰਦਾ 'ਮੇਲਾ ਛਪਾਰ' ਵਿਚ ਪੁੱਜਾ। ਇਹ ਮੰਗਾਂ ਸਨ:

(1) ਜ਼ਮੀਨੀ ਸੁਧਾਰ (2) ਨਹਿਰੀ ਆਬਿਆਨਾ ਪੰਜਾਬ ਬਰਾਬਰ (3) ਰਸਮ ਕਨਕੂਤ ਦਾ ਖਾਤਮਾ (4) ਰਸਮ ਨਜ਼ੂਲ ਦਾ ਖਾਤਮਾ (5) ਵਧਦੇ-ਚੜ੍ਹਦੇ ਕਰਜ਼ਾ ਭਾਰ ਵਿਰੁੱਧ ਰਾਹਤੀ ਕਦਮ (6) ਪੇਂਡੂ ਹਲਕਿਆਂ ਵਿਚ ਸਕੂਲ ਹਸਪਤਾਲ। ਮੁਜ਼ਾਰੇ ਕਿਸਾਨ ਪਹਿਲਾਂ ਹੀ ਆਪਣੀਆਂ ਮੰਗਾਂ ਲਈ ਲਹਿਰ ਚਲਾ ਰਹੇ ਸਨ। ਇਸ ਜਥੇ ਵੱਲੋਂ ਪ੍ਰਚਾਰ ਤੇ ਲਲਕਾਰ ਕਾਰਨ ਆਮ ਕਿਸਾਨੀ ਵਿਚ ਨਵੀਂ ਜਾਗਰਤੀ ਤੇ ਉਤਸ਼ਾਹ ਦੀ ਲਹਿਰ ਉਠੀ। ਕਿਸਾਨੀ ਦੇ ਸਭ ਤੈਅ ਤਬਕੇ ਲਹਿਰ ਵੱਲ ਖਿੱਚੇ ਆਏ ਤੇ ਦੇਸੀ ਰਿਆਸਤਾਂ ਵਿਚ ਚੱਲ ਰਹੇ ਇੱਕ ਪੁਰਖੀ ਰਾਜ ਤੇ ਉਹਨਾਂ ਦੇ ਚਾਟੜੇ ਬਿਸਵੇਦਾਰਾਂ ਵਿਰੁੱਧ ਇੱਕ ਕਤਾਰ ਵਿਚ ਆ ਖੜੇ ਹੋਏ। ਪੇਂਡੂ ਹਲਕਿਆਂ ਵਿਚ ਨਵਾਂ ਉਭਾਰ ਉਠ ਖਲੋਤਾ। ਜਾਗੀਰਦਾਰੀ-ਵਿਰੋਧੀ ਲੜਾਈ ਵਿਚ ਨਵੇਂ-ਨਵੇਂ ਸਾਥੀ ਆਉਂਦੇ ਤੇ ਸ਼ਾਮਲ ਹੁੰਦੇ ਦੇਖ ਕੇ ਲੜ ਰਹੇ ਮੁਜ਼ਾਰਿਆਂ ਨੂੰ ਚੋਖੀ ਦਲੇਰੀ ਤੇ ਹਿੰਮਤ ਮਿਲੀ।

ਇੱਕ ਪਾਸੇ ਬਿਸਵੇਦਾਰ ਕਨਕੂਤ ਰਸਮ ਅਨੁਸਾਰ ਫਸਲ ਖਰੀਫ ਦੀ ਬਟਾਈ ਦੀ ਮੰਗ ਕਰ ਰਹੇ ਸਨ, ਦੂਜੇ ਪਾਸੇ ਮੁਜ਼ਾਰੇ ਪੈਦਾਵਾਰ ਸ਼ਕਤੀ ਦੇ ਵਧਾਏ ਚੜ੍ਹਾਏ ਅੰਦਾਜ਼ਿਆਂ ਅਨੁਸਾਰ ਬਟਾਈ ਦੇਣ ਲਈ ਤਿਆਰ ਨਹੀਂ ਸਨ।

ਇਸ ਪਿਛੋਕੜ ਵਿਚ ਹੀ ਕਸਬਾ ਧੂਰੀ ਨਾਲ ਲਗਦੇ ਪਿੰਡ ਕਿਲਾ ਹਕੀਮਾਂ ਵਿਖੇ 25 ਨਵੰਬਰ 1937 ਨੂੰ ਬਿਸਵੇਦਾਰ ਤੇ ਮੁਜ਼ਾਰਿਆਂ ਵਿਚਕਾਰ ਝਗੜਾ ਹੋਇਆ ਜਿਸ ਵਿਚ ਦੋ ਮੁਜ਼ਾਰੇ ਮਾਰੇ ਗਏ ਅਤੇ 9 ਜ਼ਖਮੀ ਹੋਏ। ਪਰਜਾ ਮੰਡਲ ਵੱਲੋਂ ਮਾਸਟਰ ਹਰੀ ਸਿੰਘ, ਲਾਲਾ ਚਿੰਤ ਰਾਮ ਅਤੇ ਵਜ਼ੀਰ ਸਿੰਘ ਦਰਦੀ ਉੱਪਰ ਆਧਾਰਿਤ ਕਮੇਟੀ ਬਣਾਈ ਗਈ ਜਿਸ ਨੂੰ ਕਿਲਾ ਹਕੀਮਾਂ ਦੇ ਵਾਕਿਆਂ ਦੀ ਪੜਤਾਲ ਕਰਨ ਤੇ ਰਿਪੋਰਟ ਦੇਣ ਦਾ ਕੰਮ ਸੌਂਪਿਆ ਗਿਆ।

ਫਰਵਰੀ 1938 ਦੇ ਟ੍ਰਿਬਿਊਨ ਅਖਬਾਰ ਵਿਚ ਇਸ ਕਮੇਟੀ ਦੀ ਰਿਪੋਰਟ ਛਪੀ ਜਿਸ ਅਨੁਸਾਰ ਗੋਲੀ ਚਲਾਉਣਾ ਬੇਲੋੜਾ, ਨਾਜਾਇਜ਼, ਬੇਕਾਬੂ ਤੇ ਵਾਧੂ ਸੀ। ਕਮੇਟੀ ਨੇ ਇਸ ਰਿਪੋਰਟ ਰਾਹੀਂ ਮੁਜਰਮ ਅਫਸਰਾਂ ਦੀ ਮੁਅੱਤਲੀ, ਬਿਸਵੇਦਾਰ ਦੀ ਗ੍ਰਿਫਤਾਰੀ ਤੇ ਇਹਨਾਂ ਦੇ ਸ਼ਿਕਾਰ ਮੁਜ਼ਾਰਿਆਂ ਨੂੰ ਯੋਗ ਮੁਆਵਜ਼ੇ ਦੀਆਂ ਮੰਗਾਂ ਰੱਖੀਆਂ ਦੂਜੇ ਪਾਸੇ ਰਿਆਸਤੀ ਪੁਲਿਸ ਨੇ ਮੁਜ਼ਾਰਿਆਂ ਵਿਰੁੱਧ ਕਚਹਿਰੀ ਵਿਚ ਮੁਕੱਦਮਾ ਚਲਾਇਆ, ਜਿਸ ਦੇ ਸਿੱਟੇ ਵੱਜੋਂ 28 ਮੁਜ਼ਾਰਿਆਂ ਨੂੰ ਦਸ-ਦਸ ਸਾਲ ਦੀ ਸਖਤ ਕੈਦ ਦੀ ਸਜ਼ਾ ਸੁਣਾਈ ਗਈ।

ਕਿਲਾ ਹਕੀਮਾਂ ਦੀ ਘਟਨਾ ਸਬੰਧੀ ਪੜਤਾਲੀਆ ਕਮੇਟੀ ਦੀ ਰਿਪੋਰਟ ਅਤੇ ਕਚਹਿਰੀ ਦੇ ਫੈਸਲੇ ਦਾ ਮੁਕਾਬਲਾ ਕੀਤਾ ਜਾਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਕਚਹਿਰੀਆਂ ਸਮੇਤ ਪ੍ਰਬੰਧਕ ਢਾਂਚੇ ਉੱਪਰ ਬਿਸਵੇਦਾਰ ਤੇ ਨਿਜੀ ਲਾਭ ਰੱਖਦੇ ਅੰਸ਼ ਸਭ ਇਕੱਠੇ ਸਨ ਤੇ ਉਹ ਜਨਤਕ ਲਹਿਰਾਂ ਨੂੰ ਉਖੇੜਨ, ਖੰਡੋਰਨ, ਦਬਾਉਣ ਮੁਕਾਉਣ ਲਈ ਕਿਸ ਕਾਰ ਮਿਲ-ਜੁਲ ਕੇ ਕੰਮ ਕਰਦੇ ਸਨ।

ਅਮਲਾ ਸਿੰਘ ਵਾਲਾ ਦੇ ਜਗੀਰਦਾਰ ਨੇ ਪਿੰਡ ਦੇ ਜਮਾਂਦਾਰ ਕਿਸ਼ਨ ਸਿੰਘ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ। ਸਥਾਨਕ ਪੁਲਿਸ ਅਫਸਰਾਂ ਵੱਲੋਂ ਨਾ ਕੋਈ ਰਿਪੋਰਟ, ਨਾ ਕਚਿਹਰੀ ਵਿਚ ਮੁਕੱਦਮਾ। ਪ੍ਰਬੰਧਕ ਢਾਂਚੇ ਵੱਲੋਂ ਕੋਈ ਪੁੱਛ-ਪੜਤਾਲ ਨਹੀਂ।

ਛੇਤੀ ਮਗਰੋਂ ਕਿਸਾਨ ਪਿੰਡ ਮਾਹਲ ਕਲਾਂ ਵਿਖੇ ਕਾਨਫਰੰਸ ਵਿਚ ਇਕੱਠੇ ਹੋਏ ਜਿੱਥੇ ਇਹ ਸਾਰੇ ਮਸਲੇ ਉਠਾਏ ਗਏ। ਪ੍ਰਬੰਧਕ ਢਾਂਚੇ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕੀਤੀ ਗਈ। ਮੁਜ਼ਾਰਿਆਂ ਨੂੰ ਉਹਨਾਂ ਦੀ ਜਾਇਜ਼ ਪੁਰਅਮਨ ਲਹਿਰ ਵਿਚ ਹਰ ਕਾਰ ਦੇ ਸਹਿਯੋਗ ਸਹਾਇਤਾ ਦੀ ਗਰੰਟੀ ਦਿੱਤੀ ਗਈ। ਇਸ ਤੋਂ ਛੁਟ ਜ਼ਮੀਨੀ ਮਾਲੀਆ, ਨਹਿਰੀ ਆਬਿਆਨਾ ਪੰਜਾਬ ਬਰਾਬਰ ਲਿਆਉਣ, ਟੈਕਸਾਂ ਦਾ ਭੋਗ ਪਾਉਣ, ਬਿਸਵੇਦਾਰੀ ਪ੍ਰਬੰਧ ਨੂੰ ਮੁਕਾਉਣ ਤੇ ਕਨਕੂਤ ਰਸਮ ਨੂੰ ਹਟਾਉਣ ਤੇ ਪੇਂਡੂ ਹਲਕਿਆਂ ਵਿਚ ਸਕੂਲ-ਹਸਪਤਾਲ ਚਲਾਉਣ ਸਬੰਧੀ ਮਤੇ ਪਾਸ ਕੀਤੇ ਗਏ। ਕਿਸਾਨਾਂ ਨੂੰ ਵੰਗਾਰਿਆ ਗਿਆ ਕਿ ਉਹ ਉਪਰੋਕਤ ਮੰਗਾਂ ਸਬੰਧੀ ਘੋਲ ਦੀ ਤਿਆਰੀ ਕਰਨ। ਇਸ ਮਗਰੋਂ ਆਨੰਦਪੁਰ ਸਾਹਿਬ ਵਿਖੇ ਹੋਲਾ-ਮਹੱਲਾ ਦਿਨ ਸਬੰਧੀ ਮੇਲੇ ਵਿਚ ਇੱਕ ਚੌਖੀ ਵਿਸ਼ਾਲ ਕਾਨਫਰੰਸ ਕੀਤੀ ਗਈ। ਇਸ ਵਿਚ ਭਗਵਾਨ ਸਿੰਘ ਲੌਂਗੋਵਾਲੀਆ, ਜੰਗੀਰ ਸਿੰਘ ਜੋਗਾ, ਸਰਦਾਰਾ ਸਿੰਘ ਯੂਥਪ, ਭਗਤ ਸਿੰਘ ਢਡੋਗਲ ਅਤੇ ਕੇਹਰ ਸਿੰਘ ਮਲੇਰਕੋਟਲਾ ਨੇ ਭਾਸ਼ਣ ਦਿੱਤੇ। ਕਾਨਫਰੰਸ ਵਿਚ ਉਠਾਈਆਂ ਮੰਗਾਂ ਸਨ:

1. ਇੱਕ ਪੁਰਖੀ ਰਾਜਾਂ ਦਾ ਖਾਤਮਾ ਤੇ ਰਿਆਸਤਾਂ ਵਿਚ ਲੋਕ ਪ੍ਰਤੀਨਿਧ ਸਰਕਾਰਾਂ।

2. ਹਰ ਰੂਪ ਦੀ ਜਾਗੀਰਦਾਰੀ ਦਾ ਖਾਤਮਾ, ਮੁਜ਼ਾਰਿਆਂ ਨੂੰ ਮਾਲਕੀ ਹੱਕ, ਬੇਰੁਜ਼ਗਾਰਾਂ ਨੂੰ ਰੁਜ਼ਗਾਰ।

ਇਸ ਕਾਨਫਰੰਸ ਵਿਚ ਭਾਸ਼ਣਾਂ ਤੇ ਮਤਿਆਂ ਦੇ ਆਧਾਰ ਉੱਪਰ ਹੀ ਕਾਮਰੇਡ ਜੰਗੀਰ ਸਿੰਘ ਜੋਗਾ ਵੱਲੋਂ ਕਿਤਾਬਚਾ ਛਪਵਾਇਆ ਗਿਆ: 'ਪਰਜਾ ਮੰਡਲ ਦਾ ਅਮਲ ਪ੍ਰੋਗਰਾਮ।' ਇਸ ਵਿਚ ਰਿਆਸਤਾਂ ਵਿਚ ਵਸਦੇ ਵੱਖ-ਵੱਖ ਤੈਅ ਤਬਕਿਆਂ ਦੀਆਂ ਮੰਗਾਂ ਉਭਾਰੀਆਂ ਗਈਆਂ। ਖੇਤੀਬਾੜੀ ਦੀ ਹਾਲਤ ਬਿਸਵੇਦਾਰੀ ਲੁੱਟ-ਖੋਹ, ਕੁੱਟਮਾਰ ਵਿਰੁੱਧ ਮੁਜ਼ਾਰਿਆਂ ਦੀ ਮਾਲਕੀ ਹੱਕਾਂ ਬਾਰੇ ਲਹਿਰ ਉੱਪਰ ਖਾਸ ਜ਼ੋਰ ਦਿੰਦੇ ਹੋਏ ਰਿਆਸਤੀ ਵਸੋਂ ਨੂੰ ਵੰਗਾਰ ਦਿੱਤੀ ਗਈ ਸੀ ਕਿ ਉੱਠੋ, ਜਾਗੋ, ਜਥੇਬੰਦ ਹੋ ਕੇ ਉਪਰੋਕਤ ਮੰਗਾਂ ਲਈ ਅੱਗੇ ਵਧੋ। ਮਹਾਰਾਜਾ ਪਟਿਆਲਾ ਵੱਲੋਂ ਇਹ ਕਿਤਾਬਚਾ ਸਰਕਾਰੀ ਗਜ਼ਟ ਮਿਤੀ 9 ਜੂਨ 1937 ਰਾਹੀਂ ਕਾਨੂੰਨ ਵਿਰੋਧੀ ਕਰਾਰ ਦੇ ਕੇ ਜ਼ਬਤ ਕਰ ਲਿਆ ਗਿਆ।

***ਪੰਜਾਬ ਦੀਆਂ ਰਿਆਸਤਾਂ ਵਿਚ ਕਿਸਾਨ ਮੁਜ਼ਾਰਾ ਲਹਿਰ ਪਿੰਡ ਪਿੰਡ ਖਿਲਰੀ ਆਪ ਹੁਦਰੀ ਚੱਲ ਰਹੀ ਸੀ। ਕਿਸਾਨੀ ਘਰਾਣਿਆਂ ਵਿਚੋਂ ਆਏ ਉੱਠੇ ਪਰਜਾ ਮੰਡਲ ਦੇ ਆਗੂ ਤੇ ਕਾਮੇ ਆਪਣੇ-ਆਪਣੇ ਢੰਗ ਨਾਲ ਪਿੰਡ-ਪਿੰਡ ਲਹਿਰ ਦੇ ਨਾਲ ਚਲਦੇ ਤੇ ਕੰਮ ਕਰਦੇ। ਰਿਆਸਤੀ ਪੱਧਰ ਦੀ ਨਾ ਕੋਈ ਜਥੇਬੰਦੀ ਸੀ, ਨਾ ਲੰਮੀ ਡੂੰਘੀ ਸੋਚ ਦੇ ਦਾਅ ਪੇਚ ਸਨ ਤੇ ਨਾ ਇੱਕ ਸਾਂਝਾ ਨਿਸ਼ਾਨਾ। ਬਿਸਵੇਦਾਰ ਖੁੱਲ੍ਹੇਆਮ ਕਿਰਾਏ ਭਾੜੇ ਦੇ ਗੁੰਡਿਆਂ ਨੂੰ ਵਰਤਦੇ, ਰਿਆਸਤੀ ਪ੍ਰਬੰਧਕ ਢਾਂਚੇ ਤੇ ਕਚਹਿਰੀਆਂ ਨੂੰ ਸਿੱਧਾ ਨੰਗਾ ਆਪਣੇ ਹੱਕ ਵਿਚ ਵਰਤਦੇ ਤੇ ਮੁਜ਼ਾਰਿਆਂ ਨੂੰ ਜੁਰਮਾਨੇ, ਬੇ-ਦਖਲੀਆਂ ਆਦਿ ਸਜ਼ਾਵਾਂ ਦਿਵਾਉਂਦੇ ਸਨ।***

ਚਾਰ ਚੁਫੇਰੇ ਨਵੀਂ ਜਾਗਰਤੀ ਦੇ ਪਿਛੋਕੜ ਵਿਚ ਰਿਆਸਤ ਪਟਿਆਲਾ ਦੇ ਮੁਜ਼ਾਰੇ ਜੋ ਪਹਿਲਾਂ ਹੀ ਜਗੀਰੂ ਪ੍ਰਬੰਧ ਦੇ ਵੱਖ-ਵੱਖ ਰੂਪਾਂ ਵਿਰੁੱਧ ਜਿਵੇਂ ਠੱਪਾ, ਕਨਕੂਤ, ਸ਼ਰੀਨੀ ਆਦਿ ਰਸਮਾਂ ਵਿਰੁੱਧ ਆਪਣੀਆਂ ਮੰਗਾਂ ਲਈ ਲੜਦੇ ਆ ਰਹੇ ਸਨ, ਬੇਹੱਦ ਉਤਸ਼ਾਹਿਤ ਹੋਏ, ਜਗੀਰੂ ਪ੍ਰਬੰਧ ਨੂੰ ਲਲਕਾਰ ਦੇਣ ਲਈ ਹੋਰ ਦਲੇਰ ਤੇ ਮਜ਼ਬੂਤ ਹੋਏ।

ਮੁਜ਼ਾਰਿਆਂ ਦੀ ਲਹਿਰ ਦਾ ਵਧਦਾ-ਚੜ੍ਹਦਾ ਉਭਾਰ ਤੇ ਦਿਨ-ਦਿਨ ਨਵੇਂ ਪਿੰਡਾਂ ਵਿਚ ਖਿਲਾਰ ਦੇਖ ਕੇ ਬਿਸਵੇਦਾਰ ਨੇ ਵੀ ਕਈ ਪਿੰਡਾਂ ਵਿਚ ਹਮਲੇ ਅਰੰਭ ਕਰ ਦਿੱਤੇ। ਖੜ੍ਹੀ ਫਸਲ ਵੱਢਣ ਜਾਂ ਫਸਲ ਦੇ ਢੇਰ ਜਬਰੀ ਚੁੱਕਣ ਵੱਲ ਤੁਰ ਪਏ। ਪਿੰਡ ਭਦੌੜ ਤੇ ਉਦਾਲੇ-ਪਦਾਲੇ ਦੇ ਪਿੰਡਾਂ ਜਿਵੇਂ ਜੰਗੀਆਨਾ, ਛੰਨਾਂ, ਜਿਉਂਦ, ਦੂਨਾ ਕੋਟ, ਕਰਮਗੜ੍ਹ, ਨਾਈ ਵਾਲਾ, ਹੈਸਰ ਕਿਰਪਾਲ ਸਿੰਘ ਵਾਲਾ, ਪਿੰਡਾਂ ਤੇ ਖਲਿਆਣਾਂ ਵਿਚੋਂ ਦਾਣੇ ਤੇ ਤੂੜੀ (ਭੂਸਾ) ਜਬਰੀ ਉਠਾਏ ਗਏ। ਇਹ ਸਭ ਵਧੀਕੀਆਂ ਕਿਰਾਏ ਭਾੜੇ ਦੇ ਟੱਟੂ, ਗੁੰਡਿਆਂ ਤੇ ਪੁਲਿਸ ਦੀ ਸ਼ਹਿ-ਸਹਾਇਤਾ ਨਾਲ ਕੀਤੀਆਂ ਗਈਆਂ ਜਿਸ ਦੀਆਂ ਨੰਗੀਆਂ ਮਿਸਾਲਾਂ ਹਨ: ਪਿੰਡ ਦੀਪਗੜ੍ਹ ਉੱਪਰ ਹਮਲਾ ਪੁਲਿਸ ਇੰਸਪੈਕਟਰ ਰਾਨਾ ਤੁਲੇ ਮੁਹੰਮਦ ਦੀ ਅਗਵਾਈ ਵਿਚ ਕੀਤਾ ਗਿਆ। ਆਦਮੀ ਗ੍ਰਿਫਤਾਰੀ ਤੋਂ ਬਚਣ ਲਈ ਪਿੰਡ ਛੱਡ ਕੇ ਨੱਠ ਗਏ। ਪੁਲਿਸ ਤੇ ਗੁੰਡਿਆਂ ਨੇ ਖੜ੍ਹੀਆਂ ਫਸਲਾਂ ਤਬਾਹ ਬਰਬਾਦ ਕਰ ਦਿੱਤੀਆਂ। ਮਜਬੂਰ ਹੋ ਕੇ ਇਸਤਰੀਆਂ ਘਰਾਂ ਚੋਂ ਬਾਹਰ ਆਈਆਂ, ਪੁਲਿਸ ਦਾ ਘਿਰਾਓ ਕੀਤਾ। ਇੱਕ ਇਸਤਰੀ ਨੇ ਮੌਕਾ ਜਾਂਚ ਕੇ ਪੁਲਿਸ ਇੰਸਪੈਕਟਰ ਦੀ ਗੱਲ੍ਹ ਉਪਰ ਥੱਪੜ ਮਾਰ ਦਿੱਤਾ। ਇਹ ਸੀ ਮੁਜ਼ਾਰਿਆਂ ਦੇ ਲੜਾਕੂ ਜਜ਼ਬੇ ਦਾ ਪ੍ਰਗਟਾਅ। ਇਸੇ ਪ੍ਰਕਾਰ ਦਾ ਹਮਲਾ ਪਿੰਡ ਧਨ-ਸਿਰ-ਖਾਨਾ ਵਿਖੇ ਹੋਇਆ। ਮੁਜ਼ਾਰਿਆਂ ਵੱਲੋਂ ਮੁਜ਼ਾਹਮਤ ਦੇਖ ਕੇ ਪੁਲਿਸ ਲਾਠੀਚਾਰਜ ਤੇ ਗੋਲੀ ਚਲਾਉਣ ਉੱਪਰ ਉਤਰ ਆਈ। ਦਰਜਨਾਂ ਆਦਮੀ-ਇਸਤਰੀਆਂ ਗ੍ਰਿਫਤਾਰ ਕਰਕੇ ਉਹਨਾਂ ਵਿਰੁੱਧ ਪੁਲਿਸ ਮੁਕਾਬਲੇ ਦੇ ਜੁਰਮ ਵਿਚ ਮੁਕੱਦਮਾ ਚਲਾਇਆ ਗਿਆ, ਲੰਮੀਆਂ ਸਜ਼ਾਵਾਂ ਹੋਈਆਂ। ਇੱਕ ਇਸਤਰੀ ਨੇ ਜੇਲ੍ਹ ਵਿਚ ਹੀ ਬੱਚੇ ਨੂੰ ਜਨਮ ਦਿੱਤਾ।

ਪੰਜਾਬ ਦੇ ਪਿੰਡ ਤਖਤਪੁਰਾ ਵਿਖੇ ਮਾਘੀ ਮੇਲੇ ਉੱਪਰ ਕਾਮਾ ਗਾਟਾ ਮਾਰੂ ਜਹਾਜ਼ ਦੇ ਹੀਰੋ ਬਾਬਾ ਗੁਰਦਿੱਤ ਸਿੰਘ ਦੀ ਪ੍ਰਧਾਨਗੀ ਵਿਚ ਕਿਸਾਨ ਇਕੱਠ ਬਾਰੇ ਖਬਰਾਂ ਪੜ੍ਹ-ਸੁਣ ਕੇ ਰਿਆਸਤ ਪਟਿਆਲਾ ਵਿਚੋਂ ਹਜ਼ਾਰਾਂ ਮੁਜ਼ਾਰੇ ਉੱਥੇ ਪੁੱਜੇ। ਏਥੇ ਵੀ ਰਿਆਸਤ ਪਟਿਆਲਾ ਵਿਚ ਪੁਲਿਸ ਤੇ ਬਿਸਵੇਦਾਰਾਂ ਹੱਥੋਂ ਮੁਜ਼ਾਰਿਆਂ ਦੀ ਲੁੱਟ-ਖੋਹ ਤੇ ਕੁੱਟਮਾਰ ਵਿਰੁੱਧ ਭਾਸ਼ਣ ਤੇ ਮਤੇ ਹੋਏ ਅਤੇ ਮੁਜ਼ਾਰਿਆਂ ਦੇ ਘੋਲ ਦੀ ਹਮਾਇਤ ਕਰਦੇ ਹੋਏ ਹਰ ਪ੍ਰਕਾਰ ਦੇ ਸਹਿਯੋਗ ਤੇ ਸਹਾਇਤਾ ਦਾ ਭਰੋਸਾ ਦਿੱਤਾ ਗਿਆ।

ਆਪਣੇ ਕਿਰਾਏ ਭਾੜੇ ਦੇ ਗੁੰਡਿਆਂ ਅਤੇ ਪੁਲਿਸ ਪ੍ਰਬੰਧਕਾਂ ਵੱਲੋਂ ਸ਼ਹਿ ਤੇ ਸਹਾਇਤਾ ਤੋਂ ਦਲੇਰ ਹੋ ਬਿਸਵੇਦਾਰੀ ਅੰਸ਼ 'ਅਮਨ ਕਾਨੂੰਨ' ਸਗੋਂ 'ਮਨੁੱਖਤਾ' ਨੂੰ ਵੀ ਪੂਰੀ ਪ੍ਰਕਾਰ ਭੁੱਲ ਬੈਠੇ ਸਨ। ਦੂੰਨਾ ਕੋਟ ਦਾ ਹਰਨਾਮ ਸਿੰਘ ਮੁਜ਼ਾਰਾ ਪਿੰਡ ਬੁਢਲਾਡਾ ਵਿਖੇ ਕਤਲ ਕਰ ਦਿੱਤਾ ਗਿਆ। ਪਿੰਡ ਕਰਮਗੜ੍ਹ ਦਾ ਕਰਤਾਰ ਸਿੰਘ ਖੇਤਾਂ ਵਿਚ ਕੰਮ ਕਰਦਾ ਬਿਸਵੇਦਾਰ ਨੇ ਕਤਲ ਕਰ ਦਿੱਤਾ। ਨੰਗਲ ਕਲਾਂ ਤੇ ਖੁਰਦ, ਬਾਜੇ ਵਾਲਾ, ਕਾਹਨਗੜ੍ਹ, ਫਰਵਾਹੀ, ਕਿਸ਼ਨਗੜ੍ਹ, ਬਖਸ਼ੀਵਾਲਾ ਆਦਿ ਪਿੰਡਾਂ ਵਿਚ ਕਨਕੂਤ ਅਨੁਸਾਰ ਬਟਾਈ ਸਬੰਧੀ ਝਗੜੇ ਤੇ ਹੱਥੋਪਾਈ ਹੋਈ।

ਜੰਗੀਰ ਸਿੰਘ ਜੋਗਾ, ਧਰਮ ਸਿੰਘ ਫੱਕਰ, ਅਰਜਨ ਸਿੰਘ ਭਦੌੜ, ਚੰਦ ਸਿੰਘ ਭਦੌੜ, ਕਿਸ਼ਨ ਸਿੰਘ ਨੰਗਲ, ਅਜਮੇਰ ਸਿੰਘ ਤਾਮਕੋਟ, ਜੋਗਾ ਸਿੰਘ, ਭਾਗ ਸਿੰਘ ਦਲੇਰ ਸਿੰਘ ਵਾਲਾ, ਦਲੀਪ ਸਿੰਘ ਦਿਆਲਪੁਰਾ, ਭਾਗ ਸਿੰਘ, ਬਚਿੱਤਰ ਸਿੰਘ ਮਲਕਪੁਰ ਖਿਆਲਾ, ਬਾਬਾ ਹਰਨਾਮ ਸਿੰਘ ਧਰਮਗੜ੍ਹ, ਪ੍ਰੇਮ ਸਿੰਘ ਲਗਨ, ਗੁਰਬਚਨ ਸਿੰਘ ਰਾਹੀ, ਘੁੰਮਣ ਸਿੰਘ ਉਗਰਾਹਾਂ, ਬਿੱਲੂ ਮੱਲ ਗੋਬਿੰਦਗੜ੍ਹ ਇਹਨਾਂ ਘੋਲਾਂ ਵਿਚ ਸਦਾ ਮੋਹਰੀ ਰਹੇ, ਭਾਵੇਂ ਇਹ ਘੋਲ ਅਜੇ ਪਿੰਡ ਜਾਂ ਵਧ ਤੋਂ ਵਧ ਕਿਤੇ ਕਿਤੇ ਇਲਾਕਾ ਪੱਧਰ ਤੱਕ ਹੀ ਸੀਮਤ ਸਨ।

ਸੋ, ਪੰਜਾਬ ਦੀਆਂ ਰਿਆਸਤਾਂ ਵਿਚ ਕਿਸਾਨ ਮੁਜ਼ਾਰਾ ਲਹਿਰ ਪਿੰਡ ਪਿੰਡ ਖਿਲਰੀ ਆਪ-ਹੁਦਰੀ ਚੱਲ ਰਹੀ ਸੀ। ਕਿਸਾਨੀ ਘਰਾਣਿਆਂ ਵਿਚੋਂ ਆਏ ਉੱਠੇ ਪਰਜਾ ਮੰਡਲ ਦੇ ਆਗੂ ਤੇ ਕਾਮੇ ਆਪਣੇ-ਆਪਣੇ ਢੰਗ ਨਾਲ ਪਿੰਡ-ਪਿੰਡ ਲਹਿਰ ਦੇ ਨਾਲ ਚਲਦੇ ਤੇ ਕੰਮ ਕਰਦੇ। ਰਿਆਸਤੀ ਪੱਧਰ ਦੀ ਨਾ ਕੋਈ ਜਥੇਬੰਦੀ ਸੀ, ਨਾ ਲੰਮੀ ਡੂੰਘੀ ਸੋਚ ਦੇ ਦਾਅ ਪੇਚ ਸਨ ਤੇ ਨਾ ਕੋਈ ਸਾਂਝਾ ਨਿਸ਼ਾਨਾ।

ਬਿਸਵੇਦਾਰ ਖੁੱਲ੍ਹੇਆਮ ਕਿਰਾਏ ਭਾੜੇ ਦੇ ਗੁੰਡਿਆਂ ਨੂੰ ਵਰਤਦੇ, ਰਿਆਸਤੀ ਪ੍ਰਬੰਧਕ ਢਾਂਚੇ ਤੇ ਕਚਹਿਰੀਆਂ ਨੂੰ ਸਿੱਧਾ ਨੰਗਾ ਆਪਣੇ ਹੱਕ ਵਿਚ ਵਰਤਦੇ ਤੇ ਮੁਜ਼ਾਰਿਆਂ ਨੂੰ ਜੁਰਮਾਨੇ, ਬੇਦਖਲੀਆਂ ਆਦਿ ਸਜ਼ਾਵਾਂ ਦਿਵਾਉਂਦੇ ਸਨ। ਕਈ-ਕਈ ਮੀਲ ਲੰਮੇ ਸਫਰ ਪੈਦਲ ਕਰਦੇ, ਮੁਜ਼ਾਰੇ ਸਭ ਦੁੱਖ ਤਕਲੀਫ ਸਹਿਣ ਕਰਦੇ, ਕਚਹਿਰੀਆਂ ਵਿਚ ਵੀ ਜਾਂਦੇ, ਤਰੀਕਾਂ ਭੁਗਤਦੇ ਤੇ ਖੇਤਾਂ ਖਲਵਾਣਾਂ ਵਿਚ ਵੀ ਆਪਣੀ ਖ਼ੂਨ-ਪਸੀਨੇ ਦੀ ਕਮਾਈ ਜ਼ਮੀਨੀ ਪੈਦਾਵਾਰ ਬਚਾਉਣ ਤੇ ਘਰ ਲਿਆਉਣ ਲਈ ਵੀ ਲੜ ਰਹੇ ਸਨ। ਉਹਨਾਂ ਪਾਸ ਟੱਬਰ ਕਬੀਲੇ ਲਈ ਰੋਟੀ ਰੁਜ਼ਗਾਰ ਦਾ ਹੋਰ ਕੋਈ ਸਾਧਨ ਸੋਮਾ ਨਾ ਹੋਣ ਕਾਰਨ ਆਪਣੀ ਜ਼ਮੀਨ ਹਲ ਹੇਠਾਂ ਰੱਖਣ ਤੇ ਭੂਮੀ ਪੈਦਾਵਾਰ ਨੂੰ ਆਪ ਆਪਣੇ ਹੱਕ ਵਿਚ ਵਰਤਣ ਲਈ ਮੁਜ਼ਾਰੇ ਕਿਸਾਨ ਹਰ ਪ੍ਰਕਾਰ ਦੀਆਂ ਪਰੇਸ਼ਾਨੀਆਂ ਕੁਰਬਾਨੀਆਂ ਆਪਣੇ ਵਿੱਤ ਅਨੁਸਾਰ ਮੁਕਾਬਲਾ ਕਰਦੇ ਹੋਏ ਸਹਿਨ ਕਰ ਰਹੇ ਸਨ।

# ਸਾਡੀ ਲਹਿੰਦੇ ਪੰਜਾਬ ਦੀ ਫੇਰੀ

**ਤੀਜਾ ਦਿਨ:** ਤੀਜੇ ਦਿਨ ਦਾ ਪੈਂਡਾ ਬਹੁਤ ਲੰਬਾ ਸੀ, ਜਿਸ ਕਰਕੇ ਸਵੇਰੇ ਸਾਜਰੇ ਹੀ ਚੱਲਣ ਦਾ ਵਿਚਾਰ ਸੀ। ਅੱਜ ਦੇ ਦਿਨ ਹੜੱਪਾ ਸੱਭਿਅਤਾ ਅਤੇ ਪਾਕ ਪੱਤਣ ਦੇ ਨਾਲ ਨਾਲ ਸਮਾਂ ਮਿਲਣ 'ਤੇ ਕਸੂਰ ਸ਼ਹਿਰ ਜਾਣ ਦਾ ਪ੍ਰੋਗਰਾਮ ਸੀ। ਪਾਕ ਪੱਤਣ ਵਿਚ ਬਾਬਾ ਫ਼ਰੀਦ ਜੀ ਦੀ ਦਰਗਾਹ ਹੈ। ਜੁੰਮੇ ਦਾ ਦਿਨ ਹੋਣ ਕਰਕੇ ਸਥਾਨਕ ਸ਼ਰਧਾਲੂ ਬਹੁਤ ਸਨ ਪਰ ਸਾਡੇ ਪਹੁੰਚਣ 'ਤੇ ਪ੍ਰਬੰਧਕਾਂ ਵਲੋਂ ਖਾਸ ਪ੍ਰਬੰਧ ਕੀਤੇ ਹੋਏ ਸਨ ਜਿਸ ਕਰਕੇ ਸਾਨੂੰ ਲੰਮੀਆਂ ਕਤਾਰਾਂ ਵਿਚ ਖੜ੍ਹਨ ਦੀ ਲੋੜ ਨਹੀਂ ਪਈ। ਸਕਿਉਰਿਟੀ ਚੈੱਕ ਤੋਂ ਬਾਅਦ ਸਾਨੂੰ ਸਾਰਿਆਂ ਨੂੰ ਇਕੱਠੇ ਕਰ ਕੇ ਬਾਬਾ ਫ਼ਰੀਦ ਜੀ ਦੀ ਦਰਗਾਹ ਅਤੇ ਉਨ੍ਹਾਂ ਦੇ ਨਾਲ ਹੀ ਉਨ੍ਹਾਂ ਦੇ ਫ਼ਰਜ਼ੰਦ ਦੀ ਦਰਗਾਹ ਦੇ ਦਰਸ਼ਨ ਕਰਾਏ ਗਏ। ਉਥੇ ਬਾਬਾ ਜੀ ਦੇ ਪਰਿਵਾਰ ਦੀਆਂ ਹੋਰ ਕਬਰਾਂ ਵੀ ਹਨ। ਇਕ ਹੋਰ ਕਮਰੇ ਵਿਚ ਬਾਬਾ ਜੀ ਦੇ ਵਸਤਰ ਅਤੇ ਕੁਝ ਹੋਰ ਚੀਜ਼ਾਂ ਵੀ ਰੱਖੀਆਂ ਹੋਈਆਂ ਹਨ ਜਿਨ੍ਹਾਂ ਵਿਚ ਇਕ ਗੋਲ ਆਕਾਰ ਦੀ ਕਾਠ ਦੀ, ਜਿਸਨੂੰ ਰੋਟੀ ਕਿਹਾ ਜਾਂਦਾ ਹੈ, ਵੀ ਸੀ।

ਪਾਕ ਪੱਤਣ ਤੋਂ ਚੱਲ ਕੇ ਅਸੀਂ ਹੜੱਪਾ ਪਹੁੰਚੇ ਜਿੱਥੇ ਜ਼ਮੀਨ 'ਚੋਂ ਖੋਦ ਕੇ ਕੱਢੀਆਂ ਹੋਈਆਂ ਪੁਰਾਣੀਆਂ ਕੰਧਾਂ ਦੇਖਣ ਨੂੰ ਮਿਲਦੀਆਂ ਹਨ। ਇਸ ਦੇ ਨੇੜੇ ਹੀ ਗੁਰੂ ਨਾਨਕ ਸਾਹਿਬ ਦੀ ਛੋਹ ਪ੍ਰਾਪਤ ਇਕ ਗੁਰਦੁਆਰਾ ਵੀ ਹੈ, ਜਿਸ ਦਾ ਨਾਂ ਨਾਨਕਸਰ ਹੈ। ਵਾਪਸ ਆਉਂਦਿਆਂ ਕਾਫੀ ਸਮਾਂ ਹੋ ਚੁੱਕਾ ਸੀ ਜਿਸ ਕਰਕੇ ਕਸੂਰ ਨਹੀਂ ਜਾ ਸਕੇ ਜੋ ਕਿ ਬਾਬਾ ਬੁੱਲ੍ਹੇ ਸ਼ਾਹ ਜੀ ਦਾ ਨਗਰ ਹੈ। ਲਾਹੌਰ ਪਹੁੰਚਣ ਤੋਂ ਬਾਅਦ ਇਕ ਆਡੀਟੋਰੀਅਮ ਵਿਚ ਬਾਬਾ ਬੁੱਲ੍ਹੇ ਸ਼ਾਹ ਬਾਰੇ ਇਕ ਨਾਟਕ ਦੇਖਣ ਦਾ ਮੌਕਾ ਮਿਲਿਆ ਜੋ ਲਾਹੌਰ ਦੇ ਕਈ ਨੌਜਵਾਨਾਂ ਵਲੋਂ ਰਲ ਕੇ ਮਾਂ ਬੋਲੀ ਪੰਜਾਬੀ ਨੂੰ ਮੁੜ ਬਹਾਲ ਕਰਨ ਦੇ ਵੱਡੇ ਉਪਰਾਲੇ ਵਜੋਂ ਕੀਤਾ ਜਾ ਰਿਹਾ ਹੈ।







**ਚੌਥਾ ਦਿਨ:** ਅੱਜ ਦਾ ਸਫ਼ਰ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਨਗਰ ਗੁੱਜਰਾਂਵਾਲਾ ਦਾ ਸੀ। ਅਸੀਂ ਏਮਨਾਬਾਦ, ਜੋ ਭਾਈ ਲਾਲੋ ਦਾ ਸ਼ਹਿਰ ਹੈ, ਵਿਚ ਸਥਿਤ ਗੁਰਦੁਆਰਾ ਰੋੜੀ ਸਾਹਿਬ, ਜਿਸ ਨੂੰ ਗੁਰੂ ਨਾਨਕ ਸਾਹਿਬ ਦੀ ਚਰਨ ਛੋਹ ਪ੍ਰਾਪਤ ਹੈ, ਦੇ ਦਰਸ਼ਨ ਕਰਨ ਉਪਰੰਤ ਭਾਈ ਲਾਲੋ ਦੀ ਖੂਹੀ ਅਤੇ ਉਹ ਅਸਥਾਨ ਜਿੱਥੇ ਗੁਰੂ ਨਾਨਕ ਸਾਹਿਬ ਨੂੰ ਬਾਬਰ ਨੇ ਜੇਲ੍ਹ ਵਿਚ ਚੱਕੀ ਪੀਸਣ ਦੀ ਸਜ਼ਾ ਦਿੱਤੀ ਸੀ, ਦੇ ਵੀ ਦਰਸ਼ਨ ਕੀਤੇ। ਫੇਰ ਸਿਆਲਕੋਟ ਸ਼ਹਿਰ ਵਿਖੇ ਗੁਰਦੁਆਰਾ ਬਾਬੇ ਦੀ ਬੇਰ ਸਾਹਿਬ ਦੇ ਦਰਸ਼ਨ ਕੀਤੇ ਜਿੱਥੇ ਗੁਰੂ ਨਾਨਕ ਸਾਹਿਬ ਨੇ ਹਮਜ਼ਾ ਘਾਉਸ (ਇਕ ਪੀਰ ਜਿਸ ਨੇ ਸਿਆਲਕੋਟ ਸ਼ਹਿਰ ਵਾਸੀਆਂ ਨਾਲ ਗੁੱਸੇ ਵਿਚ ਆ ਕੇ ਸ਼ਹਿਰ ਤਬਾਹ ਕਰਨ ਲਈ ਚਿੱਲਾ ਰੱਖਿਆ ਸੀ) ਨੂੰ ਸਮਝਾ ਕੇ ਸਿਆਲਕੋਟ ਸ਼ਹਿਰ ਨੂੰ ਬਰਬਾਦੀ ਤੋਂ ਬਚਾਇਆ।

**ਪੰਜਵਾਂ ਦਿਨ:** ਗੁੱਜਰਾਂਵਾਲਾ ਵਿਖੇ ਰਾਤ ਗੁਜ਼ਾਰਨ ਤੋਂ ਬਾਅਦ ਸਵੇਰ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਹਵੇਲੀ ਵੇਖੀ ਜੋ ਬਹੁਤੀ ਚੰਗੀ ਹਾਲਤ ਵਿਚ ਨਹੀਂ ਹੈ। ਇਸ ਨੂੰ ਸਾਂਭ-ਸੰਭਾਲ ਦੀ ਖਾਸ ਜ਼ਰੂਰਤ ਹੈ। ਇਸ ਦੇ ਨੇੜੇ ਹੀ ਸਿੱਖਾਂ ਦੇ ਪ੍ਰਸਿੱਧ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਜੀ ਦਾ ਨਿਵਾਸ ਸਥਾਨ ਵੀ ਸਥਿਤ ਹੈ, ਜੋ ਇਕ ਪਰਿਵਾਰ ਦੇ ਕਬਜ਼ੇ ਵਿਚ ਹੈ। ਸੋ ਗੌਰ ਕਰਨ ਵਾਲੀ ਗੱਲ ਹੈ ਕਿ ਸਿੱਖ ਰਾਜ ਨਾਲ ਜੁੜੇ ਹੋਏ ਕੁਝ ਅਸਥਾਨ ਐਸੇ ਹਨ, ਜਿਨ੍ਹਾਂ 'ਤੇ ਸਿੱਖ ਕੌਮ ਨੂੰ ਖਾਸ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਸਿੱਖੀ ਵਿਰਾਸਤ ਦੀ ਸੰਭਾਲ ਹੋ ਸਕੇ। ਇਸ ਤੋਂ ਅੱਗੇ ਵਜ਼ੀਰਾਬਾਦ ਤੋਂ ਹੁੰਦੇ ਹੋਏ ਰੋਹਤਾਸ ਕਿਲਾ, ਜੋ ਸ਼ੇਰ ਸ਼ਾਹ ਸੂਰੀ ਦਾ ਬਣਾਇਆ ਹੋਇਆ ਹੈ, ਵੀ ਦੇਖਿਆ। ਇਸ ਦੇ ਨਾਲ ਹੀ ਮਾਤਾ ਸਾਹਿਬ ਕੌਰ ਜੀ ਦਾ ਜਨਮ ਅਸਥਾਨ ਵੀ ਹੈ। ਨਾਲ ਲੱਗਦੀ ਪਹਾੜੀ ਦੇ ਥੱਲੇ ਵੱਲ ਨੂੰ ਗੁਰੂ ਨਾਨਕ ਸਾਹਿਬ ਵਲੋਂ ਸਥਾਨਕ ਲੋਕਾਂ ਵਾਸਤੇ ਪਾਣੀ ਦਾ ਜ਼ਖੀਰਾ ਬਖਸ਼ਿਆ ਗਿਆ, ਜਿੱਥੇ ਗੁਰਦੁਆਰਾ ਚੋਆ ਸਾਹਿਬ ਸੁਸ਼ੋਭਿਤ ਹੈ। ਇਸ ਗੁਰਦੁਆਰਾ ਸਾਹਿਬ ਦੀ ਖ਼ਾਸੀਅਤ ਇਹ ਹੈ ਇਸ ਦੀ ਇਮਾਰਤ ਦੀ ਮੁਰੰਮਤ ਕਰ ਕੇ ਬਿਲਕੁਲ ਓਹੀ ਮੁਢਲੀ ਸੂਰਤ ਦਿੱਤੀ ਗਈ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਸੀ। ਯਾਦ ਰੱਖਣਯੋਗ ਗੱਲ ਹੈ ਕਿ ਪਾਕਿਸਤਾਨ ਦੇ ਬਹੁਤ ਸਾਰੇ ਗੁਰਦੁਆਰੇ ਮਹਾਰਾਜੇ ਨੇ ਹੀ ਬਣਵਾਏ ਸਨ। ਉਸ ਤੋਂ ਬਾਅਦ ਰਾਤ ਨੂੰ ਇਸਲਾਮਾਬਾਦ ਪਹੁੰਚੇ ਜਿੱਥੇ ਅਗਲੀਆਂ ਤਿੰਨ ਰਾਤਾਂ ਰਹਿਣ ਦਾ ਪ੍ਰਬੰਧ ਕੀਤਾ ਗਿਆ ਸੀ।

# ਨਵੀਂ ਸਰਕਾਰ ਲਈ ਆਰੰਭ ਹੋਣ ਵਾਲੀ ਹੈ ਟੈੱਸਟਾਂ ਦੀ ਲੜੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇੱਕ ਪੁਰਾਣੀ ਕਹਾਣੀ ਸਾਡੇ ਵਿਚੋਂ ਬਹੁਤ ਸਾਰਿਆਂ ਨੇ ਸੁਣੀ ਹੋਈ ਹੈ ਕਿ ਇੱਕ ਕਲਾਕਾਰ ਨੇ ਤਸਵੀਰ ਬਣਾ ਕੇ ਚੌਕ ਵਿਚ ਰੱਖ ਦਿੱਤੀ ਅਤੇ ਨਾਲ ਇੱਕ ਪੈੱਨ ਰੱਖ ਕੇ ਕੋਲ ਤਖਤੀ ਗੱਡ ਦਿੱਤੀ ਕਿ ਇਸ ਵਿਚ ਜਿੱਥੇ ਕੋਈ ਨੁਕਸ ਦੇਖਦੇ ਹੋ, ਉਸ ਥਾਂ ਨਿਸ਼ਾਨੀ ਲਾ ਦਿਓ। ਅਗਲੇ ਦਿਨ ਤੱਕ ਉਹ ਸਾਰੀ ਤਸਵੀਰ ਲੋਕਾਂ ਨੇ ਨਿਸ਼ਾਨੀਆਂ ਲਾ-ਲਾ ਕੇ ਭਰ ਦਿੱਤੀ ਤੇ ਇੰਜ ਜਾਪਦਾ ਸੀ ਕਿ ਲੋਕਾਂ ਦੀ ਸਮਝ ਵਿਚ ਉਸ ਕਲਾਕਾਰ ਨੂੰ ਤਸਵੀਰ ਬਣਾਉਣੀ ਹੀ ਨਹੀਂ ਆਉਂਦੀ। ਉਸ ਕਲਾਕਾਰ ਨੇ ਅਗਲੇ ਦਿਨ ਓਸੇ ਤਸਵੀਰ ਦੇ ਨਾਲ ਦੀ ਤਸਵੀਰ ਓਸੇ ਥਾਂ ਰੱਖ ਕੇ ਨਾਲ ਪੈੱਨ ਦੀ ਬਜਾਏ ਬੁਰਸ਼ ਅਤੇ ਹੋਰ ਸਾਮਾਨ ਰੱਖਿਆ ਅਤੇ ਤਖਤੀ ਲਾ ਦਿੱਤੀ ਕਿ ਜਿੱਥੇ ਕੋਈ ਨੁਕਸ ਦਿੱਸਦਾ ਹੈ, ਠੀਕ ਕਰਨ ਦੀ ਕ੍ਰਿਪਾ ਕਰੋ। ਅਗਲੇ ਦਿਨ ਤੱਕ ਲੋਕ ਆਈ ਗਏ, ਵੇਖ ਕੇ ਅੱਗੇ ਲੰਘਦੇ ਗਏ, ਕਿਸੇ ਨੇ ਵੀ ਠੀਕ ਕਰਨ ਦੀ ਹਿੰਮਤ ਨਹੀਂ ਸੀ ਵਿਖਾਈ, ਕਿਉਂਕਿ ਤਸਵੀਰ ਦੇ ਨੁਕਸ ਕੱਢਣਾ ਹੀ ਸੌਖਾ ਸੀ, ਉਸ ਦੇ ਨੁਕਸ ਦੂਰ ਕਰਨਾ ਨੁਕਸ ਦੱਸਣ ਵਰਗਾ ਸੌਖਾਲਾ ਕੰਮ ਨਹੀਂ ਸੀ।

ਭਾਰਤ ਅਤੇ ਇਸ ਵਿਚ ਸਾਡੇ ਪੰਜਾਬ ਦੇ ਰਾਜ ਪ੍ਰਬੰਧ ਵਿਚਲੇ ਨੁਕਸ ਦੱਸਣਾ ਵੀ ਸੌਖਾ ਹੋ ਸਕਦਾ ਹੈ ਅਤੇ ਸਾਡੇ ਵਿਚੋਂ ਹਰ ਕੋਈ ਪੰਜ ਨੁਕਸ ਪੁੱਛੇ ਜਾਣ ਉੱਤੇ ਪੈਂਤੀ ਗਿਣਾ ਸਕਦਾ ਹੋਵੇਗਾ, ਇਨ੍ਹਾਂ ਨੁਕਸਾਂ ਨੂੰ ਠੀਕ ਕਰਨਾ ਔਖਾ ਹੈ ਤੇ ਠੀਕ ਕਰਨ ਦੇ ਨਾਂਅ ਉੱਤੇ ਕੁਝ ਕਰ ਕੇ ਵਿਖਾਉਣਾ ਹੋਰ ਔਖਾ ਹੈ। ਸਿਰਫ ਔਖਾ ਕਹਿਣ ਦੀ ਥਾਂ ਬਹੁਤ ਸਾਰੇ ਸੱਜਣਾਂ ਨੂੰ ਇਹ ਕਹਿਣ ਵਿਚ ਝਿਜਕ ਨਹੀਂ ਹੋਵੇਗੀ ਕਿ ਇਹ ਕੰਮ ਤਾਂ ਹੋਣ ਵਾਲਾ ਹੀ ਨਹੀਂ। ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਵਿਚ ਜਿਹੜੇ ਲੋਕ ਸ਼ਾਮਲ ਹੋਏ ਸਨ, ਉਹ ਕਿਹਾ ਕਰਦੇ ਸਨ ਕਿ ਲੀਡਰ ਦੀ ਨੀਤ ਠੀਕ ਚਾਹੀਦੀ ਹੈ, ਸਮਾਜ ਨੂੰ ਠੀਕ ਕਰਨਾ ਔਖਾ ਨਹੀਂ। ਉਹ ਇਹ ਸੋਚਦੇ ਸਨ ਕਿ ਆਗੂ ਦਾ ਠੀਕ ਹੋਣਾ ਹੀ ਸਾਰਾ ਕੁਝ ਠੀਕ ਕਰ ਦੇਵੇਗਾ, ਪਰ ਅਸੀਂ ਉਸ ਵੇਲੇ ਵੀ ਕਹਿੰਦੇ ਸਾਂ ਕਿ ਜਿਹੜੇ ਸਮਾਜ ਵਿਚ ਭ੍ਰਿਸ਼ਟਾਚਾਰ ਘਰ-ਘਰ ਅਤੇ ਨਸ-ਨਸ ਵਿਚ ਵੜਿਆ ਪਿਆ ਹੋਵੇ, ਉਸ ਦੇਸ਼ ਵਿਚ ਇਹ ਏਨਾ ਸੌਖਾ ਕੰਮ ਨਹੀਂ ਮੰਨਿਆ ਜਾ ਸਕਦਾ। ਇਹ ਗੱਲ ਅਸੀਂ ਅੱਜ ਵੀ ਕਹਿ ਸਕਦੇ ਹਾਂ।

ਸਾਡੇ ਵਿਚੋਂ ਬਹੁਤ ਸਾਰਿਆਂ ਦੀ ਇਹ ਆਮ ਧਾਰਨਾ ਹੈ ਕਿ ਆਗੂ ਤੇ ਅਫਸਰ ਗਲਤ ਹੋ ਸਕਦੇ ਹਨ, ਸਮਾਜ ਦੀ ਨੀਂਹ ਮੰਨੇ ਜਾਂਦੇ ਆਮ ਲੋਕ ਗਲਤ ਨਹੀਂ ਹੁੰਦੇ। ਪਿਛਲੇ ਸਮੇਂ ਵਿਚ ਸਾਡੀਆਂ ਅੱਖਾਂ ਅੱਗੇ ਇਹ ਕੁਝ ਵੀ ਹੋਇਆ ਕਿ ਭ੍ਰਿਸ਼ਟ ਲੀਡਰਾਂ ਨੇ ਆਮ ਲੋਕਾਂ ਨੂੰ ਗਲਤ ਲੀਹੇ ਪਾ ਕੇ ਪੰਜੀ-ਦੁੱਕੀ ਦੇ ਭ੍ਰਿਸ਼ਟਾਚਾਰ ਵਿਚ ਏਦਾਂ ਫਸਾ ਦਿੱਤਾ ਕਿ ਗਲਤ ਕੰਮਾਂ ਦੇ ਖ਼ਿਲਾਫ ਬੋਲਣ ਅਤੇ ਕੁਝ ਕਰਨ ਵਾਲਾ ਹਰ ਵਿਅਕਤੀ ਜਾਂ ਤਾਂ ਚੋਣਵੀਆਂ ਮੱਛੀਆਂ ਫੜੇ, ਜਾਂ ਫਿਰ ਸਮਾਜ ਦੇ ਆਮ ਲੋਕਾਂ ਨਾਲ ਆਢਾ ਲਾਉਣ ਲੱਗਾ ਰਹੇਗਾ। ਇਹ ਗੱਲ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਵਜੋਂ ਪਹਿਲੀ ਵਾਰ ਪੰਜਾਬ ਦੀ ਵਾਗ ਫੜਨ ਵੇਲੇ ਵੀ ਕਹੀ ਸੀ। ਕਾਰਨ ਇਹ ਸੀ ਕਿ ਉਸ ਨੇ ਆਉਂਦੇ ਸਾਰ ਪਿਛਲੀ ਬਾਦਲ ਸਰਕਾਰ ਦੇ ਵੇਲੇ ਸਮਾਜ-ਭਲਾਈ ਸਕੀਮ ਵਾਲੀਆਂ ਬੁਢਾਪਾ, ਵਿਧਵਾ ਅਤੇ ਹੋਰ ਪੈਨਸ਼ਨਾਂ ਅਤੇ ਸ਼ਗਨ ਸਕੀਮ ਦੇ ਫੰਡਾਂ ਦੀ ਵਰਤੋਂ ਦੀ ਜਾਂਚ ਸ਼ੁਰੂ ਕਰਵਾ ਦਿੱਤੀ ਸੀ। ਪਹਿਲੇ ਝਟਕੇ ਵਿਚ ਹੀ ਇਹ ਗੱਲ ਬਾਹਰ ਆ ਗਈ ਕਿ ਪੰਜਾਬ ਵਿਚ ਵੀਹ ਹਜ਼ਾਰ ਤੋਂ ਵੱਧ ਲੋਕਾਂ ਨੂੰ ਇਹ ਪੈਨਸ਼ਨਾਂ ਗਲਤ ਮਿਲੀ ਜਾ ਰਹੀਆਂ ਸਨ। ਜਵਾਨ ਮੁੰਡਿਆਂ ਨੇ ਬੁਢਾਪਾ ਪੈਨਸ਼ਨ ਲਈ ਵੱਡੀ ਉਮਰ ਦੇ ਸਰਟੀਫਿਕੇਟ ਡਾਕਟਰਾਂ ਤੋਂ ਬਣਵਾਏ ਸਨ ਤਾਂ ਜਾਂਚ ਵਿਚ ਉਹ ਸਾਰੇ ਡਾਕਟਰ ਤੇ ਪਿੰਡ ਦੇ ਲੰਬੜਦਾਰ ਸਮੇਤ ਕਈ ਲੋਕ ਫਸਣੇ ਸਨ। ਕੁਆਰੀਆਂ ਕੁੜੀਆਂ ਦੀ ਵਿਧਵਾ ਪੈਨਸ਼ਨ ਦੇ ਕੇਸਾਂ ਵਿਚ ਵੀ ਇਹੋ ਕੁਝ ਹੋਇਆ ਸੀ ਅਤੇ ਸ਼ਗਨ ਸਕੀਮ ਦੇ ਚੈੱਕਾਂ ਵਿਚ ਹੋਰ ਵੀ ਕਮਾਲ ਹੋ ਗਈ ਸੀ। ਫਰੀਦਕੋਟ ਵਿਚ ਇੱਕ ਅਕਾਲੀ ਕੌਂਸਲਰ ਨੇ ਆਪਣੀ ਮਾਂ ਨੂੰ ਉਨ੍ਹਾਂ ਦੋ ਧੀਆਂ ਦੇ ਵਿਆਹ ਦੇ ਚੈੱਕ ਦਿਵਾ ਲਏ ਸਨ, ਜਿਹੜੀਆਂ ਕਦੀ ਜੰਮੀਆਂ ਹੀ ਨਹੀਂ ਸਨ ਤੇ ਜਦੋਂ ਇਸ ਦੀ ਜਾਂਚ ਹੋਈ ਤਾਂ ਉਨ੍ਹਾਂ ਦੇ ਅਣਹੋਏ ਵਿਆਹਾਂ ਦੀ ਤਸਦੀਕ ਉਸ ਨੇ ਦੂਸਰੇ ਕੌਂਸਲਰ ਤੋਂ ਕਰਵਾਈ ਨਿਕਲੀ ਸੀ। ਏਦਾਂ ਹਰ ਕੇਸ ਵਿਚ ਇੱਕ ਲਾਭ-ਪਾਤਰੀ ਦੇ ਨਾਲ ਤਸਦੀਕ ਕਰਨ ਵਾਲੇ ਦਸ-ਬਾਰਾਂ ਜਣੇ ਫਸ ਸਕਦੇ ਸਨ ਅਤੇ ਇੱਕ ਜਣਾ ਛੱਡ ਦਿੱਤਾ ਤਾਂ ਬਾਕੀ ਇਸ ਦੀ ਦੁਹਾਈ ਪਾਉਂਦੇ ਸਨ। ਪੰਜਾਬ ਭਰ ਵਿਚੋਂ ਅੱਧੇ ਲੱਖ ਦੇ ਕਰੀਬ ਨਾਜਾਇਜ਼ ਲਾਭ ਹਾਸਲ ਕਰਨ ਵਾਲੇ ਅਤੇ ਉਨ੍ਹਾਂ ਨਾਲ ਤਸਦੀਕ ਕਰਨ ਵਾਲੇ ਲੋਕ ਫੜੇ ਜਾਂਦੇ ਤਾਂ ਲੱਖ ਤੋਂ ਵੱਧ ਲੋਕਾਂ ਨੂੰ ਜੇਲ੍ਹਾਂ ਵਿਚ ਰੱਖਣਾ ਤੇ ਫਿਰ ਉਨ੍ਹਾਂ ਦੇ ਕੇਸ ਦਾ ਅੰਤਲਾ ਫੈਸਲਾ ਹੋਣ ਤੱਕ ਮੁਫਤ ਦੀਆਂ ਰੋਟੀਆਂ ਦੇਣਾ ਕਿਸੇ ਸਰਕਾਰ ਦੇ ਵੱਸ ਦਾ ਨਹੀਂ ਸੀ। ਇਸ ਦੇ ਨਾਲ ਪਿੰਡ-ਪਿੰਡ ਨਵੀਂ ਸਰਕਾਰ ਦੇ ਖ਼ਿਲਾਫ ਇੱਕ ਮੁਹਿੰਮਬਾਜ਼ਾਂ ਦੀ ਨਵੀਂ ਧਿਰ ਵੀ ਖੜੀ ਹੋ ਜਾਣੀ ਸੀ, ਜਿਸ ਤੋਂ ਬਚਣ ਲਈ ਕਾਂਗਰਸੀਆਂ ਨੇ ਫਾਰਮੂਲਾ ਲੱਭ ਲਿਆ ਕਿ ਕਿਸੇ ਨੂੰ ਫੜਨ ਦੀ ਲੋੜ ਨਹੀਂ, ਜਿਹੜਾ ਕਮਾਈ ਦਾ ਰਾਹ ਅਕਾਲੀਆਂ ਨੇ ਵਰਤਿਆ ਹੋਇਆ ਸੀ, ਉਹੀ ਰਾਹ ਕਾਂਗਰਸ ਦੇ ਉੱਪਰੋਂ ਲੈ ਕੇ ਹੇਠਾਂ ਪਿੰਡ ਪੱਧਰ ਤੱਕ ਦੇ ਆਗੂ ਵੀ ਵਰਤਣ ਲੱਗ ਪਏ।

ਅਗਲੇ ਵੀਹ ਸਾਲ ਇਨ੍ਹਾਂ ਦੋਵਾਂ ਰਾਜਸੀ ਪਾਰਟੀਆਂ ਦੇ ਆਗੂਆਂ ਨੇ ਹਰ ਪਾਸੇ ਆਮ ਲੋਕਾਂ ਨੂੰ ਪੰਜੀ-ਦੁੱਕੀ ਵਾਲਾ ਦਾਅ ਲਾਉਣ ਦਾ ਇਹੋ ਜਿਹਾ ਚਸਕਾ ਲਾਇਆ ਕਿ 'ਚੋਰੀ ਲੱਖ ਦੀ ਵੀ ਤੇ ਕੱਖ ਦੀ ਵੀ' ਦੇ ਅਖਾਣ ਵਾਂਗ ਅਕਾਲੀ ਅਤੇ ਕਾਂਗਰਸੀ ਵਰਕਰ ਆਮ ਲੋਕਾਂ ਨੂੰ ਉਨ੍ਹਾਂ ਦੀ ਕਮੀ ਦਿਖਾ ਕੇ ਮਗਰ ਲਾ ਤੁਰਦੇ ਹਨ। ਨਹਿਰ ਦੇ ਪਾਣੀ ਦੀ ਚੋਰੀ ਦਾ ਕਿਸੇ ਸਾਧਾਰਨ ਕਿਸਾਨ ਦਾ ਕਦੇ-ਕਦਾਈਂ ਦਾ ਮਾਮਲਾ ਚਰਚਾ ਵਿਚ ਆ ਜਾਂਦਾ ਹੈ ਅਤੇ ਪਹਿਲਾਂ ਕਾਂਗਰਸੀ ਮੰਤਰੀ ਅਤੇ ਫਿਰ ਅਕਾਲੀ ਦਲ ਦੀ ਸਰਕਾਰ ਵੇਲੇ ਚੇਅਰਮੈਨ ਰਹਿ ਚੁੱਕੇ ਲੀਡਰ ਦਾ ਪਰਿਵਾਰ ਨਹਿਰ ਵਿਚ ਪੱਕੇ ਮੋਘੇ ਜੜ ਕੇ ਸਾਰਾ ਪਾਣੀ ਖਿੱਚੀ ਜਾਂਦਾ ਹੋਵੇ, ਟੇਲ ਉੱਤੇ ਕਦੇ ਪਾਣੀ ਨਾ ਪਹੁੰਚਣ ਦੇਵੇ, ਅਣਗੌਲਿਆ ਰਹਿ ਜਾਂਦਾ ਸੀ। ਨਵੀਂ ਸਰਕਾਰ ਆਪਣੇ ਤੌਰ ਉੱਤੇ ਮੁੱਢ ਵਿਚ ਕੁਝ ਕਦਮ ਚੁੱਕਣ ਲੱਗੀ ਹੈ, ਇਸ ਦੇ ਹੇਠਲੇ ਅਫਸਰਾਂ ਨੇ ਪਾਣੀ ਦੀ ਚੋਰੀ, ਘਰਾਂ ਦੇ ਬਿਜਲੀ ਮੀਟਰ ਆਦਿ ਦੇ ਮਾਮਲਿਆਂ ਵਿਚ ਆਮ ਲੋਕਾਂ ਉੱਤੇ ਕੌੜੀ ਅੱਖ ਦੀ ਝਲਕ ਦੇਣੀ ਸ਼ੁਰੂ ਕਰ ਦਿੱਤੀ, ਪਰ ਜਿਹੜੇ ਵੱਡੇ ਲੀਡਰਾਂ ਵੱਲ ਲੱਖਾਂ ਰੁਪਏ ਦੇ ਬਕਾਏ ਹਨ, ਕਰੋੜਾਂ ਦੀ ਚੋਰੀ ਕਰੀ ਜਾਂਦੇ ਹਨ, ਹੇਠਲੇ ਅਧਿਕਾਰੀ ਉਨ੍ਹਾਂ ਵੱਲ ਇਸ ਲਈ ਝਾਕਦੇ ਤੱਕ ਨਹੀਂ ਕਿ ਕੱਲ੍ਹ ਤੱਕ ਉਨ੍ਹਾਂ ਨਾਲ ਮਿਲ ਕੇ ਖਾਂਦੇ ਰਹੇ ਸਨ ਅਤੇ ਭਵਿੱਖ ਵਿਚ ਵੀ ਉਨ੍ਹਾਂ ਦੀ ਇਸ ਰਿਸ਼ਤੇਦਾਰੀ ਲਈ ਝਾਕ ਹਾਲੇ ਮੁੱਕੀ ਨਹੀਂ। ਉਹ ਸਰਕਾਰ ਦੀਆਂ ਹਦਾਇਤਾਂ ਨੂੰ ਟਿੱਚ ਜਾਣਦੇ ਅਤੇ ਰਾਤ-ਦਿਨ ਉਨ੍ਹਾਂ ਨਾਲ ਲਗਾਤਾਰ ਸਾਂਝ ਰੱਖੀ ਜਾ ਰਹੇ ਹਨ, ਜਿਨ੍ਹਾਂ ਨਾਲ ਸਾਲਾਂਬੱਧੀ ਖਾਣ-ਪੀਣ ਅਤੇ ਕਮਾਉਣ ਦਾ ਗੱਠਜੋੜ ਬਣਿਆ ਹੋਇਆ ਹੈ।

ਪੰਜਾਬ ਦੀ ਨਵੀਂ ਸਰਕਾਰ ਦੇ ਮੁੱਖ ਮੰਤਰੀ ਨੇ ਆਪਣੇ ਇੱਕ ਮੰਤਰੀ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਦਾ ਇਕਬਾਲ ਕਰ ਲੈਣ ਦੇ ਬਾਅਦ ਮੰਤਰੀਪੁਣੇ ਤੋਂ ਕੱਢਿਆ ਅਤੇ ਪੁਲਸ ਦੇ ਹਵਾਲੇ ਕੀਤਾ ਹੈ, ਪਰ ਇਸ ਦੀ ਪਹਿਲੇ ਦਿਨ ਜਿਹੜੇ ਲੋਕਾਂ ਨੇ ਸ਼ਲਾਘਾ ਕਰਨ ਦੀ ਹਿੰਮਤ ਵਿਖਾਈ, ਉਸ ਤੋਂ ਅਗਲੇ ਦਿਨ ਇਸ ਉੱਤੇ ਕਿੰਤੂ ਕਰਨ ਲੱਗੇ ਸਨ। ਉਹ ਇਹ ਕਹਿਣ ਲੱਗੇ ਹਨ ਕਿ ਇਹ ਸੰਗਰੂਰ ਦੀ ਸੀਟ ਜਿੱਤਣ ਲਈ ਰਚਿਆ ਡਰਾਮਾ ਹੈ, ਪਰ ਏਦਾਂ ਦਾ ਡਰਾਮਾ ਆਪਣੀ ਸਰਕਾਰ ਹੁੰਦਿਆਂ ਤੋਂ ਕਾਂਗਰਸੀ ਜਾਂ ਅਕਾਲੀ ਕਿਉਂ ਨਹੀਂ ਕਰ ਸਕੇ, ਇਸ ਬਾਰੇ ਉਹ ਕਦੇ ਨਹੀਂ ਬੋਲਦੇ। ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਵੇਲੇ ਭ੍ਰਿਸ਼ਟਾਚਾਰ ਵਿਰੁੱਧ ਵੱਡਾ ਮਾਅਰਕਾ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਰਵਿੰਦਰਪਾਲ ਸਿੰਘ ਸਿੱਧੂ ਉਰਫ ਰਵੀ ਸਿੱਧੂ ਦੀ ਗ੍ਰਿਫਤਾਰੀ ਵਾਲਾ ਮਾਰਿਆ ਤੇ ਹਰ ਪਾਸੇ ਭੱਲ ਬਣਾ ਲਈ ਸੀ, ਪਰ ਇਸ ਦੀ ਭੱਲ ਦੋ ਮਹੀਨੇ ਵੀ ਕਾਇਮ ਨਾ ਰਹਿ ਸਕੀ। ਜਦੋਂ ਰਵੀ ਸਿੱਧੂ ਵਾਲੇ ਬੈਂਕ ਲਾਕਰ ਖੋਲ੍ਹੇ ਤਾਂ ਉਨ੍ਹਾਂ ਵਿਚੋਂ ਨਿਕਲੇ ਨੋਟਾਂ ਨਾਲ ਬੈਂਕ ਬ੍ਰਾਂਚ ਦੇ ਫਰਸ਼ ਦਰੀ ਵਾਂਗ ਢੱਕੇ ਗਏ ਸਨ, ਪਰ ਅਗਲੇ ਦਿਨ ਪਤਾ ਲੱਗਾ ਕਿ ਸਾਰੇ ਪੈਸੇ ਸਰਕਾਰੀ ਖਜ਼ਾਨੇ ਵਿਚ ਪੁੱਜਣ ਦੀ ਥਾਂ ਅੱਧ-ਪਚੱਧੇ ਇਸ ਕੇਸ ਵਿਚ ਪਾਏ ਗਏ ਅਤੇ ਬਾਕੀਆਂ ਲਈ ਬਾਂਦਰ-ਵੰਡ ਦੇ ਕਾਰਨ ਝਗੜਾ ਪੈ ਗਿਆ ਸੀ।


ਇਸ ਵਕਤ ਆਮ ਲੋਕਾਂ ਵਿਚ ਨਵੀਂ ਬਣੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਬਾਰੇ ਪਹਿਲਾ ਪ੍ਰਭਾਵ ਕੁਝ ਚੰਗਾ ਜਾਪਦਾ ਹੈ, ਪਰ ਇਹ ਪ੍ਰਭਾਵ ਕਦੇ ਵੀ ਸਥਾਈ ਨਹੀਂ ਹੁੰਦਾ। ਜੇ ਇਹ ਪ੍ਰਭਾਵ ਕਾਇਮ ਰੱਖਣਾ ਹੈ ਤਾਂ ਅਗਲੇ ਦਿਨਾਂ ਵਿਚ ਮੰਤਰੀ ਅਹੁਦੇ ਤੋਂ ਹਟਾਏ ਗਏ ਵਿਜੇ ਸਿੰਗਲਾ ਵਾਂਗ ਕੁਝ ਹੋਰ ਬੱਦੂ ਬੰਦੇ ਪਕੜਨੇ ਅਤੇ ਲੋਕਾਂ ਨੂੰ ਦੱਸਣਾ ਹੋਵੇਗਾ ਕਿ ਚੁਣ ਕੇ ਇੱਕੋ ਸ਼ਿਕਾਰ ਨਹੀਂ ਫੁੰਡਿਆ, ਭ੍ਰਿਸ਼ਟਾਚਾਰ ਨੂੰ ਹੂੰਝਣ ਦਾ ਆਗਾਜ਼ ਹੀ ਕੀਤਾ ਹੈ। ਆਮ ਆਦਮੀ ਪਾਰਟੀ ਦੇ ਕੁਝ ਵਿਧਾਇਕਾਂ ਬਾਰੇ ਤੇ ਮੰਤਰੀਆਂ ਵਿਚੋਂ ਕੁਝ ਦੇ ਪਰਿਵਾਰਾਂ ਦੇ ਮੈਂਬਰਾਂ ਬਾਰੇ ਗੱਲਾਂ ਸੁਣਨ ਲੱਗ ਪਈਆਂ ਹਨ ਤਾਂ ਉਨ੍ਹਾਂ ਬਾਰੇ ਕੁਝ ਕਰ ਕੇ ਵਿਖਾਉਣਾ ਪਵੇਗਾ, ਨਹੀਂ ਤਾਂ ਇਹ ਪ੍ਰਭਾਵ ਕੱਚੇ ਰੰਗ ਵਾਂਗ ਲੱਥ ਜਾਵੇਗਾ। ਸੰਗਰੂਰ ਹਲਕੇ ਦੀ ਉਪ ਚੋਣ ਹੋਣ ਵਾਲੀ ਹੈ, ਪਰ ਇਹ ਪੰਜਾਬ ਦੀ ਸਰਕਾਰ ਦਾ ਇੱਕੋ-ਇੱਕ ਟੈਸਟ ਨਹੀਂ, ਟੈਸਟਾਂ ਦੀ ਲੜੀ ਦਾ ਮੁੱਢ ਮੰਨ ਕੇ ਚੱਲਣਾ ਪਵੇਗਾ, ਲੋਕ ਪੈਰ-ਪੈਰ ਉੱਤੇ ਸਰਕਾਰ ਦੇ ਵਿਹਾਰ ਨੂੰ ਪਰਖਣਗੇ। ਅਗਲੀਆਂ ਲੋਕ ਸਭਾਂ ਚੋਣਾਂ ਹੋਣ ਨੂੰ ਦੋ ਸਾਲ ਤੋਂ ਘੱਟ ਸਮਾਂ ਬਾਕੀ ਰਹਿ ਗਿਆ ਹੈ, ਅਸਲੀ ਟੈਸਟ ਉਸ ਵੇਲੇ ਹੋਵੇਗਾ। ਸਰਕਾਰ ਬਣਾਉਣ ਤੋਂ ਮਸਾਂ ਦੋ ਸਾਲ ਪਿੱਛੋਂ ਅਕਾਲੀ-ਭਾਜਪਾ ਸਰਕਾਰ ਵੀ ਪਾਰਲੀਮੈਂਟ ਚੋਣਾਂ ਵਿਚ ਹਾਰ ਗਈ ਸੀ ਤੇ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਚੱਲਦੀ ਕਾਂਗਰਸ ਪਾਰਟੀ ਨਾਲ ਵੀ ਦੋ ਸਾਲ ਦੀ ਸਰਕਾਰ ਚੱਲਣ ਪਿੱਛੋਂ ਇਹੋ ਵਾਪਰਿਆ ਸੀ। ਭਗਵੰਤ ਮਾਨ ਦੀ ਅਗਵਾਈ ਹੇਠ ਚੱਲਦੀ ਆਮ ਆਦਮੀ ਪਾਰਟੀ ਨੇ ਏਦਾਂ ਦਾ ਝਟਕਾ ਨਹੀਂ ਖਾਣਾ ਤਾਂ ਉਸ ਨੂੰ ਸੰਭਲ ਕੇ ਚੱਲਣਾ ਹੋਵੇਗਾ।

# 'ਅਮੋਲਕ ਹੀਰਾ': ਅਮੋਲਕ ਸਿੰਘ ਜੰਮੂ ਦੀ ਜਦੋ-ਜਹਿਦ ਦੀ ਦਾਸਤਾਂ

'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸੰਪਾਦਕ ਸੁਰਿੰਦਰ ਸਿੰਘ ਤੇਜ ਦੁਆਰਾ ਸੰਪਾਦਿਤ ਪੁਸਤਕ 'ਅਮੋਲਕ ਹੀਰਾ: ਅਮੋਲਕ ਸਿੰਘ ਜੰਮੂ ਦੀਆਂ ਯਾਦਾਂ ਤੇ ਯੋਗਦਾਨ' ਜੰਮੂ ਸਾਹਿਬ ਦੀ ਜ਼ਿੰਦਗੀ ਦੀ ਜਦੋਜਹਿਦ ਦੀ ਦਾਸਤਾਂ ਬਿਆਨ ਕਰਦੀ ਹੈ। 400 ਪੰਨਿਆਂ ਦੀ ਇਸ ਪੁਸਤਕ ਵਿਚ ਅਮੋਲਕ ਸਿੰਘ ਜੰਮੂ ਵੱਲੋਂ ਆਪਣੇ ਹਫਤਾਵਾਰੀ ਪਰਚੇ 'ਪੰਜਾਬ ਟਾਈਮਜ਼' ਵਿਚ ਲਿਖੇ ਲੇਖ ਪਹਿਲੇ 161 ਪੰਨਿਆਂ ਵਿਚ ਦਿੱਤੇ ਗਏ ਹਨ। ਬਾਕੀ 239 ਪੰਨਿਆਂ ਵਿਚ ਵੱਖ-ਵੱਖ ਵਿਦਵਾਨ ਪੱਤਰਕਾਰਾਂ, ਲੇਖਕਾਂ ਅਤੇ ਸਾਹਿਤਕਾਰਾਂ ਵੱਲੋਂ ਅਮੋਲਕ ਸਿੰਘ ਦੀ ਪੱਤਰਕਾਰੀ ਅਤੇ 'ਪੰਜਾਬ ਟਾਈਮਜ਼' ਦੇ ਪੱਤਰਕਾਰੀ ਵਿਚ ਪਾਏ ਯੋਗਦਾਨ ਬਾਰੇ ਲਿਖੇ ਗਏ ਲੇਖ ਹਨ।

**ਉਜਾਗਰ ਸਿੰਘ**
**ਫੋਨ: +91-94178-13072**

ਸੰਪਾਦਕ ਨੇ ਪੁਸਤਕ ਨੂੰ ਮੁੱਖ ਤੌਰ 'ਤੇ 'ਲਿਖਤੁਮ ਖੁਦ', 'ਯਾਦਾਂ ਆਪਣੀ ਜੂਹ ਦੀਆਂ', 'ਆਗ਼ਾਜ਼ ਨਵੀਂ ਜਦੋਜਹਿਦ ਦਾ', 'ਸਿਰੜ ਸ਼ਖਸੀਅਤ ਅਤੇ 'ਪੈਗ਼ਾਮ ਦਾ ਮਿਆਰ' ਪੰਜ ਭਾਗਾਂ ਵਿਚ ਵੰਡਿਆ ਹੈ। ਮੇਰਾ ਅਮੋਲਕ ਸਿੰਘ ਜੰਮੂ ਨਾਲ ਬਹੁਤਾ ਤਾਲਮੇਲ ਨਹੀਂ ਰਿਹਾ ਪਰ ਮੇਰੇ ਬੀ.ਏ. ਤੱਕ ਦੇ ਜਮਾਤੀ ਰਾਜਿੰਦਰ ਸੋਢੀ ਜੋ 'ਪੰਜਾਬੀ ਟ੍ਰਿਬਿਊਨ' ਵਿਚ ਪਰੂਫ ਰੀਡਰ ਸੀ, ਨਾਲ ਟ੍ਰਿਬਿਊਨ ਦੇ ਦਫ਼ਤਰ ਮਿਲਦਾ ਰਿਹਾ ਹਾਂ। ਜਦੋਂ 'ਪੰਜਾਬੀ ਟ੍ਰਿਬਿਊਨ' ਸ਼ੁਰੂ ਹੋਇਆ, ਉਦੋਂ ਮੈਂ 'ਜਾਗ੍ਰਤੀ' ਦਾ ਸਹਾਇਕ ਸੰਪਾਦਕ ਸੀ। ਰਾਜਿੰਦਰ ਸੋਢੀ ਵੀ ਸਾਹਿਤਕ ਰੁਚੀ ਕਰਕੇ ਸਕੂਲ ਵਿਚੋਂ ਲੈਬਾਰਟਰੀ ਅਟੈਂਡੈਂਟ ਦੀ ਸਰਕਾਰੀ ਨੌਕਰੀ ਛੱਡ ਕੇ 'ਪੰਜਾਬੀ ਟ੍ਰਿਬਿਊਨ' ਵਿਚ ਆਇਆ ਸੀ। ਫਿਰ ਜਦੋਂ ਮੈਂ ਪਟਿਆਲਾ ਵਿਚ ਸਹਾਇਕ ਲੋਕ ਸੰਪਰਕ ਅਧਿਕਾਰੀ ਲੱਗਿਆ ਤਾਂ ਖ਼ਬਰਾਂ ਲਗਵਾਉਣ ਲਈ ਟ੍ਰਿਬਿਊਨ ਦੇ ਦਫਤਰ ਜਾਂਦਾ ਰਹਿੰਦਾ ਸੀ। ਅਮੋਲਕ ਸਿੰਘ ਨਾਲ ਉਦੋਂ ਵੀ ਰਾਜਿੰਦਰ ਸੋਢੀ ਰਾਹੀਂ ਮੇਲ ਜੋਲ ਹੁੰਦਾ ਰਹਿੰਦਾ ਸੀ। ਇਕ ਦੋ ਵਾਰ ਗੁਰਦਿਆਲ ਬਲ ਨਾਲ ਵੀ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ।




ਪਹਿਲੇ ਭਾਗ 'ਲਿਖਤੁਮ ਖੁਦ' ਵਿਚ 'ਪੰਜਾਬ ਟਾਈਮਜ਼' ਦੇ ਸਾਲ 2009 ਦੇ ਅੰਕਾਂ ਵਿਚ ਸੰਪਾਦਕ ਅਮੋਲਕ ਸਿੰਘ ਜੰਮੂ ਦੀ ਕਲਮ ਵਿਚੋਂ ਨਿਕਲੀ 'ਕਮਲਿਆਂ ਦਾ ਟੱਬਰ' ਲੇਖ ਲੜੀ ਪ੍ਰਕਾਸ਼ਤ ਕੀਤੀ ਗਈ ਹੈ। ਇਸ ਭਾਗ ਵਿਚ 7 ਲੇਖ ਹਨ। ਦੂਜੇ ਭਾਗ ਵਿਚ 'ਯਾਦਾਂ ਆਪਣੀ ਜੂਹ ਦੀਆਂ' ਵਿਚ 8 ਲੇਖ ਪਿੰਡ ਵਿਚ ਬਿਤਾਏ ਬਚਪਨ ਤੇ ਉਸ ਤੋਂ ਅਗਲੇ ਵਰ੍ਹਿਆਂ ਦੀਆਂ ਨਮਕੀਨ ਤੇ ਹੁਸੀਨ ਯਾਦਾਂ ਦਾ ਸਿਲਸਿਲਾ ਹੈ। ਇਸ ਵਿਚ ਆਪਣੇ ਪਿੰਡ ਕੁੱਤੇਵੱਡ ਵਿਚਲੀ ਪਿੰਡਾਂ ਦੀ ਜ਼ਿੰਦਗੀ ਦੇ ਖੱਟੇ ਮਿੱਠੇ ਤਜਰਬੇ ਬਹੁਤ ਦਿਲਚਸਪ ਹਨ ਜਿਨ੍ਹਾਂ ਨੂੰ ਪੜ੍ਹ ਕੇ ਵਿਦਿਆਰਥੀ ਜੀਵਨ ਅਤੇ ਆਪੋ-ਆਪਣੇ ਪਿੰਡਾਂ ਦੀ ਤਸਵੀਰ ਦਿਮਾਗ ਦੇ ਚਿਤਰਪਟ 'ਤੇ ਉਕਰ ਜਾਂਦੀ ਹੈ। ਵਿਦਿਆਰਥੀ ਜੀਵਨ ਵਿਚ ਅਜਿਹੀਆਂ ਘਟਨਾਵਾਂ ਆਮ ਹੁੰਦੀਆਂ ਰਹਿੰਦੀਆਂ ਹਨ ਪਰ ਇਨ੍ਹਾਂ ਨੂੰ ਫੜਦਾ ਕੋਈ-ਕੋਈ ਹੈ ਜਿਵੇਂ ਅਮੋਲਕ ਸਿੰਘ ਨੇ ਫੜਿਆ ਹੈ। ਕਈ ਲੇਖ ਪੜ੍ਹ ਕੇ ਬਚਪਨ ਯਾਦ ਆ ਜਾਂਦਾ ਹੈ। ਕਹਿਣ ਤੋਂ ਭਾਵ, ਅਮੋਲਕ ਸਿੰਘ ਦੇ ਹਰ ਲੇਖ ਵਿਚ ਦਿਲਚਸਪੀ ਬਣੀ ਰਹਿੰਦੀ ਹੈ। ਪੁਸਤਕ ਦੇ ਇਕ ਹਿੱਸੇ ਵਿਚ 2010 ਵਿਚ ਛਪੇ ਅਮੋਲਕ ਸਿੰਘ ਦੇ 6 ਲੇਖ ਸ਼ਾਮਲ ਹਨ ਜਿਨ੍ਹਾਂ ਵਿਚ ਆਪਣੇ ਅਧਿਆਪਕਾਂ, ਕਾਲਜ ਦੀ ਜ਼ਿੰਦਗੀ, ਐੱਮ.ਫਿਲ. ਅਤੇ ਡਾ. ਹਰਜਿੰਦਰ ਸਿੰਘ ਦਿਲਗੀਰ ਦੇ ਸਾਥ ਬਾਰੇ ਰੌਚਿਕਤਾ ਨਾਲ ਲਿਖਿਆ ਹੋਇਆ ਹੈ।

ਇਸ ਤੋਂ ਬਾਅਦ 'ਆਗਾਜ਼ ਨਵੀਂ ਜਦੋਜਹਿਦ ਦਾ' ਭਾਗ ਵਿਚ 'ਪੰਜਾਬੀ ਟ੍ਰਿਬਿਊਨ' ਵਿਚ ਨੌਕਰੀ ਤੇ ਉਸ ਨਾਲ ਜੁੜੀਆਂ ਯਾਦਾਂ ਦੀ ਚੰਗੇਰ ਵਿਚ 9 ਲੇਖ ਹਨ ਜਿਹੜੇ ਉਨ੍ਹਾਂ ਦੀ 'ਪੰਜਾਬੀ ਟ੍ਰਿਬਿਊਨ' ਵਿਚ ਜਦੋਜਹਿਦ ਸੰਬੰਧੀ ਹਨ ਜਿਨ੍ਹਾਂ ਨੂੰ ਪੜ੍ਹ ਕੇ 'ਪੰਜਾਬੀ ਟ੍ਰਿਬਿਊਨ' ਵਰਗੇ ਨਾਮੀ ਅਦਾਰੇ ਦੀ ਸੌੜੀ ਰਾਜਨੀਤੀ ਦਾ ਪਾਜ ਉਘੜਦਾ ਹੈ। ਲੋਕ ਸੰਪਰਕ ਵਿਭਾਗ ਵਿਚ ਹੋਣ ਕਰਕੇ ਮੇਰਾ 'ਪੰਜਾਬੀ ਟ੍ਰਿਬਿਊਨ' ਦੇ ਬਹੁਤੇ ਅਮਲੇ ਨਾਲ ਵਾਹ ਪੈਂਦਾ ਰਿਹਾ ਹੈ ਅਤੇ ਮੈਂ ਸਮਝਦਾ ਸੀ ਕਿ ਮੈਂ ਉਨ੍ਹਾਂ ਬਾਰੇ ਬਹੁਤ ਕੁਝ ਜਾਣਦਾ ਹਾਂ ਪਰ ਇਹ ਲੇਖ ਪੜ੍ਹ ਕੇ ਕਈ ਨਾਮੀ ਪੱਤਰਕਾਰਾਂ ਦੀ ਮਿਕਨਾਤੀਸੀ ਸੋਚ ਦਾ ਵੀ ਪਤਾ ਲਗਿਆ ਹੈ ਜਿਹੜੇ ਅਖ਼ਬਾਰ ਤੋਂ ਬਾਹਰ ਆਪਣਾ ਬਿਹਤਰੀਨ ਅਕਸ ਬਣਾਈ ਬੈਠੇ ਸਨ, ਅਸਲੀਅਤ ਕੁਝ ਹੋਰ ਸੀ। ਚਾਪਲੂਸੀ ਅਤੇ ਧੜੇਬੰਦੀ ਵੀ ਅਹੁਦਿਆਂ ਦੀ ਪ੍ਰਾਪਤੀ ਲਈ ਯੋਗ ਉਮੀਦਵਾਰਾਂ ਦੀਆਂ ਆਸਾਂ ਤੋਂ ਪਾਣੀ ਫੇਰਨ ਵਿਚ ਵੱਡਾ ਯੋਗਦਾਨ ਪਾਉਂਦੀ ਰਹੀ ਹੈ।

'ਸਿਰੜੀ ਸ਼ਖ਼ਸੀਅਤ' ਵਾਲੇ ਭਾਗ ਵਿਚ 8 ਲੇਖਕਾਂ ਗੁਰਦਿਆਲ ਬੱਲ, ਪ੍ਰਿੰਸੀਪਲ ਸਰਵਣ ਸਿੰਘ, ਸੁਰਿੰਦਰ ਸੋਹਲ, ਪ੍ਰੋ. ਹਰਪਾਲ ਸਿੰਘ, ਨੀਲਮ ਲਾਜ ਸੈਣੀ, ਮੇਜਰ ਸਿੰਘ ਕੁਲਾਰ, ਕਰਮਜੀਤ ਸਿੰਘ ਅਤੇ ਕੁਲਜੀਤ ਦਿਆਲਪੁਰੀ ਦੇ ਲੇਖ ਹਨ ਜਿਹੜੇ ਅਮੋਲਕ ਸਿੰਘ ਜੰਮੂ ਦੀ ਜ਼ਿੰਦਗੀ ਬਾਰੇ ਵਿਸਤਾਰ ਪੂਰਬਕ ਜਾਣਕਾਰੀ ਦਿੰਦੇ ਹਨ। ਇਨ੍ਹਾਂ ਵਿਚ ਦੱਸਿਆ ਗਿਆ ਹੈ ਕਿ ਉਨ੍ਹਾਂ ਦਾ ਕੰਮ ਸੰਸਥਾ ਤੋਂ ਵੀ ਵੱਧ ਸੀ। ਉਨ੍ਹਾਂ ਨੇ ਪੱਤਰਕਾਰੀ ਦੇ ਮਿਆਰ ਵਿਚ ਵਾਧਾ ਹੀ ਨਹੀਂ ਕੀਤਾ ਸਗੋਂ ਪੱਤਰਕਾਰੀ ਨੂੰ ਸਹੀ ਲੀਹਾਂ 'ਤੇ ਲਿਆਉਣ ਵਿਚ ਵਡਮੁਲਾ ਯੋਗਦਾਨ ਪਾਇਆ। ਉਨ੍ਹਾਂ ਦੀ ਸੰਪਾਦਕੀ ਸੂਝ ਦਾ ਕੋਈ ਮੁਕਾਬਲਾ ਨਹੀਂ ਸੀ। ਇਹ ਪੁਸਤਕ ਪੜ੍ਹ ਕੇ ਅਮੋਲਕ ਸਿੰਘ ਦੀ ਸ਼ਕਲ ਜ਼ਿਹਨ ਵਿਚ ਘੁੰਮਣ ਲੱਗ ਜਾਂਦੀ ਹੈ। ਅਮੋਲਕ ਸਿੰਘ ਦੀ ਇਕ ਹੋਰ ਕਮਾਲ ਦੀ ਗੱਲ ਸੀ ਕਿ ਉਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਸੀਨ ਸਾਹਮਣੇ ਆ ਜਾਂਦੇ ਹਨ। ਉਹ ਅਖ਼ਬਾਰ ਲਈ ਆਏ ਮੈਟਰ ਦਾ ਇਕ-ਇਕ ਸ਼ਬਦ ਬੜੀ ਨੀਝ ਨਾਲ ਪੜ੍ਹਦੇ ਸਨ, ਜੇਕਰ ਲੇਖਕ ਕੋਲੋਂ ਕੋਈ ਗ਼ਲਤ ਗੱਲ ਲਿਖੀ ਗਈ ਤਾਂ ਉਨ੍ਹਾਂ ਦੀ ਬਰੀਕ ਨੀਝ ਉਸ ਨੂੰ ਦਰੁਸਤ ਕਰਨ ਦਾ ਕੰਮ ਕਰਦੀ ਸੀ। ਉਨ੍ਹਾਂ ਦੀ ਇਕ ਹੋਰ ਬਿਹਤਰੀਨ ਗੱਲ ਇਹ ਸੀ ਕਿ ਉਹ ਸਾਰੇ ਮੈਟਰ ਨੂੰ ਬਰੀਕ ਛਾਨਣੀ ਨਾਲ ਪੁਣਦੇ ਸਨ। ਉਨ੍ਹਾਂ ਨੇ ਆਪਣੇ ਅਖ਼ਬਾਰ ਵਿਚ ਕੁਝ ਕਾਲਮ ਸ਼ੁਰੂ ਕੀਤੇ ਹੋਏ ਸਨ ਜਿਨ੍ਹਾਂ ਨੂੰ ਪਾਠਕ ਦਿਲਚਸਪੀ ਨਾਲ ਪੜ੍ਹਦੇ ਸਨ ਅਤੇ ਅਖ਼ਬਾਰ ਦੀ ਹਰ ਹਫ਼ਤੇ ਉਡੀਕ ਕਰਦੇ ਰਹਿੰਦੇ ਸਨ।

'ਪੈਗ਼ਾਮਾਂ ਦਾ ਮਿਆਰ' ਭਾਗ ਵਿਚ ਚੋਟੀ ਦੇ ਲੇਖਕਾਂ ਦੀਆਂ ਮਿਆਰੀ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਅਮੋਲਕ ਸਿੰਘ ਮੈਟਰ ਦੀ ਚੋਣ ਕਰਨ ਸਮੇਂ ਪਰਖਣ ਤੋਂ ਬਾਅਦ ਹੀ ਪ੍ਰਕਾਸ਼ਤ ਕਰਦੇ ਸਨ। ਅਭੈ ਸਿੰਘ, ਚੰਡੀਗੜ੍ਹ ਦਾ 'ਇਹ ਬੇਲਾ ਸੱਚ ਕੀ ਨਹੀਂ ਹੈ' ਸਿਰਲੇਖ ਵਾਲਾ ਲੰਬਾ ਖਤ ਜਸਵੰਤ ਸਿੰਘ ਕੰਵਲ ਦੀਆਂ ਰਚਨਾਵਾਂ ਬਾਰੇ ਲਿਖਿਆ ਸ਼ਾਮਲ ਕੀਤਾ ਹੈ। ਜਦੋਂ ਕੋਈ ਅਜਿਹੀ ਬਹਿਸ ਛਿੜਦੀ ਸੀ ਤਾਂ ਉਹ ਦੋਹਾਂ ਪੱਖਾਂ ਦੇ ਲੇਖ ਲਗਾਉਂਦੇ ਸਨ। ਇਸ ਤੋਂ ਇਲਾਵਾ ਦਰਿਆਈ ਪਾਣੀਆਂ ਬਾਰੇ ਇੰਜ ਪਾਲ ਸਿੰਘ ਢਿੱਲੋਂ ਦਾ ਲੇਖ 'ਕਹਾਣੀ ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਜਨੀਤਕ ਬਰਬਾਦੀ ਦੀ' ਦਾ ਵੀ ਪ੍ਰਕਾਸ਼ਤ ਕੀਤਾ ਗਿਆ ਹੈ ਤਾਂ ਜੋ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਅਸਲੀਅਤ ਪਤਾ ਲੱਗ ਸਕੇ। ਇਸੇ ਤਰ੍ਹਾਂ ਸਿਰਦਾਰ ਕਪੂਰ ਸਿੰਘ ਆਈ.ਸੀ.ਐਸ. ਦਾ 'ਸ੍ਰੀ ਅਨੰਦਪੁਰ ਸਾਹਿਬ ਦਾ 1973 ਵਾਲਾ ਮਤਾ' ਸਿਰਲੇਖ ਵਾਲਾ ਲੇਖ ਅਤੇ ਇਸਦੇ ਨਾਲ ਹੀ 1978 ਵਾਲਾ ਅਨੰਦਪੁਰ ਸਾਹਿਬ ਮਤਾ ਵੀ ਪ੍ਰਕਾਸ਼ਤ ਕੀਤਾ ਗਿਆ ਹੈ। ਡਾ. ਜਸਬੀਰ ਸਿੰਘ ਆਹਲੂਵਾਲੀਆ ਦਾ 'ਅਨੰਦਪੁਰ ਸਾਹਿਬ ਦੇ ਮਤਿਆਂ ਦੇ ਜਨਮ ਦੀ ਸਾਚੀ ਸਾਖੀ' ਸਿਰਲੇਖ ਵਾਲਾ ਲੇਖ ਵੀ ਪ੍ਰਕਾਸ਼ਤ ਕੀਤਾ ਕਿਉਂਕਿ ਅਮੋਲਕ ਸਿੰਘ ਹਮੇਸ਼ਾ ਸਾਰੇ ਪੱਖਾਂ ਦੇ ਲੇਖ ਪ੍ਰਕਾਸ਼ਤ ਕਰਦੇ ਸਨ ਤਾਂ ਜੋ ਪਾਠਕ ਕਿਸੇ ਭੁਲੇਖੇ ਵਿਚ ਨਾ ਰਹਿ ਜਾਣ। ਅਮੋਲਕ ਸਿੰਘ ਜੰਮੂ ਭਾਵੇਂ ਕਿਸੇ ਪੱਖ ਨਾਲ ਪ੍ਰਤੀਬੱਧ ਨਹੀਂ ਸਨ ਅਤੇ ਨਾ ਹੀ ਕਿਸੇ ਧੜੇ ਨਾਲ ਜੁੜੇ ਹੋਏ ਸਨ ਪਰ ਸਿੱਖ ਮਸਲਿਆਂ ਦੇ ਵੱਖ-ਵੱਖ ਪੱਖਾਂ ਸੰਬੰਧੀ ਲੇਖ ਜ਼ਰੂਰ ਪ੍ਰਕਾਸ਼ਤ ਕਰਦੇ ਸਨ। ਇਸ ਪੁਸਤਕ ਵਿਚ ਵੀ ਅਮਰਜੀਤ ਪਰਾਗ ਦਾ 'ਮੁੱਦਾ ਸਿੱਖਾਂ ਦੀ ਅਕਾਂਖਿਆ ਦਾ', ਗੁਰਦੀਪ ਸਿੰਘ ਦੇਹਰਾਦੂਨ ਦਾ 'ਸਿੱਖਾਂ ਦੀ ਸਿਧਾਂਤਕ ਘੇਰਾਬੰਦੀ' ਦੇ ਪ੍ਰਸੰਗ, ਗੁਰਬਚਨ ਦਾ 'ਹਿੰਦੂ ਰਾਸ਼ਟਰ ਦਾ ਅਵਚੇਤਨ ਤੇ ਪੰਜਾਬੀ' ਅਤੇ ਗੁਰਭਗਤ ਸਿੰਘ ਦਾ 'ਪੰਜਾਬ, ਪੰਜਾਬੀ ਸਭਿਆਚਾਰ ਦੀ ਮੌਲਿਕਤਾ' ਲੇਖ ਉਨ੍ਹਾਂ 'ਪੰਜਾਬ ਟਾਈਮਜ਼' ਵਿਚ ਪ੍ਰਕਾਸ਼ਤ ਕੀਤੇ ਜਿਨ੍ਹਾਂ ਨੂੰ ਇਸ ਪੁਸਤਕ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸੁਰਿੰਦਰ ਸਿੰਘ ਤੇਜ ਅਤੇ ਗੁਰਦਿਆਲ ਸਿੰਘ ਬਲ ਨੇ ਹੋਰ ਵੀ ਇਕ ਦਰਜਨ ਲੇਖ ਸ਼ਾਮਲ ਕੀਤੇ ਹਨ।

ਪੁਸਤਕ ਦੱਸਦੀ ਹੈ ਕਿ ਅਮੋਲਕ ਸਿੰਘ ਜੰਮੂ ਦੇ ਬਿਹਤਰੀਨ ਇਨਸਾਨ, ਪੱਤਰਕਾਰ ਅਤੇ ਸੁਜੱਗ ਸੰਪਾਦਕ ਸਨ।

# ਮਨੁੱਖੀ ਖੁਰਾ ਤਲਾਸ਼ਦਿਆਂ

ਜਨਮ ਲੈਣ ਉਪਰੰਤ ਹੋਸ਼ ਸੰਭਾਲਦਿਆਂ ਹੀ ਇਨਸਾਨੀ ਦਿਮਾਗ ਦਾ ਅਣਗਿਣਤ ਜਿਗਿਆਸਾਵਾਂ ਨਾਲ ਟਾਕਰਾ ਹੋਣਾ ਸੁਭਾਵਕ ਹੀ ਹੈ ਕਿਉਂਕਿ ਇਹੀ ਵਰਤਾਰਾ ਸਾਨੂੰ ਜਾਨਵਰਾਂ ਦੀ ਦੁਨੀਆ ਤੋਂ ਨਿਖੇੜਦਾ ਹੈ। ਵਨਸਪਤੀ ਅਤੇ ਜੀਵ-ਜੰਤੂ ਵੀ ਇਸ ਧਰਤੀ ਉੱਪਰਲੇ ਜੀਵਨ ਦਾ ਇੱਕ ਹਿੱਸਾ ਹਨ ਪਰ ਕੁਦਰਤ ਨੇ ਮਨੁੱਖੀ ਦਿਮਾਗ ਨੂੰ ਬੁੱਧੀਮਾਨੀ ਦਾ ਇਕ ਨਿਵੇਕਲਾ ਤੋਹਫਾ ਬਖ਼ਸ਼ਿਆ ਹੈ ਜਿਸ ਰਾਹੀਂ ਉਸ ਨੇ ਗਿਆਨ ਵਿਗਿਆਨ ਦੀਆਂ ਅਨੰਤ ਹੱਦਾਂ ਪਾਰ ਕਰਦੇ ਹੋਏ ਆਪਣੀ ਜੀਵਨ ਸ਼ੈਲੀ 'ਚ



**ਹਰਜੀਤ ਦਿਓਲ, ਬਰੈਂਪਟਨ**

ਹੈਰਾਨੀਜਨਕ ਤਬਦੀਲੀਆਂ ਲਿਆਂਦੀਆਂ। 'ਕਿੱਥੋਂ ਆਇਆ ਇਹ ਜਗਤ ਪਸਾਰਾ' ਵਰਗੀ ਗੁੰਝਲਦਾਰ ਬੁਝਾਰਤ ਨੇ ਇਸ ਦੇ ਦਿਮਾਗ ਨੂੰ ਹਲੂਣਿਆ ਤਾਂ ਇਸ ਪ੍ਰਜਾਤੀ ਨੇ ਇਸਦਾ ਉੱਤਰ ਤਲਾਸ਼ਣ ਲਈ ਕਮਰ ਕੱਸ ਲਈ। ਅੱਜ ਤੱਕ ਦੇ ਵਿਗਿਆਨਕ ਵਿਕਾਸ ਨੇ ਸਿੱਧ ਕੀਤਾ ਹੈ ਕਿ ਮਨੁੱਖੀ ਸਮਰੱਥਾ ਦਾ ਕੋਈ ਅੰਤ ਨਹੀਂ। ਤਸਵੀਰ ਦਾ ਇੱਕ ਦੂਜਾ ਪਾਸਾ ਵੀ ਹੈ ਤੇ ਉਹ ਹੈ ਮਨੁੱਖ ਦਾ ਰੱਬੀ ਉਲਝਣਾਂ ਵਿਚ ਫਸਣਾ ਜਿਸ ਨੇ ਵੱਖ ਵੱਖ ਧਰਮਾਂ ਨੂੰ ਜਨਮ ਦੇ ਕੇ ਮਨੁੱਖਤਾ ਨੂੰ ਕਾਲਪਨਿਕ ਗੈਬੀ ਸ਼ਕਤੀਆਂ ਦੇ ਭਰਮ ਜਾਲ ਵਿਚ ਫਸਾਈ ਰੱਖਿਆ। ਇਹ ਵਰਤਾਰਾ ਕਿਸੇ ਨਾ ਕਿਸੇ ਰੂਪ 'ਚ ਅੱਜ ਵੀ ਦੇਖਿਆ ਜਾ ਸਕਦਾ ਹੈ। ਖੈਰ ਆਪਾਂ ਗੱਲ ਕਰਨੀ ਹੈ ਆਪਣੀ ਹੋਂਦ ਦੇ ਮੁੱਢ ਤਲਾਸ਼ਣ ਦੀ ਜਿਸ ਖੇਤਰ ਵਿਚ ਸਿਰੜੀ ਵਿਗਿਆਨਕਾਂ ਨੇ ਸ਼ਲਾਘਾਯੋਗ ਕੰਮ ਕਰ ਕੇ ਸਾਡੀਆਂ ਬੇਅੰਤ ਜਿਗਿਆਸਾਵਾਂ ਦਾ ਸਮਾਧਾਨ ਹੀ ਨਹੀਂ ਕੀਤਾ ਸਗੋਂ ਸਾਨੂੰ ਰੱਬ ਅਤੇ ਧਰਮਾਂ ਦੇ ਮੱਕੜਜਾਲ ਵਿਚੋਂ ਬਾਹਰ ਨਿਕਲਣ ਦਾ ਰਾਹ ਵੀ ਦਿਖਾਇਆ।

ਲੰਮੇ ਸਮੇਂ ਤੋਂ ਵਿਗਿਆਨਕ ਇਸ ਧਰਤੀ 'ਤੇ ਪੱਲਰੇ ਜੀਵਨ ਦਾ ਇਤਿਹਾਸ ਜਾਨਣ ਲਈ ਜੀ ਜਾਨ ਨਾਲ ਜੁਟੇ ਹਨ ਅਤੇ ਇਸ ਖੇਤਰ ਵਿਚ ਵਿਗਿਆਨਕ ਚਾਰਲਸ ਡਾਰਵਿਨ ਨੇ ਆਪਣੇ ਜੀਵਨ ਦਾ ਵੱਡਾ ਹਿੱਸਾ ਸਮਰਪਿਤ ਕਰ ਹੈਰਾਨੀਜਨਕ ਤੱਥ 'ਜੀਵ ਵਿਕਾਸ ਦਾ ਸਿਧਾਂਤ' (ਥਿਊਰੀ ਆਫ ਐਵੋਲੂਸ਼ਨ) ਪੇਸ਼ ਕੀਤਾ ਜਿਸ ਤੋਂ ਸੇਧ ਲੈ ਪੁਰਾਤੱਤਵ ਵਿਗਿਆਨੀ ਲਗਾਤਾਰ ਨਵੀਂਆਂ ਜਾਣਕਾਰੀਆਂ ਨਸ਼ਰ ਕਰ ਰਹੇ ਹਨ। ਕੁਝ ਸਮਾਂ ਹੋਇਆ ਜਦ ਇਸੇ ਖੋਜ ਕੜੀ ਵਿਚ ਹੋਰ ਵਾਧਾ ਕਰਦਿਆਂ ਪੁਰਾਤੱਤਵ ਵਿਗਿਆਨੀਆਂ ਨੇ ਦੱਖਣੀ ਅਫਰੀਕਾ ਵਿਚ ਇੱਕ ਐਸੀ ਫਾਸਿਲ (ਜ਼ਮੀਦੋਜ਼ ਸੁਰੱਖਿਅਤ ਰਹਿ ਗਏ ਜੀਵਾਸ਼ੇਸ਼) ਸਾਈਟ ਲੱਭਣ ਵਿਚ ਕਾਮਯਾਬੀ ਹਾਸਲ ਕੀਤੀ ਜਿੱਥੇ ਉਨ੍ਹਾਂ ਨੂੰ ਦੋ ਮਿਲੀਅਨ ਸਾਲ ਪੁਰਾਣੀ ਆਦਮ ਮਨੁੱਖੀ ਖੋਪੜੀ ਹਾਸਲ ਹੋਈ। ਜੀਵ ਵਿਕਾਸ ਦੀਆਂ ਲੜੀਆਂ ਵਿਚ ਵਣ ਮਾਨਸ (ਗੋਰਿੱਲਾ) ਨੂੰ ਸਾਡਾ ਆਦੀ ਪੂਰਵਜ ਹੋਣ ਦਾ ਰੁਤਬਾ ਹਾਸਲ ਹੋਇਆ ਹੈ। ਸਾਢੇ ਚਾਰ ਕੁ ਬਿਲੀਅਨ ਸਾਲ ਪਹਿਲਾਂ ਜਨਮੀ ਇਸ ਧਰਤੀ ਉੱਤੇ ਲਗਭਗ ਚਾਰ ਕੁ ਬਿਲੀਅਨ ਸਾਲ ਪਹਿਲਾਂ ਸਿੰਗਲ ਸੈਲ ਬੈਕਟੀਰੀਆ ਦੇ ਰੂਪ ਵਿਚ ਜੀਵਨ ਅਰੰਭ ਹੋਇਆ ਜੋ ਕਈ ਮਿਲੀਅਨ ਸਾਲਾਂ ਦਾ ਪੰਧ ਮੁਕਾਉਂਦਾ ਹੋਇਆ ਭਾਂਤ ਭਾਂਤ ਦੇ ਜੀਵ ਅਤੇ ਵਨਸਪਤੀਆਂ ਦਾ ਰੂਪ ਧਾਰਦਾ ਗਿਆ। ਇਹ ਰੂਪ ਬਦਲਣਾ ਕੀ ਹੋਇਆ? ਇਸ ਪਿੱਛੇ ਡਾਰਵਿਨ ਨੇ ਜੋ ਸਿਧਾਂਤ ਪੇਸ਼ ਕੀਤੇ ਹਨ ਅਗਲੇਰੇ ਵਿਗਿਆਨੀਆਂ ਨੇ ਉਸ 'ਤੇ ਸਹਿਮਤੀ ਦੀ ਮੁਹਰ ਲਾਈ ਹੈ। ਪਹਿਲੇ ਸਿਧਾਂਤ ਅਨੁਸਾਰ 'ਨਾ ਹੀ ਸਭ ਤੋਂ ਤਾਕਤਵਰ ਅਤੇ ਨਾ ਹੀ ਸਭ ਤੋਂ ਬੁੱਧੀਮਾਨ ਜੀਵ ਆਪਣੀ ਹੋਂਦ ਕਾਇਮ ਰੱਖਣ ਵਿਚ ਸਫਲ ਹੁੰਦੇ ਹਨ ਬਲਕਿ ਵਾਤਾਵਰਨ ਦੀ ਤਬਦੀਲੀ ਅਨੁਸਾਰ ਆਪਣੇ ਆਪ ਨੂੰ ਢਾਲ ਸਕਣ ਦੇ ਯੋਗ ਜੀਵ ਹੀ ਆਪਣੀ ਹੋਂਦ ਬਚਾ ਪਾਉਂਦੇ ਹਨ।' ਧਰਤੀ ਨੇ ਕਈ ਹਿਮਯੁਗ ਹੰਢਾਏ ਅਨੇਕਾਂ ਜਵਾਲਾਮੁਖੀਆਂ ਦੀ ਤਪਸ਼ ਝੱਲੀ, ਭੂਚਾਲਾਂ ਅਤੇ ਸੁਨਾਮੀਆਂ ਦਾ ਟਾਕਰਾ ਕਰਦੇ ਹੋਏ ਇਹ ਲਗਾਤਾਰ ਆਪਣੀ ਧੁਰੀ 'ਤੇ ਘੁੰਮਦੀ ਰਹੀ ਅਤੇ ਇਸ ਉੱਪਰ ਪਨਪ ਰਹੇ ਜੀਵ-ਜੰਤੂ ਵੀ ਇਨ੍ਹਾਂ ਬਦਲਦੇ ਹਾਲਾਤ ਅਨੁਸਾਰ ਆਪਣੇ ਆਪ ਨੂੰ ਢਾਲਦੇ ਰਹੇ ਭਾਵ ਕਾਲ ਦੇ ਗਰਭ 'ਚ ਸਮਾ ਗਏ। ਆਪਣੀ ਹੋਂਦ ਬਚਾਉਣ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਦੂਜਾ ਸਿਧਾਂਤ ਲਾਗੂ ਹੁੰਦਾ ਹੈ 'ਸਰਵਾਈਵਲ ਆਫ ਫਿਟੈਸਟ'। ਕੁਦਰਤੀ ਆਫਤਾਂ ਨਾਲ ਨਜਿੱਠਣ ਉਪਰੰਤ ਇਨ੍ਹਾਂ ਦਾ ਆਪਸੀ ਮੁਕਾਬਲੇ ਦਾ ਘੋਲ ਸ਼ੁਰੂ ਹੁੰਦਾ ਹੈ ਜਿਸ ਵਿਚ ਮਨੁੱਖ ਦੇ ਵਿਕਸਤ ਹੋ ਰਹੇ ਦਿਮਾਗ ਨੇ ਉਸ ਦਾ ਸਾਥ ਦਿੱਤਾ ਅਤੇ ਉਹ ਧਰਤੀ 'ਤੇ ਵਿਚਰ ਰਹੇ ਸਾਰੇ ਜੀਵਾਂ ਦਾ ਸਰਤਾਜ ਬਣ ਬੈਠਾ।

ਵਿਗਿਆਨੀਆਂ ਦਾ ਮੰਨਣਾ ਹੈ ਕਿ ਸ਼ਿਕਾਰ ਅਤੇ ਵਨਸਪਤੀਆਂ ਦਾ ਸੇਵਨ ਕਰਨ ਵਾਲੀ ਜੀਵ ਲੜੀ ਦੀ ਇਹ ਪ੍ਰਜਾਤੀ (ਹੰਟਰ ਗੈਦਰਰ) 1,30,000 ਤੋਂ 10,000 ਸਾਲ ਪਹਿਲਾਂ ਤੱਕ ਅਫਰੀਕਾ ਤੋਂ ਪਰਵਾਸ ਕਰ ਸਾਰੀ ਧਰਤੀ 'ਤੇ ਫੈਲਦੀ ਗਈ। ਪੁਰਾਤੱਤਵ ਮਾਹਿਰ ਇਸ ਵਿਕਸਤ ਹੋ ਰਹੀ ਪ੍ਰਜਾਤੀ ਨੂੰ ਹੋਮੋ ਸੇਪੀਅਨ ਕਹਿੰਦੇ ਹਨ ਜੋ ਮਨੁੱਖ ਦੇ ਨੇੜਲੇ ਪੂਰਵਜ ਬਣ ਜਾਂਦੇ ਹਨ। ਅੰਤਮ ਹਿਮ ਯੁਗ ਸਮਾਪਤ ਹੋਣ ਕੰਢੇ ਇਸ ਪ੍ਰਜਾਤੀ ਨੇ ਧਰਤੀ ਉੱਪਰ ਆਪਣਾ ਅਮਲਾ ਫੈਲਾ ਕਾਇਮ ਕਰਨਾ ਅਰੰਭ ਕਰ ਲਿਆ। ਇਹ ਲੋਕ ਪੱਥਰਾਂ ਦਾ ਇਸਤੇਮਾਲ ਆਪਣੇ ਔਜ਼ਾਰਾਂ ਅਤੇ ਹਥਿਆਰਾਂ ਲਈ ਕਰਨ ਲੱਗੇ ਸਨ ਅਤੇ ਖੋਜਾਂ ਦੱਸਦੀਆਂ ਹਨ ਕਿ ਇਹ ਚੱਟਾਨਾਂ ਉੱਪਰ ਚਿੱਤਰਕਾਰੀ ਦਾ ਸ਼ੌਕ ਵੀ ਰੱਖਦੇ ਸਨ। ਇਨ੍ਹਾਂ ਦੀਆਂ ਗੁਫਾਵਾਂ ਵਿਚ ਕੀਤੀਆਂ ਚਿੱਤਰਕਾਰੀਆਂ ਨਾਲ ਉਸ ਸਮੇਂ ਦੇ ਜਾਨਵਰ ਅਤੇ ਉਨ੍ਹਾਂ ਦੀਆਂ ਸ਼ਿਕਾਰ ਵਿਧੀਆਂ ਦਾ ਪਤਾ ਲੱਗਦਾ ਹੈ। ਛੇਤੀ ਹੀ ਆਪਣੇ ਵਿਕਸਤ ਹੋ ਰਹੇ ਦਿਮਾਗ ਸਦਕਾ ਧਰਤੀ ਦੇ ਇਨ੍ਹਾਂ ਆਦਿਵਾਸੀਆਂ ਨੇ ਖੇਤੀ ਕਰਨੀ ਵੀ ਸਿੱਖ ਲਈ ਅਤੇ ਘੁਮੰਤੂ ਜੀਵਨ ਛੱਡ ਇੱਕ ਜਗ੍ਹਾ ਸਮੂਹ ਬਣਾ ਰਹਿਣ ਲੱਗੇ। ਇਹ ਹੁਣ ਗੁਫਾਵਾਂ ਦੀ ਥਾਂ ਪੱਥਰਾਂ ਦੇ ਘਰ ਬਣਾਉਣ ਲੱਗੇ ਅਤੇ ਕਈ ਤਰ੍ਹਾਂ ਦੇ ਜਾਨਵਰਾਂ ਨੂੰ ਪਾਲਤੂ ਬਣਾਉਣਾ ਵੀ ਅਰੰਭ ਹੋ ਗਿਆ। ਅੱਗ ਅਤੇ ਪਹੀਏ ਦੀ ਖੋਜ ਹੋਣ ਬਾਅਦ ਧਰਤੀ ਦਾ ਇਹ ਬੁੱਧੀਮਾਨ ਪ੍ਰਾਣੀ ਤੇਜ਼ੀ ਨਾਲ ਤਰੱਕੀ ਦੀਆਂ ਪੌੜੀਆਂ ਚੜ੍ਹਦਾ ਹੋਇਆ ਕੁਝ ਕੁ ਹਜ਼ਾਰ ਸਾਲਾਂ ਵਿਚ ਸਾਡੇ ਨਾਲ ਆ ਰਲਿਆ। ਧਰਤੀ ਉਤਲੇ ਸਾਰੇ ਪ੍ਰਾਣੀਆਂ ਨਾਲੋਂ ਉੱਤਮ ਬੁੱਧੀ ਦਾ ਮਾਲਕ ਮਨੁੱਖ ਜਿੱਥੇ ਅੱਜ ਵਿਗਿਆਨਕ ਖੋਜਾਂ ਸਦਕਾ ਇਸ ਧਰਤੀ ਦਾ ਬਾਦਸ਼ਾਹ ਬਣ ਗਿਆ ਹੈ ਉੱਥੇ ਧਾਰਮਿਕ ਕੱਟੜਤਾ ਦੀਆਂ ਮਾਰੂ ਬਿਰਤੀਆਂ ਦਾ ਸ਼ਿਕਾਰ ਹੋ ਸਭਿਅਕ ਸੰਸਾਰ ਲਈ ਵੱਡਾ ਖਤਰਾ ਬਣਦਾ ਜਾ ਰਿਹਾ ਹੈ। ਮਨੁੱਖਤਾ ਦੇ ਹਿਤੈਸ਼ੀਆਂ ਅਤੇ ਸੂਝਵਾਨਾਂ ਨੂੰ ਇਸ ਪਾਸੇ ਡੂੰਘੇ ਚਿੰਤਨ ਦੀ ਲੋੜ ਹੈ।

# ਸੰਪਾਦਕ ਦੀ ਡਾਕ

## ਅੱਜ ਦੀ ਹਕੀਕਤ ਅਤੇ ਅਸੀਂ

'ਪੰਜਾਬ ਟਾਈਮਜ਼' ਦੇ 28 ਮਈ ਵਾਲੇ ਅੰਕ ਨੰਬਰ 22 ਵਿਚ 'ਸੰਪਾਦਕ ਦੀ ਡਾਕ' ਅਧੀਨ ਬਲਵੰਤ ਸਿੰਘ ਰਾਣੂ ਦੀ ਮੇਰੀ ਲਿਖਤ 'ਘਰਾਂ ਦੀਆਂ ਕੰਧਾਂ 'ਤੇ ਵਿਰਾਜਮਾਨ ਬਾਬਾ ਜੀ!' (ਜੋ 21 ਮਈ ਵਾਲੇ ਅੰਕ ਨੰਬਰ 21 ਵਿਚ ਛਪੀ ਸੀ), ਬਾਰੇ ਟਿੱਪਣੀ ਛਪੀ ਹੈ। ਮੇਰੀ ਲਿਖਤ ਵਿਚ ਅੱਜ ਦੀ ਹਕੀਕਤ ਅਤੇ ਹਾਲਾਤ ਦਾ ਵਿਅੰਗਮਈ ਹਵਾਲਾ ਹੈ। ਅੱਜ ਅਸੀਂ ਗੁਰੂਆਂ ਦੀਆਂ ਸਿਖਿਆਵਾਂ ਨੂੰ ਦਰਕਿਨਾਰ ਕਰ ਕੇ ਸਵਾਰਥ ਦਾ ਐਸਾ ਮਾਹੌਲ ਸਿਰਜਿਆ ਹੈ ਜਿਸ ਵਿਚ ਗਰੀਬ ਅਤੇ ਕਮਜ਼ੋਰ ਲਈ ਕੋਈ ਥਾਂ ਨਹੀਂ। ਕਿਰਤੀਆਂ ਨੂੰ ਅੰਦੋਲਨਾਂ ਵਿਚ ਸਹਿਭਾਗੀ ਦੱਸਣ ਵਾਲੇ ਅੱਜ ਉਨ੍ਹਾਂ ਨੂੰ ਵਾਜਬ ਦਿਹਾੜੀ ਦੇਣ ਲਈ ਵੀ ਤਿਆਰ ਨਹੀਂ, ਉਪਰੋਂ ਜਥੇਦਾਰਾਂ ਦਾ ਨੌਜਵਾਨਾਂ ਨੂੰ ਹਥਿਆਰਾਂ ਵੱਲ ਪ੍ਰੇਰਨਾ ਕੀ ਗੁਰੂਆਂ ਦੀਆਂ ਸਿੱਖਿਆਵਾਂ ਦਾ ਘਾਣ ਨਹੀਂ? ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ ਜਿਸ ਨਾਲ ਮਲਿਕ ਭਾਗੋਆਂ ਦੀ ਚੜ੍ਹਤ ਅਤੇ ਭਾਈ ਲਾਲੋਆਂ ਦੀ ਦੁਰਦਸ਼ਾ ਦਾ ਮੁੱਢ ਬੰਨ੍ਹਿਆ ਜਾ ਰਿਹਾ ਹੈ। ਮੇਰੀ ਵਿਚਾਰਧਾਰਾ ਨਾਲ ਅਸਹਿਮਤੀ ਰੱਖਣਾ ਬੇਸ਼ੱਕ ਸਭ ਦਾ ਹੱਕ ਹੈ ਪਰ ਨਾਲ ਹੀ ਪ੍ਰਗਟਾਵੇ ਦੀ ਸੁਤੰਤਰਤਾ ਵੀ ਸਭਿਅਕ ਸਮਾਜ ਵਿਚ ਅਹਿਮੀਅਤ ਰੱਖਦੀ ਹੈ।

*-ਹਰਜੀਤ ਦਿਓਲ, ਬਰੈਂਪਟਨ (ਕੈਨੇਡਾ)*

********

## ਸਵੀਕਾਰ ਕਰਨ ਤੋਂ ਇਨਕਾਰ

'ਪੰਜਾਬ ਟਾਈਮਜ਼' ਦੇ 28 ਮਈ ਵਾਲੇ ਅੰਕ ਵਿਚ ਬਲਵੰਤ ਸਿੰਘ ਰਾਣੂ ਦੀ ਚਿੱਠੀ ਪੜ੍ਹੀ ਜੋ ਹਰਜੀਤ ਦਿਓਲ (ਬਰੈਂਪਟਨ, ਕੈਨੇਡਾ) ਦੇ ਲੇਖ 'ਘਰਾਂ ਦੀਆਂ ਕੰਧਾਂ 'ਤੇ ਵਿਰਾਜਮਾਨ ਬਾਬਾ ਜੀ!' ਬਾਰੇ ਸੀ। ਪਿਛਲੇ ਅੰਕ ਵਿਚ ਇਹ ਲੇਖ ਵੀ ਪੜ੍ਹ ਲਿਆ ਸੀ। ਪੰਜਾਬ ਹੀ ਨਹੀਂ, ਸਮੁੱਚੇ ਭਾਰਤ ਅੰਦਰ ਅਮੀਰਾਂ ਅਤੇ ਗਰੀਬਾਂ ਵਿਚਕਾਰ ਪਾੜਾ ਬਹੁਤ ਜ਼ਿਆਦਾ ਹੈ, ਤੇ ਸਿੱਖ ਵੀ ਇਸ ਤੋਂ ਬਾਹਰ ਨਹੀਂ। ਹਰਜੀਤ ਦਿਓਲ ਦੀ ਲਿਖਤ ਵਿਚ ਆਰਥਿਕ ਪੱਖੋਂ ਤਿੰਨ ਵਰਗਾਂ ਦਾ ਜ਼ਿਕਰ ਹੈ ਅਤੇ ਇਹੀ ਸੱਚ ਹੈ; ਕੋਈ ਮੰਨੇ, ਭਾਵੇਂ ਨਾ ਮੰਨੇ। ਜਿਸ ਦਿਹਾੜੀਦਾਰ ਦੇ ਕੋਠੇ ਦਾ ਜ਼ਿਕਰ ਹਰਜੀਤ ਦਿਓਲ ਦੀ ਲਿਖਤ ਵਿਚ ਹੈ, ਉਸ ਨੂੰ ਅੱਖੀਂ ਦੇਖਣ ਤੋਂ ਬਾਅਦ ਤੁਸੀਂ ਪ੍ਰੇਸ਼ਾਨ ਹੋਏ ਬਗੈਰ ਨਹੀਂ ਰਹਿ ਸਕਦੇ। ਇਹ ਹਕੀਕਤ ਹੈ। ਜੇ ਉਨ੍ਹਾਂ ਨੇ ਤਿੰਨ ਰੰਗਾਂ ਰਾਹੀਂ ਇਹ ਹਕੀਕਤ ਬਿਆਨ ਕਰ ਦਿੱਤੀ ਹੈ ਤਾਂ ਇਹ ਗੁਰੂ ਸਾਹਿਬਾਨ ਬਾਰੇ ਟੇਢੀ ਟਿੱਪਣੀ ਕਿਵੇਂ ਹੋ ਗਈ? ਮੇਰੀ ਸਲਾਹ ਹੈ ਕਿ ਰਾਣੂ ਜੀ ਲਹਿੰਦੇ ਪੰਜਾਬ ਦੇ ਸ਼ਾਇਰ ਸਾਬਿਰ ਅਲੀ ਸਾਬਿਰ ਦੀਆਂ ਰੱਬ ਅਤੇ ਧਰਮ ਬਾਰੇ ਲਿਖੀਆਂ ਕਵਿਤਾਵਾਂ ਪੜ੍ਹ-ਸੁਣ ਲੈਣ, ਆਮ ਲੋਕਾਂ ਜੋ ਕੁਝ ਹੋ ਰਿਹਾ ਹੈ, ਉਸ ਬਾਰੇ ਪਤਾ ਲੱਗ ਜਾਵੇਗਾ।

*-ਸੁਖਦਰਸ਼ਨ ਸਿੰਘ ਝੋਰੜ, ਕੈਲੀਫੋਰਨੀਆ*

# 'ਕੋਈ ਹੋਰ ਸਕੀਮ ਨ੍ਹੀ ਤਿਆਰ ਕੀਤੀ...?'

## ਵਿਅੰਗ

***ਸ਼ਿਵਚਰਨ ਜੱਗੀ ਕੁੱਸਾ ਨੇ ਆਪਣੇ ਨਾਵਲਾਂ ਅਤੇ ਕਹਾਣੀਆਂ ਰਾਹੀਂ ਪੰਜਾਬੀ ਰਹਿਤਲ ਨਾਲ ਜੁੜੇ ਬਾਸ਼ਿੰਦਿਆਂ ਦੀ ਬਾਤ ਪਾਈ ਹੈ। ਸਾਧਾਰਨ ਪਾਤਰ ਉਹਦੀਆਂ ਰਚਨਾਵਾਂ ਅੰਦਰ ਸਮਾ ਕੇ ਅਸਾਧਾਰਨਤਾ ਹਾਸਲ ਕਰ ਲੈਂਦੇ ਹਨ। ਉਸ ਦਾ ਇਹੀ ਰੰਗ ਉਸ ਦੀਆਂ ਵਿਅੰਗ ਰਚਨਾਵਾਂ ਉਤੇ ਵੀ ਸਾਫ ਝਲਕਦਾ ਹੈ। ਇਨ੍ਹਾਂ ਵਿਅੰਗ ਰਚਨਾਵਾਂ ਵਿਚ ਉਹ ਲੋਕਾਂ ਨਾਲ ਜੁੜੇ ਸਰੋਕਾਰਾਂ ਦੀ ਗੱਲ ਧੜੱਲੇ ਨਾਲ ਕਰਦਾ ਹੈ।***

ਲਓ ਜੀ, ਸਾਡੇ ਨੇੜੇ ਤੇੜੇ ਹੀ ਪਿੰਡ ਸਲਾਵਤਪੁਰਾ ਵਿਖੇ 'ਰੂਹਾਨੀ ਜਾਮ' ਪਿਲਾਉਣ ਕਰਕੇ ਸਿਰਸੇ ਵਾਲੇ ਬਾਬੇ ਦਾ ਵਿਵਾਦ ਸਾਰੇ ਪੰਜਾਬ ਵਿਚ ਜੰਗਲ ਦੀ ਅੱਗ ਵਾਂਗੂੰ ਫ਼ੈਲਿਆ, ਤਾਂ ਸੈਂਟਰ ਗੌਰਮਿੰਟ ਤੋਂ ਲੈ ਕੇ ਪੰਜਾਬ ਗੌਰਮਿੰਟ ਤੱਕ ਸਾਰਿਆਂ ਨੂੰ ਪੰਜਾਬ ਦੇ ਹਾਲਾਤਾਂ ਦਾ ਫਿਕਰ ਪੈ ਗਿਆ। ਪੈਣਾਂ ਹੀ ਸੀ! ਅੱਗੇ ਹੀ ਵਿਚਾਰੇ ਪੰਜਾਬ ਨੇ ਦਸ-ਪੰਦਰਾਂ ਸਾਲ ਸੰਤਾਪ ਪਿੰਡੇ 'ਤੇ ਹੰਢਾਇਆ ਹੈ। ਇੱਕ ਪੰਜਾਬ ਦੇ ਹਾਲਾਤ ਸੂਗਰ ਦੇ ਮਰੀਜ਼ ਦੀ ਹਾਲਤ ਵਾਂਗੂੰ ਵਿਗੜਦੇ ਵੀ ਬੜੇ ਛੇਤੀ ਹਨ! ਆਮ ਤਾਂ ਗੌਰਮਿੰਟ ਨੂੰ ਪੰਜਾਬ ਦਾ ਬਹੁਤਾ ਕੋਈ ਫਿਕਰ ਨਹੀਂ ਰਹਿੰਦਾ, ਜਿਵੇਂ ਆਦੀ ਹੋਏ ਮਾਪਿਆਂ ਨੂੰ 'ਵੈਲੀ



**ਸ਼ਿਵਚਰਨ ਜੱਗੀ ਕੁੱਸਾ**
ਫੋਨ: 44 78533-17891

ਪੁੱਤ' ਦਾ ਬਹੁਤਾ ਝੋਰਾ ਨਹੀਂ ਹੁੰਦਾ, ਪਰ ਐਤਕੀਂ ਮਸਲਾ ਸਿਰਸੇ ਵਾਲੇ ਬਾਬੇ ਨਾਲ ਜੁੜਿਆ ਹੋਣ ਕਰਕੇ ਸਰਕਾਰ ਵੀ, ਸੱਪ ਨੂੰ ਦੇਖ ਕੇ ਚਿੜੀ ਦੇ ਪਿੱਟ ਸਿਆਪਾ ਕਰਨ ਵਾਂਗ, ਮਿੰਟਾਂ ਵਿਚ ਸੁਚੇਤ ਹੋ ਗਈ। ਸਰਕਾਰ ਨੂੰ ਆਪਣਾ ਵੀ ਫਿਕਰ ਸੀ, ਕਿ ਜੇ ਸਾਥੋਂ ਪੰਜਾਬ ਦੇ ਹਾਲਾਤ ਨਾ ਸੰਭਲੇ, ਤਾਂ ਪੰਜਾਬ ਵਿਚ ਗਵਰਨਰੀ ਰਾਜ ਹੋ ਸਕਦੈ ਅਤੇ ਸਾਡੀ ਰਾਜ-ਗੱਦੀ ਜਾ ਸਕਦੀ ਹੈ। ਇਸੇ ਕਰਕੇ ਤਾਂ ਵਿਚਾਰੇ ਮੰਤਰੀ ਸਾਹਿਬ ਦੇ ਪੁੱਤਰ ਨੇ ਦਿਨ-ਰਾਤ ਇੱਕ ਕਰੀ ਰੱਖੀ ਕਿ ਬਾਪੂ ਜੀ ਦੀ ਕੁਰਸੀ ਨਾ ਚਲੀ ਜਾਵੇ! ਕਿੱਡਾ ਸਲੱਗ ਪੁੱਤ ਹੈ। ਰੱਬ ਐਹੋ ਜਿਹੇ ਪੁੱਤ ਘਰ-ਘਰ ਦੇਵੇ! ਕਿੰਨਾਂ ਖਿਆਲ ਕਰਦੈ ਉਹ ਆਪਣੇ ਬਾਪੂ ਜੀ ਦਾ! ਬਿਰਧ ਜੂ ਨੇ? ਕਾਕਾ ਜੀ ਵੀ ਕੀ ਕਰਨ...?

ਇਸ ਦੇ ਨਾਲ ਨਾਲ ਮੈਨੂੰ ਸ. ਬਲਵੰਤ ਸਿੰਘ ਰਾਮੂਵਾਲੀਏ ਦੀ ਗੱਲ ਯਾਦ ਆ ਗਈ, ਲਓ ਉਹ ਵੀ ਸੁਣ ਲਓ! ਉਸ ਦਾ ਕਹਿਣਾ ਹੈ ਕਿ ਜੇ ਕਿਸੇ ਕੁੜੀ ਦੇ ਜੁਆਕ ਹੋਵੇ, ਜਣੇਪਾ ਕਿਸੇ ਕਾਰਨ ਸਹੁਰੀਂ ਹੋਇਆ ਹੋਵੇ, ਤਾਂ ਉਹ ਸਵਾ ਮਹੀਨੇ ਬਾਅਦ ਆਪਣਾ ਨਵ-ਜੰਮਿਆਂ ਬਾਲ ਲੈ ਕੇ ਪੇਕੀਂ 'ਦਿਖਾਉਣ' ਜਾਂਦੀ ਐ। ਮੋਹ-ਵੈਰਾਗ 'ਚ ਆਇਆ ਉਸ ਕੁੜੀ ਦਾ ਸੱਤਰ ਸਾਲਾ ਬਾਪੂ ਆਖਦੈ, 'ਲਿਆ ਕੁੜੀਏ, ਮੈਨੂੰ ਫੜਾ ਦੋਹਤੇ ਨੂੰ, ਮੈਂ ਇਹਦਾ ਸਿਰ ਪਲੋਸਾਂ ਤੇ ਪਿਆਰ ਦੇਵਾਂ...!' ਤਾਂ ਡਰਦੀ ਕੁੜੀ ਅੱਗਿਓਂ ਕਹਿੰਦੀ ਐ, 'ਨਹੀਂ ਬਾਪੂ...! ਤੂੰ ਸੱਤਰਾ-ਬਹੱਤਰਾ ਹੋਇਆ ਪਿਐਂ, ਜੁਆਕ ਨੂੰ ਸਿੱਟਦੇਂਗਾ...! ਜੇ ਤੂੰ ਇੱਕ ਅੱਧਾ ਰੁਪਈਆ ਦੇਣੈਂ ਸ਼ਗਨ ਦਾ, ਤਾਂ ਮੈਨੂੰ ਉਂਈ ਫੜਾ ਦੇਹ...! ਮੈਂ ਨ੍ਹੀ ਫੜਾਉਂਦੀ ਮੁੰਡਾ ਤੈਨੂੰ...! ਡਰ ਲੱਗਦੈ...! ਕੋਈ ਸੱਟ ਫ਼ੇਟ ਲੱਗਜੂ ਜੁਆਕ ਦੇ ...! ਜੇ ਕੋਈ ਬੱਜ ਪੈ ਗਈ, ਫੇਰ ਕੀਹਦੀ ਮਾਂ ਨੂੰ ਮਾਸੀ ਆਖਾਂਗੇ...?' ਕੁੜੀ ਆਪਦਾ ਜੁਆਕ ਸੱਤਰ ਸਾਲਾ ਸਕੇ ਪਿਉ ਨੂੰ ਨਹੀਂ ਫੜਾਉਂਦੀ। ਤੇ ਸਾਡੇ ਪੰਜਾਬੀ ਐਡੇ ਦਰਿਆ ਦਿਲ ਨੇ ਕਿ ਪੂਰੇ ਦਾ ਪੂਰਾ ਪੰਜਾਬ ਹੀ ਨੱਬੇ ਸਾਲਾਂ ਦੇ ਮੰਤਰੀ ਸਾਹਿਬ ਦੇ ਹੱਥ ਫੜਾ ਦਿੱਤਾ...! ਪੰਜਾਬ ਖਾਵੇ ਖਸਮਾਂ ਨੂੰ! ਪਰ ਉਹ ਇਸ ਨੂੰ ਕਿਵੇਂ ਸਾਂਭੇ?

ਚੰਗੇ ਭਾਗ ਸੀ ਮੰਤਰੀ ਸਾਹਿਬ ਦੇ ਕਿ ਸਿਰਸੇ ਵਾਲੇ ਬਾਬੇ ਨੇ 'ਰੂਹਾਨੀ ਜਾਮ' ਪਿਲਾਉਣਾਂ ਸੀ ਅਤੇ ਮੰਤਰੀ ਸਾਹਿਬ ਦਾ ਵਕਤੀ ਤੌਰ 'ਤੇ ਆਟੇ ਅਤੇ ਦਾਲ ਵਾਲੇ ਸ਼ੀਸ਼ੇ ਵੱਲੋਂ ਖਹਿੜਾ ਛੁੱਟਣਾ ਸੀ। ਮੰਤਰੀ ਸਾਹਿਬ ਨੂੰ ਤਾਂ ਸਿਰਸੇ ਵਾਲੇ ਸਾਧ ਦਾ ਧੰਨਵਾਦੀ ਹੋਣਾ ਚਾਹੀਦਾ ਹੈ! ਮੰਤਰੀ ਸਾਹਿਬ ਇਸ ਬਾਬੇ ਦੀ ਗ੍ਰਿਫ਼ਤਾਰੀ ਦੀ ਹਮਾਇਤ ਕਿਵੇਂ ਕਰਨ? ਜਾਂ ਕਿਉਂ ਕਰਨ? ਉਨ੍ਹਾਂ ਦਾ ਦਿਮਾਗ ਫਿਰਿਐ? ਮੰਤਰੀ ਸਾਹਿਬ ਨੂੰ ਤਾਂ ਸਿਰਸੇ ਵਾਲਾ ਬਾਬਾ ਇੱਕ 'ਵਰਦਾਨ' ਬਣ ਕੇ ਮਿਲਿਆ ਸੀ। ਮੰਤਰੀ ਸਾਹਿਬ ਦੇ ਮੋਢੇ ਨਾਲ ਮੋਢਾ ਡਾਹ ਕੇ ਉਨ੍ਹਾਂ ਦੇ ਪੁੱਤਰ ਜੀ ਵੀ ਸਾਥ ਦੇ ਰਹੇ ਸਨ। ਬੜਾ ਸਿਆਣਾ ਬਰਖ਼ੁਰਦਾਰ ਹੈ!

ਖ਼ੈਰ, ਗੱਲ ਚੱਲਦੀ ਸੀ ਡੇਰਾ ਵਾਦ-ਵਿਵਾਦ ਦੀ! ਲਓ ਜੀ, ਅਸੀਂ ਵੀ ਪੰਜਾਬੀ ਹਾਂ ਅਤੇ ਸਾਨੂੰ ਪੰਜਾਬ ਦਾ ਦਰਦ ਆਉਣਾ ਇੱਕ ਕੁਦਰਤੀ ਗੱਲ ਹੈ। ਅਸੀਂ ਪੰਜਾਬ ਦਾ ਖਾਣੇ ਐਂ, ਪੰਜਾਬ 'ਚ ਵਸਦੇ ਐਂ, ਤੇ ਫੇਰ ਪੰਜਾਬ ਦਾ ਖਾ ਕੇ ਅਸੀਂ ਪੰਜਾਬ ਨੂੰ ਈ 'ਹਲਾਲ' ਕਰਨੈਂ! ਨਹੀਂ ਯਾਰ, ਮੇਰੇ ਮੂੰਹੋਂ ਨਿਕਲ ਗਿਆ! 'ਹਲਾਲ' ਤਾਂ ਆਪਣੇ ਮੰਤਰੀ-ਛੰਤਰੀ ਕਰਦੇ ਐ, ਅਸੀਂ ਤਾਂ ਪੰਜਾਬ ਦਾ ਭਲਾ ਸੋਚਣੈਂ? ਜਦੋਂ ਪੰਜਾਬ ਵਿਚ ਸਿਰਸੇ ਵਾਲੇ ਬਾਬੇ ਬਾਰੇ ਹਾਹਾਕਾਰ ਮੱਚੀ, ਤਾਂ ਸਾਡਾ ਦਿਲ ਵੀ ਬਲੱਡ ਪ੍ਰੈਸ਼ਰ ਦੇ ਮਰੀਜ਼ ਮਾਂਗੂੰ 'ਖੜ੍ਹਬੜ੍ਹ-ਖੜ੍ਹਬੜ੍ਹ' ਕਰਦਾ, ਡੁਬਕੀਆਂ ਲਾਉਣ ਲੱਗ ਪਿਆ! ਕਦੇ ਘਟਣ ਲੱਗ ਪਿਆ ਕਰੇ ਅਤੇ ਕਦੇ ਬੜ੍ਹਕਾਂ ਜਿਹੀਆਂ ਮਾਰਨ ਲੱਗ ਜਾਇਆ ਕਰੇ! ਦਿਲ ਦੇ ਹਾਲਾਤ ਖ਼ਤਰਨਾਕ 'ਬਾਡਰ' 'ਤੇ ਪਹੁੰਚ ਗਏ! ਅਸੀਂ ਵੀ ਆਪਣੇ 'ਡਮਾਕ' ਨੂੰ ਪੁਰਾਣੇ ਰੇਡੀਓ ਵਾਂਗੂੰ ਧੱਫ਼ਾ ਜਿਹਾ ਮਾਰਿਆ ਕਿ ਕੀ ਐ, ਇਹਦੀ ਵੀ ਕੋਈ ਤਾਰ ਜੁੜ ਜਾਵੇ ਅਤੇ ਇਸ ਨੂੰ ਹੀ ਕੋਈ ਪੰਜਾਬ ਦਾ ਹੱਲ ਸੁੱਝ ਜਾਵੇ...?

ਲੈ ਬਈ, ਸਦਕੇ ਸਾਡੇ 'ਲੈਕ' ਡਮਾਕ ਦੇ! 'ਘਿਰੜ੍ਹ-ਘਿਰੜ੍ਹ' ਕਰਦੇ ਡਮਾਕ ਦੀ ਧੱਫ਼ਾ ਜਿਹਾ ਮਾਰਨ ਨਾਲ ਕੋਈ ਤਾਰ ਜੁੜ ਗਈ ਅਤੇ ਇਸ ਨੇ ਵੀ ਇੱਕ ਸਟੇਸ਼ਨ ਫੜ ਲਿਆ ਅਤੇ ਫ਼ੁਰਨੇ ਨੂੰ ਜੱਫਾ ਜਾ ਮਾਰਿਆ! ਫ਼ੁਰਨਾ ਵੀ ਕੀ...? ਬਹੁਤ ਹੀ ਤੱਤਾ ਅਤੇ ਢੁਕਵਾਂ, ਸਿਰੇ ਦਾ...! ਲਓ ਜੀ ਅਸੀਂ ਟਿੰਡ-ਫ਼ੌਹੜੀ ਚੱਕੀ ਅਤੇ ਪਿੰਡ ਦੇ ਕਾਮਰੇਡ ਲਾਵਾ ਸਿੰਘ ਕੋਲ ਚਲੇ ਗਏ। ਸੀ ਤਾਂ ਲਾਵਾ ਸਿੰਘ ਅਨਪੜ੍ਹ, ਪਰ ਸਾਡੇ ਲਈ ਸੋਨੇ ਦੀ ਇੱਕ 'ਖਾਣ' ਸੀ। ਬੜਾ ਸਾਡੇ ਅੜੇ-ਥੁੜੇ ਕੰਮ ਆਉਂਦਾ ਸੀ। ਅਸੀਂ ਸਾਰੀ ਗੱਲ ਉਸ ਨੂੰ ਜਾ ਦੱਸੀ। ਲਾਵਾ ਸਿੰਘ ਵੀ ਸੋਚਾਂ ਦੇ ਘਨ੍ਹੇੜੀਂ ਚੜ੍ਹਿਆ ਆਪਣੇ ਸੋਚ-ਸਮੁੰਦਰ ਵਿਚ ਜਾ ਡਿੱਗਿਆ। ਕਾਮਰੇਡ ਦੇ ਘਰਵਾਲੀ 'ਜਵਾਲਾ ਮੁਖੀ' ਵੀ ਦੰਦਾਂ 'ਚ ਉਂਗਲ ਲਈ, ਸੁਸ਼ੋਪੰਜ ਵਿਚ ਪਈ ਖੜ੍ਹੀ ਸੀ।

-'ਤੂੰ ਕੰਡੇ ਆਲੀ ਚਾਹ-ਚੂਹ ਪੀ ਕੇ ਡਮਾਕ ਖ਼ੁਰਚ ਕੌਮਨਸ਼ਟਾ! ਤੇਲ ਪਾਏ ਬਿਨਾ ਇੰਜਣ ਨ੍ਹੀ ਚੱਲਣਾ...!' ਮੈਂ ਉਸ ਨੂੰ ਹੋਰ ਸਲਾਹ ਦਿੱਤੀ।

ਆਖ਼ਰ ਕਾਫ਼ੀ ਜੱਦੋ-ਜਹਿਦ ਬਾਅਦ ਉਸ ਨੇ ਆਪਣੀ ਸੋਚਾਂ ਦੀ ਪਟਾਰੀ ਵਿਚੋਂ ਇੱਕ ਸੱਪ ਕੱਢਿਆ।

-'ਆਪਾਂ ਸ਼ਹਿਰ ਜਾ ਕੇ ਇਕ ਚਿੱਠੀ 'ਟੈਪ' ਕਰਾਉਨੇ ਐਂ, ਇਹ ਗੱਲ ਕਿਸੇ ਨੂੰ ਦੱਸਣ ਆਲੀ ਨ੍ਹੀ! ਕਿਸੇ ਕੋਲੇ ਗੱਲ ਨਾ ਕਰੀਂ ਮੇਰਾ ਬੀਰ! ਜੇ ਤੇਰੀ ਸਕੀਮ ਪਾਸ ਹੋਗੀ, ਗੌਰਮਿਲਟ ਨੇ ਤੈਨੂੰ ਉਮਰ ਭਰ ਆਸਤੇ 'ਪਿਲਛਣ' ਲਾ ਦੇਣੀ ਐਂ!' ਲਓ ਜੀ ਕਾਮਰੇਡ ਦੀ ਗੱਲ ਸੁਣ ਕੇ ਮੇਰੇ ਤਾਂ ਸਾਰੇ ਸਰੀਰ ਦੇ ਵਾਲ ਤੱਕਲੇ ਮਾਂਗੂੰ ਖੜ੍ਹੇ ਹੋ ਗਏ ਅਤੇ ਸਾਰੇ ਪਿੰਡੇ 'ਤੇ ਕੁਤਕੁਤੀਆਂ ਜਿਹੀਆਂ ਨਿਕਲਣ ਲੱਗ ਪਈਆਂ।

-'ਕਿੰਨੀ ਕੁ ਪਿਲਸ਼ਣ ਲਾਉਣਗੇ ਕੌਮਨਸ਼ਟਾ?' ਮੈਂ ਝੌਰ ਉਠੀ ਵਾਲੇ ਬਲਦ ਵਾਂਗ ਪੈਰਾਂ ਹੇਠੋਂ ਮਿੱਟੀ ਕੱਢੀ।

-'ਮਹੀਨੇ ਦੀ ਦਸ ਪੰਦਰਾਂ ਹਜਾਰ ਤਾਂ ਲਾਉਣਗੇ ਈ, ਥੋੜ੍ਹੇ ਐ...? ਪੂੰਨ ਦੀ ਗਾਂ ਦੇ ਦੰਦ ਨੀ ਦੇਖੀਦੇ ਹੁੰਦੇ' ਕਹਿ ਕੇ ਉਸ ਨੇ ਸਾਡਾ ਜਿੰਨ ਵਰਗਾ ਚਿਹਰਾ ਨਿਰਖਿਆ।

-'ਲਓ ਜੀ, ਫੇਰ ਤਾਂ ਸਾਡੀਆਂ ਪੌਂ ਬਾਰਾਂ ਹੋ ਗਈਆਂ...!' ਮੈਂ ਮਨ ਵਿਚ ਹੀ ਹਿਸਾਬ-ਕਿਤਾਬ ਲਾਉਣਾ ਸ਼ੁਰੂ ਕਰ ਦਿੱਤਾ। ਦਾਰੂ, ਭੁੱਕੀ ਅਤੇ ਹੋਰ ਸ਼ੌਕੀਨ ਖ਼ਰਚਿਆਂ ਨੂੰ ਤਕਸੀਮ ਕੀਤਾ।

ਲਓ ਜੀ, ਅਸੀਂ ਪਿੰਡੋਂ ਮੋਗੇ ਆਲੀ ਬੱਸ ਫੜ ਲਈ। ਕਾਮਰੇਡ ਦੀ ਟਿਕਟ ਵੀ ਮੈਂ ਹੀ ਖ਼ਰੀਦੀ। ਕੰਮ ਤਾਂ ਮੇਰਾ ਸੀ। ਉਹ ਤਾਂ ਮੇਰੀ ਮੱਦਦ ਕਰ ਰਿਹਾ ਸੀ। ਖ਼ੈਰ, ਕੰਮ ਤਾਂ ਇਹ ਸਾਰੇ ਪੰਜਾਬ ਦਾ ਸੀ, ਪਰ ਕੁਪੱਤੀ ਜੰਨ ਵਿਚ ਸਭ ਤੋਂ ਭਲੇ ਮਾਣਸ ਤਾਂ ਅਸੀਂ ਸੀ! ਹੋਰ ਕਿਸੇ ਨੂੰ ਪੰਜਾਬ ਦਾ ਕੀ ਫ਼ਿਕਰ-ਫ਼ਾਕਾ? ਅਸੀਂ ਸ਼ਹਿਰ ਦੀਆਂ ਕਚਹਿਰੀਆਂ 'ਚ ਜਾ ਕੇ ਕਰੜੀ ਜਿਹੀ ਚਾਹ ਪੀਤੀ, 'ਚਾਹ ਨਾਲ ਡਮਾਕ ਖੁੱਲ੍ਹ ਜਾਂਦੈ!' ਕਾਮਰੇਡ ਨੇ ਕਿਹਾ ਸੀ। ਚਾਹ ਨਾਲ ਕੜਾਕੇਦਾਰ ਮਟਰੀ ਵੀ ਅੰਦਰ ਸੁੱਟੀ। ਭੁੱਖੇ ਢਿੱਡ ਸਾਨੂੰ ਕੀ ਸੁੱਝਣਾ ਸੀ? ਭੁੱਖੇ ਢਿੱਡ ਤਾਂ ਰੱਬ ਦੇ ਭਗਤ ਵੀ ਭਗਤੀ ਕਰਨੋਂ ਮੁਨੱਕਰ ਹੋ ਗਏ ਸਨ, ਅਸੀਂ ਤਾਂ ਕਿਹੜੇ ਬਾਗ ਦੀ ਮੂਲੀ ਸੀ? ਚਲੋ ਜੀ, ਪੰਜਾਹ ਰੁਪਏ ਖ਼ਰਚ ਕੇ ਵੀ ਸੁਆਦ ਜਿਹਾ ਆ ਗਿਆ। ਨਹੀਂ ਤਾਂ ਕਦੇ ਜੁਆਕ ਸਕੂਲ ਦੀ ਫ਼ੀਸ ਮੰਗ ਲੈਂਦਾ, ਤਾਂ ਸਾਨੂੰ ਦੌਰਾ ਪੈਣ ਵਾਲਾ ਹੋ ਜਾਣਾ, 'ਸਾਲਿਆ ਪੜ੍ਹ ਕੇ ਐੱਲਸਪੈਲਟਰ ਬਣਨੈਂ? ਵਾਹੀ 'ਚ ਈ ਠੇਡੇ ਖਾਣੇ ਐਂ, ਜਦੋਂ ਮਰਜੀ ਖਾ ਲਈਂ!' ਜੁਆਕ ਨੂੰ ਸੌ-ਸੌ ਗਾਲ੍ਹ ਦੇਣੀਂ! ਪਰ ਅੱਜ ਪੈਸੇ ਖ਼ਰਚਦਿਆਂ ਦਿਲ ਨਹੀਂ ਘਟਦਾ ਸੀ, ਸਗੋਂ ਹੌਂਸਲਾ ਸੀ! ਪੰਜਾਬ ਦਾ ਮਸਲਾ ਜਿਉਂ ਸੀ। ਚਲੋ ਪੰਜਾਬ ਦਾ ਨਹੀਂ ਤਾਂ ਸਾਡੀ 'ਪਿਲਸ਼ਣ' ਦਾ ਮਸਲਾ ਤਾਂ ਸੀ?



ਚਲੋ ਜੀ, ਅਸੀਂ ਇੱਕ 'ਟੈਪ' ਕਰਨ ਆਲੇ ਕੋਲ ਚਲੇ ਗਏ। ਉਸ ਨੂੰ ਸਾਰੀ ਸਕੀਮ ਦੱਸੀ ਅਤੇ ਗੁਪਤ ਰੱਖਣ ਲਈ ਪੰਜਾਹ ਰੁਪਏ ਵੀ 'ਝੋਕ' ਦਿੱਤੇ! ਪੈਸੇ ਬਿਨਾ ਤਾਂ ਅੱਜ-ਕੱਲ੍ਹ ਕੋਈ ਰੱਬ ਨੂੰ ਮੱਥਾ ਨ੍ਹੀ ਟੇਕਦਾ? ਮੈਂ, ਕਾਮਰੇਡ ਅਤੇ 'ਟੈਪ' ਕਰਨ ਆਲੇ-ਤਿੰਨਾਂ ਨੇ ਆਪਣੀ ਹਿੰਦੀ 'ਇਕੱਤਰ' ਕੀਤੀ ਅਤੇ ਰਾਸ਼ਟਰਪਤੀ ਜੀ ਨੂੰ ਚਿੱਠੀ ਲਿਖਣ ਲੱਗ ਪਏ! ਕਾਮਰੇਡ ਅਤੇ ਮੈਂ ਲਿਖਵਾ ਰਹੇ ਸੀ ਅਤੇ 'ਟੈਪ' ਕਰਨ ਵਾਲਾ ਆਪਣੀਆਂ ਉਂਗਲਾਂ ਦੇ ਜੌਹਰ ਦਿਖਾ ਰਿਹਾ ਸੀ। ਉਸ ਦੀ 'ਟਿੱਕ-ਟਿੱਕ' ਸਾਡੇ ਖ਼ੁਸ਼ੀ ਦੀਆਂ ਕੁਤਕੁਤੀਆਂ ਕੱਢੀ ਜਾ ਰਹੀ ਸੀ।

-'ਸਤਿਕਾਰਯੋਗ ਹਿੰਦੋਸਤਾਨ ਕੇ ਰਾਸ਼ਟਰਪਤੀ ਜੀ, ਸਾਸਰੀਕਾਲ, ਨਮਿੱਸ਼ਕਾਰ, ਸਲਾਮ ਔਰ ਜੈ ਹਿੰਦ ਜੀ...! ਹਮ ਯਹਾਂ ਪਰ ਰਾਜੀ ਖ਼ੁਸ਼ੀ ਹਾਂ ਔਰ ਹਮ ਆਪ ਕੀ ਰਾਜੀ ਖ਼ੁਸ਼ੀ ਰੱਬ ਪਾਸੋਂ ਨੇਕ ਚਾਹਤੇ ਹੈਂ ਜੀ। ਸਭ ਰਾਜੀ ਖ਼ੁਸ਼ੀ ਕੇ ਬਾਅਦ ਸਮਾਚਾਰ ਇਹ ਹੈ ਕਿ ਹਮ ਆਪ ਕੀ ਬਹੁਤ ਕਦਰ ਕਰਤੇ ਹੈਂ, ਆਪ ਵਾਕਿਆ ਹੀ ਹਿੰਦੋਸਤਾਨ ਕੇ ਅੱਛੇ ਰਾਸ਼ਟਰਪਤੀ ਹੈਂ ਜੀ। ਆਪ ਕੇ ਫ਼ੈਸਲੇ ਹਮੇਸ਼ਾ ਹੀ ਹਿੰਦੋਸਤਾਨ ਕੇ ਹਿਤੋਂ ਕੇ ਹੱਕ ਮੇਂ ਜਾਤੇ ਹੈਂ, ਔਰ ਆਪ ਸਮਝਦਾਰ ਹੈਂ ਜੀ। ਦੂਸਰੇ ਮੰਤਰੀਓਂ ਕੀ ਤਰ੍ਹਾਂ ਗਿੱਦੜਮਾਰ ਨਹੀਂ! ਚਲੋ ਮੰਤਰੀ ਤੋ ਹੂਏ ਛੋਟੇ ਲੋਕ, ਪਰ ਆਪ ਤੋ ਹਿੰਦੋਸਤਾਨ ਕੇ ਰਾਸ਼ਟਰਪਤੀ ਜੀ ਹੈਂ ਜੀ। ਦੂਸਰੇ ਮੰਤਰੀਓਂ ਕੀ ਬਾਤ ਛੋਡੋ, ਵੋਹ ਤੋ ਜੀ ਕਹਿਨਾ ਕੁਛ ਔਰ ਕਰਨਾ ਕੁਛ...! ਆਪ ਬੜੇ ਸੁਲਝੇ ਇਨਸਾਨ ਹੈਂ ਜੀ।'

-'ਰਾਸ਼ਟਰਪਤੀ ਜੀ ਮੇਰਾ ਨਾਮ ਸੱਜਣ ਸਿੰਘ ਹੈ, ਸੱਜਣ ਸਿੰਘ ਉਰਫ਼ ਬੱਕਰੀਆਂ ਵਾਲਾ ਕਰਕੇ ਮਸ਼ਹੂਰ ਹੈ ਜੀ। ਸੱਜਣ ਬੱਕਰੀਆਂ ਵਾਲਾ ਅਪਨੇ ਦੇਸ਼ ਪੰਜਾਬ ਕੇ ਲਿਏ ਬਹੁਤ ਈਮਾਨਦਾਰ ਹੈ ਜੀ! ਹਮ ਦੇਸ਼ ਕੇ ਲਿਏ ਦੁਸ਼ਮਣ ਕਾ ਖ਼ੂਨ ਪੀ ਭੀ ਸਕਤੇ ਹੈਂ ਔਰ ਦੇਸ਼ ਕੇ ਲਿਏ ਅਪਨਾ ਖ਼ੂਨ ਵਹਾ ਭੀ ਸਕਤੇ ਹੈਂ! ਆਹ ਜੋ ਸਿਰਸੇ ਵਾਲੇ ਬਾਬਾ ਨੇ ਜੋ ਰੱਫੜ ਪਾਯਾ ਹੈ, ਉਸ ਕੇ ਬਾਰੇ ਮੇਂ ਆਪ ਕੋ ਏਕ ਸਲਾਹ ਦੇਣੀ ਚਾਹਤਾ ਹੂੰ! ਆਪ ਹਮ ਕੋ ਆ ਕਰ ਮਿਲੇਂ ਜੀ! ਕਾਮ ਸੁਧਰ ਜਾਏਗਾ ਜੀ। ਆਪ ਫ਼ਿਕਰ ਮੱਤ ਕਰਨਾ! ਹਮ ਆਪਕੇ ਨਾਲ ਹੈਂ। ਜਦੋਂ ਆਖੋਂਗੇ, ਹਮ ਚਾਰ ਬੱਕਰੀਆਂ ਬੇਚ ਡਾਲੇਂਗੇ ਜੀ! ਹਮ ਬਹੁਤ ਦਿਲ ਦਰਿਆ ਹਾਂ ਜੀ! ਖ਼ਰਚੇ ਕਾ ਫ਼ਿਕਰ ਨਾ ਕਰਨਾ! ਹਮਾਰੀ ਏਕ ਏਕ ਬੱਕਰੀ ਪਾਂਚ-ਪਾਂਚ ਹਜਾਰ ਮੇਂ ਬਿਕਤੀ ਹੈ! ਏਕ-ਦੋ ਬੱਕਰਾ ਵੀ ਪਾਲਾ ਹੂਆ ਹੈ। ਉਸ ਕੋ ਬੇਚ ਕਰ ਵੀ ਹਮ ਅਪਨੇ ਪੰਜਾਬ ਪਰ ਲਾ ਦੇਂਗੇ! ਹਮ ਆਪ ਕੇ ਊਪਰ ਸੇ ਸਾਰਾ ਬੱਕਰੀਆਂ ਵਾਲਾ ਵਾੜਾ ਵਾਰ ਦੇਂਗੇ ਜੀ! ਹਮ ਕੋ ਲੋਕ 'ਫ਼ਾਟੇ ਚੁਕ' ਪੰਜਾਬੀ ਕਹਿਤੇ ਹੈਂ, ਔਰ ਹਮ ਕੁਤੀਓਂ ਕੋ ਕੰਧੋਂ ਪਰ ਚਾਹੜ ਦੇਤੇ ਹੈਂ ਜੀ! ਹਮ ਬੱਕਰੀ ਕੋ ਵੀ 'ਗੂਲੋ' ਪਰ ਚਾੜ੍ਹਨੇ ਲੱਗੇ ਦੇਖਤੇ ਵਿਚਾਰਤੇ ਨਹੀਂ ਜੀ! ਲੇਕਿਨ ਹਮਾਰੀ ਪਿਲਸ਼ਣ ਕਾ ਖ਼ਿਆਲ ਰੱਖਨਾ ਜੀ! ਜਬ ਯੇ ਪੰਗਾ ਖ਼ਤਮ ਹੋ ਗਯਾ, ਮੁਝੇ ਪਿਲਸ਼ਣ ਜਰੂਰ ਬਰ ਜਰੂਰ ਚਾਲੂ ਕਰਵਾ ਦੇਣੀਂ ਜੀ! ਹਮ ਆਪ ਕੋ ਏਕ ਗੁਪਤ ਸਲਾਹ ਦੇਣਾ ਹੈ। ਯੇਹ ਗੁਪਤ ਸਲਾਹ ਆਪ ਕੋ ਇਕੱਲੇ ਕੋ ਸੁਨਾਨੀ ਪੜਨੀ ਹੈ ਜੀ! ਹਮਾਰੀ ਰੈਅ ਜਰੂਰ ਲੇਨੀ ਜੀ ਔਰ ਇਸ ਕੋ ਖ਼ਤ ਨਹੀਂ, ਤਾਰ ਸਮਝਣਾ। ਖ਼ਤ ਕਾ ਜਵਾਬ ਆਤੀ ਡਾਕ ਮੇਂ ਦੇਨਾ...!' ਖ਼ੈਰ, ਅਸੀਂ ਸਾਰੀ ਰਾਜ਼ੀ-ਖ਼ੁਸ਼ੀ ਲਿਖ ਕੇ ਆਪਣੀ ਰੈਅ ਗੁਪਤ, ਰਾਖਵੀਂ ਰੱਖ ਲਈ। ਮਨ-ਮੰਦਰ ਅੰਦਰ!

ਸ਼ਹਿਰੋਂ ਤੁਰਦਿਆਂ ਅਸੀਂ ਠੇਕੇ ਤੋਂ ਮੋਟੇ ਸੰਤਰੇ ਦੀ ਬੋਤਲ ਲੈ ਲਈ। ਮੈਂ ਅਤੇ ਕਾਮਰੇਡ 'ਸੰਧੂਰੀ' ਜਿਹੇ ਹੋ ਕੇ ਘਰੇ ਆਏ! ਘਰਵਾਲੀ ਦੇ ਹੱਥੋਂ ਅੱਜ ਰੋਟੀ ਖਾਣ ਨੂੰ ਦਿਲ ਨਾ ਕਰੇ। ਆਪਣੀਆਂ ਸਾਰੀਆਂ ਬੱਕਰੀਆਂ ਅਤੇ ਪਠੋਰੇ, ਪਠੋਰੀਆਂ ਨੂੰ ਪਲੋਸ-ਪਲੋਸ ਕੇ ਦੇਖਿਆ ਕਿ ਪਤਾ ਨਹੀਂ ਕਿਹੜੀ ਦੀ, ਕਦੋਂ 'ਬਲੀ' ਦੇਣੀ ਪੈ ਜਾਵੇ? ਖ਼ੈਰ ਜੀ ਰਾਸ਼ਟਰਪਤੀ ਜੀ ਦੇ ਦਰਬਾਰ ਵਿਚ ਸਾਡੀ ਚਿੱਠੀ ਪਹੁੰਚਣ ਦੀ ਦੇਰ ਸੀ ਕਿ ਸਿਆਸਤ 'ਚ ਤਾਂ ਭੁਚਾਲ ਆ ਗਿਆ...! ਤਾਰਾਂ ਖੜਕ ਪਈਆਂ। ਰਾਸ਼ਟਰਪਤੀ ਜੀ ਨੇ ਸਿੱਧੀ ਪੰਜਾਬ ਦੇ ਗਵਰਨਰ ਨੂੰ 'ਤਾਰ' ਮਾਰੀ! ਗਵਰਨਰ ਨੇ ਜਿਲ੍ਹੇ ਦੇ ਐਸ. ਪੀ. ਨੂੰ ਅਤੇ ਐਸ. ਪੀ. ਸਾਹਿਬ ਨੇ ਐੱਸ. ਐੱਸ. ਪੀ., ਡੀ. ਸੀ. ਅਤੇ ਡੀ. ਐਸ. ਪੀ ਨੂੰ ਫ਼ੋਨ ਖੜਕਾ ਦਿੱਤੇ! ਸਾਰਾ ਠਾਣਾ ਸਾਡੇ ਪਿੰਡ ਆ ਢੇਰੀ ਹੋਇਆ। ਸੱਜਣ ਸਿੰਘ ਉਰਫ਼ ਬੱਕਰੀਆਂ ਆਲੇ ਦੀ ਭਾਲ ਸ਼ੁਰੂ ਹੋ ਗਈ। ਬੜੀ ਖ਼ੁਸ਼ੀ ਹੋਈ ਕਿ ਚਲੋ ਸਾਡੀ ਪੁੱਛ ਦੱਸ ਤਾਂ ਹੋਈ? ਅਫ਼ਸਰ 'ਸਰਦਾਰ ਜੀ' ਤੋਂ ਬਿਨਾ ਗੱਲ ਨਾ ਕਰੇ! ਪਿੰਡ ਦੀ ਪੰਚਾਇਤ ਸਮੇਤ ਮੈਨੂੰ ਬੜੀ ਸ਼ਾਨ, ਬੜੀ ਠਾਠ ਨਾਲ ਠਾਣੇ ਲੈ ਗਏ ਅਤੇ ਚਾਹ ਪਾਣੀ ਦੀ ਸੇਵਾ ਤੋਂ ਬਾਅਦ ਡੀ. ਐੱਸ. ਪੀ. ਸਾਹਿਬ ਨੇ ਸਭਾ ਲਾ ਲਈ।

-'ਹਾਂ ਬਈ ਸੱਜਣ ਸਿਆਂ...! ਕੀ ਨੁਸਕਾ ਐ ਤੇਰੇ ਕੋਲੇ ਇਸ ਵਾਦ-ਵਿਵਾਦ ਦੇ ਹੱਲ ਦਾ?' ਡੀ. ਐੱਸ. ਪੀ. ਸਾਹਿਬ ਨੇ ਬੜੇ ਪਿਆਰ ਸਤਿਕਾਰ ਨਾਲ ਪੁੱਛਿਆ।

-'ਰਾਸ਼ਟਰਪਤੀ ਸਾਹਬ ਆਪ ਨ੍ਹੀ ਆਏ?' ਮੈਂ ਬੜੀ ਹੈਰਾਨੀ ਨਾਲ ਪੁੱਛਿਆ।

-'ਉਨ੍ਹਾਂ ਕੋਲੇ ਟਾਈਮ ਨਹੀਂ ਸੀ, ਮੇਰੀ ਡਿਊਟੀ ਲਾਈ ਐ ਉਨ੍ਹਾਂ ਨੇ!' ਉਸ ਨੇ ਹੱਸ ਕੇ ਕਿਹਾ। ਮੈਨੂੰ ਬੜਾ ਗੁੱਸਾ ਆਇਆ ਕਿ ਪੰਜਾਬ ਨੂੰ ਅੱਗ ਲੱਗੀ ਪਈ ਐ ਅਤੇ ਇਹ ਹੱਸਣ ਲੱਗ ਪਿਆ?

-'ਤੁਸੀਂ ਜੀ ਮਾੜਾ ਜਿਹਾ ਪੜਦੇ ਨਾਲ ਪੁੱਛੋ! ਐਡਾ ਵੱਡਾ ਨੁਕਸਾ, ਤੇ ਜਬਾਬ ਸਾਰਿਆਂ ਦੇ ਸਾਹਮਣੇ ਈ ਮੰਗੀ ਜਾਨੇ ਐਂ? ਮੇਰੀ 'ਪਿਲਸ਼ਣ' ਦਾ ਵੀ ਖ਼ਿਆਲ ਕਰੋ!' ਮੈਂ ਅਫ਼ਸਰ ਦੇ ਕੰਨ ਕੋਲ ਹੋ ਕੇ ਕਿਹਾ।

-'ਚਲੋ ਆਪਾਂ ਇੱਕ ਪਾਸੇ ਚੱਲ ਵੜਦੇ ਹਾਂ!' ਕਹਿ ਕੇ ਡੀ. ਐੱਸ. ਪੀ. ਸਾਹਿਬ ਮੈਨੂੰ ਇੱਕ ਪਾਸੇ ਲੈ ਗਏ।

-'ਹਾਂ ਹੁਣ ਦੱਸ...? ਐਥੇ ਆਪਾਂ 'ਕੱਲੇ ਈ ਐਂ!' ਉਸ ਨੇ ਆਖਿਆ।

-'ਕਿਸੇ ਕੋਲੇ ਗੱਲ ਨਾ ਕਰਿਓ ਸਰਕਾਰ! ਮੇਰੀ ਪਿਲਸ਼ਣ ਦਾ ਸੁਆਲ ਐ!'

-'ਜਮਾਂ ਈ ਨ੍ਹੀ ਕਰਦਾ, ਤੂੰ ਗੱਲ ਕਰ, ਹੱਲ ਦੱਸ...?'

ਮੈਂ ਆਸਾ-ਪਾਸਾ ਨਿਰਖ, ਸੁੰਘ ਕੇ ਕਹਿਣਾ ਸ਼ੁਰੂ ਕੀਤਾ।

-'ਜਨਾਬ ਸਿਰਸੇ ਵਾਲੇ ਬਾਬੇ ਦਾ ਇੱਕੋ ਹੀ ਹੱਲ ਐ ਮੇਰੇ ਕੋਲੇ...!'

-'ਦੱਸ ਵੀ...? ਸਾਡਾ ਕਾਲਜਾ ਕਿਉਂ ਕੱਢੀ ਜਾਨੈਂ?' ਅਫ਼ਸਰ ਵੀ ਮੇਰੇ ਹੋਰ ਨੇੜੇ ਹੋ ਗਿਆ।

-'ਉਹਨੂੰ ਸਮੂਹ ਸੰਗਤ ਅੱਗੇ ਪੇਸ਼ ਹੋ ਕੇ ਸਾਰੇ ਜਗਤ ਤੋਂ ਮੁਆਫ਼ੀ ਮੰਗ ਲੈਣੀ ਚਾਹੀਦੀ ਐ ਤੇ ਮੁੜ ਕੇ ਐਹੋ ਜੀ ਘਟਿੱਤ ਨ੍ਹੀ ਕਰਨੀ ਚਾਹੀਦੀ...! ਕੰਮ ਸਾਰਾ ਈ ਲੋਟ ਆਜੂ ਸਰਕਾਰ..! ਸਿੱਖ ਕੌਮ ਬੜੀ ਭੋਲੀ ਤੇ ਬਗਸ਼ਣਹਾਰ ਐ..! ਪਲ 'ਚ ਭਾਫ਼ਾਂ ਛੱਡਣ ਲੱਗ ਜਾਂਦੀ ਐ ਤੇ ਅਗਲੇ ਮਿਲਟ 'ਚ ਸ਼ਾਂਤ ਵੀ ਹੋ ਜਾਂਦੀ ਐ, ਸਰਕਾਰ..!'

-'ਆਹੀ ਹੱਲ ਸੀ ਤੇਰੇ ਕੋਲੇ?' ਉਹ ਹੈਰਾਨ ਹੋ ਗਿਆ।

-'ਇਹ ਹੱਲ ਕੋਈ ਛੋਟਾ ਮੋਟੈ ਜੀ? ਪੰਜਾਬ ਦੀ ਸ਼ਾਂਤੀ ਦਾ ਸੁਆਲ ਐ!' ਮੈਂ ਕਿਹਾ ਤਾਂ ਡੀ. ਐਸ. ਪੀ. ਸਾਹਿਬ ਨੇ ਭਰਿੰਡਾਂ ਵਾਂਗੂੰ ਸਿਪਾਹੀ ਇਕੱਠੇ ਕਰ ਲਏ!

-'ਇਹ ਤਾਂ ਸਾਰੇ ਜੱਥੇਦਾਰ ਤੇ ਪੰਜਾਬ ਦੇ ਲੋਕ ਵੀ ਪਿੱਟੀ ਜਾਂਦੇ ਐ, ਓਦਣ ਦੇ! ਤੇਰੇ ਕੋਲੇ ਕੋਈ ਨਵਾਂ ਹੱਲ ਐ ਇਹੇ? ਉਏ ਮੁੰਡਿਓ...! ਇਹਨੂੰ ਕੰਜਰ ਨੂੰ ਕੁੱਟੋ ਘੱਟ, ਤੇ ਘੜ੍ਹੀਸੋ ਜਾਅਦੇ! ਤੇ ਫੇਰ ਇਹਨੂੰ ਕਿਸੇ ਕਮਲਿਆਂ ਦੇ ਹਸਪਤਾਲ 'ਚ ਸਿੱਟ ਦਿਓ ਅਤੇ ਡਾਕਟਰ ਤੋਂ ਰਿਪੋਰਟ ਲਓ ਕਿ ਇਹ ਬੰਦਾ ਦਿਮਾਗੀ ਤੌਰ 'ਤੇ ਪਾਗਲ ਐ! ਧਿਆਨ ਰੱਖਿਓ, ਇਹ ਰਿਪੋਰਟ 'ਉਪਰ' ਜਾਣੀ ਐਂ!'

ਲਓ ਜੀ, ਗੋਡੇ, ਕੂਹਣੀਆਂ ਤੇ ਘਸੁੰਨ ਮਾਰ-ਮਾਰ ਮੇਰਾ ਤਾਂ ਪਾ ਦਿੱਤਾ ਉਨ੍ਹਾਂ ਨੇ ਗਾਹ...! ਬੱਖੀਆਂ ਕਰਦੀਆਂ ਪੋਲੀਆਂ..! ਕੱਢਤਾ ਕਚੂੰਬਰ...! ਮੇਰੇ ਤਾਂ ਹੱਡ ਲਾ ਦਿੱਤੇ ਟੱਸ-ਟੱਸ ਕਰਨ ਪਤੰਦਰਾਂ ਨੇ...! ਮੈਂ ਬਥੇਰੀ ਹਾਲ ਦੁਹਾਈ ਪਾਈ ਬਈ ਜੇ ਥੋਨੂੰ ਮੇਰਾ ਨੁਕਸਾ ਨਹੀਂ ਫ਼ਿੱਟ, ਤਾਂ ਮੈਂ ਇਹਨੂੰ ਮੋੜ ਕੇ ਲੈ ਜਾਨੈਂ, ਪਰ ਮੇਰੇ 'ਚ ਚਿੱਬ ਨਾ ਪਾਓ! ਮੈਂ ਭੁੱਲ ਗਿਆ...! ਮੇਰੀ ਭਿਆਂ...! ਚਾਹੇ ਬਾਪੂ ਕਹਾਲੋ...! ਮੈਂ ਸੋਚਿਆ ਬਈ ਇਹ 'ਰਿਪੋਟ' ਉਪਰ ਭੇਜਣ ਤੋਂ ਪਹਿਲਾਂ ਕਿਤੇ ਮੈਨੂੰ ਨਾ 'ਉਪਰ' ਧਰਮਰਾਜ ਦੇ ਦਰਬਾਰ ਭੇਜ ਦੇਣ! ਚਲੋ ਜੀ, ਮੇਰੇ ਸਰੀਰ ਦਾ ਭੁੱਗਾ ਕੁੱਟ ਕੇ, ਚਿੱਤ ਖ਼ੁਸ਼ ਕਰਕੇ, ਤਸੱਲੀ ਕਰਕੇ ਸਹੁਰੇ ਮੈਨੂੰ ਕਮਲਿਆਂ ਆਲੇ ਹਸਪਤਾਲ ਸਿੱਟ ਆਏ! ਪਹਿਲਾਂ ਤਾਂ ਕਮਲਿਆਂ ਦੇ ਹਸਪਤਾਲ ਆਲੇ ਡਾਕਟਰ ਦੀਆਂ ਮਿੰਨਤਾਂ-ਤਰਲੇ, ਬੰਨ੍ਹ-ਸੁੱਭ ਕਰਕੇ ਖਹਿੜਾ ਛੁਡਾਇਆ! ਤੇ ਫੇਰ ਦਸ ਹਜਾਰ ਪੁਲਸ ਨੂੰ ਮੱਥਾ ਟੇਕਿਆ। ਪੁਲਸ ਆਲੇ ਤਾਂ ਖ਼ਸਮਾਂ ਨੂੰ ਖਾਣੇ ਨਿੱਤ ਮੇਰੇ ਘਰੇ ਭੂਤ ਮਾਂਗੂੰ ਆ ਵੱਜਿਆ ਕਰਨ, ਅਖੇ ਕੋਈ ਹੋਰ ਸਕੀਮ ਨ੍ਹੀ ਤਿਆਰ ਕੀਤੀ...? ਮੈਂ ਹੱਥ ਜੋੜਿਆ ਕਰਾਂ ਬਈ ਸਰਕਾਰ ਜੀ ਮੈਨੂੰ ਬਗਸ਼ੋ...! ਗਲਤੀ ਕਰ ਬੈਠਾ...! ਪਤੰਦਰ ਵਾੜੇ 'ਚ ਖੜ੍ਹੇ ਪਠੋਰਿਆਂ 'ਚੋਂ ਇੱਕ-ਅੱਧਾ ਜਿਪਸੀ 'ਚ ਲੱਦ ਕੇ ਲੈ ਤੁਰਿਆ ਕਰਨ, ਜਿਵੇਂ ਬਾਪੂ ਦੇ ਹੁੰਦੇ ਐ! ਜਦੋਂ ਪਠੋਰੇ ਮੁੱਕ ਗਏ, ਫੇਰ ਵਿਚਾਰੀਆਂ ਬੱਕਰੀਆਂ ਨੂੰ ਆ ਚਿੰਬੜੇ। ਜਦ ਬੱਕਰੀਆਂ ਨਿੱਬੜ ਗਈਆਂ, ਫੇਰ ਮੇਰੇ ਬੋਕ ਨੂੰ ਵੀ ਜੀਪ 'ਚ ਚਾੜ੍ਹ ਕੇ ਲੈ ਗਏ। ਲਓ ਜੀ, ਸਾਥੋਂ ਆਪਣਾ ਵਾੜਾ ਪੰਜਾਬ 'ਤੇ ਜਾਂ ਰਾਸ਼ਟਰਪਤੀ ਸਾਹਿਬਾਨ ਤੋਂ ਤਾਂ ਵਾਰਿਆ ਨਹੀਂ ਗਿਆ। ਪਰ ਪੁਲਸ ਵਾਲੇ ਚੁਸਤ ਮੀਰਜ਼ਾਦੇ ਮਾਂਗੂੰ ਜ਼ਰੂਰ ਵਾੜੇ ਦੀਆਂ 'ਵੇਲਾਂ' ਕਰਵਾ ਕੇ ਲੈ ਗਏ! ਲਓ ਜੀ, ਹੁਣ ਸਾਨੂੰ ਪੰਜਾਬ ਮਸਲੇ ਦਾ ਹੱਲ ਤਾਂ ਕੀ ਲੱਭਣਾ ਸੀ? ਹੁਣ ਤਾਂ ਸਾਨੂੰ ਸਾਡੇ ਜੁਆਕਾਂ ਦੀ ਰੋਟੀ ਦਾ ਵੀ ਹੱਲ ਨ੍ਹੀ ਲੱਭਦਾ...! ਸਾਡਾ ਬੋਕ ਵਿਚਾਰਾ ਨਿੱਤ ਸਾਡੇ ਕੰਨਾਂ ਵਿਚ ਮਿਆਂਕਦਾ ਸੁਣਦੈ!

# ਭਗਤ ਭੀਖਨ ਜੀ

ਭਗਤ ਭੀਖਨ ਜੀ ਭਾਰਤ ਦੀ ਮੱਧ-ਯੁਗ ਦੀ ਭਗਤੀ ਲਹਿਰ ਦੇ ਸੰਤ ਹੋਏ ਹਨ, ਜਿਨ੍ਹਾਂ ਦਾ ਸਮਾਂ ਆਮ ਤੌਰ 'ਤੇ 1480-1573 ਈਸਵੀ ਮੰਨਿਆ ਜਾਂਦਾ ਹੈ। ਭਗਤ ਜੀ ਬਾਰੇ ਵਿਸਥਾਰ ਵਿਚ ਬਹੁਤੀ ਜਾਣਕਾਰੀ ਪ੍ਰਾਪਤ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੇ ਦੋ ਸ਼ਬਦ ਸ਼ਾਮਲ ਹਨ। ਕਿਹਾ ਜਾਂਦਾ ਹੈ ਕਿ ਅਸਲ ਵਿਚ ਇਸੇ ਨਾਮ ਦੇ ਦੋ ਭਗਤ ਹੋਏ ਹਨ: ਭਗਤ ਭੀਖਨ ਅਤੇ ਭੀਖਨ ਸੂਫ਼ੀ। ਭਗਤ ਭੀਖਨ ਜੀ ਵੀ ਭਗਤ ਰਵਿਦਾਸ ਅਤੇ ਭਗਤ ਧੰਨਾ ਜੀ ਦੀ ਪ੍ਰੰਪਰਾ ਵਿਚ ਹੀ ਭਗਤ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਉਨ੍ਹਾਂ ਦੇ ਦੋ ਸ਼ਬਦਾਂ ਤੋਂ ਸਪੱਸ਼ਟ ਹੈ ਕਿ ਉਹ ਪਰਮਾਤਮਾ ਦੇ ਨਾਮ ਦੀ ਭਗਤੀ ਨਾਲ ਜੁੜੇ ਹੋਏ ਸਨ, ਜਿਸ ਨੂੰ ਉਹ ਸਾਰੇ ਸੰਸਾਰ ਲਈ ਰੋਗਾਂ ਦਾ ਦਾਰੂ ਮੰਨਦੇ ਹਨ। ਭਗਤ ਜੀ ਦੇ ਦੋਵੇਂ ਸ਼ਬਦ ਰਾਗ ਸੋਰਠਿ ਵਿਚ ਹਨ ਜਿਨ੍ਹਾਂ ਤੋਂ ਪਤਾ



ਡਾ. ਗੁਰਨਾਮ ਕੌਰ, ਕੈਨੇਡਾ

ਲਗਦਾ ਹੈ ਕਿ ਉਹ ਨਾਮ ਸਿਮਰਨ ਅਤੇ ਗੁਰੂ ਦੀ ਮਿਹਰ ਦੀ ਗੱਲ ਕਰਦੇ ਹਨ। ਪਹਿਲਾ ਸ਼ਬਦ ਹੈ:

ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥
ਰੂਧਾ ਕੰਠੁ ਸਬਦੁ ਨਹੀਂ ਉਚਰੈ ਅਬ ਕਿਆ ਕਰਹਿ ਪਰਾਨੀ ॥ 1 ॥
ਰਾਮ ਰਾਇ ਹੋਹਿ ਬੈਦ ਬਨਵਾਰੀ ॥
ਅਪਨੇ ਸੰਤਹ ਲੇਹੁ ਉਬਾਰੀ ॥ 1 ॥ ਰਹਾਉ ॥
ਮਾਥੇ ਪੀਰ ਸਰੀਰਿ ਜਲਨ ਹੈ ਕਰਕ ਕਰੇਜੇ ਮਾਹੀ ॥
ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ ॥ 2 ॥
ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥
ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥ 3 ॥ 1 ॥
(ਪੰ.659)

ਭਗਤ ਭੀਖਨ ਜੀ ਇਥੇ ਮਨੁੱਖ ਨੂੰ ਸੰਬੋਧਿਤ ਹਨ ਕਿ ਬੁਢਾਪਾ ਆ ਜਾਣ ਕਰਕੇ ਸਰੀਰ ਕਮਜ਼ੋਰ ਹੋ ਗਿਆ ਹੈ। ਅੱਖਾਂ ਵਿਚੋਂ ਪਾਣੀ ਵਗ ਰਿਹਾ ਹੈ ਅਤੇ ਕੇਸ ਤੇਰੇ ਦੁੱਧ ਵਾਂਗ ਚਿੱਟੇ ਹੋ ਗਏ ਹਨ; ਅਰਥਾਤ ਬੁਢਾਪੇ ਕਾਰਨ ਸਰੀਰ ਦਾ ਸਾਰਾ ਪ੍ਰਬੰਧ ਹੀ ਨਿਰਬਲ ਹੋ ਗਿਆ ਹੈ। ਬਲਗਮ ਨਾਲ ਸੰਘ ਰੁਕ ਗਿਆ ਹੈ (ਬੁਢਾਪੇ ਦੀਆਂ ਰੋਗੇ ਵਰਗੀਆਂ ਅਲਾਮਤਾਂ ਕਰਕੇ ਗਲਾ ਰੁਕਿਆ ਹੋਇਆ ਹੈ) ਅਤੇ ਆਵਾਜ਼ ਵੀ ਸਾਫ਼ ਨਹੀਂ ਨਿਕਲਦੀ।

ਭਗਤ ਜੀ ਸਮਝਾਉਂਦੇ ਹਨ ਕਿ ਹੇ ਜੀਵ! ਅਜੇ ਵੀ ਤੂੰ ਸਰੀਰ ਦੇ ਮੋਹ ਵਿਚ ਫਸਿਆ ਹੋਇਆ ਹੈਂ? ਤੂੰ ਪਰਮਾਤਮਾ ਨੂੰ ਯਾਦ ਕਿਉਂ ਨਹੀਂ ਕਰਦਾ? ਭਗਤ ਜੀ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਨ ਕਿ ਆਪਣੇ ਸੰਤਾਂ ਨੂੰ ਬਚਾ ਲਓ। ਹੇ ਸੋਹਣੇ ਪ੍ਰਭੂ! ਹੇ ਸੋਹਣੇ ਰਾਮ! ਜੇ ਤੂੰ ਹਕੀਮ ਬਣੇ ਤਾਂ ਤੂੰ ਆਪਣੇ ਸੰਤਾਂ ਨੂੰ ਬਚਾ ਲੈਂਦਾ ਹੈਂ। ਭਗਤ ਜੀ ਜੀਵ ਨੂੰ ਸਮਝਾਉਂਦੇ ਹਨ ਕਿ ਬੁਢਾਪਾ ਆ ਜਾਣ ਕਰਕੇ ਤੇਰੇ ਸਿਰ ਵਿਚ ਦਰਦ ਟਿਕਿਆ ਰਹਿੰਦਾ ਹੈ, ਸਰੀਰ ਵਿਚ ਸੜਨ ਰਹਿੰਦੀ ਹੈ, ਕਲੇਜੇ ਵਿਚ ਪੀੜ ਉਠਦੀ ਹੈ। ਬੁਢਾਪੇ ਕਰਕੇ ਸਾਰੇ ਜਿਸਮ ਵਿਚ ਐਸਾ ਵੱਡਾ ਰੋਗ ਉਠ ਖਲੋਤਾ ਹੈ ਜਿਸ ਦਾ ਕੋਈ ਇਲਾਜ ਨਹੀਂ ਹੈ। (ਪ੍ਰੰਤੂ ਮਨੁੱਖ ਦਾ ਇਹ ਦੁਖਾਂਤ ਹੈ ਕਿ ਇਸ ਸਭ ਕੁੱਝ ਦੇ ਬਾਵਜੂਦ ਉਸ ਦਾ ਸਰੀਰ ਨਾਲੋਂ ਮੋਹ ਨਹੀਂ ਟੁੱਟਦਾ)।

ਇਸ ਸਾਰੇ ਰੋਗ ਦਾ ਦਰਦ, ਸਰੀਰਕ ਮੋਹ ਨੂੰ ਮਿਟਾਉਣ ਦਾ ਸੰਸਾਰ ਵਿਚ ਸਭ ਤੋਂ ਉੱਤਮ ਇਲਾਜ ਇੱਕੋ ਹੈ ਅਤੇ ਉਹ ਹੈ ਪਰਮਾਤਮਾ ਦਾ ਨਾਮ-ਰੂਪ ਨਿਰਮਲ ਅੰਮ੍ਰਿਤ-ਜਲ। ਇਹੀ ਸਾਰੇ ਦੁੱਖਾਂ ਦਾ ਦਾਰੂ ਹੈ। ਭਗਤ ਭੀਖਨ ਜੀ ਫਰਮਾਉਂਦੇ ਹਨ ਕਿ ਗੁਰੂ ਦੀ ਮਿਹਰ ਸਦਕਾ ਉਨ੍ਹਾਂ ਨੇ ਨਾਮ ਸਿਮਰਨ ਦਾ ਇਹ ਰਸਤਾ ਲੱਭ ਲਿਆ ਹੈ; ਜਿਸ ਕਰਕੇ ਉਨ੍ਹਾਂ ਨੇ ਸਰੀਰਕ ਮੋਹ ਤੋਂ ਛੁਟਕਾਰਾ ਪਾ ਲਿਆ ਹੈ।

ਅਸੀਂ ਕਹਿ ਸਕਦੇ ਹਾਂ ਕਿ ਇਸ ਸ਼ਬਦ ਵਿਚ ਭਗਤ ਭੀਖਨ ਜੀ ਜੀਵ ਨੂੰ ਯਾਦ ਦੁਆਉਂਦੇ ਹਨ ਕਿ ਉਮਰ ਲੰਘਦੀ ਜਾਂਦੀ ਹੈ, ਬੁਢਾਪਾ ਆ ਗਿਆ ਹੈ; ਜੋ ਸਮਾਂ ਬਚਦਾ ਹੈ ਉਸ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਵੱਲ ਲਾਉਣਾ ਚਾਹੀਦਾ ਹੈ। ਪਰਮਾਤਮਾ ਦਾ ਨਾਮ ਅਜਿਹੀ ਦਵਾਈ ਹੈ ਜੋ ਇਸ ਸੰਸਾਰ ਤੋਂ ਜਾਣ ਤੱਕ ਦੇ ਦੁੱਖ ਨੂੰ ਵੀ ਦੂਰ ਕਰ ਦਿੰਦੀ ਹੈ। ਗੁਰੂ ਤੇਗ ਬਹਾਦਰ, ਨੌਵੀਂ ਨਾਨਕ ਜੋਤਿ ਨੇ ਵੀ ਮਨੁੱਖ ਨੂੰ ਆਗਾਹ ਕੀਤਾ ਹੈ ਕਿ ਹੇ ਮਨੁੱਖ! ਬੁਢਾਪਾ ਆ ਗਿਆ ਹੈ, ਕੁੱਝ ਸੁਝਦਾ ਨਹੀਂ ਅਤੇ ਮੌਤ ਦਾ ਸਮਾਂ ਨੇੜੇ ਆ ਗਿਆ ਹੈ। ਬਾਵਰੇ ਮਨੁੱਖ ਪਰਮਾਤਮਾ ਦੇ ਨਾਮ ਦਾ ਸਿਮਰਨ ਕਿਉਂ ਨਾ ਕੀਤਾ ਜਾਵੇ? ਨਾਮ ਸਾਰੇ ਦੁੱਖਾਂ ਦਾ ਦਾਰੂ ਹੈ। ਗੁਰੂ ਸਾਹਿਬ ਅੱਗੇ ਫਰਮਾਉਂਦੇ ਹਨ ਕਿ ਬੁਢਾਪਾ ਆ ਜਾਣ 'ਤੇ ਸਿਰ ਕੰਬ ਰਿਹਾ ਹੈ ਅਤੇ ਪੈਰ ਡਗਮਗਾ ਰਹੇ ਹਨ, ਅੱਖਾਂ ਤੋਂ ਬੁਢਾਪੇ ਕਾਰਨ ਜੋਤ ਚਲੀ ਗਈ ਹੈ। ਹਾਲਤ ਇਸ ਤਰ੍ਹਾਂ ਦੀ ਹੋ ਗਈ ਹੈ, ਫਿਰ ਵੀ ਤੂੰ ਪਰਮਾਤਮਾ ਦੇ ਨਾਮ ਦਾ ਰਸ ਕਿਉਂ ਨਹੀਂ ਲੈਂਦਾ? ਕਿਉਂ ਨਾਮ ਦਾ ਸਿਮਰਨ ਨਹੀਂ ਕਰਦਾ (ਜਦੋਂ ਇਹ ਸਪੱਸ਼ਟ ਦਿਖਾਈ ਦੇ ਰਿਹਾ ਹੈ ਕਿ ਅੰਤਮ ਸਮਾਂ ਆਉਣ ਵਾਲਾ ਹੈ):

ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥
ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥ 4 ॥ (ਪੰ.1426)
ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥
ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥ 47 ॥ (ਪੰ.1428)

ਰਾਗੁ ਸੋਰਠਿ ਵਿਚ ਹੀ ਭਗਤ ਭੀਖਨ ਜੀ ਦਾ ਦੂਸਰਾ ਸ਼ਬਦ ਹੈ ਜੋ ਪਰਮਾਤਮਾ ਦੇ ਨਾਮ ਦੀ ਮਹੱਤਤਾ 'ਤੇ ਚਾਨਣਾ ਪਾਉਂਦਾ ਹੈ ਜਿਸ ਵਿਚ ਦੱਸਿਆ ਹੈ ਕਿ ਪਰਮਾਤਮਾ ਦਾ ਨਾਮ ਮਨੁੱਖ ਲਈ ਬੇਸ਼ਕੀਮਤੀ ਰਤਨ ਹੈ, ਅਮੋਲਕ ਹੀਰਾ ਹੈ:

ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥
ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ॥ 1 ॥
ਹਰਿ ਗੁਨ ਕਹਤੇ ਕਹਨੁ ਨ ਜਾਈ ॥
ਜੈਸੇ ਗੂੰਗੇ ਕੀ ਮਿਠਿਆਈ ॥ 1 ॥ ਰਹਾਉ ॥
ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ॥
ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ॥ 2 ॥ 2 ॥

ਭਗਤ ਜੀ ਪਰਮਾਤਮ-ਨਾਮ ਦੀ ਮਹਿਮਾ ਦੱਸਦੇ ਹੋਏ ਇਸ ਦੀ ਤੁਲਨਾ ਅਜਿਹੇ ਰਤਨ ਨਾਲ ਕਰਦੇ ਹਨ ਜਿਸ ਦਾ ਮੁੱਲ ਆਂਕਿਆ ਨਹੀਂ ਜਾ ਸਕਦਾ, ਜੋ ਨਿਰਮੋਲਕ ਹੈ ਅਤੇ ਬਹੁਤ ਹੀ ਚੰਗੇ ਭਾਗਾਂ, ਚੰਗੀ ਕਿਸਮਤ ਨਾਲ ਮਿਲਦਾ ਹੈ। ਇਹ ਅਜਿਹਾ ਰਤਨ ਹੈ ਜਿਸ ਨੂੰ ਜੇ ਅਨੇਕਾਂ ਉਪਰਾਲੇ ਕਰ ਕੇ ਹਿਰਦੇ ਵਿਚ ਛੁਪਾ ਕੇ ਵੀ ਰੱਖੀਏ ਤਾਂ ਵੀ ਇਹ ਛੁਪਦਾ ਨਹੀਂ ਪ੍ਰਗਟ ਹੋ ਜਾਂਦਾ ਹੈ, ਲੁਕਾਇਆਂ ਲੁਕਦਾ ਨਹੀਂ। ਭਗਤ ਜੀ ਨੇ ਪਰਮਾਤਮਾ ਦੇ ਗੁਣਾਂ ਦੀ ਸਿਫ਼ਤਿ-ਸਾਲਾਹ ਦੀ ਤੁਲਨਾ ਇੱਥੇ ਗੂੰਗੇ ਦੇ ਗੁੜ ਖਾਣ ਨਾਲ ਕੀਤੀ ਹੈ। ਗੂੰਗਾ ਗੁੜ ਖਾ ਲੈਂਦਾ, ਉਸ ਦਾ ਸੁਆਦ ਲੈਂਦਾ ਹੈ ਪਰ ਨਾ ਬੋਲ ਸਕਣ ਕਰਕੇ ਦੱਸ ਨਹੀਂ ਸਕਦਾ ਕਿ ਗੁੜ ਦਾ ਸੁਆਦ ਕਿਹੋ ਜਿਹਾ ਹੈ। ਇਸੇ ਤਰ੍ਹਾਂ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦਿਆਂ ਉਨ੍ਹਾਂ ਦਾ ਅਨੰਦ ਮਾਣਿਆ ਜਾ ਸਕਦਾ ਹੈ, ਪਰ ਉਸ ਰਹੱਸਮਈ ਅਨੰਦ ਦੀ ਵਿਆਖਿਆ ਕਰ ਕੇ ਕਿਸੇ ਹੋਰ ਨੂੰ ਨਹੀਂ ਦੱਸਿਆ ਜਾ ਸਕਦਾ ਕਿ ਇਹ ਅਨੰਦ ਕਿਹੋ ਜਿਹਾ ਹੈ।

ਇਸ ਰਤਨ-ਰੂਪ ਨਾਮ ਦਾ ਜਦੋਂ ਆਪਣੀ ਜੀਭ ਨਾਲ ਜਾਪ ਕਰੀਦਾ ਹੈ, ਸਿਮਰਨ ਕਰੀਦਾ ਹੈ ਤਾਂ ਜੀਭ ਨੂੰ ਸੁਆਦ ਆਉਂਦਾ ਹੈ, ਅਨੰਦ ਮਿਲਦਾ ਹੈ, ਕੰਨਾਂ ਨੂੰ ਸੁਖ ਮਿਲਦਾ ਹੈ। ਭਗਤ ਭੀਖਨ ਜੀ ਆਪਣੇ ਆਪ ਨੂੰ ਸੰਬੋਧਨ ਕਰਦੇ ਹਨ ਕਿ ਭੀਖਨ ਤੂੰ ਵੀ ਆਖ ਕਿ ਇਸ ਨਾਮ ਦਾ ਸਿਮਰਨ ਕਰਨ ਨਾਲ ਮੇਰੀਆਂ ਅੱਖਾਂ ਨੂੰ ਠੰਢਕ ਪਹੁੰਚ ਗਈ ਅਤੇ ਮੈਂ ਜਿਸ ਪਾਸੇ ਵੀ ਦੇਖਦਾ ਹਾਂ ਤਾਂ ਮੈਨੂੰ ਪਰਮਾਤਮਾ ਹੀ ਨਜ਼ਰ ਆਉਂਦਾ ਹੈ, ਉਸ ਦੀ ਵਿਆਪਕਤਾ ਦਾ ਅਹਿਸਾਸ ਹੁੰਦਾ ਹੈ।

ਲੇਖ ਦੇ ਅਰੰਭ ਵਿਚ ਹੀ ਜ਼ਿਕਰ ਕੀਤਾ ਹੈ ਕਿ ਭੀਖਨ ਨਾਮ ਦੇ ਦੋ ਭਗਤ ਹੋਏ ਹਨ: ਭਗਤ ਭੀਖਨ ਅਤੇ ਭੀਖਨ ਸੂਫ਼ੀ। ਪ੍ਰੋਫੈਸਰ ਸਾਹਿਬ ਸਿੰਘ ਭਗਤ ਭੀਖਨ ਜੀ ਦੇ ਸ਼ਬਦਾਂ ਦਾ ਟੀਕਾ ਕਰਦਿਆਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਵਿਚ ਲਿਖਦੇ ਹਨ ਕਿ "ਭਗਤ-ਬਾਣੀ ਦੇ ਵਿਰੋਧੀ ਸੱਜਣ ਭਗਤ ਭੀਖਨ ਜੀ ਬਾਰੇ ਇਉਂ ਲਿਖਦੇ ਹਨ "ਦਸਿਆ ਹੈ ਕਿ ਭਗਤ ਭੀਖਨ ਜੀ ਇਬਰਾਹੀਮ ਦੇ ਸ਼ਿਸ਼ ਸਨ; ਪਰ ਇਹ ਖੋਜ ਸੱਚੀ ਸਿਧ ਨਹੀਂ ਹੁੰਦੀ। ਆਮ ਤੌਰ ਪਰ ਇਨ੍ਹਾਂ ਦਾ ਦਿਹਾਂਤ ਸੰਮਤ 1625 ਦੇ ਗਿਰਦੇ ਮੰਨੀਦਾ ਹੈ। ਵਾਸਤਵ ਵਿਚ ਭੀਖਨ ਜੀ ਕੋਈ ਬੇ-ਮਲੂਮ ਭਗਤ ਜਾਪਦੇ ਹਨ। ਭਗਤ-ਮੰਡਲੀ ਵਿਚ ਇਨ੍ਹਾਂ ਦੀ ਕੋਈ ਖਾਸ ਪ੍ਰਸਿੱਧੀ ਸਿਧ ਨਹੀਂ ਹੁੰਦੀ। ਇਸ ਨਾਲੋਂ ਜੱਲਣ,



ਕਾਹਨਾ, ਛੱਜੂ ਆਦਿ ਭੀ ਵਧ ਪ੍ਰਸਿੱਧ ਹਨ। ਆਪ ਅਸਲੋਂ ਸੂਫ਼ੀ ਮੁਸਲਮਾਨ ਫਕੀਰਾਂ ਵਿਚੋਂ ਸਨ। ਆਪ ਜੀ ਨੂੰ ਸ਼ੇਖ ਫ਼ਰੀਦ ਜੀ ਨਾਲ ਮਿਲਾ ਦੇਂਦੇ ਹਨ, ਪਰ ਇਹ ਪੁਸ਼ਟੀ ਇਨ੍ਹਾਂ ਦੀ ਬਾਣੀ ਤੋਂ ਨਹੀਂ ਹੁੰਦੀ। ਵੈਸੇ ਇਨ੍ਹਾਂ ਦੀ ਰਚਨਾ ਹਿੰਦੂ ਬੈਰਾਗੀ ਸਾਧੂਆਂ ਨਾਲ ਮਿਲਦੀ ਹੈ, ਇਸਲਾਮ ਸ਼ਰਹ ਦਾ ਇਕ ਲਫ਼ਜ਼ ਭੀ ਨਹੀਂ ਮਿਲਦਾ ਜਾਪਦਾ। ਇਸਲਾਮ ਮਤ ਛੱਡ ਕੇ ਜੀਵ-ਅਹਿੰਸਕ ਸਾਧਾਂ ਨਾਲ ਵਿਚਰਦੇ ਰਹੇ। ਆਪ ਜੀ ਦੇ ਦੋ ਸ਼ਬਦ ਭਗਤ ਬਾਣੀ ਸੰਗ੍ਰਹਿ ਵਿਖੇ ਆਏ ਹਨ , ਜਿਹਾ ਕਿ-

ਨੈਨਹੁ .....ਮੋਖ ਦੁਆਰਾ। "-ਸੋਰਠਿ।

"ਇਸ ਸ਼ਬਦ ਤੋਂ ਸਿੱਧ ਹੁੰਦਾ ਹੈ ਕਿ ਭਗਤ ਜੀ ਬੁਢੇਪੇ ਅਥਵਾ ਮੌਤ ਦੇ ਨੇੜ ਨੂੰ ਵੇਖ ਕੇ ਕਾਫ਼ੀ ਘਾਬਰ ਗਏ ਹਨ। ਉਸ ਵੇਲੇ ਬਨਵਾਰੀ (ਕ੍ਰਿਸ਼ਨ) ਜੀ ਨੂੰ ਯਾਦ ਕਰਦੇ ਹੋਏ ਵਾਸਤੇ ਕੱਢਦੇ ਹਨ ਪਰ ਗੁਰਮਤਿ ਅੰਦਰ ਮੌਤ ਨੂੰ ਇਕ ਖੇਡ ਸਮਝਿਆ ਗਿਆ ਹੈ ਅਤੇ ਜੰਮਣ ਮਰਨ ਨੂੰ ਸੰਸਾਰੀ ਖੇਡ ਸਮਝ ਕੇ ਕੋਈ ਵੁਕਅਤ ਨਹੀਂ ਦਿਤੀ ਜਾਂਦੀ। ...ਖਾਲਸੇ ਦੇ ਸਾਹਮਣੇ ਮੌਤ ਖੇਡ ਅਤੇ ਇਕ ਬਾਜ਼ੀ ਹੈ। "

ਪ੍ਰੋਫੈਸਰ ਸਾਹਿਬ ਸਿੰਘ ਅਨੁਸਾਰ ਵਿਰੋਧੀ ਸੱਜਣ ਨੇ ਭੀਖਨ ਜੀ ਬਾਰੇ ਹੇਠ-ਲਿਖੀ ਖੋਜ ਕੀਤੀ ਹੈ:

1.ਭੀਖਨ ਜੀ ਸੂਫ਼ੀ ਮੁਸਲਮਾਨ ਫ਼ਕੀਰਾਂ ਵਿਚੋਂ ਸਨ। ਇਸਲਾਮ ਛੱਡ ਕੇ ਜੀਵ-ਅਹਿੰਸਕ ਸਾਧਾਂ ਨਾਲ ਵਿਚਰਦੇ ਰਹੇ।

2.ਇਨ੍ਹਾਂ ਦੀ ਰਚਨਾ ਹਿੰਦੂ ਬੈਰਾਗੀ ਸਾਧੂਆਂ ਨਾਲ ਮਿਲਦੀ ਹੈ।

3.ਬੁਢੇਪੇ ਤੇ ਮੌਤ ਤੋਂ ਘਾਬਰ ਕੇ ਭੀਖਨ ਜੀ ਇਸ ਸ਼ਬਦ ਰਾਹੀਂ ਕ੍ਰਿਸ਼ਨ ਜੀ ਅਗੇ ਵਾਸਤੇ ਕੱਢਦੇ ਹਨ।

ਪ੍ਰੋਫੈਸਰ ਸਾਹਿਬ ਸਿੰਘ ਇਸ ਖੋਜ ਨੂੰ ਵਿਚਾਰ ਕੇ ਨਤੀਜਾ ਕੱਢਦੇ ਹਨ ਕਿ:

1.ਵਿਰੋਧੀ ਸੱਜਣ ਨੇ ਆਪ ਹੀ ਤਰਦੀਦ ਕਰ ਦਿਤੀ ਹੈ ਅਤੇ ਲਿਖਿਆ ਹੈ ਕਿ ਇਨ੍ਹਾਂ ਦੀ ਰਚਨਾ ਵਿਚ 'ਇਸਲਾਮੀ ਸ਼ਰਹ ਦਾ ਇਕ ਲਫ਼ਜ਼ ਭੀ ਨਹੀਂ ਮਿਲਦਾ ਜਾਪਦਾ।' ਪਰ ਇਹ ਤਰਦੀਦ ਭੀ ਖੁਲ੍ਹ ਕੇ ਨਹੀਂ ਕਰਦੇ, ਅਜੇ ਭੀ ਲਫ਼ਜ਼ "ਮਿਲਦਾ ਜਾਪਦਾ" ਹੀ ਲਿਖਦੇ ਹਨ। ...ਆਪੇ ਹੀ ਘੜੇ ਹੋਏ ਸ਼ੱਕ ਨੂੰ ਪਾਠਕ ਦੇ ਮਨ ਵਿਚ ਟਿਕਾਈ ਰੱਖਣ ਵਾਸਤੇ। ਸਾਰੇ ਹੀ ਸ਼ਬਦ ਵਿਚ ਕਿਤੇ ਇੱਕ ਭੀ ਐਸਾ ਲਫ਼ਜ਼ ਨਹੀਂ, ਜਿਥੋਂ ਇਹ ਕਿਹਾ ਜਾ ਸਕੇ ਕਿ ਭੀਖਨ ਜੀ ਕਿਸੇ ਮੁਸਲਮਾਨੀ ਘਰ ਵਿਚ ਜੰਮੇ ਪਲੇ ਸਨ।

2.ਕੋਈ ਲਫ਼ਜ਼ ਐਸੇ ਨਹੀਂ ਜਿਥੋਂ ਇਹ ਸਾਬਤ ਹੋ ਸਕੇ ਕਿ ਭੀਖਨ ਜੀ ਦੀ ਰਚਨਾ ਹਿੰਦੂ ਬੈਰਾਗੀ ਸਾਧੂਆਂ ਨਾਲ ਮਿਲਦੀ ਹੈ। ਸਾਰੇ ਲਫ਼ਜ਼ ਗਹੁ ਨਾਲ ਵੇਖੋ-

ਨੈਨ, ਨੀਰੁ, ਤਨੁ, ਖੀਨ, ਕੇਸ, ਦੁਧਵਾਨੀ, ਰੁਧਾ, ਕੰਠੁ, ਸਬਦੁ, ਉਚਰੈ, ਪਰਾਨੀ, ਰਾਮਰਾਇ, ਬੈਦੁ ਬਨਵਾਰੀ, ਸੰਤਹ, ਉਬਾਰੀ, ਮਾਥੇ, ਪੀਰ, ਜਲਨਿ, ਕਰਕ, ਕਰੇਜੇ, ਬੇਦਨ, ਅਉਖਧੁ, ਹਰਿ ਕਾ ਨਾਮੁ, ਅੰਮ੍ਰਿਤੁ ਜਲੁ, ਨਿਰਮਲ, ਜਗਿ, ਪਰਸਾਦਿ, ਪਾਵਉ, ਮੋਖ ਦੁਆਰਾ" ਇਨ੍ਹਾਂ ਲਫ਼ਜ਼ਾਂ ਨੂੰ ਵੇਖ ਕੇ ਇਹ ਤਾਂ ਕਹਿ ਸਕਦੇ ਹਾਂ ਕਿ ਭੀਖਨ ਜੀ ਮੁਸਲਮਾਨ ਨਹੀਂ ਹਨ; ਪਰ ਇਹ ਕਿਥੋਂ ਲੱਭ ਲਿਆ ਕਿ ਉਹ ਬੈਰਾਗੀ ਸਾਧੂ ਸਨ? ਗੁਰੂ ਸਾਹਿਬ ਦੀ ਆਪਣੀ ਮੁਖ-ਵਾਕ ਬਾਣੀ ਵਿਚ ਇਹ ਸਾਰੇ ਲਫ਼ਜ਼ ਅਨੇਕਾਂ ਵਾਰੀ ਆਏ ਹਨ। ਪਰ ਕੋਈ ਸਿੱਖ ਨਹੀਂ ਕਹਿ ਸਕਦਾ ਕਿ ਸਤਿਗੁਰੂ ਜੀ ਦੀ ਬਾਣੀ ਹਿੰਦੂ ਬੈਰਾਗੀ ਸਾਧੂਆਂ ਨਾਲ ਮਿਲਦੀ ਹੈ।

3.ਲਫ਼ਜ਼ 'ਬਨਵਾਰੀ' ਦਾ ਅਰਥ ਵਿਰੋਧੀ ਸੱਜਣ ਨੇ ਕ੍ਰਿਸ਼ਨ ਕੀਤਾ ਹੈ। ਪਰ ਬਾਕੀ ਦੇ ਸਾਰੇ ਸ਼ਬਦ ਵਲੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ। ਲਫ਼ਜ਼ 'ਰਾਮਰਾਇ' ਦਾ ਅਰਥ ਕਿਸੇ ਭੀ ਖਿੱਚ ਘਸੀਟ ਨਾਲ 'ਕ੍ਰਿਸ਼ਨ' ਨਹੀਂ ਕੀਤਾ ਜਾ ਸਕਦਾ। ਉਸ 'ਬਨਵਾਰੀ' ਵਾਸਤੇ ਅਖ਼ੀਰ ਤੇ ਲਫ਼ਜ਼ 'ਹਰਿ' ਭੀ ਵਰਤਿਆ ਗਿਆ ਹੈ।

4.ਇਹ ਆਖਣਾ ਕਿ ਭੀਖਨ ਜੀ ਨੇ ਬੁਢੇਪੇ ਮੌਤ ਤੋਂ ਘਾਬਰ ਕੇ ਵਾਸਤੇ ਕੱਢੇ ਹਨ, ਇਹ ਤਾਂ ਮਹਾਂ ਪੁਰਖਾਂ ਦੀ ਨਿਰਾਦਰੀ ਕੀਤੀ ਗਈ ਹੈ ਤੇ, ਕਿਸੇ ਭੀ ਗੁਰਸਿੱਖ ਨੂੰ ਇਹ ਗੱਲ ਸੋਭਦੀ ਨਹੀਂ, ਫਿਰ ਇਹ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਏ ਸ਼ਬਦ ਉਤੇ ਮਖ਼ੌਲ ਉਡਾ ਕੇ ਲੱਖਾਂ ਸ਼ਰਧਾਲੂ ਸਿੱਖਾਂ ਦੇ ਹਿਰਦੇ ਜ਼ਖ਼ਮੀ ਕੀਤੇ ਜਾ ਰਹੇ ਹਨ। "

ਪ੍ਰੋ. ਸਾਹਿਬ ਸਿੰਘ ਦਲੀਲ ਨੂੰ ਸਮੇਟਦੇ ਹੋਏ ਦੱਸਦੇ ਹਨ ਕਿ "ਭੀਖਨ ਜੀ ਸ਼ਬਦ ਦੇ ਅਖ਼ੀਰ ਵਿਚ ਆਖਦੇ ਹਨ, "ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ", ਭਾਵ, ਸਤਿਗੁਰੂ ਦੀ ਕਿਰਪਾ ਨਾਲ ਮੈਂ ਮੋਖ ਦਾ ਰਾਹ ਲੱਭ ਲਿਆ ਹੈ। ਉਹ ਕਿਹੜਾ ਰਾਹ ਹੈ? ਇਹ ਭੀ ਭੀਖਨ ਜੀ ਆਪ ਹੀ ਕਹਿੰਦੇ ਹਨ "ਹਰਿ ਕਾ ਨਾਮੁ।" ਤੇ, ਆਖਦੇ ਹਨ ਕਿ ਜਗਤ ਵਿਚ ਇਕੋ ਇੱਕ ਇਲਾਜ ਹੈ ਉਸ ਦਾ, ਜਿਸ ਤੋਂ ਖ਼ਲਾਸੀ ਪਾਉਣ ਦਾ ਰਸਤਾ ਮੈਂ ਗੁਰੂ ਦੀ ਕਿਰਪਾ ਨਾਲ ਲੱਭ ਲਿਆ ਹੈ। ਵਿਰੋਧੀ ਸੱਜਣ ਨੇ ਭੀਖਨ ਜੀ ਦੇ ਦੂਜੇ ਸ਼ਬਦ ਨੂੰ ਸ਼ਾਇਦ ਪੜ੍ਹਿਆ ਹੀ ਨਹੀਂ। ਜੇ ਉਸ ਨੂੰ ਗਹੁ ਨਾਲ ਪੜ੍ਹਦੇ ਤਾਂ ਲਫ਼ਜ਼ 'ਬਨਵਾਰੀ' ਦਾ ਅਰਥ ਕ੍ਰਿਸ਼ਨ ਕਰਨ ਦੀ ਲੋੜ ਨਾਂਹ ਪੈਂਦੀ। ਉਨ੍ਹਾਂ ਦਾ 'ਬਨਵਾਰੀ' ਉਹ ਹੈ ਜਿਸ ਨੂੰ ਉਹ "ਜਹ ਦੇਖਾ ਤਹ ਸੋਈ" ਆਖਦੇ ਹਨ।"

ਭਗਤ ਭੀਖਨ ਜੀ 'ਤੇ ਕੀਤੀ ਇਸ ਵਿਚਾਰ ਚਰਚਾ ਦਾ ਉਲੇਖ ਕਰਨ ਦਾ ਮਕਸਦ ਇਸ ਤੱਥ ਨੂੰ ਸਮਝਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਗਈ ਭਗਤਾਂ ਦੀ ਬਾਣੀ ਦਾ ਸਬੰਧ ਉਸ ਇੱਕ ਪਰਮਾਤਮਾ ਦੇ ਨਾਮ ਸਿਮਰਨ ਨਾਲ ਹੈ, ਕਿਸੇ ਅਵਤਾਰ, ਦੇਵੀ-ਦੇਵਤੇ ਆਦਿ ਦੀ ਪੂਜਾ ਅਰਚਨਾ ਨਾਲ ਨਹੀਂ ਹੈ। ਬਨਵਾਰੀ, ਗੋਬਿੰਦ, ਗੋਪਾਲ, ਬੀਠਲ, ਰਾਮ ਆਦਿ ਸ਼ਬਦ ਪਰਮਾਤਮਾ ਲਈ ਵਰਤੇ ਗਏ ਹਨ, ਕਿਸੇ ਖਾਸ ਅਵਤਾਰ ਜਾਂ ਦੇਵਤੇ ਆਦਿ ਲਈ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਉਹ ਬਾਣੀ ਸ਼ਾਮਲ ਕੀਤੀ ਗਈ ਹੈ ਜੋ ਗੁਰੂਆਂ ਦੀ ਵਿਚਾਰਧਾਰਾ ਨਾਲ ਸੁਮੇਲ ਰੱਖਦੀ ਹੈ।

## ਜੂਨ ਚੁਰਾਸੀ ਦਾ ਕਾਲਾ ਹਫ਼ਤਾ

ਤ੍ਰਾਹ ਤ੍ਰਾਹ ਪੰਜਾਬ ਕਰੇ,
ਹਰਿਮੰਦਰ ਨੇ ਦੱਬੇ ਆਣ।
ਅਚਾਨਕ ਕਰਫ਼ਿਊ ਲਾ,
ਲੋਕਾਂ ਦਾ ਕਰ'ਤਾ ਘਾਣ।
ਪੁਰਬ ਪੰਚਮ ਪਾਤਸ਼ਾਹ,
ਸ਼ਹੀਦੀ ਦਿਨ ਮਨਾਉਣ।
ਸੰਗਤ ਦੱਬੀ ਅਣਭੋਲ,
ਦੇਹ ਤਾਨਾਸ਼ਾਹ ਫ਼ੁਰਮਾਣ।

ਜਿਨ੍ਹਾਂ ਨੇ ਫੌਜਾਂ ਚਾੜ੍ਹੀਆਂ,
ਉਹ ਵੀ ਸਕੇ ਨਾ ਜਾਣ।
ਮਗਰਮੱਛ ਦੇ ਹੰਝੂ ਰੋਂਦੇ,
ਲਾਏ ਲੋਥਾਂ ਢੇਰ ਮਸਾਣ।
ਨਾ ਕੀਤੀ ਦਇਆ ਕੋਈ,
ਚਾਹੇ ਬੱਚੇ, ਬੁੱਢੇ, ਜਵਾਨ।
ਕਹਿਰ ਦੀ ਗਰਮੀ ਉੱਤੋਂ,
ਬਾਰੂਦ ਨੇ ਪਾਏ ਘਮਸਾਣ।

ਬੰਨ੍ਹਿਆ ਸਾਰਾ ਪੰਜਾਬ,
ਨਾ ਟੈਲੀਫ਼ੋਨ ਨਾ ਅਖਬਾਰ।
ਨਾ ਸਾਈਕਲ ਸਕੂਟਰ,
ਮੋਟਰ ਬਾਈਕ ਨਾ ਕਾਰ।
ਬੱਸਾਂ ਗੱਡੀਆਂ ਬੰਦ ਸਨ,
ਨਾ ਲੋਕੀਂ ਦਿਸਦੇ ਬਾਹਰ।
ਦੁਕਾਨਾਂ ਫੜ੍ਹੀਆਂ ਬੰਦ ਸਭ,
ਕੁੱਲ ਬੰਦ ਹੋਏ ਬਾਜ਼ਾਰ।
ਸੜਕਾਂ ਹੋਈਆਂ ਸੁੰਨੀਆ,
ਨਾ ਦਿਸੇ ਕੋਈ ਵਿਚਕਾਰ।

ਦਨਦਨਾਂਦੀ ਪੁਲਿਸ ਸੀ,
ਜਾਂ ਫੌਜੀਆਂ ਦੀ ਮੋਟਰਕਾਰ।
ਬਕਤਰਬੰਦ ਸਨ ਗੱਡੀਆਂ,
ਤੇ ਹਥਿਆਰਬੰਦ ਸਵਾਰ।
ਲੋਕੀਂ ਇੰਝ ਸਨ ਨੂੜਿਓ,
ਜਿਉਂ ਖੁਰੀਆਂ ਲਾਏ ਲੁਹਾਰ।

ਪਹਿਲਾ ਹਫ਼ਤਾ ਜੂਨ ਦਾ,
ਬਣਿਆ ਪੰਥ ਲਈ ਦੁਰਕਾਰ।
ਹੱਲਾ ਹੋ ਗਿਆ ਤਖ਼ਤ 'ਤੇ,
ਉੱਤੋਂ ਹੁਕਮ ਦਿੱਤੇ ਸਰਕਾਰ।
ਖਾੜਕੂ ਤਾਂ ਗਿਣਤੀ ਦੇ ਸਨ,
ਫਸੇ ਮੁਸਾਫਿਰ ਵਿਚਕਾਰ।
ਟੈਂਕ ਤੋਪਾਂ ਤੜ ਤੜ ਚੱਲੀਆਂ,
ਲੱਗਦੇ ਲੋਥਾਂ ਦੇ ਅੰਬਾਰ।

ਢੇਰੀ ਹੋਇਆ ਅਕਾਲ ਤਖ਼ਤ,
ਸਰੋਵਰ ਹੋ ਗਿਆ ਲਾਲ।
ਛਲਣੀ ਕੀਤਾ ਸ੍ਰੀ ਹਰਿਮੰਦਰ,
ਅੰਦਰ ਫੱਟੜ ਸੀ ਬੇਹਾਲ।
ਅੰਕੜੇ ਸਰਕਾਰੀ ਚੁੱਪ ਹਨ,
ਕਿੰਨੇ ਮਰੇ ਕਿੰਨੇ ਫੜੇ ਨਾਲ।
ਤੋਸ਼ਾਖਾਨਾ ਅਜਾਇਬ ਘਰ,
ਸਭ ਲੁੱਟਿਆ ਗਿਆ ਮਾਲ।

ਸੰਗਤ ਸਣੇ ਖਾੜਕੂ ਨੂੜ ਲਏ,
ਸੁੱਟ ਦਿੱਤੇ ਜੋਧਪੁਰ ਜੇਲ੍ਹ।
ਸੁਣੀ ਨਾ ਕੋਈ ਦਲੀਲ ਅਪੀਲ,
ਅੰਨ੍ਹੇ ਕਾਨੂੰਨ ਦਾ ਖੇਲ੍ਹ।
ਸੜ ਰਹੇ ਹਨ ਪੈਂਤੀ ਸਾਲ ਤੋਂ,
ਨਾ ਹੋਏ ਪਰਿਵਾਰ ਦਾ ਮੇਲ
ਧੋਖੇਬਾਜ਼ ਨੇਤਾ ਨੇ ਪਾਸ ਹੋਏ,
ਮਨੁੱਖਤਾ ਹੋ ਗਈ ਫੇਲ੍ਹ।

*-ਸੇਵਾ ਸਿੰਘ ਨੂਰਪੁਰੀ*

# ਸ਼ਹੀਦ ਊਧਮ ਸਿੰਘ ਮੈਮੋਰੀਅਲ ਸਕੂਲ ਤੇ ਲਾਇਬ੍ਰੇਰੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੈਨੂੰ ਆਪਣੀ ਅੰਮ੍ਰਿਤਸਰ ਦੀ ਸੱਜਰੀ ਫੇਰੀ ਸਮੇਂ ਉਥੋਂ ਦੇ ਖਾਲਸਾ ਯਤੀਮਖਾਨਾ ਵਿਚ ਸ਼ਹੀਦ ਊਧਮ ਸਿੰਘ ਯਾਦਗਾਰੀ ਸਕੂਲ ਤੇ ਲਾਇਬ੍ਰੇਰੀ ਵੇਖਣ ਦਾ ਮੌਕਾ ਮਿਲਿਆ। ਏਸ ਸਕੂਲ ਵਿਚ ਅਕਾਦਮਿਕ ਤੇ ਵਿਹਾਰਕ ਸਿੱਖਿਆ ਤੋਂ ਬਿਨਾਂ ਕੰਪਿਊਟਰ ਸਿੱਖਿਆ ਦੇਣ ਦਾ ਯੋਗ ਪ੍ਰਬੰਧ ਹੈ। ਇਸ ਲਾਇਬ੍ਰੇਰੀ ਵਿਚ 15000 ਪੁਸਤਕਾਂ ਹਨ ਜਿਨ੍ਹਾਂ ਦੀ ਵਰਤੋਂ ਕਰ ਕੇ ਬੱਚੇ ਖ਼ੁਸ਼ ਹੁੰਦੇ ਹਨ।

ਚੇਤੇ ਰਹੇ ਕਿ ਇਹ ਯਤੀਮਖਾਨਾ 1904 ਵਿਚ ਚੀਫ ਖਾਲਸਾ ਦੀਵਾਨ ਵਲੋਂ ਸਥਾਪਤ ਕੀਤਾ ਗਿਆ ਸੀ, ਜਿਸ ਵਿਚ 1907 ਤੋਂ 1919 ਤਕ ਊਧਮ ਸਿੰਘ ਦਾ ਪਾਲਣ ਪੋਸ਼ਣ ਹੋਇਆ। ਏਥੋਂ ਦੀ ਗੁੜ੍ਹਤੀ ਸਦਕਾ ਹੀ ਊਧਮ ਸਿੰਘ ਨੇ ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਦਾ ਬਦਲਾ ਲਿਆ ਸੀ, ਜਿਸ ਨੇ ਉਸਨੂੰ ਅਮਰ ਸ਼ਹੀਦ ਦੀ ਪਦਵੀ ਦਿਵਾਈ।

ਇਸ ਯਤੀਮਖਾਨੇ ਦੇ ਹੋਂਦ ਵਿਚ ਆਉਣ ਦਾ ਕਿੱਸਾ ਵੀ ਘੱਟ ਰੌਚਕ ਨਹੀਂ। ਹੋਇਆ ਇੰਜ ਕਿ ਜਦੋਂ 1904 ਵਿਚ ਦੀਵਾਨ ਦਾ ਇਕ ਮੋਢੀ ਮੈਂਬਰ ਹਰਬੰਸ ਸਿੰਘ ਸਿੰਧ (ਪਾਕਿਸਤਾਨ) ਗਿਆ ਤਾਂ ਉਥੇ ਉਸਨੂੰ ਇਕ ਲਾਵਾਰਸ ਬੱਚਾ ਨਜ਼ਰੀਂ ਪਿਆ ਤੇ ਉਹ ਬੱਚੇ ਨੂੰ ਅੰਮ੍ਰਿਤਸਰ ਲੈ ਆਇਆ ਜਿਸ ਦੇ ਪਾਲਣ-ਪੋਸ਼ਣ ਤੋਂ ਪੈਦਾ ਹੋਈ ਸਿੱਖੀ ਭਾਵਨਾ ਸਦਕਾ ਹੀ ਇਸ ਯਤੀਮਖਾਨੇ ਦੀ ਸਥਾਪਨਾ ਹੋਈ, ਜਿੱਥੇ ਅੱਜ 350 ਬੱਚੇ ਪਰਵਰਿਸ਼ ਹਾਸਲ ਕਰ ਰਹੇ ਹਨ। ਇਨ੍ਹਾਂ ਦੀ ਰਿਹਾਇਸ਼ ਲਈ 60 ਹਵਾਦਾਰ ਕਮਰੇ, ਸ੍ਰੀ ਗੁਰੂ ਗੋਬਿੰਦ ਸਿੰਘ ਬਾਲ ਭਵਨ ਤੇ ਖੇਡਣ ਲਈ ਸਟੇਡੀਅਮ ਹੈ। ਭਵਨ ਵਿਚ ਡੀਪ ਫਰੀਜ਼ਰ ਤੇ ਵਾਟਰ ਕੂਲਰ ਦੀਆਂ ਸਹੂਲਤਾਂ ਹਨ ਤੇ ਸਟੇਡੀਅਮ ਵਿਚ 200 ਮੀਟਰ ਦਾ ਟਰੈਕ ਹੀ ਨਹੀਂ ਬਾਸਕਟਬਾਲ, ਹੈਂਡਬਾਲ, ਵਾਲੀਬਾਲ ਤੇ ਬੈਡਮਿੰਟਨ ਦੇ ਮੈਦਾਨ ਹਨ।

ਏਸੇ ਤਰ੍ਹਾਂ ਏਥੇ 1979 ਵਿਚ ਸਥਾਪਤ ਹੋਏ ਭਾਈ ਵੀਰ ਸਿੰਘ ਗੁਰਮਤਿ ਕਾਲਜ ਵਿਚ ਸ਼ਬਦ ਕੀਰਤਨ, ਤਬਲਾ, ਹਾਰਮੋਨੀਅਮ, ਦਿਲਰੁਬਾ, ਤਾਨਪੁਰਾ ਦੀ ਸਿਖਲਾਈ ਦੇ ਨਾਲ ਨਾਲ ਤਿੰਨ ਸਾਲਾ ਗੁਰਮਤਿ ਕੋਰਸ ਕਰਾਇਆ ਜਾਂਦਾ ਹੈ।

ਆਸ਼ਰਮ ਦੇ ਆਧੁਨਿਕ ਸਹੂਲਤਾਂ ਵਾਲੇ ਗੈਸਟ ਹਾਊਸ ਦਾ ਨਾਂ ਭਾਈ ਵੀਰ ਸਿੰਘ ਦੇ ਨਾਂ ਉੱਤੇ ਹੈ ਤੇ ਰਿਹਾਇਸ਼ੀ ਬਲਾਕ ਭਾਈ ਘਨੱਈਆ ਦੇ ਨਾਂ ਵਾਲਾ। ਵਿਦਿਆਰਥੀਆਂ ਨੂੰ ਗੁਰ-ਮਰਯਾਦਾ ਨਾਲ ਜੋੜਨ ਲਈ ਏਸ ਕੰਪਲੈਕਸ ਵਿਚ ਗੁਰਦੁਆਰਾ ਸਾਹਿਬ ਵੀ ਹੈ ਤੇ ਅੱਠ ਨੁੱਕਰਾਂ ਵਾਲਾ ਨਾਮ ਸਿਮਰਨ ਕੇਂਦਰ ਵੀ।




ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇਸ ਆਸ਼ਰਮ ਵਿਚ ਸਿੱਖਿਆ ਪ੍ਰਾਪਤ ਕਰ ਚੁੱਕੀਆਂ ਹਸਤੀਆਂ ਵਿਚ ਅੰਤਰ-ਰਾਸ਼ਟਰੀ ਪ੍ਰਸਿੱਧੀ ਵਾਲੇ ਕੀਰਤਨੀਏ, ਸੰਗੀਤਕਾਰ, ਸਾਹਿਤਕਾਰ ਤੇ ਸੈਨਿਕ ਸ਼ਾਮਲ ਹਨ।

ਭਾਈ ਸੰਤਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਗੋਪਾਲ ਸਿੰਘ, ਭਾਈ ਗੁਰਮੇਜ ਸਿੰਘ, ਪ੍ਰਿੰਸੀਪਲ ਐਸ. ਐਸ. ਅਮੋਲ ਤੇ ਮੇਜਰ ਜਨਰਲ ਸੁਬੇਗ ਸਿੰਘ ਵਰਗੇ ਮਹਾਰਥੀ ਏਥੋਂ ਦੀ ਪੈਦਾਵਾਰ ਹਨ। ਇਸ ਦੀ ਉੱਤਮਤਾਈ ਏਨੀ ਪ੍ਰਸਿੱਧ ਹੈ ਕਿ ਸੱਤ ਸਮੁੰਦਰ ਪਾਰ ਦੇ ਦਾਨੀ ਸਮੇਂ ਸਮੇਂ ਆਪਣੀ ਦਸਾਂ ਨਹੁੰਆਂ ਦੀ ਕਮਾਈ ਵਿਚੋਂ ਇਹਦੇ ਲਈ ਮਾਇਕ ਸਹਾਇਤਾ ਦਿੰਦੇ ਰਹਿੰਦੇ ਹਨ।

ਅਜਿਹੇ ਆਸ਼ਰਮ ਨੂੰ ਸੁਚੱਜੇ ਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਨੇਕ ਦਿਲ, ਵਿਦਵਾਨ ਤੇ ਇਮਾਨਦਾਰ ਪ੍ਰਬੰਧਕਾਂ ਦੀ ਲੋੜ ਹੁੰਦੀ ਹੈ। ਸ਼ੁਰੂ ਤੋਂ ਹੁਣ ਤਕ ਅਜਿਹਾ ਯੋਗਦਾਨ ਪਾਉਣ ਵਾਲੇ ਮਹਾਪੁਰਖਾਂ ਵਿਚ ਸ. ਸੁੰਦਰ ਸਿੰਘ ਮਜੀਠੀਆ, ਸ. ਹਰਬੰਸ ਸਿੰਘ ਅਟਾਰੀ, ਦੀਵਾਨ ਕ੍ਰਿਸ਼ਨ ਸਿੰਘ ਸੋਢੀ, ਸ. ਸੰਤ ਸਿੰਘ ਆਦਿ ਕਈ ਹਸਤੀਆਂ ਸ਼ਾਮਲ ਹਨ, ਜਿਨ੍ਹਾਂ ਨੇ ਸ਼ਹੀਦ ਊਧਮ ਸਿੰਘ ਦੀ ਭਾਵਨਾ ਉੱਤੇ ਫੁੱਲ ਚੜ੍ਹਾਏ ਹਨ। ਮੇਰੇ ਨਿੱਜ ਨੂੰ ਏਸ ਗੱਲ ਦੀ ਖ਼ੁਸ਼ੀ ਹੈ ਕਿ ਮੇਰਾ ਮਿੱਤਰ ਡਾ. ਐਸ. ਐਸ. ਛੀਨਾ ਇਸ ਵਧੀਆ ਧਾਰਨਾ ਵਾਲੀ ਸੰਸਥਾ ਨੂੰ ਆਨਰੇਰੀ ਸੇਵਾ ਪ੍ਰਦਾਨ ਕਰਦਾ ਰਿਹਾ ਤੇ ਕਰ ਰਿਹਾ ਹੈ।

### ਅਕਾਲੀ ਨੇਤਾ ਆਤਮਾ ਸਿੰਘ ਨੂੰ ਚੇਤੇ ਕਰਦਿਆਂ

27 ਮਈ ਨੂੰ ਅਕਾਲੀ ਨੇਤਾ ਆਤਮਾ ਸਿੰਘ ਨੂੰ ਫਾਨੀ ਸੰਸਾਰ ਤੋਂ ਕੂਚ ਕੀਤਿਆਂ 25 ਸਾਲ ਹੋ ਗਏ ਹਨ। ਮੇਰੀ ਉਨ੍ਹਾਂ ਨਾਲ ਸਿੱਧੀ ਮਿਲਣੀ ਤਾਂ ਨਹੀਂ ਹੋਈ ਪਰ ਮੈਂ ਉਨ੍ਹਾਂ ਨੂੰ ਨੇੜਿਓਂ ਜਾਨਣ ਵਾਲੇ ਤਰਲੋਚਨ ਸਿੰਘ, ਹਰਵਿੰਦਰ ਸਿੰਘ ਖਾਲਸਾ ਤੇ ਉਨ੍ਹਾਂ ਦੀ ਬੇਟੀ ਉਪਿੰਦਰਜੀਤ ਕੌਰ ਨੂੰ ਜਾਣਦਾ ਹਾਂ। ਉਪਿੰਦਰਜੀਤ ਪੰਜਾਬੀ ਯੂਨੀਵਰਸਟੀ ਪਟਿਆਲਾ ਵਿਚ ਪੜ੍ਹਾਉਂਦੀ ਰਹੀ ਹੈ ਜਿਥੇ ਹਰਵਿੰਦਰ ਖਾਲਸਾ ਉਨ੍ਹਾਂ ਕੋਲੋਂ ਪੜ੍ਹਦਾ ਰਿਹਾ ਹੈ। ਤਰਲੋਚਨ ਸਿੰਘ ਨੇ ਉਨ੍ਹਾਂ ਨਾਲ 1953 ਵਿਚ 36 ਦਿਨ ਬਸੀ ਪਠਾਣਾ ਦੀ ਪੁਰਾਣੀ ਜੇਲ੍ਹ ਦੇ ਇਕ ਕਮਰੇ ਵਿਚ ਕੈਦ ਕੱਟੀ ਸੀ। ਕਾਰਨ ਇਹ ਕਿ ਤਤਕਾਲੀ ਕੇਂਦਰ ਸਰਕਾਰ ਪੰਥ ਦੀਆਂ ਕੁਝ ਮੰਗਾਂ ਨਹੀਂ ਸੀ ਮੰਨ ਰਹੀ ਤੇ ਪੈਪਸੂ ਅਕਾਲੀ ਦਲ ਦੇ ਸਾਰੇ ਮੈਂਬਰ ਪੰਡਤ ਨਹਿਰੂ ਨਾਲ ਸਖਤ ਨਾਰਾਜ਼ ਸਨ। ਫੇਰ ਜਦੋਂ ਪੰਡਤ ਨਹਿਰੂ ਨੇ ਫਤਹਿਗੜ੍ਹ ਸਾਹਿਬ ਆ ਕੇ ਆਪਣੀ ਮਜਬੂਰੀ ਦੱਸਣ ਦਾ ਐਲਾਨ ਕੀਤਾ ਤਾਂ ਅਕਾਲੀ ਨੌਜਵਾਨਾਂ ਨੇ ਪੰਡਤ ਨਹਿਰੂ ਨੂੰ ਬੋਲਣ ਹੀ ਨਹੀਂ ਦਿੱਤਾ ਤੇ ਉਹ ਜੀਪ ਵਿਚ ਬੈਠ ਕੇ ਵਾਪਸ ਚਲੇ ਗਏ ਸਨ। ਇਸ ਜੁਰਮ ਹੇਠ ਇਨ੍ਹਾਂ ਨੌਜਵਾਨਾਂ ਨੂੰ ਸਵਾ ਮਹੀਨਾ ਜੇਲ੍ਹ ਕੱਟਣੀ ਪਈ ਸੀ। ਇਨ੍ਹਾਂ ਵਿਚ ਆਤਮਾ ਸਿੰਘ ਤੇ ਤਰਲੋਚਨ ਸਿੰਘ ਦਿਲੀ ਵੀ ਸ਼ਾਮਲ ਸਨ। 1975 ਦੀ ਐਮਰਜੈਂਸੀ ਸਮੇਂ 19 ਮਹੀਨੇ ਜੇਲ੍ਹ ਕਟਣ ਵਾਲਿਆਂ ਵਿਚ ਵੀ ਆਤਮਾ ਸਿੰਘ ਸਭ ਤੋਂ ਪ੍ਰਮੁੱਖ ਸੀ।

28 ਜਨਵਰੀ 1912 ਨੂੰ ਕਿਲ੍ਹਾ ਸ਼ਿਵਦੇਵ ਸਿੰਘ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਵਿਚ ਜਨਮੇ ਆਤਮਾ ਸਿੰਘ ਨੇ ਰੋਜ਼ੀ ਰੋਟੀ ਲਈ ਖਾਲਸਾ ਹਾਈ ਸਕੂਲ ਨਨਕਾਣਾ ਸਾਹਿਬ ਵਿਚ ਪੜ੍ਹਾਇਆ ਤੇ ਏਧਰ ਆ ਕੇ ਪੰਜਾਬੀ ਭਾਈਚਾਰੇ ਲਈ ਕਪੂਰਥਲਾ ਵਿਖੇ ਉੱਚ ਵਿਦਿਅਕ ਸੰਸਥਾਵਾਂ ਦੀ ਸਥਾਪਨਾ ਕਰਵਾਈ। ਬੰਬਈ ਵਿਖੇ 1937 ਰੂਹ-ਏ-ਰਵਾਂ ਵੀ ਆਤਮਾ ਸਿੰਘ ਹੀ ਸਨ। ਦੇਸ਼ ਵੰਡ ਦੇ ਹਨੇਰੇ ਕਾਲ ਵਿਚ ਚਾਲੀ ਖਾਲੀ ਬੱਸਾਂ ਤੇ ਟਰੱਕਾਂ ਦਾ ਪ੍ਰਬੰਧ ਕਰ ਕੇ ਪਾਕਿਸਤਾਨ ਦੇ ਹਿੰਦੂ-ਸਿੱਖ ਭਾਈਚਾਰੇ ਨੂੰ ਏਧਰ ਲਿਆਉਣ ਵਾਲੇ ਵੀ ਉਹੀਓ ਸਨ। ਉਨ੍ਹਾਂ ਦੀ ਦਲੇਰੀ ਤੇ ਦ੍ਰਿੜ੍ਹਤਾ ਦਾ ਕੋਈ ਜਵਾਬ ਨਹੀਂ ਸੀ।

ਚੇਤੇ ਰਹੇ ਕਿ ਆਪਣੀ ਈਮਾਨਦਾਰੀ, ਸਲੀਕੇ ਤੇ ਸਿਦਕ ਸਦਕਾ ਆਤਮਾ ਸਿੰਘ ਕਪੂਰਥਲਾ ਤੋਂ ਪੰਜ ਵਾਰ ਵਿਧਾਇਕ ਚੁਣ ਗਏ ਅਤੇ 1969 ਵਿਚ ਮਾਲ ਮੰਤਰੀ ਪੰਜਾਬ ਤੇ 1977 ਵਿਚ ਵਿਕਾਸ ਮੰਤਰੀ ਪੰਜਾਬ ਰਹੇ। ਮੈਂ ਉਨ੍ਹਾਂ ਦੀ ਸਪੁੱਤਰੀ ਬੀਬੀ ਉਪਿੰਦਰਜੀਤ ਕੌਰ ਨੂੰ ਨੇੜਿਓਂ ਜਾਣਿਆ ਹੈ, ਜਿਸ ਵਿਚ ਆਪਣੇ ਪਿਤਾ ਵਾਲੇ ਗੁਣ ਹਨ। ਉਸ ਨੇ ਖੁਦ ਵੀ ਪੰਜਾਬ ਮੰਤਰੀ ਮੰਡਲ ਵਿਚ ਪਹਿਲਾਂ ਤਕਨੀਕੀ ਸਿੱਖਿਆ, ਕਲਚਰ, ਸ਼ਹਿਰੀ ਵਿਕਾਸ ਅਤੇ ਫਿਰ ਸਿੱਖਿਆ, ਸਿਵਿਲ ਏਵੀਏਸ਼ਨ ਅਤੇ ਵਿਜੀਲੈਂਸ ਅਤੇ ਨਿਆਂ ਅਤੇ 2010 ਵਿਚ ਪੰਜਾਬ ਦੀ ਪਹਿਲੀ ਮਹਿਲਾ ਵਿੱਤ ਮੰਤਰੀ ਦੀ ਜ਼ਿੰਮੇਵਾਰੀ ਨਿਭਾਈ ਹੈ।

ਮੇਰੇ ਮਿੱਤਰ ਹਰਵਿੰਦਰ ਸਿੰਘ ਖਾਲਸਾ ਨੇ ਉਨ੍ਹਾਂ ਬਾਰੇ 'ਅਨੋਖਾ ਅਕਾਲੀ ਯੋਧਾ ਸ. ਆਤਮਾ ਸਿੰਘ' (ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਪੰਨੇ 164, ਮੁੱਲ 750 ਰੁ.) ਸਚਿੱਤਰ ਪੁਸਤਕ ਛਪਵਾ ਕੇ ਚੰਗੇ ਅਕਾਲੀ ਨੇਤਾ ਨੂੰ ਮੁੜ ਚੇਤੇ ਕਰਵਾਇਆ ਹੈ। ਸਵਾਗਤ ਹੈ।

**ਅੰਤਿਕਾ**

ਸੁਰਿੰਦਰ ਸੋਹਲ
ਬਿਰਖ ਦਾ ਤਾਂ ਧਰਮ ਹੈ
ਹਰ ਹਾਲ ਵਿਚ ਵੰਡਣਾ ਸਕੂਨ
ਛਾਂ 'ਚ ਬਹਿ, ਜਾਂ ਸੇਕ ਲੈ,
ਜਾਂ ਫਿਰ ਬਣਾ ਇਸਦਾ ਰਬਾਬ।

## ਟੈਕਸਾਸ ਘਟਨਾ ਨੂੰ ਸਮਰਪਿਤ

ਬਾਂਦਰਾਂ ਦੇ ਹੱਥ ਆ ਗਈ,
ਇਕ ਤੀਲੀਆਂ ਦੀ ਡੱਬੀ
ਜੰਗਲ ਨੂੰ ਅੱਗ ਲਾ ਕੇ,
ਸਾਰਾ ਜੰਗਲ ਉਜਾੜ ਦਿੱਤਾ
ਬਰੂਦ ਬਣਾਇਆ ਖੁਦ ਹੀ,
ਖੁਦ ਹੀ ਬੈਠਾ ਉਸ ਉੱਪਰ
ਹੁਣ ਭਾਲੇ ਕਿਤਾਬੋਂ ਸ਼ਾਂਤੀ,
ਜਿਸਦਾ ਵਰਕਾ ਪਾੜ ਦਿੱਤਾ।

ਸਿਰ ਫਿਰਿਆਂ ਦੇ ਟੋਲੇ ਘੁੰਮਦੇ,
ਖੁੱਲ੍ਹ ਹੈ ਉਨ੍ਹਾਂ ਨੂੰ
ਹਥਿਆਰਾਂ ਦੇ ਭੰਡਾਰ ਖਰੀਦੋ,
ਮੁੱਲ ਹੈ ਉਨ੍ਹਾਂ ਨੂੰ
ਜਿਨ੍ਹਾਂ ਦੇ ਏਹ ਧੰਦੇ,
ਉੱਚੀਆਂ ਉਨ੍ਹਾਂ ਦੀਆਂ ਕੁੱਲੀਆਂ
ਨੰਨ੍ਹੀਆਂ ਨੰਨ੍ਹੀਆਂ ਜਿੰਦਾਂ ਨੂੰ,
ਫਿਰ ਬਲੀ ਹੈ ਚਾੜ੍ਹ ਦਿੱਤਾ।

ਹੋਰ ਕਦੋਂ ਤਕ ਮਾਵਾਂ ਹੁਣ ਏਹ,
ਸਦਮੇ ਸਹਿਣਗੀਆਂ
ਰੋਕੋ ? ਨਹੀਂ ਤੇ ਫਿਰ ਕਿਤੇ ਏਹ,
ਚੀਕਾਂ ਪੈਣਗੀਆਂ
ਮਾਸੂਮ ਨੇ ਬੱਚੇ ਸਹਿਮੇ ਸਹਿਹੇ,
ਮਾਂ-ਪਿਓ ਡਰੇ ਹੋਏ
ਨਿੱਤ ਦੇ ਖੂਨ ਖ਼ਰਾਬਿਆਂ,
ਡਰ ਹੈ ਮਨਾਂ 'ਚ ਵਾੜ ਦਿੱਤਾ।
ਹਰ ਕਿਸੇ ਨੂੰ ਹਫੜਾ-ਦਫੜੀ,
ਦੌੜ ਜਿਹੀ ਲੱਗੀ ਹੈ
ਬੜਾ ਕਮਾਇਆ ਪੈਸਾ,
ਜ਼ਿੰਦਗੀ ਤਣਾਅ ਨਾਲ ਲੱਦੀ ਹੈ।
ਸਮਾਂ ਹੀ ਹੈ ਨਹੀਂ,
ਜਿਸ ਨੂੰ ਦੇਖੋ ਹੈ ਰੁੱਝਿਆ
ਵਿਕਸਿਤ ਦੇਸ਼ਾਂ ਜ਼ਿੰਦਗੀ ਨੂੰ,
ਪੈਰੀਂ ਲਤਾੜ ਦਿੱਤਾ।

ਮਾਇਆ ਵਿਚ ਸੁੱਖ ਲੱਭਦੇ ਲੱਭਦੇ,
ਰਿਸ਼ਤੇ ਟੁੱਟਦੇ ਗਏ
ਬੱਚੇ ਛੁੱਟ ਗਏ ਸਾਥੋਂ,
ਜਦੋਂ ਅਸੀਂ ਖੁਦ ਤੋਂ ਛੁੱਟਦੇ ਗਏ।
ਬੋਦਲਾਂ ਦੇ ਸੁੱਖਵਿੰਦਰਾ ਭਾਲਦੈਂ,
ਸੁੱਖ ਰੱਬ ਤੋਂ ਟੁੱਟ ਕੇ
ਆਧੁਨਿਕ ਹੋਏ ਇਨਸਾਨ,
ਦਿਲਾਂ 'ਚੋਂ ਰੱਬ ਉਖਾੜ ਦਿੱਤਾ।

*-ਸੁੱਖਵਿੰਦਰ ਬੋਦਲਾਂਵਾਲਾ*
*ਫੋਨ: 360 281 2624*

## ਸੱਧੂ ਮੂਸੇਵਾਲਾ

ਗੁੰਡਾਗਰਦੀ ਖੋਹ ਲਿਆ,
ਮਾਂ ਦਾ ਪੁੱਤ ਦਲੇਰ।
ਸਿੱਧੂ ਮੂਸੇਵਾਲਾ ਮੁੜ ਨ੍ਹੀਂ ਜੰਮਣਾ ਫੇਰ।
ਨਿੱਕੀ ਉਮਰੇ ਨਾਮ੍ਹਣਾ,
ਵੱਡਾ ਗਿਆ ਸੀ ਖੱਟ।
ਮਿਊਜ਼ਿਕ ਖੇਤਰ ਵਿਚ ਉਹ,
ਧੂੜਾਂ ਰਿਹਾ ਸੀ ਪੱਟ।
ਪੱਗੜੀਧਾਰੀ ਰੂਪ ਦਾ
ਕਰਦਾ ਸੀ ਉਹ ਮਾਣ।
ਦੁਨੀਆ ਦੇ ਵਿਚ ਵੱਖਰੀ
ਰੱਖਦਾ ਸੀ ਪਹਿਚਾਣ।
ਗਹਿਰੀ ਸਾਜਿਸ਼ ਖਾ ਲਿਆ,
ਦਿਨ-ਦੀਵੇ 'ਸ਼ੁੱਭਦੀਪ'।
ਸਦਾ-ਸਦਾ ਲਈ ਬੁੱਝ ਗਿਆ
ਇਕਲੌਤਾ ਇਹ ਦੀਪ।
ਦੁਨੀਆ ਦੇ ਵਿਚ ਫੈਨ ਸੀ,
ਉਹਦੇ ਲੱਖ ਕਰੋੜ।
ਉਸਨੂੰ ਮਿਲਣੇ ਵਾਲਿਆਂ ਦੀ
ਲੱਗੀ ਰਹਿੰਦੀ ਹੋੜ।
ਬਚਪਨ ਵਿਚ ਉਹ ਲੰਘਿਆ
ਮੁਸ਼ਕਲ ਬੜੇ ਹਾਲਾਤ।
ਗਾਇਕੀ ਖੇਤਰ ਵਿਚ ਉਸ
ਬਹੁਤਿਆਂ ਨੂੰ ਪਾਈ ਮਾਤ।
ਲੀਡਰ ਲਾਹਾ ਲੈਣ ਲਈ,
ਦਿੰਦੇ ਬੇ-ਤੁਕੇ ਬਿਆਨ।
ਪੁੱਤ ਜਿਨ੍ਹਾਂ ਦਾ ਤੁਰ ਗਿਆ,
ਉਹ ਹੋਏ ਬੈਠੇ ਬੇ-ਜਾਨ।
ਅਮਨ-ਸ਼ਾਂਤੀ ਵਾਸਤੇ
ਸਭ ਰਲ਼-ਮਿਲ ਕਰੋ ਦੁਆ।
ਮਾਵਾਂ ਆਪਣੇ ਪੁੱਤ ਨਾ
ਕਿਤੇ ਹੋਰ ਵੀ ਬਹਿਣ ਗੁਆ।

*-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'*
*ਫੋਨ: +13604481989*

# ਮਧਰੇ ਕੱਦ 'ਤੇ ਆਧਾਰਤ ਵਿਅੰਗਮਈ ਫ਼ਿਲਮ 'ਮਾਹੀ ਮੇਰਾ ਨਿੱਕਾ ਜਿਹਾ'

ਸੁਰਜੀਤ ਜੱਸਲ
ਫੋਨ: 98146-07737

ਪਿਛਲੇ ਕੁਝ ਸਮੇਂ ਤੋਂ ਪੰਜਾਬੀ ਸਿਨਮਾ ਦੇ ਵਿਸ਼ਾ ਵਸਤੂ ਅਤੇ ਸੁਹਜ ਸੁਆਦ ਵਿਚ ਚੰਗਾ ਬਦਲਾਓ ਨਜ਼ਰ ਆ ਰਿਹਾ ਹੈ। ਸਮਾਜ ਨਾਲ ਜੁੜੀਆਂ ਪਰਿਵਾਰਕ ਫ਼ਿਲਮਾਂ ਪੰਜਾਬੀ ਸਿਨਮੇ ਦਾ ਹਿੱਸਾ ਬਣ ਰਹੀਆਂ ਹਨ। ਅਜਿਹੀ ਹੀ ਇਕ ਨਵੀਂ ਫ਼ਿਲਮ 'ਮਾਹੀ ਮੇਰਾ ਨਿੱਕਾ ਜਿਹਾ' ਦਾ ਬੀਤੇ ਦਿਨੀਂ ਟਰੇਲਰ ਰਿਲੀਜ਼ ਹੋਇਆ ਹੈ, ਜੋ ਹਲਕੀ ਫੁਲਕੀ ਕਾਮੇਡੀ ਵਾਲੀ ਰੁਮਾਂਟਿਕਤਾ ਭਰੀ ਪਰਿਵਾਰਕ ਕਹਾਣੀ ਹੈ। 'ਮਾਹੀ ਮੇਰਾ ਨਿੱਕਾ ਜਿਹਾ' ਫ਼ਿਲਮ 'ਰੰਜੀਵ ਸਿੰਗਲਾ' ਪ੍ਰੋਡਕਸ਼ਨ ਦੇ ਬੈਨਰ ਵਲੋਂ ਬਣਾਈ ਗਈ ਹੈ। ਮਧਰੇ ਕੱਦ ਵਾਲੇ ਵਿਅਕਤੀ 'ਤੇ ਆਧਾਰਤ ਵਿਅੰਗਮਈ ਫ਼ਿਲਮ ਇਹ ਦੱਸਣ ਦਾ ਯਤਨ ਕਰਦੀ ਹੈ ਕਿ ਕਿਸੇ ਵਿਆਕਤੀ ਦੀ ਪਛਾਣ ਉਸਦਾ ਕੱਦ, ਰੰਗ-ਰੂਪ ਜਾਂ ਪਹਿਰਾਵਾ ਨਹੀਂ ਹੁੰਦਾ ਬਲਕਿ ਉਸਦਾ ਚੰਗਾ ਸੁਭਾਅ, ਚੰਗੀ ਕਾਬਲੀਅਤ ਭਰੇ ਗੁਣ ਹੀ ਉਸਦੀ ਅਸਲ ਪਹਿਚਾਣ ਹੁੰਦੇ ਹਨ। ਰੰਜੀਵ ਸਿੰਗਲਾ ਪ੍ਰੋਡਕਸ਼ਨ ਦੀ ਇਹ ਫ਼ਿਲਮ ਪਰਿਵਾਰਕ ਨੋਕ-ਝੋਕ ਆਧਾਰਤ ਮਨੋਰੰਜਨ ਭਰਪੂਰ ਕਹਾਣੀ ਹੈ।

3 ਜੂਨ ਨੂੰ ਰਿਲੀਜ਼ ਹੋਣ ਵਾਲੀ ਇਸ ਫ਼ਿਲਮ ਦੇ ਟਰੇਲਰ ਨੂੰ ਦਰਸ਼ਕਾਂ ਦਾ ਬਹੁਤ ਪਿਆਰ ਮਿਲਿਆ ਹੈ। ਆਪਣੇ ਮਧਰੇ ਕੱਦ ਵਾਲੇ ਪਤੀ ਤੋਂ ਦੁਖੀ ਪਤਨੀ ਆਪਣੀ ਧੀ ਲਈ ਉਚੇ ਲੰਮੇ, ਸੋਹਣੇ ਸੁਨੱਖੇ ਗੱਭਰੂ ਮੁੰਡੇ ਦੀ ਭਾਲ ਕਰਦੀ ਹੈ ਪਰ ਹੋ ਕੁਝ ਹੋਰ ਹੀ ਜਾਂਦਾ ਹੈ। ਅਨੀਤਾ ਦੇਵਗਨ ਪੰਜਾਬੀ ਸਿਨਮੇ ਦੀ ਸਿਰਮੌਰ ਅਦਾਕਾਰਾ ਹੈ। ਉਸਨੇ ਇਸ ਫ਼ਿਲਮ ਵਿਚ ਵੀ ਕਮਾਲ ਦੀ ਅਦਾਕਾਰੀ ਕਰਦਿਆਂ ਆਪਣੇ ਕਿਰਦਾਰ 'ਚ ਜਾਨ ਪਾਈ ਹੈ। ਪਿਓ-ਪੁੱਤ ਦੀ ਜੋੜੀ ਜਸਵਿੰਦਰ ਭੱਲਾ ਤੇ ਪੁਖਰਾਜ ਭੱਲਾ ਵੀ ਇਸ ਫ਼ਿਲਮ ਦੀ ਸ਼ਾਨ ਬਣੇ ਹਨ। ਜਿੱਥੇ



ਪੁਖਰਾਜ ਫ਼ਿਲਮ ਵਿਚ ਨਾਇਕ ਦੇ ਰੁਮਾਂਟਿਕਤਾ ਭਰੇ ਕਿਰਦਾਰਾਂ ਵਿਚ ਪਛਾਣ ਗੂੜ੍ਹੀ ਕਰੇਗਾ ਉੱਥੇ ਹੀ ਜਸਵਿੰਦਰ ਭੱਲਾ ਝੋਲਾ ਛਾਪ ਡਾਕਟਰਾਂ ਵਲੋਂ ਕੱਦ ਵਧਾਉਣ ਦੇ ਨਸਫ਼ੇ ਦਿੰਦਾ ਨਜ਼ਰ ਆਵੇਗਾ। ਨਿਰਮਾਤਾ ਰੰਜੀਵ ਸਿੰਗਲਾ ਦੀ ਇਸ ਫ਼ਿਲਮ ਦਾ ਨਿਰਦੇਸ਼ਨ ਸਤਿੰਦਰ ਸਿੰਘ ਦੇਵ ਨੇ ਕੀਤਾ ਹੈ। ਫ਼ਿਲਮ ਦੀ ਕਹਾਣੀ ਜਗਦੇਵ ਸੇਖੋਂ ਨੇ ਲਿਖੀ ਹੈ। ਸਕਰੀਨ ਪਲੇਅ ਅਮਨ ਸਿੱਧੂ ਨੇ ਲਿਖਿਆ ਹੈ ਜਦਕਿ ਡਾਇਲਾਗ ਅਮਨ ਸਿੱਧੂ ਤੇ ਭਿੰਦੀ ਤੋਲਾਵਾਲ ਦੇ ਹਨ। ਫ਼ਿਲਮ 'ਚ ਪੁਖਰਾਜ ਭੱਲਾ, ਹਸ਼ਨੀਨ ਚੌਹਾਨ, ਜਸਵਿੰਦਰ ਭੱਲਾ, ਅਨੀਤਾ ਦੇਵਗਨ, ਸੀਮਾ ਕੌਸ਼ਲ, ਕਰਨਵੀਰ ਦਿਓਲ, ਸੁੱਖੀ ਚਹਿਲ, ਏਕਤਾ ਖੇੜਾ, ਹਨੀ ਮੱਟੂ, ਜੱਗੀ ਧੂਰੀ, ਅਸ਼ੋਕ ਪਾਠਕ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ। 'ਲਾਵਾਂ ਫੇਰੇ, ਮਿੰਦੋ ਤਸੀਲਦਾਰਨੀ, ਕੁੜੀਆਂ ਜਵਾਨ-ਬਾਪੂ ਪ੍ਰੇਸ਼ਾਨ' ਅਤੇ 'ਹੇਟਰਜ਼' ਵਰਗੀਆਂ ਫ਼ਿਲਮਾਂ ਦਾ ਨਿਰਮਾਣ ਕਰ ਚੁੱਕੇ ਨਿਰਮਾਤਾ ਰੰਜੀਵ ਸਿੰਗਲਾ ਦਾ ਕਹਿਣਾ ਹੈ ਕਿ ਇਹ ਫ਼ਿਲਮ ਆਮ ਪੰਜਾਬੀ ਫ਼ਿਲਮਾਂ ਤੋਂ ਹਟ ਕੇ ਰੁਮਾਂਟਿਕ ਤੇ ਪਰਿਵਾਰਕ ਕਾਮੇਡੀ ਦਾ ਮਨੋਰੰਜਨ ਭਰਿਆ ਡਰਾਮਾ ਹੈ ਜੋ ਦਰਸ਼ਕਾਂ ਦਾ ਖੂਬ ਮਨੋਰੰਜਨ ਕਰੇਗੀ।

ਇਸ ਫ਼ਿਲਮ ਦਾ ਸੰਗੀਤ ਗੁਰਮੀਤ ਸਿੰਘ ਤੇ ਜੱਗੀ ਸਿੰਘ ਨੇ ਦਿੱਤਾ ਹੈ। ਕਮਲ ਖਾਂ, ਪ੍ਰਭ ਗਰੇਵਾਲ ਤੇ ਗੁਰਲੇਜ਼ ਅਖ਼ਤਰ ਨੇ ਪਲੇਅ ਬੈਕ ਗਾਇਆ ਹੈ।

ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

# ਬੰਬਈ ਦੀਆਂ ਕੁਝ ਬਾਤਾਂ

*ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।*

'ਧਰਤੀ ਕੇ ਲਾਲ' ਬਣਨ ਤੀਕਰ ਸਾਡੇ ਪਰਿਵਾਰਕ ਜੀਵਨ ਦਾ ਨਕਸ਼ਾ ਬਿਲਕੁਲ ਬਦਲ ਚੁਕਿਆ ਸੀ। ਕਦੇ ਅਸੀਂ ਦਸ-ਦਸ ਦੇ ਨੋਟਾਂ ਨੂੰ ਦੀਦੇ ਪਾੜ-ਪਾੜ ਕੇ ਵੇਖਦੇ ਹੁੰਦੇ ਸਾਂ, ਤੇ ਹੁਣ ਸੌ-ਸੌ ਦੇ ਨੋਟਾਂ ਦੀਆਂ ਦੱਥੀਆਂ ਕੇਵਲ ਮੁਟਿਆਈ ਵੇਖ ਕੇ ਭਾਂਪ ਛਡਦੇ ਸਾਂ। ਵਧੇਰੀ ਕਮਾਈ ਦਮੋ ਦੀ ਸੀ ਪਰ ਉਹਨੂੰ ਨਾ ਪੈਸੇ ਜਮ੍ਹਾਂ ਕਰਨ ਦਾ ਸ਼ੌਕ ਸੀ, ਨਾ ਆਪਣੇ ਸੁੱਖ ਅਰਾਮ ਦਾ ਖਿਆਲ। ਬੇਗਮ ਪਾਰਾ, ਨੂਰ ਜਹਾਨ, ਬੇਬੀ ਨਸੀਮ ਉਹਦੇ ਹਾਣ ਦੀਆਂ ਐਕਟਰੈਸਾਂ ਸਨ, ਤੇ ਉਹਨਾਂ ਨਾਲ ਉਸ ਦੀ ਚੰਗੀ ਦੋਸਤੀ ਵੀ ਸੀ। ਉਹ ਸਭ ਵੱਡੀਆਂ-ਵੱਡੀਆਂ ਮੋਟਰਾਂ ਵਿਚ ਉਡਦੀਆਂ-ਫਿਰਦੀਆਂ ਪਰ ਦਮੋ ਲਈ ਬੱਸ ਤੇ ਰੇਲ ਗੱਡੀ ਦੀ ਸਵਾਰੀ ਹੀ ਕਾਫੀ ਸੀ। ਖੱਦਰ ਦਾ ਚਿੱਟਾ ਸੂਟ ਉਸ ਦਾ ਪਹਿਰਾਵਾ ਸੀ। ਘਰ ਚਲਾਉਣ ਜੋਗੇ ਲੋੜੀਂਦੇ ਪੈਸੇ ਰੱਖ ਕੇ ਬਾਕੀ ਸਭ ਉਹ ਦੇਸ਼ ਦੇ ਕੰਮਾਂ ਨੂੰ ਭੇਟਾ ਕਰ ਆਉਂਦੀ।

ਓਦੋਂ ਦੇਸ਼ ਦੇ ਕੰਮਾਂ ਦੇ ਜੋਸ਼ ਵੀ ਤਾਂ ਬਥੇਰੇ ਸਨ। ਫਿਜ਼ਾ ਵਿਚ ਜੁਆਰ-ਭਾਟਾ ਜਿਹਾ ਆਇਆ ਹੋਇਆ ਸੀ। ਉਹ ਰਾਤ ਮੈਨੂੰ ਨਹੀਂ ਭੁਲਦੀ, ਜਦੋਂ ਨੇਤਾ ਜੀ ਦੇ ਸਮਰਥਕਾਂ ਨੇ ਗੁੱਸਾ ਖਾ ਕੇ ਹਜ਼ਾਰਾਂ ਦੀ ਤਾਦਾਦ ਵਿਚ ਕਮਿਊਨਿਸਟ ਪਾਰਟੀ ਦੇ ਕੇਂਦਰ ਉਪਰ ਹਮਲਾ ਕਰ ਦਿੱਤਾ ਸੀ। ਇਮਾਰਤ ਵਿਚ ਕੇਵਲ ਸੱਠ-ਸੱਤਰ ਬੰਦੇ ਸਨ ਜਿਨ੍ਹਾਂ ਵਿਚ ਚੋਖੀ ਸੰਖਿਆ ਔਰਤਾਂ ਬੱਚਿਆਂ ਦੀ ਸੀ। ਬੜਾ ਭਿਆਨਕ ਸਾਕਾ ਸੀ ਉਹ। ਇਮਾਰਤ ਦੀਆਂ ਪੌੜੀਆਂ ਕਾਮਰੇਡਾਂ ਦੇ ਲਹੂ ਨਾਲ ਰੰਗੀਆਂ ਗਈਆਂ ਸਨ। ਮੇਰੀ ਆਪਣੀ ਬੁਸ਼-ਸ਼ਰਟ ਤੇ ਪਤਲੂਨ ਲਹੂ ਨਾਲ ਤਰ-ਬਤੱਰ ਸੀ, ਤੇ ਜਨੂਨੀ ਜਿਹੀ ਹਾਲਾਤ ਵਿਚ ਮੈਂ ਕੂਕਦਾ ਫਿਰਦਾ ਸਾਂ, "ਘਬਰਾਓ ਨਹੀਂ, ਕਾਮਰੇਡ ਇਹ ਮੇਰਾ ਲਹੂ ਨਹੀਂ!" ਕਾਫੀ ਚਿਰ ਮੈਨੂੰ ਸੱਚਮੁੱਚ ਇਹੀ ਯਕੀਨ ਰਿਹਾ ਕਿ ਖੂਨ ਹੋਰਨਾਂ ਸਾਥੀਆਂ ਦਾ ਹੈ ਜਿਨ੍ਹਾਂ ਨੂੰ ਮੈਂ ਸਹਾਰਾ ਦੇ ਕੇ ਉਪਰ ਵਾਲੀ ਮੰਜ਼ਲ 'ਤੇ ਲਿਆ ਰਿਹਾ ਸਾਂ। ਮਗਰੋਂ ਪਤਾ ਚੱਲਿਆ ਕਿ ਉਸ ਵਿਚ ਕੁਝ ਹਿੱਸਾ ਮੇਰਾ ਆਪਣਾ ਵੀ ਸੀ। ਇਕ ਪੱਥਰ ਮੇਰੇ ਸਿਰ ਉਤੇ ਵੱਜਾ ਸੀ ਜਿਸ ਦਾ ਨਿੱਕਾ ਜਿਹਾ ਚਟਾਕ, ਇਕ ਵਡ-ਮੁੱਲੀ ਸੁਗਾਤ ਵਾਂਗ, ਟੋਟਣੀ ਦੇ ਐਨ ਵਿਚਕਾਰ ਹਾਲਾਂ ਵੀ ਸੁਭਾਇਮਾਨ ਹੈ।

ਫੇਰ, ਯਾਦ ਆਉਂਦੀ ਹੈ, ਜਹਾਜ਼ੀਆਂ ਦੀ ਬਗਾਵਤ! ਉਹ ਵੀ ਇਕ ਸਮਾਂ ਸੀ। ਸਾਰਾ ਬੰਬਈ ਸ਼ਹਿਰ, ਕੀ ਹਿੰਦੂ, ਕੀ ਮੁਸਲਮਾਨ ਤੇ ਕੀ ਪਾਰਸੀ, ਇਕਮੁੱਠ ਹੋ ਕੇ ਗੋਰਿਆਂ 'ਤੇ ਟੁੱਟ ਪਿਆ ਸੀ ਸਗੋਂ ਬਹਾਦਰੀ ਦੇ ਕਾਰਨਾਮਿਆਂ ਦੀਆਂ ਖਬਰਾਂ ਮੁਸਲਮਾਨਾਂ ਦੇ ਇਲਾਕਿਆਂ ਵਿਚੋਂ ਆ ਰਹੀਆਂ ਸਨ। ਘਰ-ਘਰ ਉਤੇ ਕਾਂਗਰਸ, ਲੀਗ ਤੇ ਕਮਿਊਨਿਸਟ ਪਾਰਟੀ ਦੇ ਝੰਡੇ ਲਹਿਰਾ ਰਹੇ ਸਨ - ਬਾਗੀ ਜਹਾਜ਼ੀਆਂ ਦੀ ਰੀਸੋ-ਰੀਸੀ। ਟਰੱਕਾਂ ਉਤੇ ਚੜ੍ਹੇ ਹੋਏ ਗੋਰੇ ਬਿਨਾ ਸੂਚਨਾ ਦਿੱਤੇ, ਦਹਿਸ਼ਤ ਫੈਲਾਉਣ ਲਈ, ਰਾਹ-ਜਾਂਦਿਆਂ ਉਪਰ ਸਰੀਰ ਦੇ ਅੰਦਰ ਫਟਣ ਵਾਲੀਆਂ ਡਮ-ਡਮ ਗੋਲੀਆਂ ਚਲਾ ਕੇ ਲੰਘ ਜਾਂਦੇ ਸਨ ਪਰ ਜਨਤਾ ਦੇ ਉਤਸ਼ਾਹ ਦਾ ਕੀ ਆਖ! ਏਧਰ ਗੋਲੀ ਚਲਦੀ, ਉਧਰ ਸੜਕਾਂ ਉਤੇ ਫੇਰ ਆਵਾਜਾਈ ਸ਼ੁਰੂ ਹੋ ਜਾਂਦੀ, ਜਿਵੇਂ ਕੁਝ ਹੋਇਆ ਈ ਨਹੀਂ ਸੀ। ਮੇਰੇ ਨਾਲ ਤੁਰਦਾ ਆਂਧਰਾ ਦਾ ਇਕ ਕਾਮਰੇਡ ਉਛਲ-ਉਛਲ ਕੇ ਅੰਗਰੇਜ਼ੀ ਵਿਚ ਇਕੋ ਗੱਲ ਦੁਹਰਾਈ ਜਾਂਦਾ ਸੀ, "ਪੀਪਲ ਆਰ ਇਨ ਦਿ ਸਟਰੀਟਸ ਕਾਮਰੇਡ, ਦਿਸ ਇਜ਼ ਏ ਰੈਵੋਲਯੂਸ਼ਨਰੀ ਸਿਚੁਏਸ਼ਨ!" (ਲੋਕ ਸੜਕਾਂ ਉਤੇ ਆਏ ਹੋਏ ਹਨ ਕਾਮਰੇਡ, ਇਹ ਇਨਕਲਾਬੀ ਪਰਿਸਥਿਤੀ ਹੈ)। ਅਚਨਚੇਤ ਬਿਜਲੀ ਦੀ ਰਫਤਾਰ ਨਾਲ ਲੋਕੀਂ ਨੱਠਣ ਲਗ ਪਏ। ਮੇਰਾ ਸਾਥੀ ਤੇ ਮੈਂ ਇਕ ਦੁਕਾਨ ਦੇ ਥੜ੍ਹੇ ਹੇਠ ਵੜ ਗਏ ਸਾਂ। ਬੰਬਈ ਦੇ ਲੋਕ ਵੀ ਅਜੀਬ ਹਨ। ਬਾਰਸ਼ ਦੇ ਮੌਸਮ ਵਿਚ ਝੜੀ ਪੈਣ ਤੋਂ ਬਿੰਦ ਕੁ ਪਹਿਲਾਂ ਇਸੇ ਤਰ੍ਹਾਂ ਨੱਠ ਕੇ ਪਨਾਹ ਲੈਂਦੇ ਹਨ। ਖੌਰੇ ਉਸੇ ਅਭਿਆਸ ਤੋਂ ਉਹਨਾਂ ਨੂੰ ਸੂਹ ਲਗ ਗਈ ਸੀ ਕਿ ਗੋਲੀ ਚੱਲਣ ਵਾਲੀ ਹੈ। ਸਾਡੇ ਲੁਕਣ ਦੀ ਦੇਰ ਸੀ ਕਿ ਤੜ-ਤੜ ਗੋਲੀ ਚੱਲ ਪਈ। ਫੇਰ ਬਿੰਦ ਕੁ ਬਾਅਦ ਰੁਕ ਵੀ ਗਈ ਸੀ, ਬਾਰਸ਼ ਵੀ ਬੰਬਈ ਇਵੇਂ ਹੀ ਰੁਕ ਜਾਂਦੀ ਹੈ। ਦੋ ਦੁਕਾਨਾਂ ਛਡ ਕੇ ਅਗਲੀ ਦੁਕਾਨ ਦੇ ਥੜ੍ਹੇ ਹੇਠਾਂ, ਸਾਡੇ ਵਾਂਗ ਹੀ, ਇਕ ਕਾਲਜ ਦੀ ਕੁੜੀ ਨੇ ਪਨਾਹ ਲਈ ਹੋਈ ਸੀ। ਖੌਰੇ ਕਿਤਨੀਆਂ ਗੋਲੀਆਂ ਉਹਨੂੰ ਇਕੱਠੀਆਂ ਵਿੰਨ੍ਹ ਗਈਆਂ। ਉਹ ਉੱਥੇ ਹੀ ਪਈ-ਪਈ ਖਤਮ ਹੋ ਗਈ। ਅਸੀਂ ਲਾਸ਼ ਨੂੰ ਚੁਕ ਕੇ ਗਿਰਨੀ ਕਾਮਗਾਰ ਯੂਨੀਅਨ ਦੇ ਦਫਤਰ ਲੈ ਗਏ। ਉਥੇ ਰੇਲਵੇ ਮਜ਼ਦੂਰਾਂ ਦੇ ਆਗੂਆਂ ਦੀਆਂ ਗਰਮ-ਗਰਮ ਬਹਿਸਾਂ ਹੋ ਰਹੀਆਂ ਸਨ ਕਿ ਰੇਲ ਦੀਆਂ ਪਟੜੀਆਂ ਪੁੱਟੀਆਂ ਜਾਣ ਕਿ ਨਾ।

ਭਾਵੇਂ ਠੀਕ ਭਾਵੇਂ ਗਲਤ, ਮੈਂ ਬਾਰ-ਬਾਰ ਇਹੀ ਸੋਚਦਾ ਹਾਂ ਕਿ ਜੇ ਉਸ ਵੇਲੇ ਸਾਡੇ ਲੀਡਰਾਂ ਨੇ ਜਨਤਾ ਦਾ ਸਾਥ ਨਾ ਛੱਡਿਆ ਹੁੰਦਾ, ਅੰਗਰੇਜ਼ਾਂ ਨਾਲ ਸਮਝੌਤਾ ਕਰਨ ਦੀ ਥਾਂ ਬਗਾਵਤ ਦੀ ਅਗਵਾਈ ਕੀਤੀ ਹੁੰਦੀ ਤਾਂ ਅੰਗਰੇਜ਼ਾਂ ਦਾ ਤੰਬੂ ਉਸੇ ਮੌਕੇ ਉਤੇ ਉਖੜ ਜਾਣਾ ਸੀ। ਇਨਕਲਾਬੀ ਜਜ਼ਬਾ ਉਦੋਂ ਅਖੀਰ ਉੱਤੇ ਪੁੱਜਿਆ ਹੋਇਆ ਸੀ। ਜਹਾਜ਼ੀਆਂ ਦੀ ਹਮਾਇਤ ਵਿਚ ਹਵਾਈ ਫੌਜ ਦੇ ਹਿੰਦੁਸਤਾਨੀ ਦਸਤਿਆਂ ਨੇ ਵੀ ਹੜਤਾਲ ਕਰ ਦਿੱਤੀ ਸੀ। ਬੰਬਈ ਦੀ ਪੁਲਿਸ ਵੀ ਵਿਟਰ ਗਈ। ਨੇਤਾ ਜੀ ਦੀ ਆਜ਼ਾਦ ਹਿੰਦ ਫੌਜ ਦੀਆਂ ਲੀਹਾਂ ਉਤੇ ਤੁਰ ਕੇ ਸਰਕਾਰੀ ਫੌਜਾਂ ਦਾ ਬਗਾਵਤੀ ਪਰਚਮ ਚੁੱਕ ਲੈਣਾ ਵੀ ਕੋਈ ਅਚੰਭੇ ਦੀ ਗੱਲ ਨਹੀਂ ਸੀ। ਫੇਰ ਨਾ ਦੇਸ਼ ਦਾ ਬਟਵਾਰਾ ਹੁੰਦਾ, ਤੇ ਨਾ ਹੀ ਪੁਰਾਣੀ ਰਿਸ਼ਵਤਖੋਰ ਨੌਕਰਸ਼ਾਹੀ ਦਾ ਢਾਂਚਾ ਸਲਾਮਤ ਰਹਿੰਦਾ ਜਿਸ ਨੇ ਅੱਜ ਜਨਤਾ ਦਾ ਨੱਕ ਵਿਚ ਦਮ ਕੀਤਾ ਹੋਇਆ ਹੈ।

ਪਰ ਲੀਡਰਾਂ ਨੇ ਜਨਤਾ ਦਾ ਸਾਥ ਛੱਡ ਦਿੱਤਾ, ਤੇ ਅੰਗਰੇਜ਼ ਦੀ ਕੱਛ ਵਿਚ ਜਾ ਬੈਠੇ। ਇਸ ਗੱਲ ਲਈ ਗਾਂਧੀ ਜੀ ਨੂੰ ਦੋਸ਼ ਦੇਣਾ ਵਾਜਬ ਨਹੀਂ, ਕਿਉਂਕਿ ਉਹ ਤਾਂ ਸਦਾ ਤੋਂ ਅਹਿੰਸਾ ਨੂੰ ਆਪਣਾ ਪਰਮ-ਧਰਮ ਤੇ ਜੀਵਨ ਸਿਧਾਂਤ ਮੰਨਦੇ ਆਏ ਸਨ ਜਿਸ ਨੂੰ ਉਹ ਕਿਸੇ ਹਾਲਤ ਵਿਚ ਤਿਆਗ ਨਹੀਂ ਸਨ ਸਕਦੇ। ਇਕ ਵਾਰ ਨਹੀਂ, ਕਈ ਵਾਰ ਉਹ ਕਾਂਗਰਸ ਅੱਗੇ ਬੇਨਤੀ ਕਰ ਚੁੱਕੇ ਸਨ ਕਿ ਉਹਨਾਂ ਨੂੰ ਰਾਜਨੀਤਕ ਅਗਵਾਈ ਤੋਂ ਸੁਬਕਦੋਸ਼ ਕਰ ਦਿੱਤਾ ਜਾਵੇ ਪਰ ਨਹਿਰੂ ਸਮੇਤ ਸਾਰੇ ਕਾਂਗਰਸੀ ਲੀਡਰਾਂ ਨੂੰ ਗਾਂਧੀ ਜੀ ਦੇ ਕੰਧਾੜੇ ਚੜ੍ਹਨ ਦੀ ਆਦਤ ਪੈ ਚੁੱਕੀ ਸੀ। ਆਪਣੇ ਦਮ ਉਤੇ ਕੋਈ ਫੈਸਲਾ ਕਰਨਾ ਉਹ ਜਾਣਦੇ ਹੀ ਨਹੀਂ ਸਨ। ਜੇ ਦੂਰ-ਦਰਸ਼ੀ ਨਹਿਰੂ ਹੀ ਵੇਖ ਲੈਂਦਾ ਕਿ ਇਨਕਲਾਬ ਦੇ ਹੜ੍ਹ ਨੂੰ ਠੱਲ੍ਹ ਪਾਉਣ ਦੇ ਨਤੀਜੇ ਕਿਤਨੇ ਭਿਆਨਕ ਨਿਕਲਣਗੇ, ਜਿਵੇਂ ਬਾਅਦ ਵਿਚ ਉਹਨੇ ਆਪ ਕਬੂਲ ਕੀਤਾ ਤਾਂ ਸ਼ਾਇਦ ਮੈਦਾਨ ਵਿਚ ਕੁੱਦ ਪੈਂਦਾ। ਉਹ ਆਦਮੀ ਨਿਡਰ ਸੀ ਪਰ ਉਸ ਵੇਲੇ ਤਾਂ ਉਸ ਦੀ ਇਨਕਲਾਬੀ ਚੇਤਨਾ ਨੇ ਵੀ ਅੱਖਾਂ ਮੀਟ ਲਈਆਂ ਸਨ। ਨੇਤਾ ਜੀ ਦਾ ਖਿਆਲ ਆਉਂਦਾ ਹੈ। ਕਾਸ਼, ਉਹ ਜ਼ਿੰਦਾ ਹੁੰਦੇ! ਏਸੇ ਘੜੀ ਦੀ ਉਡੀਕ ਲਈ ਤਾਂ ਉਹ ਆਪਣੀ ਆਤਮਾ ਤੀਕਰ ਗਿਰਵੀ ਰੱਖ ਕੇ ਜਰਮਨ ਫਾਸ਼ਿਸਟਾਂ ਤੇ ਜਾਪਾਨੀਆਂ ਨਾਲ ਜਾ ਰਲੇ ਸਨ। ਉਹਨਾਂ ਨਹੀਂ ਸੀ ਟਲਣਾ।



*ਬਲਰਾਜ ਸਾਹਨੀ: ਸ਼ਾਹਾਨਾ ਅਦਾਕਾਰੀ, ਸ਼ਾਹਾਨਾ ਅੰਦਾਜ਼।*

ਪਰ ਨਿਸਚਿਤ ਕੁਝ ਵੀ ਨਹੀਂ ਕਿਹਾ ਜਾ ਸਕਦਾ। ਸਾਡੇ ਦੇਸ਼ ਦੀ ਸਾਰੀ ਰਾਜਨੀਤਕ ਲੀਡਰਸ਼ਿਪ ਅਮੀਰ ਤਬਕੇ ਦੀ ਪੈਦਾਵਾਰ ਰਹੀ ਹੈ, ਤੇ ਇਨਕਲਾਬ ਨੂੰ ਤੋੜ ਪੁਚਾਉਣ ਦੀ ਤਾਂਘ ਕੇਵਲ ਮਿਹਨਤਕਸ਼ ਤਬਕੇ ਨੂੰ ਹੁੰਦੀ ਹੈ। ਮਜ਼ਦੂਰਾਂ ਕਿਸਾਨਾਂ ਦੀ ਸਭ ਤੋਂ ਅਹਿਮ ਜਥੇਬੰਦੀ ਉਸ ਵੇਲੇ ਕਮਿਊਨਿਸਟ ਪਾਰਟੀ ਸੀ ਪਰ ਉਸ ਵੇਲੇ ਉਹ ਵੀ ਕਾਂਗਰਸ ਤੇ ਲੀਗ ਦੀ ਪਿਛਲੱਗ ਬਣ ਕੇ ਰਹਿ ਗਈ, ਹਾਲਾਂਕਿ ਅੱਗੇ ਵਧ ਕੇ ਉਹਨਾਂ ਦੋਵਾਂ ਪਾਰਟੀਆਂ ਤੋਂ ਲੀਡਰੀ ਖੋਹ ਲੈਣ ਦਾ ਉਹ ਬੇਸ਼-ਕੀਮਤ ਮੌਕਾ ਸੀ ਪਰ ਹੋ ਸਕਦਾ ਹੈ, ਇਹ ਜੂਏ ਦਾ ਦਾਅ ਖੇਡਣ ਵਾਲੀ ਗੱਲ ਹੁੰਦੀ। ਕਮਿਊਨਿਸਟ ਪਾਰਟੀ ਦੀ ਸ਼ਕਤੀ ਸਾਰੇ ਦੇਸ਼ ਵਿਚ ਇਕਸਾਰ ਨਹੀਂ ਸੀ, ਤੇ ਜੰਗ ਦੀ ਹਮਾਇਤ ਕਰਨ ਕਰਕੇ ਉਸ ਉੱਪਰ ਪਹਿਲਾਂ ਹੀ ਦੇਸ਼-ਧ੍ਰੋਹੀ ਹੋਣ ਦਾ ਲਾਂਛਨ ਲੱਗਾ ਹੋਇਆ ਸੀ। ਹੋ ਸਕਦਾ ਹੈ ਕਿ ਉਸ ਦੀ ਗੱਲ ਮੰਨਣ ਦੀ ਥਾਂ ਜਨਤਾ ਉਲਟੀ ਉਸੇ ਨੂੰ ਹੀ ਪੈ ਜਾਂਦੀ ਪਰ ਉਸੇ ਮਾਤਰਾ ਵਿਚ ਕਿਹਾ ਜਾ ਸਕਦਾ ਹੈ ਕਿ ਅੰਗਰੇਜ਼ਾਂ ਨਾਲ ਲੋਹਾ ਲੈ ਕੇ ਪਾਰਟੀ ਦੇਸ਼-ਧ੍ਰੋਹੀ ਹੋਣ ਦੇ ਲਾਂਛਨ ਤੋਂ ਸਦਾ ਲਈ ਮੁਕਤ ਹੋ ਜਾਂਦੀ। ਇਹਨਾਂ ਗੱਲਾਂ ਦਾ ਨਿਰਣਾ ਇਤਿਹਾਸ ਹੀ ਕਰੇਗਾ।

ਸਰਦਾਰ ਵੱਲਭ ਭਾਈ ਪਟੇਲ ਤੇ ਕਾਇਦੇ-ਆਜ਼ਮ ਮੁਹੰਮਦ ਅਲੀ ਜਿਨਾਹ, ਦੋਵੇਂ ਮਿਲ ਕੇ ਬਾਗੀ ਜਹਾਜ਼ੀਆਂ ਤੋਂ ਹਥਿਆਰ ਸੁਟਵਾਉਣ ਲਈ ਬਹੁੜੇ। ਔਖੇ ਵੇਲੇ ਕੰਮ ਆਉਣ ਦੇ ਉਪਕਾਰ ਬਦਲੇ ਅੰਗਰੇਜ਼ੀ ਸਰਕਾਰ ਨੇ ਉਹਨਾਂ ਨੂੰ ਆਪਸ ਵਿਚ ਹੀ ਲੜਾ ਦਿੱਤਾ। ਜਿਹੜਾ ਇਨਕਲਾਬੀ ਹੜ੍ਹ ਅੰਗਰੇਜ਼ੀ ਸਾਮਰਾਜ ਦੇ ਲਹੂ ਦਾ ਪਿਆਸਾ ਹੋ ਗਿਆ, ਜਿਸ ਬਾਂਦਰ ਨੂੰ ਕਿਸੇ ਵੇਲੇ ਨੱਠਣ ਲਈ ਰਾਹ ਨਹੀਂ ਸੀ ਲੱਭਦਾ, ਉਹੀ ਲੜਦੀਆਂ ਬਿੱਲੀਆਂ ਦਾ ਮੁਨਸਫ ਬਣ ਕੇ ਬਹਿ ਗਿਆ। ਵੇਖਦਿਆਂ-ਵੇਖਦਿਆਂ ਇਨਕਲਾਬੀ ਲੜਾਈਆਂ ਫਿਰਕੂ ਫਸਾਦਾਂ ਵਿਚ ਤਬਦੀਲ ਹੋ ਗਈਆਂ।

ਜਦੋਂ ਵੱਡੇ-ਵੱਡੇ ਸਿਆਸਤਦਾਨ ਬਲਕਿ ਗਾਂਧੀ ਵੀ ਭੰਬਲ-ਭੂਸਿਆਂ ਵਿਚ ਪਏ ਹੋਏ ਸਨ ਤਾਂ ਭਲਾ ਅਸੀਂ ਕੱਲ੍ਹ ਦੇ ਛੋਕਰੇ ਕਿਹੜੇ ਬਾਗ ਦੀ ਮੂਲੀ ਸਾਂ? ਸਾਨੂੰ ਕੀ ਪਤਾ ਕਿ ਕੀ ਹੋ ਰਿਹਾ ਸੀ ਤੇ ਕਿਉਂ ਹੋ ਰਿਹਾ ਸੀ। ਜੋ ਵੀ ਹੋ ਰਿਹਾ ਸੀ, ਸਾਡਾ ਜਵਾਨੀ ਦਾ ਜੋਸ਼ ਉਸ ਵਿਚ ਕੁੱਦ ਪੈਣ ਲਈ ਬੇਕਰਾਰ ਸੀ। ਤੂਫਾਨਾਂ ਵਿਚ ਪਈ ਜੀਵਨ ਕਿਸ਼ਤੀ ਟੁੱਟ ਵੀ ਸਕਦੀ ਸੀ, ਡੁੱਬ ਵੀ ਸਕਦੀ ਸੀ, ਇਸ ਗੱਲ ਦਾ ਸਾਨੂੰ ਨਾ ਪਤਾ ਸੀ, ਨਾ ਪਰਵਾਹ।ਆਪਣੀ ਥਾਂ ਇਕ ਫਿਲਮ ਸਟਾਰ ਦਾ ਜੀਵਨ ਵੀ ਨਿੱਕੇ-ਮੋਟੇ ਤੂਫਾਨ ਤੋਂ ਘਟ ਨਹੀਂ ਹੁੰਦਾ। ਸਾਡਾ ਘਰ ਉਹਨੀਂ ਦਿਨੀਂ ਇਕ ਪਾਸੇ ਕਾਮਰੇਡਾਂ ਦਾ ਕੈਂਪ, ਤੇ ਦੂਜੇ ਪਾਸੇ ਫਿਲਮੀ ਅਦਾਕਾਰਾਂ, ਪ੍ਰੋਡਿਊਸਰਾਂ, ਪੱਤਰਕਾਰਾਂ, ਫੋਟੋਗਰਾਫਰਾਂ ਤੇ ਉਹਨਾਂ ਦੇ ਆਲੇ-ਦੁਆਲੇ ਘੁੰਮਣ ਵਾਲਿਆਂ ਦਾ ਆਕਰਸ਼ਣ ਕੇਂਦਰ ਬਣਿਆ ਹੋਇਆ ਸੀ। ਏਸ ਹਫੜਾ-ਦਫੜੀ ਤੋਂ ਆਂਢੀ-ਗੁਆਂਢੀ ਵੀ ਪਰੇਸ਼ਾਨ ਸਨ, ਤੇ ਮੇਰੇ ਨਿੱਕੇ-ਨਿੱਕੇ ਬੱਚਿਆਂ ਉਤੇ ਵੀ ਬੁਰਾ ਅਸਰ ਪੈ ਰਿਹਾ ਸੀ ਪਰ ਸਾਨੂੰ ਕੋਈ ਸਿਆਣਾ ਬੰਦਾ ਰਾਹ ਪਾਉਣ ਵਾਲਾ ਨਹੀਂ ਸੀ। ਸੁਰੱਖਿਅਤ ਕਰਨ ਵਾਲਾ ਕੋਈ ਵਡ-ਵਡੇਰਾ ਨਹੀਂ ਸੀ ਸਾਡੇ ਨੇੜੇ (ਜੇ ਹੁੰਦਾ ਵੀ ਤਾਂ ਅਸਾਂ ਉਹਦੀ ਸੁਣਨੀ ਕਿਥੇ ਸੀ)। ਬੰਬਈ ਸ਼ਹਿਰ ਦਾ ਹਰ ਆਦਮੀ ਆਪਣੀ ਦੁਨੀਆ ਵਿਚ ਗੁਆਚਿਆ ਰਹਿੰਦਾ ਹੈ। ਇਕ ਗੁਆਂਢੀ ਨੂੰ ਦੂਜੇ ਦੀ ਖਬਰ ਨਹੀਂ ਹੁੰਦੀ। ਵਡੇ ਸ਼ਹਿਰਾਂ ਦਾ ਦਸਤੂਰ ਹਰ ਥਾਂ ਇਹੀ ਹੈ, ਅਸੀਂ ਲੰਡਨ ਦੇ ਤਜਰਬੇ ਤੋਂ ਜਾਣ ਗਏ ਸਾਂ ਪਰ ਲੰਡਨ ਤੇ ਬੰਬਈ ਦਾ ਬੜਾ ਫਰਕ ਸੀ। ਲੰਡਨ ਵਿਚ ਹਰ ਕਿਸਮ ਦੀ ਸਰਬਜਨਕ ਸ਼ਹਿਰੀ ਸਹੂਲਤ ਨਿਰਵਿਘਨ ਤੇ ਨਿਰਬਿਲਮ ਮੁਯੱਸਰ ਹੈ। ਆਵਾਜਾਈ ਦੇ ਚੰਗੇ ਤੋਂ ਚੰਗੇ ਸਾਧਨ, ਚੰਗੀ ਖੁਰਾਕ, ਸਾਫ-ਸੁਥਰਾ ਰਹਿਣ-ਸਹਿਣ, ਵਿਨੇ-ਪੂਰਨ ਸਲੂਕ, ਚੱਪੇ-ਚੱਪੇ 'ਤੇ ਹਸਪਤਾਲ, ਦਿਨੇ ਰਾਤੀਂ ਮੁਸਤੈਦ ਨਾਗਰਿਕ ਸੇਵਾ ਵਿਭਾਗ, ਸ਼ਰੀਫ ਪੁਲਿਸ, ਸੜਕਾਂ ਉਤੇ ਥਾਂ-ਥਾਂ ਪਬਲਿਕ ਟੈਲੀਫੋਨ। ਇਸ ਦੇ ਵਿਪਰੀਤ ਬੰਬਈ ਵਿਚ ਵੱਡੇ ਸ਼ਹਿਰ ਵਾਲੀਆਂ ਵਿਖਮਤਾਵਾਂ ਤਾਂ ਸਾਰੀਆਂ ਮੌਜੂਦ ਹਨ ਪਰ ਸਹੂਲਤਾਂ ਨਾ ਹੋਣ ਬਰਾਬਰ ਸਨ। ਨਿੱਕੀ ਜਿਹੀ ਦੁਰਘਟਨਾ ਅੱਖ ਦੇ ਫੋਰ ਵਿਚ ਦੁਖਾਂਤ ਦਾ ਰੂਪ ਧਾਰਨ ਕਰ ਜਾਂਦੀ ਸੀ ਤੇ ਇਹੀ ਸਾਡੇ ਨਾਲ ਹੋਣਾ ਲਿਖਿਆ ਸੀ।

ਉੱਘੇ ਅਮੀਰ ਘਰਾਂ ਦੇ ਲੋਕ ਵੀ ਸਾਡੇ ਨਾਲ ਦੋਸਤੀਆਂ ਪਾਉਣ ਲਈ ਤਰਲੋਮੱਛੀ ਸਨ। ਫਿਲਮ ਸਟਾਰ ਨਾਲ ਉੱਠਣ ਬੈਠਣ ਵਿਚ ਉਹਨਾਂ ਦਾ ਮਾਣ ਵਧਦਾ ਸੀ। ਜਦੋਂ ਉਹਨਾਂ ਦੀਆਂ ਹੋਛੀਆਂ ਜਿਹੀਆਂ ਪਾਰਟੀਆਂ ਤੋਂ ਵਿਰਕਤ ਹੋ ਕੇ ਅਸੀਂ ਕੰਨੀ ਕਤਰਾਉਂਦੇ, ਉਹ ਇਪਟਾ ਜਾਂ ਕਮਿਊਨਿਸਟ ਪਾਰਟੀ ਨੂੰ ਚੰਦਾ ਦੇ ਕੇ ਲਲਚਾ ਛੱਡਦੇ। ਐਕਟਰ ਤੇ ਖਾਸ ਕਰ ਕੇ ਐਕਟਰੈਸ ਬੁਜਰਵਾ ਸਮਾਜ ਲਈ ਖਿਡੌਣਾ ਹੈ, ਇਸ ਹਕੀਕਤ ਦਾ ਸਾਨੂੰ ਉੱਕਾ ਗਿਆਨ ਨਹੀਂ ਸੀ। ਐਕਟਰੈਸ ਨੂੰ ਦਿੱਤੇ ਜਾਂਦੇ ਮਾਣ ਵਿਚ ਬਹੁਤ ਸਾਰਾ ਅੰਸ਼ ਤ੍ਰਿਸਕਾਰ ਦਾ ਵੀ ਹੁੰਦਾ ਹੈ, ਇਹ ਵੀ ਮੈਨੂੰ ਨਹੀਂ ਸੀ ਪਤਾ। ਹਾਂ, ਇਕ ਵਾਰੀ ਜਦੋਂ ਅਖਬਾਰ ਵਿਚ ਪੜ੍ਹਿਆ ਕਿ ਰੇਸ ਵਿਚ ਦੌੜਨ ਵਾਲੀਆਂ ਘੋੜੀਆਂ ਦੇ ਨਾਂ ਬੇਗਮ ਪਾਰਾ, ਨਰਗਿਸ, ਦਮਯੰਤੀ ਰਖੇ ਗਏ ਹਨ ਤਾਂ ਮੈਨੂੰ ਬੜਾ ਗੁੱਸਾ ਚੜ੍ਹਿਆ ਸੀ।

ਮੇਰਾ ਕਰਤੱਵ ਸੀ ਕਿ ਉਸ ਵੇਲੇ ਆਪਣੀ ਪਤਨੀ ਦੀ ਢਾਲ ਬਣਦਾ। ਉਸ ਦੇ ਕਲਾਤਮਿਕ ਜੀਵਨ ਦੀ ਕਦਰ ਕਰਦਾ, ਰੱਖਿਆ ਕਰਦਾ। ਉਹਨੂੰ ਫਜ਼ੂਲ ਝਮੇਲਿਆਂ ਤੋਂ ਬਚਾਉਂਦਾ, ਪਰਿਵਾਰਕ ਜੀਵਨ ਦੀਆਂ ਜ਼ਿੰਮੇਵਾਰੀਆਂ ਆਪਣੇ ਉੱਪਰ ਲੈਂਦਾ ਪਰ ਮੇਰੀ ਸੰਕੀਰਨ ਚੇਤਨਾ ਤਾਂ ਅੰਦਰੇ ਅੰਦਰ ਦਮੋ ਦੀ ਸ਼ੁਹਰਤ ਤੇ ਕਾਮਯਾਬੀ ਤੋਂ ਖਾਰ ਖਾਂਦੀ ਸੀ। ਉਹ ਸਟੂਡੀਓ ਤੋਂ ਥੱਕੀ-ਟੁੱਟੀ ਆਉਂਦੀ, ਮੈਂ ਉਸ ਨਾਲ ਇੰਜ ਸਲੂਕ ਕਰਦਾ, ਜਿਵੇਂ ਉਹ ਕੋਈ ਕਸੂਰ ਕਰਕੇ ਆਈ ਹੋਵੇ। ਉਸ ਤੋਂ ਝੱਟ ਘਰੇਲੂ ਕੰਮਾਂ ਵਿਚ ਜੁਟਣ ਦੀ ਆਸ ਕਰਦਾ ਜੋ ਮੇਰੀ ਨਿਗਾਹ ਵਿਚ ਉਸ ਦਾ ਅਸਲੀ ਕੰਮ ਸੀ। ਆਪਣੀ ਵਡਿਆਈ ਦਾ ਵਿਖਾਲਾ ਕਰਨ ਲਈ ਮੈਂ ਇਪਟਾ ਤੇ ਪਾਰਟੀ ਦੇ ਬੇਲੋੜੇ ਰੁਝੇਵੇਂ ਵੀ ਸਹੇੜ ਲੈਂਦਾ। ਮੈਂ ਮਰਦ ਸਾਂ। ਜਿਨ੍ਹਾਂ ਸੰਸਕਾਰਾਂ ਵਿਚ ਮੈਂ ਪ-ਲਿਆ ਸਾਂ, ਉਹਨਾਂ ਵਿਚ ਮਰਦ ਹਰ ਹਾਲਤ ਵਿਚ ਉੱਚਾ ਹੈ; ਤੇ ਜਿਨ੍ਹਾਂ ਵਿਚ ਸੰਸਕਾਰਾਂ ਵਿਚ ਦਮੋ ਪਲੀ ਸੀ, ਉਹਨਾਂ ਅਨੁਸਾਰ ਪਤੀ-ਪਰਾਇਣਤਾ ਤੀਵੀਂ ਦਾ ਪਹਿਲਾ ਫਰਜ਼ ਹੈ ਪਰ ਉਹ ਵਿਚਾਰੀ ਖਿੜੇ ਮੱਥੇ ਆਪਣੀ ਸਮਰੱਥਾ ਤੋਂ ਬਾਹਰੇ ਭਾਰ ਸਹਿੰਦੀ ਗਈ। ਇਹਨਾਂ ਗੱਲਾਂ ਨੂੰ ਯਾਦ ਕਰ ਕੇ ਮੇਰੇ ਦਿਲ ਵਿਚ ਚੀਸਾਂ ਉੱਠਦੀਆਂ ਹਨ। ਦਮੋ ਇਕ ਅਨਮੋਲ ਹੀਰਾ ਸੀ ਜੋ ਉਸ ਦੇ ਮਾਪਿਆਂ ਨੇ ਇਕ ਬੇ-ਕਦਰੇ ਤੇ ਨਾ-ਸ਼ੁਕਰੇ ਇਨਸਾਨ ਦੇ ਹਵਾਲੇ ਕਰ ਛੱਡਿਆ ਸੀ। ਇਕ ਝੱਖੜ ਜਿਹਾ ਝੁਲਿਆ ਰਹਿੰਦਾ ਸਾਡੇ ਆਲੇ-ਦੁਆਲੇ। ***(ਚੱਲਦਾ)***







*ਅਦਾਕਾਰੀ ਦੇ ਜਲਵੇ: ਵੱਖ-ਵੱਖ ਫਿਲਮਾਂ ਵਿਚ ਬਲਰਾਜ ਸਾਹਨੀ ਕੁਝ ਹੋਰ ਕਲਾਕਾਰਾਂ ਨਾਲ।*

# ਦੇਸ਼ਧ੍ਰੋਹ ਕਾਨੂੰਨ ਅਤੇ ਅਵਾਮ ਦੇ ਬੁਨਿਆਦੀ ਹੱਕ

ਭਾਰਤੀ ਦੰਡ ਵਿਧਾਨ (ਆਈ.ਪੀ.ਸੀ.) ਵਿਚ ਦੇਸ਼ਧ੍ਰੋਹ ਨੂੰ ਕਾਨੂੰਨ ਮੰਨੇ ਜਾਣ ਨੂੰ ਸੁਪਰੀਮ ਕੋਰਟ ਨੇ ਕੇਦਾਰ ਨਾਥ ਸਿੰਘ ਕੇਸ (1962) ਵਿਚ ਸੰਵਿਧਾਨਿਕ ਤੌਰ 'ਤੇ ਵਾਜਬ ਠਹਿਰਾਇਆ ਸੀ, ਪਰ ਕਿਸ਼ੋਰ ਚੰਦਰ ਖੇਮਚਾ ਕੇਸ ਵਿਚ ਦੇਸ਼ ਦੀ ਸਰਬਉੱਚ ਅਦਾਲਤ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ ਅਤੇ ਨਾਲ ਹੀ ਦਫ਼ਾ 124-ਏ ਦੇ ਅਮਲ ਉੱਤੇ ਰੋਕ ਲਾ ਦਿੱਤੀ ਹੈ। ਸਰਕਾਰ ਨੇ ਖ਼ੁਦ ਹੀ ਅਦਾਲਤ ਨੂੰ ਇਸ 'ਤੇ ਨਜ਼ਰਸਾਨੀ ਕਰਨ ਦੀ ਪੇਸ਼ਕਸ਼ ਕੀਤੀ ਹੈ।

ਆਈ.ਪੀ.ਸੀ. ਦੇਸ਼ ਦਾ ਇਕ 'ਮੌਜੂਦਾ ਕਾਨੂੰਨ' ਹੈ ਜਿਹੜਾ ਭਾਰਤੀ ਸੰਵਿਧਾਨ ਬਣਨ ਤੋਂ ਕਿਤੇ ਪਹਿਲਾਂ ਬਣਾਇਆ ਗਿਆ ਸੀ। ਦੇਸ਼ਧ੍ਰੋਹ ਨੂੰ ਆਈ.ਪੀ.ਸੀ. ਵਿਚ 1870 'ਚ ਸ਼ਾਮਿਲ ਕੀਤਾ

ਰਾਕੇਸ਼ ਦਿਵੇਦੀ

ਗਿਆ। ਇਹ ਕਾਰਵਾਈ ਬਰਤਾਨਵੀ ਹਕੂਮਤ ਵੱਲੋਂ ਭਾਰਤ ਦਾ ਸ਼ਾਸਨ ਸਿੱਧੇ ਤੌਰ 'ਤੇ ਆਪਣੇ ਹੱਥਾਂ ਵਿਚ ਲਏ ਜਾਣ ਤੋਂ ਫ਼ੌਰੀ ਬਾਅਦ ਅਤੇ ਆਈ.ਪੀ.ਸੀ. ਦੇ 1860 ਵਿਚ ਅਮਲ 'ਚ ਆਉਣ ਤੋਂ ਦਸ ਵਰ੍ਹੇ ਪਿੱਛੋਂ ਕੀਤੀ ਗਈ। ਇਸ ਨੂੰ ਅਧਿਆਏ 6 ਵਿਚ ਸ਼ਾਮਲ ਕੀਤਾ ਗਿਆ ਜਿਸ ਦਾ ਸਿਰਲੇਖ ਹੈ: ''ਸਟੇਟ/ਰਿਆਸਤ ਖ਼ਿਲਾਫ਼ ਜੁਰਮ''। ਮਹਾਰਾਣੀ ਖ਼ਿਲਾਫ਼ ਜੰਗ ਵਿੱਢਣ ਜਾਂ ਕੋਸ਼ਿਸ਼ ਕਰਨ ਜਾਂ ਉਸ ਤੋਂ ਬਾਅਦ ਉਕਸਾਉਣ ਆਦਿ ਨਾਲ ਸਿੱਝਣ ਲਈ ਦਫ਼ਾ 121 ਤੋਂ 124 ਤੱਕ ਪਹਿਲਾਂ ਹੀ ਉਸ ਵਿਚ ਮੌਜੂਦ ਸਨ, ਪਰ ਜ਼ਾਹਿਰ ਹੈ ਕਿ ਬਸਤੀਵਾਦੀ ਹਾਕਮਾਂ ਨੂੰ 1857 ਦੀ ਪਹਿਲੀ ਜੰਗ-ਏ-ਆਜ਼ਾਦੀ ਤੋਂ ਬਾਅਦ ਦੇ ਘਟਨਾਕ੍ਰਮ ਨਾਲ ਸਿੱਝਣ ਲਈ ਇਹ ਦਫ਼ਾਵਾਂ ਨਾਕਾਫ਼ੀ ਜਾਪੀਆਂ ਹੋਣਗੀਆਂ। ਕਾਨੂੰਨ ਰਾਹੀਂ ਸਥਾਪਤ ਸਰਕਾਰ ਪ੍ਰਤੀ ਨਫ਼ਰਤ ਜਾਂ ਅਪਮਾਨ ਫੈਲਾਉਣ ਜਾਂ ਫੈਲਾਉਣ ਦੀ ਕੋਸ਼ਿਸ਼ ਕਰਨ, ਜਾਂ ਇਸ ਪ੍ਰਤੀ ਨਾਖ਼ੁਸ਼ੀ ਨੂੰ ਉਕਸਾਉਣ ਖ਼ਿਲਾਫ਼ ਜਲਾਵਤਨੀ ਜਾਂ ਘੱਟ ਸਜ਼ਾ (ਹੁਣ ਉਮਰ ਕੈਦ) ਵਰਗੀ ਸਜ਼ਾ ਦੇਣ ਲਈ ਦਫ਼ਾ 124-ਏ ਨੂੰ ਬਹੁਤ ਵਿਆਪਕ ਢੰਗ ਨਾਲ ਲਿਖਿਆ ਗਿਆ। ਇਸ ਦੀਆਂ 'ਵਿਆਖਿਆਵਾਂ' ਨੇ ਸਰਕਾਰ ਖ਼ਿਲਾਫ਼ 'ਰਾਜਧ੍ਰੋਹ' ਜਾਂ 'ਦੁਸ਼ਮਣੀ ਦੀ ਭਾਵਨਾ' ਨੂੰ ਇਸ ਤਹਿਤ ਲਿਆਉਣ ਸਬੰਧੀ ਦਾਇਰਾ ਵਸੀਹ ਕੀਤਾ। ਇਸ ਦੇ ਨਾਲ ਹੀ ਕਾਨੂੰਨੀ ਤਰੀਕਿਆਂ ਰਾਹੀਂ ਤਬਦੀਲੀ ਕਰਨ ਦੇ ਮਨਸ਼ੇ ਨਾਲ ਸਰਕਾਰ ਦੇ ਕਦਮਾਂ ਪ੍ਰਤੀ ਨਾਪਸੰਦਗੀ ਦਾ ਇਜ਼ਹਾਰ ਕਰਦੀਆਂ ਟਿੱਪਣੀਆਂ, ਜੇ ਇਨ੍ਹਾਂ ਦੇ ਨਾਲ ਨਫ਼ਰਤ, ਅਪਮਾਨ ਜਾਂ ਨਾਖ਼ੁਸ਼ੀ ਪੈਦਾ ਕੀਤੀ ਜਾਵੇ ਜਾਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੋਵੇ, ਨੂੰ ਵੀ ਸ਼ਾਮਲ ਕੀਤਾ ਗਿਆ। ਬਸਤੀਵਾਦੀ ਹਕੂਮਤ ਦਾ ਮਕਸਦ ਹਿੰਦੁਸਤਾਨੀ ਲੋਕਾਂ ਨੂੰ ਆਪਣੇ ਅਧੀਨ ਰੱਖਣਾ ਅਤੇ ਨਾਲ ਹੀ ਹਿੰਦੁਸਤਾਨ ਵਿਚ ਆਪਣੀ ਹਕੂਮਤ ਤੇ ਸ਼ੋਸ਼ਣ ਨੂੰ ਜਾਰੀ ਰੱਖਣਾ ਸੀ। ਇਸ ਕਾਰਨ ਉਸ ਨੂੰ ਸਜ਼ਾ ਵਾਲੀਆਂ ਵਿਵਸਥਾਵਾਂ ਬੜੇ ਵਿਸਥਾਰ ਨਾਲ ਕਰਨ ਦੀ ਲੋੜ ਸੀ। ਅਜਿਹੀਆਂ ਸਰਕਾਰਾਂ ਤਾਨਾਸ਼ਾਹੀ ਤੇ ਲੋਕ ਅੰਦੋਲਨਾਂ ਨੂੰ ਦਰੜ ਦੇਣ ਦੇ ਆਧਾਰ ਉੱਤੇ ਚਲਦੀਆਂ ਹਨ ਅਤੇ ਅਜਿਹੀਆਂ ਹਕੂਮਤਾਂ ਦੌਰਾਨ ਲੋਕਾਂ ਨੂੰ ਕੋਈ ਨਾਗਰਿਕ ਅਧਿਕਾਰ ਹਾਸਲ ਨਹੀਂ ਹੁੰਦੇ।




ਅੰਗਰੇਜ਼ਾਂ ਨੇ ਹਿੰਦੁਸਤਾਨ ਵਿਚ ਆਪਣੇ ਜੰਗਾਂ-ਲੜਾਈਆਂ ਦੇ ਇਤਿਹਾਸ ਦੇ ਮੱਦੇਨਜ਼ਰ ਦੇਸ਼ਧ੍ਰੋਹ ਸਬੰਧੀ ਕਰੜੇ ਕਾਨੂੰਨ ਲਾਗੂ ਕੀਤੇ ਸਨ ਕਿਉਂਕਿ ਉਨ੍ਹਾਂ ਨੇ ਇਨ੍ਹਾਂ ਜੰਗਾਂ ਰਾਹੀਂ ਹੀ ਆਪਣੀ ਹਕੂਮਤ ਸਾਰੇ ਦੇਸ਼ ਵਿਚ ਫੈਲਾਈ ਸੀ। ਜਿਉਂ ਹੀ ਬਰਤਾਨਵੀ ਰਾਜ ਦਾ ਇਹ ਪਸਾਰ ਮੁਕੰਮਲ ਹੋਇਆ, ਜਿਸ ਵਿਚ ਕਈ ਦੇਸੀ ਰਿਆਸਤਾਂ ਨਾਲ ਸੰਧੀਆਂ-ਸਮਝੌਤੇ ਵੀ ਸ਼ਾਮਲ ਸਨ, ਤਾਂ ਅੰਗਰੇਜ਼ਾਂ ਨੂੰ 1857 ਦੇ ਗ਼ਦਰ ਦਾ ਸਾਹਮਣਾ ਕਰਨਾ ਪਿਆ। ਦਫ਼ਾ 124-ਏ ਦਾ ਜਨਮ ਬਰਤਾਨਵੀਆਂ ਦੇ ਆਪਣਾ ਸਾਮਰਾਜ ਖੁੱਸ ਜਾਣ ਦੇ ਇਸੇ ਡਰ ਵਿਚੋਂ ਹੀ ਹੋਇਆ।

ਦਫ਼ਾ 124-ਏ ਕੁਝ ਪੱਖਾਂ ਤੋਂ ਅਮਰੀਕਾ ਵਿਚ ਬਣਾਏ ਗਏ ਪਹਿਲੇ ਦੇਸ਼ਧ੍ਰੋਹ ਕਾਨੂੰਨ-1798 ਦੀ ਨਕਲ ਕਰਦੀ ਹੈ ਜਿਹੜਾ ਫੈਡਰਲਿਸਟਾਂ ਨੇ 1778 ਦੇ ਅਮਰੀਕੀ ਇਨਕਲਾਬ ਤੋਂ ਇਕਦਮ ਬਾਅਦ ਬਣਾਇਆ ਸੀ। ਇਸ ਨੂੰ ਅਮਰੀਕਾ ਦੀ ਪੰਜਵੀਂ ਕਾਂਗਰਸ ਨੇ 41 ਵੋਟਾਂ ਦੇ ਮੁਕਾਬਲੇ 44 ਵੋਟਾਂ ਦੇ ਮਾਮੂਲੀ ਬਹੁਮਤ ਨਾਲ ਪਾਸ ਕੀਤਾ ਸੀ। ਇਸ ਨੂੰ ਆਮ ਕਰਕੇ ਆਜ਼ਾਦੀ ਵਿਚ ਗ਼ੈਰਕਾਨੂੰਨੀ ਦਖ਼ਲਅੰਦਾਜ਼ੀ ਮੰਨਿਆ ਜਾਂਦਾ ਸੀ। ਇਸ ਕਾਨੂੰਨ ਦੀ ਮਿਆਦ 1801 ਵਿਚ ਪੁੱਗ ਗਈ। ਇਸ ਤੋਂ ਬਾਅਦ ਮੁਲਕ ਵਿਚ ਆਖ਼ਰੀ ਦੇਸ਼ਧ੍ਰੋਹ ਕਾਨੂੰਨ 1918 ਬਣਿਆ ਜਿਸ ਨੂੰ 1920 ਵਿਚ ਮਨਸੂਖ਼ ਕਰ ਦਿੱਤਾ ਗਿਆ। ਉਂਝ ਦੇਸ਼ਧ੍ਰੋਹ ਦੇ ਕਾਨੂੰਨ ਲਾਗੂ ਹੋਣ ਦੇ ਬਾਵਜੂਦ ਮੁਲਕ ਵਿਚ ਇਸ ਸਬੰਧੀ ਬਹੁਤ ਘੱਟ ਮੁਕੱਦਮੇਬਾਜ਼ੀਆਂ ਕੀਤੀਆਂ ਗਈਆਂ। ਆਖ਼ਰ ਇਸ ਦੀ ਥਾਂ ਸੀਮਿਤ ਢੰਗ ਨਾਲ ਬਣਾਏ ਗਏ ਜਾਸੂਸੀ ਕਾਨੂੰਨ ਨੇ ਲੈ ਲਈ। ਦੇਸ਼ਧ੍ਰੋਹ ਕਾਨੂੰਨ ਨੂੰ ਜੈਫਰਸਨ ਅਤੇ ਮੈਡੀਸਨ ਨੇ (ਨਿਊਯਾਰਕ ਟਾਈਮਜ਼ ਬਨਾਮ ਸੁਲੀਵਨ ਕੇਸ ਦੇ ਸਬੰਧ ਵਿਚ) ਬੁਰੀ ਤਰ੍ਹਾਂ ਭੰਡਿਆ ਸੀ।

ਸਾਡਾ ਸੰਵਿਧਾਨ ਬੁਨਿਆਦੀ ਹੱਕਾਂ ਨੂੰ ਕੇਂਦਰੀ ਧੁਰੇ ਵਿਚ ਰੱਖਣ ਵਾਲਾ ਪ੍ਰਬੰਧ ਅਪਣਾਉਂਦਾ ਹੈ। ਨਾਲ ਹੀ ਜਮਹੂਰੀਅਤ ਵੀ ਸੰਵਿਧਾਨ ਦੀ ਮੁੱਖ ਖ਼ੂਬੀ ਹੈ। ਇਸ ਕਾਰਨ ਦਫ਼ਾ 124-ਏ 'ਤੇ ਨਵੇਂ ਸਿਰਿਉਂ ਨਜ਼ਰਸਾਨੀ ਕੀਤੀ ਜਾਣੀ ਬਣਦੀ ਹੈ। ਫਿਰ ਮੌਜੂਦਾ ਰੂਪ ਵਿਚ ਇਸ ਦਾ ਘੇਰਾ ਬਹੁਤ ਵਸੀਹ ਹੈ। ਜੇ ਕੇਂਦਰ ਸਰਕਾਰ ਵੱਲੋਂ ਨਹੀਂ ਤਾਂ ਸੁਪਰੀਮ ਕੋਰਟ ਵੱਲੋਂ ਕੇਦਾਰ ਨਾਥ ਮਾਮਲੇ ਵਿਚਲੇ ਫ਼ੈਸਲੇ ਦੇ ਬਾਵਜੂਦ ਦੇਸ਼ਧ੍ਰੋਹ ਕਾਨੂੰਨ ਦੀਆਂ ਵਿਵਸਥਾਵਾਂ ਉੱਤੇ ਮੁੜ ਗ਼ੌਰ ਕੀਤੀ ਜਾਣੀ ਚਾਹੀਦੀ ਹੈ। ਸਾਲ 1962 ਤੋਂ ਬਾਅਦ ਪੁਲਾਂ ਹੇਠੋਂ ਬਹੁਤ ਪਾਣੀ ਵਹਿ ਗਿਆ ਹੈ। ਬੁਨਿਆਦੀ ਹੱਕਾਂ ਦਾ ਘੇਰਾ ਵੀ ਕਾਫ਼ੀ ਵਸੀਹ ਹੋਇਆ ਹੈ ਤੇ ਕੇਸ਼ਵਾਨੰਦ ਭਾਰਤੀ ਅਤੇ ਆਈ.ਆਰ. ਕੋਹਲੋ ਕੇਸਾਂ ਤੋਂ ਬਾਅਦ ਉਨ੍ਹਾਂ ਨੂੰ ਸੁਭਾਵਿਕ ਇਨਸਾਨੀ ਹੱਕ ਅਤੇ ਬੁਨਿਆਦੀ ਢਾਂਚੇ ਦਾ ਹਿੱਸਾ ਮੰਨਿਆ ਜਾਂਦਾ ਹੈ। ਸੰਵਿਧਾਨ ਦੀ ਧਾਰਾ 19(1)(ਏ) ਵਿਚ ਮਿਲੀ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਦਾ ਦਾਇਰਾ ਵੀ ਮਜ਼ਬੂਤ ਹੋਇਆ ਹੈ। ਇਸ ਲਈ ਜ਼ਰੂਰੀ ਹੈ ਕਿ ਦਫ਼ਾ 124-ਏ ਦੀ ਵਾਜਬੀਅਤ ਉੱਤੇ ਨਜ਼ਰਸਾਨੀ ਕੀਤੀ ਜਾਵੇ।

ਜੇ ਜ਼ਮੀਨੀ ਪੱਧਰ 'ਤੇ ਅਮਲੀ ਤੌਰ 'ਤੇ ਵੀ ਦੇਖਿਆ ਜਾਵੇ ਤਾਂ ਸਾਡੀ ਜਮਹੂਰੀਅਤ ਵਿਚ ਲੋਕਾਂ ਨੂੰ ਨਾ ਸਿਰਫ਼ ਸਰਕਾਰਾਂ ਦੀ ਕਰੜੀ ਆਲੋਚਨਾ ਕਰਨ ਦਾ ਹੱਕ ਹਾਸਲ ਹੈ ਸਗੋਂ ਉਨ੍ਹਾਂ ਨੂੰ ਇਸ ਮੁਤੱਲਕ ਆਪਣੇ ਵਿਚਾਰਾਂ ਨੂੰ ਮੰਨੇ ਜਾਣ ਤੇ ਉਨ੍ਹਾਂ ਪ੍ਰਤੀ ਸਹਿਮਤੀ ਪੈਦਾ ਕਰਨ ਵਾਸਤੇ ਕੰਮ ਕਰਨ ਦਾ ਵੀ ਅਖ਼ਤਿਆਰ ਹੈ। ਖ਼ਾਸ ਤੌਰ 'ਤੇ ਅੱਜ ਮਜ਼ਬੂਤ ਵਿਰੋਧੀ ਪਾਰਟੀਆਂ ਦੀ ਸਖ਼ਤ ਲੋੜ ਹੈ ਅਤੇ ਉਨ੍ਹਾਂ ਨੂੰ ਆਪਣੇ ਵਿਰੋਧੀ ਵਿਚਾਰਾਂ ਨੂੰ ਪੇਸ਼ ਕਰਨ ਦਾ ਹੱਕ ਹਾਸਲ ਹੈ। ਇਸੇ ਤਰ੍ਹਾਂ ਮੀਡੀਆ ਨੂੰ ਵੀ ਸਰਕਾਰੀ ਨੀਤੀਆਂ ਅਤੇ ਕਾਰਵਾਈਆਂ ਦਾ ਆਲੋਚਨਾਤਮਕ ਮੁਲਾਂਕਣ ਕਰਨ ਦਾ ਅਧਿਕਾਰ ਹੈ। ਨਾਲ ਹੀ ਮਜ਼ਦੂਰਾਂ, ਕਿਸਾਨਾਂ ਅਤੇ ਸਮਾਜ ਦੇ ਹੋਰ ਤਬਕਿਆਂ ਤੇ ਵਰਗਾਂ ਨੂੰ ਵੀ ਸਰਕਾਰਾਂ ਦੇ ਉਲਟ ਫ਼ੈਸਲਿਆਂ ਖ਼ਿਲਾਫ਼ ਖੜ੍ਹੇ ਹੋਣ ਅਤੇ ਨੀਤੀਆਂ ਵਿਚ ਤਬਦੀਲੀ ਦੀ ਮੰਗ ਕਰਨ ਦਾ ਹੱਕ ਹੈ। ਇਨ੍ਹਾਂ ਨੂੰ ਦਫ਼ਾ 124-ਏ ਤਹਿਤ ਮੁਕੱਦਮੇਬਾਜ਼ੀਆਂ ਦਾ ਸਹਾਰਾ ਲੈ ਕੇ ਨਹੀਂ ਦਬਾਇਆ ਜਾ ਸਕਦਾ। ਬਰਤਾਨਵੀ ਹਕੂਮਤ ਨੂੰ ਤਾਂ ਆਪਣਾ ਬਸਤੀਵਾਦੀ ਢਾਂਚਾ ਕਾਇਮ ਰੱਖਣ ਦੀ ਲੋੜ ਸੀ ਪਰ ਸਾਨੂੰ ਇਸ ਦੀ ਕੋਈ ਲੋੜ ਨਹੀਂ। ਜੇ ਕਿਸੇ ਤਰ੍ਹਾਂ ਇਸ ਦੀ ਜ਼ਰੂਰਤ ਹੋਵੇ ਵੀ ਤਾਂ ਵੀ ਇਸ ਕਾਨੂੰਨ ਨੂੰ ਬੜੇ ਸੀਮਤ ਢੰਗ ਨਾਲ ਤਿਆਰ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਲੋਕਤੰਤਰ ਲਈ ਕੋਈ ਅੜਿੱਕਾ ਨਾ ਪੈਦਾ ਹੋਵੇ। ਦੇਸ਼ ਦੇ ਕਾਨੂੰਨਾਂ ਵਿਚ ਹਿੰਸਾ ਭੜਕਾਉਣ ਵਾਲੀਆਂ ਫ਼ਿਰਕੂ ਅਤੇ ਮਾਣਹਾਨੀ ਆਧਾਰਿਤ ਕਾਰਵਾਈਆਂ ਤੇ ਤਕਰੀਰਾਂ ਨਾਲ ਸਿੱਝਣ ਲਈ ਕਾਫ਼ੀ ਪ੍ਰਬੰਧ ਪਹਿਲਾਂ ਹੀ ਮੌਜੂਦ ਹਨ।

ਪਿਛਲੇ ਦਿਨੀਂ ਅਸੀਂ ਦੇਖਿਆ ਕਿ ਬਹੁਤ ਹੀ ਹਲਕੇ ਤੇ ਖੋਖਲੇ ਆਧਾਰਾਂ ਉੱਤੇ ਦੇਸ਼ਧ੍ਰੋਹ ਦੇ ਕੇਸ ਦਰਜ ਕੀਤੇ ਗਏ ਹਨ, ਕੁਝ ਤਾਂ ਮਹਿਜ਼ ਇਸ ਕਾਰਨ ਕਿ ਵਿਰੋਧ ਕਿਸੇ ਮੁੱਖ ਮੰਤਰੀ ਜਾਂ ਸਰਕਾਰ ਦੇ ਖ਼ਿਲਾਫ਼ ਸੀ। ਇਹ ਅਜਿਹੀਆਂ ਮੁਕੱਦਮੇਬਾਜ਼ੀਆਂ ਸਨ ਜਿਨ੍ਹਾਂ ਨੇ ਦੇਸ਼ਧ੍ਰੋਹ ਕਾਨੂੰਨ ਵੱਲ ਮੁੜ ਧਿਆਨ ਖਿੱਚਿਆ ਹੈ। ਇਨ੍ਹਾਂ ਦੋਸ਼ਾਂ ਦੌਰਾਨ ਇਸ ਗੱਲ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਕਿ ਦੂਜੀ ਆਲਮੀ ਜੰਗ ਤੋਂ ਬਾਅਦ ਦੇਸ਼ਧ੍ਰੋਹ ਦੇ ਕਾਨੂੰਨਾਂ ਦੀ ਬੜੀ ਸੌੜੀ ਵਿਆਖਿਆ ਕਰਨ ਦਾ ਰੁਝਾਨ ਰਿਹਾ ਹੈ। ਆਰ ਬਨਾਮ ਚੀਫ ਮੈਜਿਸਟਰੇਟ, ਐਕਸ ਪਾਰਟ ਚੌਧਰੀ (1991) ਕੇਸ ਵਿਚ ਮਹਾਰਾਣੀ ਦੇ ਬੈਂਚ ਨੇ ਕਿਹਾ: ''ਹਿੰਸਾ ਭੜਕਾਉਣ ਜਾਂ ਜਨਤਕ ਗੜਬੜ ਪੈਦਾ ਕਰਨ ਜਾਂ ਮਹਾਮਹਿਮ ਜਾਂ ਸਰਕਾਰ ਦੇ ਅਦਾਰਿਆਂ ਖ਼ਿਲਾਫ਼ ਬੇਚੈਨੀ ਪੈਦਾ ਕਰਨ ਲਈ ਦੇਸ਼ਧ੍ਰੋਹੀ ਇਰਾਦਾ (ਸੀ)। ਵੱਖੋ-ਵੱਖ ਵਰਗਾਂ ਦਰਮਿਆਨ ਦੁਰਭਾਵਨਾ ਅਤੇ ਦੁਸ਼ਮਣੀ ਦੀਆਂ ਭਾਵਨਾਵਾਂ ਭੜਕਾਉਣ ਦੇ ਇਰਾਦੇ ਦਾ ਸਬੂਤ ਹੀ ਇਕੱਲੇ ਤੌਰ 'ਤੇ ਦੇਸ਼ਧ੍ਰੋਹ ਦੇ ਇਰਾਦੇ ਨੂੰ ਸਾਬਿਤ ਨਹੀਂ ਕਰਦਾ। ਇਸ ਸਬੰਧ ਵਿਚ ਨਾ ਸਿਰਫ਼ ਹਿੰਸਾ ਭੜਕਾਉਣ ਦਾ ਸਬੂਤ ਹੋਣਾ ਚਾਹੀਦਾ ਹੈ ਸਗੋਂ ਕਾਨੂੰਨੀ ਅਥਾਰਿਟੀ ਪ੍ਰਤੀ ਵਿਘਨ ਪੈਦਾ ਕਰਨ ਦੇ ਮਕਸਦ ਨਾਲ ਹਿੰਸਾ ਜਾਂ ਟਾਕਰਾ ਜਾਂ ਹੁਕਮ-ਅਦੂਲੀ ਵੀ ਹੋਣੀ ਚਾਹੀਦੀ ਹੈ।'' ਨਜ਼ੀਰ ਖ਼ਾਨ ਬਨਾਮ ਦਿੱਲੀ ਸਟੇਟ (2003) ਮਾਮਲੇ ਵਿਚ ਸਾਡੀ ਸੁਪਰੀਮ ਕੋਰਟ ਨੇ ਕਿਹਾ, ''ਦੇਸ਼ਧ੍ਰੋਹ ਸਮਾਜ ਖ਼ਿਲਾਫ਼ ਇਕ ਜੁਰਮ ਹੈ ਜਿਹੜਾ ਕੁੱਲ ਮਿਲਾ ਕੇ ਰਾਜਧ੍ਰੋਹ ਨਾਲ ਜੁੜਿਆ ਹੋਇਆ ਹੈ, ਅਤੇ ਇਹ ਅਕਸਰ ਛੋਟੇ ਵਕਫ਼ੇ ਨਾਲ ਰਾਜਧ੍ਰੋਹ ਤੋਂ ਪਹਿਲਾਂ ਹੁੰਦਾ ਹੈ।'' ਇਸ ਸਬੰਧੀ ਜਿਨ੍ਹਾਂ ਕਾਰਵਾਈਆਂ ਦੀ ਸ਼ਿਕਾਇਤ ਕੀਤੀ ਜਾਂਦੀ ਹੈ, ਉਨ੍ਹਾਂ ਵਿਚ ਲਾਜ਼ਮੀ ''ਦੇਸ਼ ਦੀ ਸਰਕਾਰ ਅਤੇ ਕਾਨੂੰਨਾਂ ਨੂੰ ਤੋੜਨ ਦੀ'' ਸਮਰੱਥਾ ਹੋਣੀ ਚਾਹੀਦੀ ਹੈ। ਇਹ ਲੋਕਾਂ ਨੂੰ ਬਗ਼ਾਵਤ ਲਈ ਉਕਸਾਉਣ ਦਾ ਰੁਝਾਨ ਹੈ।

ਇਸ ਸਾਡੇ ਸਮਾਜ ਲਈ ਇਕ ਸ਼ੁਭ ਸ਼ਗਨ ਹੈ ਕਿ ਸੁਪਰੀਮ ਕਰੋਟ ਨੇ ਦਫ਼ਾ 124-ਏ ਦੇ ਅਮਲ ਉੱਤੇ ਰੋਕ ਲਾ ਦਿੱਤੀ ਹੈ ਅਤੇ ਕਿ ਕੇਂਦਰ ਸਰਕਾਰ ਨੇ ਇਸ 'ਤੇ ਨਜ਼ਰਸਾਨੀ ਕਰਨ ਦਾ ਫ਼ੈਸਲਾ ਕੀਤਾ ਹੈ।

---

# ਲਗਾਤਾਰ ਵਧਦਾ ਆਰਥਿਕ ਸੰਕਟ

ਕਿਸੇ ਲੋਕਤੰਤਰੀ ਸਰਕਾਰ ਦਾ ਪਹਿਲਾ ਅਤੇ ਸਰਵਉੱਚ ਕੰਮ ਆਰਥਿਕ ਵਸੀਲਿਆਂ ਸਾਵੀਂ ਵੰਡ ਲਈ ਆਰਥਿਕ ਨੀਤੀਆਂ ਘੜਨਾ ਹੁੰਦਾ ਹੈ ਪਰ ਪਿਛਲੇ ਕਈ ਸਾਲਾਂ ਤੋਂ ਮੁਲਕ ਦੀ ਸਰਕਾਰ ਆਰਥਿਕ ਮੁੱਦਿਆਂ ਦੀ ਬਜਾਇ ਕੇਵਲ ਧਾਰਮਿਕ, ਸਮਾਜਿਕ ਮੁੱਦਿਆਂ ਨੂੰ ਹੀ ਤਰਜੀਹ ਦੇ ਰਹੀ ਹੈ, ਅਤੇ ਇਹ ਮੁੱਦੇ ਵੀ ਅਜਿਹੇ ਹਨ ਜਿਨ੍ਹਾਂ ਨਾਲ ਸਮਾਜ ਨੇ ਵਿਕਾਸ ਤਾਂ ਕੀ ਹੋਣਾ ਸੀ ਸਗੋਂ ਸਮਾਜ ਵਿਚ ਨਫ਼ਰਤ, ਹਿੰਸਾ ਅਤੇ ਫ਼ਿਰਕਾਪ੍ਰਸਤੀ ਵਾਲਾ ਮਾਹੌਲ ਬਣ ਗਿਆ ਹੈ।

ਸੀਰਤ ਮੰਡ

ਜਿਹੜੀਆਂ ਆਰਥਿਕ ਨੀਤੀਆਂ ਅਪਣਾਈਆਂ ਗਈਆਂ ਹਨ, ਉਨ੍ਹਾਂ ਨਾਲ ਵਸੀਲਿਆਂ ਸਾਵੀਂ ਵੰਡ ਤਾਂ ਦੂਰ ਦੀ ਗੱਲ, ਅਮੀਰ-ਗ਼ਰੀਬ ਵਿਚਲਾ ਪਾੜਾ ਹੋਰ ਵਧਿਆ ਹੈ।

ਦਰਅਸਲ, ਸਰਕਾਰ ਦੀਆਂ ਆਰਥਿਕ ਨੀਤੀਆਂ ਅਰਥਚਾਰੇ ਨੂੰ ਚਲਾਉਣ ਵਾਲੇ ਆਮ ਲੋਕਾਂ ਤੋਂ, ਵੱਖ ਵੱਖ ਢੰਗਾਂ ਨਾਲ ਸਾਰਾ ਪੈਸਾ ਖੋਹ ਕੇ ਅਤੇ ਮੁਲਕ ਦੇ ਵਸੀਲਿਆਂ (ਜਿਵੇਂ ਪਾਣੀ, ਜ਼ਮੀਨ, ਰੇਤ-ਬਜਰੀ) ਨੂੰ ਕੇਵਲ ਕਾਰੋਬਾਰੀਆਂ ਹਵਾਲੇ ਕਰ ਕੇ ਇਨ੍ਹਾਂ ਦੇ ਹੀ ਖਜ਼ਾਨੇ ਭਰਨ ਵਾਲੀਆਂ ਸਨ; ਇਹ ਭਾਵੇਂ ਮੁਦਰੀਕਰਨ ਦੀ ਨੀਤੀ ਹੋਵੇ, ਅਪਨਿਵੇਸ਼ ਦੀ ਨੀਤੀ ਹੋਵੇ ਜਾਂ ਪੈਟਰੋਲ ਡੀਜ਼ਲ ਕੀਮਤਾਂ ਦੀ ਜਾਂ ਫਿਰ ਵਸੀਲਿਆਂ ਤੇ ਸੰਸਥਾਵਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਸੌਂਪਣ ਦੀ ਨੀਤੀ ਕਿਉਂ ਨਾ ਹੋਵੇ।

ਹੁਕਮਰਾਨ ਆਪਣੀਆਂ ਨੀਤੀਆਂ ਰਾਹੀਂ ਆਮ ਲੋਕਾਂ ਦਾ ਪੂੰਜੀ ਦਾ ਬਣਦਾ ਹਿੱਸਾ ਖੋਹ ਕੇ ਅਮੀਰਾਂ ਨੂੰ ਦੇਣ ਵਾਲੇ ਵਿਚੋਲੇ ਦਾ ਕਿਰਦਾਰ ਹੀ ਨਿਭਾ ਰਹੇ ਹਨ। ਇਉਂ ਲੋਕਤੰਤਰ ਨੂੰ ਲੁੱਟ-ਤੰਤਰ ਵਿਚ ਬਦਲ ਦਿੱਤਾ ਹੈ।

ਹੁਕਮਰਾਨ ਜੀ.ਐੱਸ.ਟੀ. ਨਾਲ ਟੈਕਸ ਵਧਾਉਂਦੇ ਅਤੇ ਨੋਟਬੰਦੀ ਜਿਹੇ ਗ਼ਲਤ ਫੈਸਲੇ ਕਰਦੇ ਨੇ। ਉਹ ਅਜਿਹੇ ਕਾਨੂੰਨ ਪਾਸ ਕਰਦੇ ਨੇ ਜਿਨ੍ਹਾਂ ਨਾਲ ਮਜ਼ਦੂਰਾਂ ਕਿਸਾਨਾਂ ਦਾ ਪੂੰਜੀਪਤੀਆਂ ਹੱਥੋਂ ਸ਼ੋਸ਼ਣ ਹੋਣਾ ਤੈਅ ਹੋਵੇ। ਉਹ ਪਬਲਿਕ ਸੈਕਟਰ (ਸਰਕਾਰ ਦੀ ਆਮਦਨ ਤੇ ਲੋਕਾਂ ਦੇ ਰੋਜ਼ਗਾਰ ਦਾ ਸਾਧਨ) ਵਿਚਲੀਆਂ ਕਮੀਆਂ ਨੂੰ ਠੀਕ ਕਰਨ ਦੀ ਬਜਾਇ ਇਸ ਨੂੰ ਅਰਬਪਤੀਆਂ ਨੂੰ ਵੇਚ ਦਿੰਦੇ ਨੇ (ਹੁਣ ਤੱਕ 36 ਕੇਂਦਰੀ ਜਨਤਕ ਖੇਤਰ ਇਕਾਈਆਂ ਵੇਚਣ ਦਾ ਐਲਾਨ ਹੋ ਚੁੱਕਾ ਹੈ ਅਤੇ ਅੱਠ ਵੇਚ ਚੁੱਕੇ ਨੇ)। ਇਸ ਅਮਲ ਵਿਚ ਪਏ ਵਿੱਤੀ ਘਾਟੇ ਨੂੰ ਆਮ ਲੋਕਾਂ ਉੱਤੇ ਟੈਕਸ ਵਧਾ ਕੇ ਅਤੇ ਤੇਲ ਉੱਤੇ ਵੱਧ ਤੋਂ ਵੱਧ ਕਰ ਲਗਾ ਕੇ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਨੇ। ਇਸ ਨਾਲ ਅਗਾਂਹ ਮਹਿੰਗਾਈ ਵਧਦੀ ਹੈ ਕਿਉਂਕਿ ਢੋਆ-ਢੋਆਈ ਦਾ ਖਰਚ ਵਧ ਜਾਂਦਾ ਹੈ। ਨਿੱਜੀਕਰਨ ਨੂੰ ਹੁਲਾਰਾ ਦਿੰਦੇ ਨੇ ਅਤੇ ਪ੍ਰਾਈਵੇਟ ਸੈਕਟਰ ਤੋਂ ਕੰਟਰੋਲ ਖਤਮ ਕਰ ਕੇ ਲੋਕਾਂ ਨੂੰ ਪ੍ਰਾਈਵੇਟ ਕੰਪਨੀਆਂ ਹੱਥੋਂ ਲੁੱਟੇ ਜਾਣ ਲਈ ਛੱਡ ਦਿੰਦੇ ਨੇ। ਇਸ ਤਰ੍ਹਾਂ ਅਜਿਹੇ ਹਾਲਾਤ ਪੈਦਾ ਹੋ ਜਾਂਦੇ ਨੇ ਜਿਸ ਨਾਲ ਲੋਕਾਂ ਦੀ ਖਰੀਦ ਸ਼ਕਤੀ ਘਟਦੀ ਹੈ, ਜਾਂ ਕਹਿ ਲਓ ਕਿ ਆਮ ਬੰਦਾ ਆਪਣੀਆਂ ਲੋੜਾਂ ਪੂਰੀਆਂ ਕਰਨ ਵਿਚ ਅਸਮਰੱਥ ਹੋ ਜਾਂਦਾ ਹੈ, ਲੱਖਾਂ ਲੋਕਾਂ ਦੀਆਂ ਨੌਕਰੀਆਂ ਚਲੀਆਂ ਜਾਂਦੀਆਂ ਨੇ ਅਤੇ ਮਹਿੰਗਾਈ ਆਪਣੀ ਰਿਕਾਰਡ ਉਚਾਈ 'ਤੇ ਪਹੁੰਚ ਜਾਂਦੀ ਹੈ।

ਇਸ ਦੇ ਬਿਲਕੁਲ ਉਲਟ ਹਾਕਮ ਅਰਬਪਤੀਆਂ ਦੇ ਕਰਜ਼ੇ ਐੱਨਪੀਏ ਦੇ ਰੂਪ ਵਿਚ ਮੁਆਫ਼ ਕਰਦੇ ਨੇ, (ਦਿਵਾਲੀਆ ਅਰਬਪਤੀਆਂ ਦੇ ਨਾਮ ਵੀ ਜਨਤਕ ਨਹੀਂ ਹੋਣ ਦਿੰਦੇ ਸਗੋਂ ਦਿਵਾਲੀਆ ਹੋ ਜਾਣ ਤੋਂ ਬਾਅਦ ਵੀ ਉਨ੍ਹਾਂ ਨੂੰ ਹਥਿਆਰ ਬਣਾਉਣ ਦੇ ਹਜ਼ਾਰਾਂ ਕਰੋੜਾਂ ਦੇ ਠੇਕੇ ਦਿਵਾਉਂਦੇ ਨੇ, ਖੇਤੀਬਾੜੀ ਸੈਕਟਰ ਨੂੰ ਇਨ੍ਹਾਂ ਪੂੰਜੀਪਤੀਆਂ ਨੂੰ ਸੌਂਪਣ ਲਈ ਖੇਤੀ ਕਾਨੂੰਨ ਬਣਾਉਂਦੇ ਨੇ, ਉਨ੍ਹਾਂ ਨੂੰ ਮਿਲਦੀਆਂ ਸਬਸਿਡੀਆਂ ਵਧਾਉਂਦੇ ਨੇ, ਉਨ੍ਹਾਂ ਦੇ ਆਮਦਨ ਕਰ ਘਟਾਉਂਦੇ ਨੇ। ਮੁਲਕ ਦਾ ਬੁਨਿਆਦੀ ਢਾਂਚਾ ਅਰਬਪਤੀਆਂ ਨੂੰ ਵੇਚ ਦਿੰਦੇ ਨੇ। ਇਉਂ ਮੁੱਠੀ ਭਰ ਅਮੀਰ ਹੋਰ ਅਮੀਰ ਹੋ ਰਹੇ ਨੇ ਜੋ ਇਸ ਗੱਲ ਦਾ ਸੂਚਕ ਹੈ ਕਿ ਆਮ ਬੰਦਾ ਹੋਰ ਗਰੀਬੀ ਵਿਚ ਧੱਕਿਆ ਜਾਵੇਗਾ। ਇਸ ਲਈ ਪੂੰਜੀਪਤੀਆਂ ਦੇ ਅਮੀਰ ਹੋਣ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਤੇ ਕਾਰੋਬਾਰਾਂ ਦੇ ਵਾਧੇ ਨੂੰ ਮੁਲਕ ਦਾ ਵਿਕਾਸ ਸਮਝਣਾ ਕੇਵਲ ਭੁਲੇਖਾ ਹੈ।

ਮੇਕ ਇਨ ਇੰਡੀਆ ਜਿਹੀਆਂ ਨੀਤੀਆਂ ਨੂੰ ਮੁਲਕ ਦਾ ਵਿਕਾਸ ਦਸ ਕੇ ਗੁਣਗਾਨ ਕਰਨ ਵਾਲੀ ਅਤੇ ਵਿਦੇਸ਼ੀ ਕੰਪਨੀਆਂ ਨੂੰ ਆਪਣੇ ਮੁਲਕ ਵਿਚ ਕਾਰੋਬਾਰ ਕਰਨ ਲਈ ਵਾਜਾਂ ਮਾਰਨ ਵਾਲੀ ਹਰ ਧਿਰ ਨੂੰ ਇਸ ਦਾ ਗੱਲ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਕੰਪਨੀਆਂ ਲੋਕਾਂ ਦਾ ਭਲਾ ਜਾਂ ਮੁਲਕ ਦਾ ਵਿਕਾਸ ਕਰਨ ਖ਼ਾਤਿਰ ਨਹੀਂ ਆਉਂਦੀਆਂ, ਉਹ ਤਾਂ ਮੁਲਕ ਦੇ ਵਸੀਲੇ ਵਰਤ ਕੇ ਉਸ ਵਿਚੋਂ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਚਾਹੁੰਦੀਆਂ ਹਨ, ਜਿਵੇਂ ਕਿਸੇ ਵੇਲੇ ਇੱਥੇ ਈਸਟ ਇੰਡੀਆ ਕੰਪਨੀ ਆਈ ਸੀ। ਕੰਪਨੀਆਂ ਭਾਵੇਂ ਦੇਸੀ ਹੋਣ ਜਾਂ ਵਿਦੇਸ਼ੀ, ਮਕਸਦ ਇੱਕੋ ਹੁੰਦਾ ਹੈ- ਵੱਧ ਤੋਂ ਵੱਧ ਮੁਨਾਫਾ। ਇਹ ਚੋਣਾਂ ਵੇਲੇ ਨੇਤਾਵਾਂ ਤੇ ਪਾਰਟੀਆਂ ਨੂੰ ਮੋਟੇ ਫੰਡ ਦੇ ਕੇ ਜਿਤਾਉਂਦੀਆਂ ਨੇ ਜੋ ਅਗਾਂਹ ਉਨ੍ਹਾਂ ਦੇ ਮੁਨਾਫ਼ੇ ਹਿੱਤ ਅਜਿਹੀਆਂ ਆਰਥਿਕ ਨੀਤੀਆਂ ਬਣਾਉਂਦੇ ਹਨ ਜਿਨ੍ਹਾਂ ਰਾਹੀਂ ਉਹ ਵਸੀਲਿਆਂ ਉੱਤੇ ਕਬਜ਼ਾ ਕਰਕੇ ਉਨ੍ਹਾਂ ਨੂੰ ਬੇਰੋਕ ਵਰਤ ਸਕਣ ਅਤੇ ਲੋਕਾਂ ਨੂੰ ਕੇਵਲ ਖਪਤਕਾਰ ਜਾਣ ਕੇ ਉਨ੍ਹਾਂ ਨੂੰ ਆਪਣਾ ਸਮਾਨ ਵੇਚ ਕੇ ਵੱਧ ਤੋਂ ਵੱਧ ਮੁਨਾਫਾ ਕਮਾਉਣ।

ਇਹ ਸਭ ਕੁਝ ਕਿੰਨੀ ਕੁ ਦੇਰ ਤਕ ਸੰਭਵ ਹੋ ਸਕੇਗਾ? ਹਾਕਮ ਧਿਰ ਇੱਕ ਪਾਸੇ ਤਾਂ ਲੋਕਾਂ ਦੀ ਖ਼ਰੀਦ ਸ਼ਕਤੀ ਖਤਮ ਕਰਨ ਵਾਲੀਆਂ ਨੀਤੀਆਂ ਲਾਗੂ ਕਰਦੀ ਹੈ ਜਿਸ ਕਾਰਨ ਲੋਕਾਂ ਲਈ ਗੁਜ਼ਾਰਾ ਕਰਨਾ ਔਖਾ ਹੋ ਜਾਂਦਾ ਹੈ, ਤੇ ਦੂਜੇ ਪਾਸੇ ਚਾਹੁੰਦੀ ਹੈ ਕਿ ਅਮੀਰਾਂ ਦੇ ਕਾਰੋਬਾਰ ਵਧਣ-ਫੁਲਣ, ਲੋਕ ਉਨ੍ਹਾਂ ਦੀਆਂ ਫੈਕਟਰੀਆਂ ਵਿਚ ਬਣਿਆ ਸਮਾਨ ਖਰੀਦਣ, ਉਨ੍ਹਾਂ ਦੇ ਹਸਪਤਾਲਾਂ ਵਿਚੋਂ ਹੀ ਮਹਿੰਗੇ ਇਲਾਜ ਕਰਵਾਉਣ, ਉਨ੍ਹਾਂ ਦੇ ਪੈਟਰੋਲ ਪੰਪਾਂ ਤੋਂ ਹੀ ਤੇਲ ਪਵਾਉਣ ਅਤੇ ਉਨ੍ਹਾਂ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਹੀ ਮੋਟੀਆਂ ਫੀਸਾਂ ਤਾਰ ਕੇ ਆਪਣੇ ਬੱਚਿਆਂ ਨੂੰ ਪੜ੍ਹਾਉਣ। ਜੇ ਲੋਕਾਂ ਕੋਲ ਪੈਸਾ ਹੀ ਨਹੀਂ ਹੋਵੇਗਾ ਤਾਂ ਉਹ ਖਰੀਦਣਗੇ ਕੀ? ਫਿਰ ਸਾਰਾ ਬਾਜ਼ਾਰ ਭਾਵੇਂ ਵਸਤਾਂ ਨਾਲ ਨੱਕੋ-ਨੱਕ ਹੀ ਕਿਉਂ ਨਾ ਭਰਿਆ ਹੋਵੇ। ਜੇ ਉਹ ਅਮੀਰਾਂ ਦੀਆਂ ਫੈਕਟਰੀਆਂ 'ਚ ਬਣਿਆ ਸਮਾਨ ਨਹੀਂ ਖਰੀਦ ਸਕਣਗੇ ਤਾਂ ਪੂੰਜੀਪਤੀਆਂ ਦੇ ਕਾਰੋਬਾਰ, ਫੈਕਟਰੀਆਂ ਵੀ ਕਿਵੇਂ ਚੱਲ ਸਕਣਗੀਆਂ ਜਾਂ ਉਹ ਮੁਲਕ ਵਿਚ ਵਪਾਰ ਹੀ ਕਿਉਂ ਕਰਨ ਆਉਣਗੇ? ਇਸ ਸੂਰਤ ਵਿਚ ਸਰਕਾਰ ਕੋਲ ਟੈਕਸ ਵੀ ਕਿਵੇਂ ਆਵੇਗਾ? ਸਰਕਾਰ ਕਿਵੇਂ ਚੱਲੇਗੀ? ਮੰਗ ਅਤੇ ਪੂਰਤੀ ਦੇ ਆਧਾਰ ਉੱਤੇ ਬਾਜ਼ਾਰ, ਅਰਥਚਾਰਾ ਕਿਵੇਂ ਚੱਲੂਗਾ?

ਸੰਕਟ ਵੇਲੇ ਜਦੋਂ ਬਾਂਹ ਫੜਨ ਲਈ ਕੋਈ ਨਹੀਂ ਆਵੇਗਾ, ਜਦੋਂ ਅਸੀਂ ਅਗਿਆਨਤਾ ਕਰਕੇ ਬਹੁਤ ਸਾਰਾ ਸਰਮਾਇਆ ਮੁੱਠੀ ਭਰ ਲਾਲਚੀ ਲੋਕਾਂ ਨੂੰ ਸਦਾ ਲਈ ਲੁਟਾ ਬੈਠੇ ਹੋਵਾਂਗੇ, ਕੀ ਉਦੋਂ ਵੀ ਅੱਜ ਵਾਂਗ ਸਾਡੇ ਲਈ ਅਜਿਹੇ ਮੁੱਦੇ ਮਹੱਤਵਪੂਰਨ ਹੋਣਗੇ ਕਿ ਕਿਹੜਾ ਧਾਰਮਿਕ ਸਥਾਨ ਕਿਹੜੇ ਧਾਰਮਿਕ ਸਥਾਨ ਨੂੰ ਕਿੰਨੇ ਸੌ ਸਾਲ ਪਹਿਲਾਂ ਢਾਹ ਕੇ ਬਣਾਇਆ ਗਿਆ ਸੀ? ਜਾਂ ਕਿਸੇ ਧਰਮ ਦੀਆਂ ਔਰਤਾਂ ਨੂੰ ਕਿਹੋ ਜਿਹੇ ਕੱਪੜੇ ਪਾ ਕੇ ਕਾਲਜਾਂ ਵਿਚ ਪੜ੍ਹਨ ਵਾਸਤੇ ਆਉਣ ਦੇਣਾ ਚਾਹੀਦਾ ਹੈ?

ਅੱਜ ਦੇ ਸੰਕਟ ਵਾਲੇ ਹਾਲਾਤ 'ਚ ਸਾਨੂੰ ਖ਼ੁਦ ਤੋਂ ਇਹ ਸਵਾਲ ਪੁੱਛਣ ਦੀ ਲੋੜ ਹੈ ਕਿ ਕੀ ਉੱਪਰ ਵਿਚਾਰੀਆਂ ਸਾਰੀਆਂ ਗੱਲਾਂ ਸਾਡੇ ਲਈ ਆਪਣੇ ਬੱਚਿਆਂ ਦੇ ਭਵਿੱਖ ਨਾਲੋਂ ਵੀ ਵੱਧ ਮਹੱਤਵਪੂਰਨ ਹਨ? ਕੀ ਇਤਿਹਾਸ ਵਿਚ ਕੁਝ ਜ਼ਾਲਮਾਂ ਦੀਆਂ ਵਧੀਕੀਆਂ ਦਾ ਬਦਲਾ ਵਰਤਮਾਨ ਵਿਚ ਉਸੇ ਹੀ ਧਾਰਮਿਕ ਭਾਈਚਾਰੇ ਦੇ ਬੇਕਸੂਰ ਲੋਕਾਂ ਤੋਂ ਲੈਣਾ ਜਾਇਜ਼ ਹੈ? ਕੀ ਦੂਸਰੇ ਫ਼ਿਰਕਿਆਂ ਨਾਲ ਨਫ਼ਰਤ ਅਤੇ ਹਿੰਸਾ ਕਰਨ ਵਾਲਾ ਕੋਈ ਸ਼ਖ਼ਸ ਜਾਂ ਨੇਤਾ ਸੱਚਮੁੱਚ ਧਾਰਮਿਕ ਬਿਰਤੀ ਜਾਂ ਧਰਮ ਦਾ ਰਾਖਾ ਹੋ ਸਕਦਾ ਹੈ? ਇਸ ਲਈ ਅੱਜ ਸਾਨੂੰ ਇਸ ਗੱਲ ਉੱਤੇ ਮੁੜ ਵਿਚਾਰ ਕਰਨਾ ਪਵੇਗਾ ਕਿ ਭਾਰਤ ਵਰਗਾ ਮੁਲਕ ਜਿਹੜਾ ਆਰਥਿਕ ਤਬਾਹੀ ਦੀ ਕਗਾਰ 'ਤੇ ਹੋਵੇ, ਜਿਸ ਦੀ ਅੱਧਿਓਂ ਵੱਧ ਆਬਾਦੀ ਦੀਆਂ ਭੁੱਖ ਨਾਲ ਪਸਲੀਆਂ ਨਿਕਲੀਆਂ ਹੋਣ, ਜਿੱਥੇ ਲੋਕਾਂ ਦਾ ਸਭ ਤੋਂ ਵੱਡਾ ਸੁਫ਼ਨਾ ਕੇਵਲ ਇੱਜ਼ਤ ਨਾਲ ਦੋ ਡੰਗ ਦੀ ਰੋਟੀ ਖਾਣਾ ਹੀ ਹੋਵੇ, ਜਿਸ ਨੂੰ ਪੂਰਾ ਕਰਨ ਲਈ ਉਹ ਆਪਣੀ ਭਾਸ਼ਾ, ਆਪਣੇ ਵਤਨ ਨੂੰ ਸਦਾ ਲਈ ਅਲਵਿਦਾ ਕਹਿਣ ਲਈ ਵੀ ਤਿਆਰ ਹੋ ਜਾਣ, ਉਸ ਮੁਲਕ ਦੀ ਸਰਕਾਰ, ਸੱਤਾ ਉੱਤੇ ਕਾਬਜ਼ ਪਾਰਟੀ ਅਤੇ ਮੀਡੀਆ ਨੂੰ ਅਜਿਹੇ ਮੁੱਦੇ ਉਭਾਰਨੇ ਚਾਹੀਦੇ ਹਨ? ਇਹ ਫੈਸਲੇ ਦੀ ਘੜੀ ਹੈ ਅਤੇ ਉੱਠਣ ਦਾ ਵੇਲਾ ਵੀ ਹੈ।